*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 13, ਅੰਕ-4, ਅਪ੍ਰੈਲ 2023 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਇਕ ਰੋਜ਼ਾ ਪੁਸਤਕ ਮੇਲਾ 9 ਅਪ੍ਰੈਲ 2023 ਦਿਨ ਐਤਵਾਰ ਨੂੰ ਕੈਲਗਰੀ ਵਿਖੇ (ਦੇਖੋ ਸਫ਼ਾ 7 'ਤੇ)

---------

ਸੋਹਣ ਮਾਨ ਯਾਦਗਾਰੀ 12ਵਾਂ ਸਲਾਨਾ ਅਗਾਂਹਵਧੂ ਸਭਿਆਚਾਰਕ ਦੋ ਰੋਜ਼ਾ ਨਾਟਕ ਸਮਾਗਮ 17-18 ਜੂਨ 2023 ਨੂੰ (ਦੇਖੋ ਸਫ਼ਾ 20 'ਤੇ)

---------

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਸਿੱਖ ਵਿਰਸਾ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਸੈਮੀਨਾਰ 16 ਅਪ੍ਰੈਲ 2023 ਦਿਨ ਐਤਵਾਰ ਨੂੰ (ਦੇਖੋ ਸਫ਼ਾ 22 'ਤੇ)

# ਪੰਜਾਬੀਆਂ ਲਈ ਇਤਿਹਾਸਕ ਪਰਖ ਦਾ ਮੁੜ ਸਵਾਲ

ਦੁਨੀਆ ਦਾ ਕੋਈ ਵੀ ਅਜਿਹਾ ਕੋਨਾ ਨਹੀਂ ਜਿਥੇ ਪੰਜਾਬੀਆਂ ਨੇ ਆਪਣੀ ਖੁਸ਼ਬੂ ਨਾ ਵੰਡੀ ਹੋਵੇ। ਸ਼ਾਇਦ ਇਹ ਪੰਜਾਬ ਦੀ ਧਰਤੀ ਨੂੰ ਮਾਣ ਜਾਂਦਾ ਹੈ ਕਿ ਇਸ ਨੇ ਦੁਨੀਆ ਦੇ ਹਰੇਕ ਕੋਨੇ ਵਿਚ ਆਪਣੀ ਜੀਵਨ ਜਾਚ ਤੋਂ ਲੈ ਕੇ ਉਥੋਂ ਦੀ ਸੱਤਾ ਤੱਕ ਆਪਣੀ ਸਿੱਧੀ ਤਾਕਤ ਅਤੇ ਪਹੁੰਚ ਬਣਾਈ ਹੈ। ਇਹ ਸਭ ਕੁਝ ਇਸ ਦੀ ਮਾਨਸਿਕ, ਸਰੀਰਕ ਅਤੇ ਬੌਧਿਕ ਸਮਰੱਥਾ ਕਾਰਨ ਲਈ ਵਾਪਰਿਆ ਹੈ। ਕਿਉਂਕਿ ਪੰਜਾਬੀਆਂ ਦੀ ਪਿੱਠ ਭੂਮੀ ਵਿਚ ਕਈ ਕਿਸਮ ਦੀਆਂ ਵੱਡੀਆਂ ਇਤਿਹਾਸਕ ਤਾਕਤਾਂ ਅਤੇ ਸ਼ਖਸੀਅਤਾਂ ਕਾਰਜਸ਼ੀਲ ਹਨ। ਜਿਹੜੀਆਂ ਉਨ੍ਹਾਂ ਨੂੰ ਵਾਰ-ਵਾਰ ਡਿੱਗਣ ਦੇ ਬਾਵਜੂਦ ਮੁੜ ਖੜ੍ਹਾ ਹੋਣ ਦਾ ਬਲ ਬਖਸ਼ਦੀਆਂ ਹਨ। ਭਲਾ ਹੀ 20ਵੀਂ ਸਦੀ ਕਈ ਕਿਸਮ ਦੀਆਂ ਭਿਆਨਕ ਤਰਾਸਦੀਆਂ ਵਿਚੋਂ ਪੰਜਾਬੀਆਂ ਨੂੰ ਗੁਜ਼ਰਨਾ ਪਿਆ ਜਿਨ੍ਹਾਂ ਵਿਚੋਂ ਪ੍ਰਮੁੱਖ 1947 ਦੀ ਵੰਡ ਹੈ। ਜਿਸ ਦੇ ਜ਼ਖ਼ਮ ਅੱਜ ਤੱਕ ਵੀ ਕਿਸੇ ਨਾ ਕਿਸੇ ਰੂਪ ਵਿਚ ਰਿਸ਼ ਰਹੇ ਹਨ। ਇਸੇ ਤਰ੍ਹਾਂ 1980 ਤੋਂ ਲੈ ਕੇ 1990 ਤੱਕ ਦਾ ਸਾਹ ਕਾਲਾ ਦੌਰ ਵੀ ਪੰਜਾਬੀਆਂ ਨੇ ਆਪਣੇ ਪਿੰਡਿਆਂ ਉਪਰ ਹੰਢਾਇਆ ਹੈ। ਇਨ੍ਹਾਂ ਦੋਵਾਂ ਘਟਨਾਵਾਂ ਤੇ ਤਰਾਸਦੀਆਂ ਨੇ ਭਲਾ ਹੀ ਪੰਜਾਬੀਆਂ ਨੂੰ ਆਰਥਿਕ, ਸਮਾਜਿਕ, ਸਭਿਆਚਾਰ ਅਤੇ ਰਾਜਨੀਤਕ ਤੌਰ 'ਤੇ ਬੁਰੀ ਤਰ੍ਹਾਂ ਤੋੜਿਆ ਹੈ ਪਰ ਫਿਰ ਵੀ ਇਨ੍ਹਾਂ ਅੰਦਰ ਮੁੜ ਵਾਰ ਵਾਰ ਖੜ੍ਹੇ ਹੋਣ ਦੀ ਤਾਕਤ ਨਾਲ ਇਨ੍ਹਾਂ ਤਰਾਸਦੀਆਂ ਨੂੰ ਸਰ ਕਰਨ ਤੇ ਫਿਰ ਨਵੇਂ ਦਿਸਹੱਦਿਆਂ ਵੱਲ ਨੂੰ ਵਧਣਾ ਇਸ ਦੀ ਤੋਰ ਰਹੀ ਹੈ। ਦੁਨੀਆ ਦਾ ਕੋਈ ਵੀ ਅਜਿਹਾ ਕੋਨਾ ਨਹੀਂ ਜਿਸ ਵਿਚ ਪੰਜਾਬੀਆਂ ਨੇ ਆਪਣੀ ਆਰਥਿਕਤਾ ਅਤੇ ਸਮਾਜਿਕਤਾ ਨੂੰ ਵੱਖ-ਵੱਖ ਕੌਮਾਂ, ਦੇਸ਼ਾਂ ਅਤੇ ਦਿਸਹੱਦਿਆਂ ਤੋਂ ਪਾਰ ਨਾ ਦਰਸਾਇਆ ਹੋਵੇ। ਇਸ ਕਰਕੇ ਪੰਜਾਬੀਆਂ ਦੇ ਅਜਿਹੇ ਮਾਣ-ਸਤਿਕਾਰ ਅਤੇ ਵਿਕਾਸ ਦੇ ਨਾਲ-ਨਾਲ ਇਨ੍ਹਾਂ ਵਿਚ ਕਾਰਜਸ਼ੀਲ ਸੰਘਰਸ਼ੀ ਤਾਕਤ ਕਈ ਕਿਸਮ ਨਾਲ ਸਮੇਂ ਦੀਆਂ ਹਕੂਮਤਾਂ ਦੀਆਂ ਅੱਖਾਂ ਵਿਚ ਰੜਕਦੀ ਰਹਿੰਦੀ ਹੈ। ਕਿਸਾਨ ਅੰਦੋਲਨ ਭਲਾ ਹੀ ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋਇਆ ਜਿਸ ਨੇ ਦੁਨੀਆ ਭਰ ਦੇ ਸਮੁੱਚੇ ਪੰਜਾਬੀਆਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਹਰੇਕ ਪੰਜਾਬੀ ਦੁਨੀਆ ਦੇ ਕਿਸੇ ਵੀ ਕੋਨੇ 'ਤੇ ਬੈਠਾ ਸੀ ਉਸ ਨੇ ਆਰਥਿਕ ਮਦਦ ਹੀ ਨਹੀਂ ਕੀਤੀ ਬਲਕਿ ਹਰੇਕ ਕਿਸਮ ਨਾਲ ਉਸ ਸੰਘਰਸ਼ ਵਿਚ ਆਪਣੇ ਦੇਸ਼ਾਂ ਵਿਚ ਵੀ ਰੈਲੀਆਂ, ਮੁਜ਼ਾਹਰਿਆਂ ਰਾਹੀਂ ਸ਼ਿਰਕਤ ਕਰਦਾ ਰਿਹਾ। ਪਰ ਇਸ ਜਿੱਤ ਨੂੰ ਕਿਸ ਤਰ੍ਹਾਂ ਮੁੜ ਹਾਰ ਵਿਚ ਤਬਦੀਲ ਕੀਤਾ ਜਾਵੇ ਇਸ ਦੀ ਵਿਉਂਤ ਲਗਾਤਾਰ ਕਿਸਾਨ ਅੰਦੋਲਨ ਦੌਰਾਨ ਹੀ ਬੁਣੀ ਜਾ ਰਹੀ ਸੀ। ਕਈ ਕਿਸਮ ਦੀਆਂ ਤਰਾਸਦਿਕ ਘਟਨਾਵਾਂ ਵੀ ਵਾਪਰੀਆਂ। ਉਸ ਉਪਰੰਤ ਪੰਜਾਬ ਵਿਚ ਇਕ ਨਵਾਂ ਡਿਜ਼ਾਇਨ ਤਿਆਰ ਕੀਤਾ ਗਿਆ ਕਿ ਪੰਜਾਬੀਆਂ ਵਿਚ ਆਪਸੀ ਵਿਤਕਰੇਬਾਜ਼ੀ, ਟਕਰਾਅ ਦੇ ਨਾਲ-ਨਾਲ ਅਜਿਹਾ ਪ੍ਰਵਚਨ ਸਿਰਜਿਆ ਜਾਵੇ ਤਾਂ ਕਿ ਦੇਸ਼ ਭਰ ਦੇ ਲੋਕਾਂ ਨੂੰ ਜਾਵੇ ਕਿ ਇਨ੍ਹਾਂ ਵਿਚ ਇਕ ਅਜਿਹੀ ਪ੍ਰਵਿਰਤੀ ਵੀ ਹੈ ਜੋ ਮੌਜੂਦਾ ਦੇਸ਼ ਦੇ ਅੰਦਰ ਇਕ ਵੱਖਰੇ ਰਾਜ ਦੀ ਮੰਗ ਹੀ ਨਹੀਂ ਕਰਦੀ ਬਲਕਿ ਉਸ ਲਈ ਕਾਰਜਸ਼ੀਲ ਵੀ ਹੈ। ਇਹ ਡਿਜ਼ਾਇਨ ਬਣਾ ਕੇ ਦੁਨੀਆ ਭਰ ਵਿਚ ਪ੍ਰਚਾਰਿਆ ਅਤੇ ਪ੍ਰਸਾਰਿਆ ਜਾ ਰਿਹਾ ਹੈ ਜੋ ਹਰੇਕ ਪੰਜਾਬੀ ਲਈ ਚਿੰਤਾ ਦਾ ਵਿਸ਼ਾ ਹੈ। ਇਸ ਡਿਜ਼ਾਇਨ ਪਿਛੇ ਦਿੱਲੀ ਦੇ ਤਖਤ ਉਪਰ ਬੈਠੀ ਉਹ ਹਕੂਮਤ ਸਿੱਧੇ ਜਾਂ ਅਸਿੱਧੇ ਰੂਪ ਵਿਚ ਭਾਈਵਾਲ ਹੈ। ਜਿਹੜੀ ਮੌਜੂਦਾ ਦੇਸ਼ ਨੂੰ ਜਾਤਾਂ, ਧਰਮਾਂ ਅਤੇ ਮਜ਼੍ਹਬਾਂ ਵਿਚ ਵੰਡ ਕੇ ਮੁੜ 2024 ਵਿਚ ਆਪਣੀ ਸੱਤਾ ਸਥਾਪਤ ਕਰਨਾ ਚਾਹੁੰਦੀ ਹੈ ਅਤੇ ਭਵਿੱਖ ਵਿਚ ਅਜਿਹਾ ਮੁਲਕ ਪਸਾਰਨਾ ਚਾਹੁੰਦੀ ਹੈ ਜਿਸ ਵਿਚ ਦੱਬੇ-ਕੁਚਲੇ ਅਤੇ ਇਥੋਂ ਤੱਕ ਘੱਟ ਗਿਣਤੀਆਂ ਦੇ ਲੋਕ ਦਮ ਘੁੱਟ ਕੇ ਆਪਣਾ ਜੀਵਨ ਬਸਰ ਕਰਨ। ਇਸ ਕਰਕੇ ਅੱਜ ਪਰਵਾਸ ਕਰਕੇ ਗਏ ਪੰਜਾਬੀਆਂ ਤੋਂ ਲੈ ਕੇ ਪੰਜਾਬ ਵਿਚ ਰਹਿ ਰਹੇ ਪੰਜਾਬੀਆਂ ਉਪਰ ਇਤਿਹਾਸਕ ਜ਼ਿੰਮੇਵਾਰੀ ਹੈ ਕਿ ਇਸ ਡਿਜ਼ਾਇਨ ਨੂੰ ਸਮਝਣ ਅਤੇ ਇਸ ਵਿਚ ਭਾਗੀਦਾਰ ਹੋਣ ਦੀ ਥਾਂ 'ਤੇ ਆਪਣੀ ਜ਼ਿੰਦਗੀ ਨਾਲ ਸਬੰਧਤ ਮਸਲਿਆਂ 'ਤੇ ਸੰਘਰਸ਼ਸ਼ੀਲ ਹੋਣ ਅਤੇ ਜਿਸ ਕਿਸਮ ਨਾਲ ਇਸ ਪੰਜਾਬ ਦੀ ਧਰਤੀ ਵਿਚੋਂ ਸ਼ਾਨਦਾਰ ਸਮਾਜਾਂ ਦੇ ਸਿਰਜਨਾ ਦੇ ਸੁਪਨਿਆਂ ਦੇ ਕਾਰਜ ਅਧੂਰੇ ਪਏ ਉਸ ਨੂੰ ਪੂਰਾ ਕਰਨ ਲਈ ਆਪਣੀ ਬੌਧਿਕ ਸਮਰੱਥਾ ਵਿਕਸਿਤ ਕਰਨ। ਅਜਿਹਾ ਹੀ ਮਾਰਚ ਮਹੀਨੇ ਦੇ ਸ਼ਹੀਦਾਂ ਦਾ ਸੁਪਨਾ ਸੀ ਕਿ ਜਦੋਂ ਤੱਕ ਇਸ ਧਰਤੀ 'ਤੇ ਮਨੁੱਖ ਹੱਥਾਂ ਮਨੁੱਖ ਦੀ ਲੁੱਟ ਖਤਮ ਨਹੀਂ ਹੋ ਜਾਂਦੀ ਉਸ ਸਮੇਂ ਤੱਕ ਲੋਕਾਂ ਦੀ ਜੰਗ ਜਾਰੀ ਰਹੇਗੀ। ਇਸ ਰਾਹ 'ਤੇ ਪੰਜਾਬੀਆਂ ਨੂੰ ਸੋਚ ਕੇ ਅਗਾਂਹ ਵਧਣਾ ਚਾਹੀਦਾ ਹੈ।



- ਸੰਪਾਦਕੀ ਮੰਡਲ

CONGRATULATIONS
TEAM OVER 850
REALTORS
HomeLife Silvercity
Realty Inc., Brokerage
905-913-8500
11775 Bramalea Rd # 201, Brampton
GARCHA BROTHERS



Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS MULTIPLE LISTING SERVICE®
urban Real Estate Services Ltd.



ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
- Auto Insurance
- Home Insurance
- Life Insurance
- Critical illness
- Disability Insurance
- Car Loans
- Business Insurance

SAVE UPTO 30%

- ਕਾਰ ਇੰਸ਼ੋਰੈਂਸ
- ਹੋਮ ਇੰਸ਼ੋਰੈਂਸ
- ਲਾਈਫ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਡਿਸਅਬਿਲਿਟੀ ਇੰਸ਼ੋਰੈਂਸ
- ਕਾਰ ਲੋਨ
- ਬਿਜਨਸ ਇੰਸ਼ੋਰੈਂਸ

Call us for FREE Insurance Quote

Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3



Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
3822 Marine Way
Burnaby, B.C. V5J 3H4
Ph : 604-240-8002
or : 604-250-3834



SAVE MAX PROVEN REAL ESTATE BROKERAGE
Each office independently owned & operated
We are Hiring New & Experienced Realtors.
We can also help you to get Realtor License.
List Your Home with us for $999
(Ask per details)
We provide following Services:
Residential • Commercial • Business • Land
• Investment • Property Management Services
For More Information call today at:
403.681.8689
Harcharan Parhar
BROKER
WWW.SAVEMAXPROVEN.COM
Email: broker@savemaxproven.com





Sherjang Singh Rana
416.910.9000

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca



Sandeep Ahuja
416.660.1010

# ਖ਼ਾਲਿਸਤਾਨ ਦਾ ਹਊਆ ਅਤੇ ਗ੍ਰਿਫ਼ਤਾਰੀਆਂ-ਨਜ਼ਰਬੰਦੀਆਂ ਦਾ ਸਰਕਾਰੀ ਦਹਿਸ਼ਤਵਾਦ



ਬੂਟਾ ਸਿੰਘ
ਮਹਿਮੂਦਪੁਰ
94634-74342



18 ਮਾਰਚ ਤੋਂ ਪੰਜਾਬ ਲਗਾਤਾਰ ਦਹਿਸ਼ਤ, ਅਫ਼ਵਾਹਾਂ ਅਤੇ ਤੌਖਲਿਆਂ ਦੀ ਲਪੇਟ 'ਚ ਹੈ। ਪਹਿਲਾਂ ਪੰਜਾਬ ਸਰਕਾਰ ਨੇ ਸਿੱਖ ਪ੍ਰਚਾਰਕ ਅੰਮ੍ਰਿਤਪਾਲ ਸਿੰਘ ਨੂੰ ਬੇਰੋਕ-ਟੋਕ ਭੜਕਾਊ ਪ੍ਰਚਾਰ ਕਰਨ ਦੀ ਖੁੱਲ੍ਹ ਦੇ ਰੱਖੀ ਸੀ ਫਿਰ ਅਚਾਨਕ ਉਸ ਨੂੰ ਰਾਸ਼ਟਰੀ ਸੁਰੱਖਿਆ ਲਈ ਬਹੁਤ ਵੱਡਾ ਖ਼ਤਰਾ ਐਲਾਨ ਕੇ ਫੜੋਫੜੀ ਸ਼ੁਰੂ ਕਰ ਦਿੱਤੀ ਗਈ। ਪੰਜਾਬ ਪੁਲਿਸ ਨੇ ਜੰਗੀ ਮੁਹਿੰਮ ਚਲਾ ਕੇ ਅੰਮ੍ਰਿਤਪਾਲ ਸਿੰਘ ਦੇ ਸੈਂਕੜੇ ਹਮਾਇਤੀ ਤਾਂ ਫੜ ਲਏ ਪਰ ਪੁਲਿਸ ਅਤੇ ਹਜ਼ਾਰਾਂ ਕੇਂਦਰੀ ਸੁਰੱਖਿਆ ਬਲਾਂ ਦੇ ਘੇਰੇ 'ਚੋਂ ਉਸ ਦੇ ਬਚ ਕੇ ਨਿਕਲਣ ਅਤੇ ਉਸ ਦਾ ਪਿੱਛਾ ਕਰਨ ਦਾ ਨਾਟਕ ਹੁਣ ਵੀ ਜਾਰੀ ਹੈ। ਹੁਣ ਕਿਹਾ ਜਾ ਰਿਹਾ ਹੈ ਕਿ ਉਹ ਨੇਪਾਲ ਵਿਚ ਹੈ ਅਤੇ ਬਦੇਸ਼ ਭੱਜਣ ਦੀ ਕੋਸ਼ਿਸ਼ 'ਚ ਹੈ। ਜਿਸ ਵਿਅਕਤੀ ਨੂੰ ਪੁਲਿਸ ਕਿਸੇ ਵੀ ਸਮੇਂ ਥਾਣੇ 'ਚ ਬੁਲਾ ਕੇ ਜਾਂ ਹਿਰਾਸਤ 'ਚ ਲੈ ਕੇ ਪੁੱਛਗਿੱਛ ਕਰ ਸਕਦੀ ਸੀ ਉਸ ਦੀ ਗ੍ਰਿਫ਼ਤਾਰੀ ਲਈ ਇੰਟਰਨੈੱਟ ਬੰਦ ਕਰਨ ਸਮੇਤ ਜੰਗੀ ਪੱਧਰ 'ਤੇ ਅਪਰੇਸ਼ਨ ਚਲਾਇਆ ਗਿਆ। ਮੂਸੇਵਾਲਾ ਦੀ ਬਰਸੀ ਤੋਂ ਐਨ ਇਕ ਦਿਨ ਪਹਿਲਾਂ ਇਸ ਆਡੰਬਰੀ ਕਾਰਵਾਈ ਨੂੰ ਅੰਜਾਮ ਦੇਣ ਤੋਂ ਸਪਸ਼ਟ ਹੈ ਕਿ ਇਸ ਕਾਰਵਾਈ ਦਾ ਬਹਾਨਾ ਹੋਰ ਅਤੇ ਨਿਸ਼ਾਨੇ ਹੋਰ ਹਨ। ਸਚਾਈ ਕੁਝ ਹੋਰ ਹੈ ਅਤੇ ਪੰਜਾਬ ਪੁਲਿਸ ਦੇ ਕਿਰਦਾਰ ਦੇ ਮੱਦੇਨਜ਼ਰ ਪੁਲਿਸ ਅਧਿਕਾਰੀਆਂ ਵੱਲੋਂ ਪੇਸ਼ ਕੀਤੀ ਜਾ ਰਹੀ ਕਹਾਣੀ ਉੱਪਰ ਬਿਲਕੁਲ ਯਕੀਨ ਨਹੀਂ ਕੀਤਾ ਜਾ ਸਕਦਾ ਕਿ 'ਮੁੱਖ ਦੋਸ਼ੀ' ਬਚ ਕੇ ਨਿਕਲ ਗਿਆ। ਫਿਰ ਸਵਾਲ ਇਹ ਹੈ ਕਿ ਫਿਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਜਰੀਵਾਲ ਇਸ ਕਾਰਵਾਈ ਨੂੰ ਕਿਸ ਆਧਾਰ 'ਤੇ ਕਾਮਯਾਬ ਦੱਸ ਰਹੇ ਹਨ!

ਕਹਾਣੀ ਇਹ ਬਣਾਈ ਗਈ ਹੈ ਕਿ ਅੰਮ੍ਰਿਤਪਾਲ ਬਦੇਸ਼ੀ ਤਾਕਤਾਂ ਦੇ ਇਸ਼ਾਰੇ 'ਤੇ 'ਆਨੰਦਪੁਰ ਖ਼ਾਲਸਾ ਫ਼ੌਜ' ਬਣਾ ਕੇ ਭਾਰਤ ਵਿਰੁੱਧ ਜੰਗ ਛੇੜਨ ਦੀ ਤਿਆਰੀ ਕਰ ਰਿਹਾ ਸੀ ਅਤੇ ਪੰਜਾਬ ਸਰਕਾਰ ਨੇ ਇਕ ਵੀ ਗੋਲੀ ਚਲਾਏ ਬਗੈਰ ਇਸ ਸਾਜ਼ਿਸ਼ ਨੂੰ ਅਸਫ਼ਲ ਬਣਾ ਦਿੱਤਾ। ਕਿਹਾ ਜਾ ਰਿਹਾ ਹੈ ਕਿ ਅੰਮ੍ਰਿਤਪਾਲ ਵੱਲੋਂ ਖ਼ਾਲਸਤਾਨ ਦਾ ਪ੍ਰਚਾਰ, ਪਾਕਿਸਤਾਨ ਦੀ ਆਈ.ਐੱਸ.ਆਈ. ਨਾਲ ਅਤੇ ਵਿਦੇਸ਼ਾਂ 'ਚ ਬੈਠੇ ਖ਼ਾਲਸਤਾਨੀਆਂ ਨਾਲ ਉਸ ਦੇ ਕਥਿਤ ਸੰਪਰਕ, ਵਿਦੇਸ਼ੀ ਫੰਡਾਂ ਦੀ ਆਮਦ, ਉਨ੍ਹਾਂ ਕੋਲੋਂ ਗ਼ੈਰਕਾਨੂੰਨੀ ਹਥਿਆਰ ਅਤੇ 'ਏ.ਕੇ.ਐੱਫ.' ਦੇ ਸਟਿਕਰਾਂ ਵਾਲੀਆਂ ਬੁਲਟ ਪਰੂਫ਼ ਜੈਕਟਾਂ ਬਰਾਮਦ ਹੋਣਾ, ਅੰਮ੍ਰਿਤਪਾਲ ਵੱਲੋਂ ਆਪਣੇ ਪਿੰਡ ਜੱਲੂਪੁਰ ਖੇੜਾ ਵਿਚ ਟਰੇਨਿੰਗ ਰੇਂਜ ਬਣਾਉਣਾ ਅਤੇ ਹਥਿਆਰਬੰਦ ਟਰੇਨਿੰਗ ਦੀਆਂ ਤਸਵੀਰਾਂ ਮਿਲਣਾ ਇਸ ਮੁਲਕ ਵਿਰੋਧੀ ਸਾਜ਼ਿਸ਼ ਦੇ ਸਬੂਤ ਹਨ। ਜੇ ਇਹ ਵੀ ਮੰਨ ਲਿਆ ਜਾਵੇ ਕਿ ਇਹ ਸੱਚ ਹੈ ਤਾਂ ਪੁਲਿਸ ਅਤੇ ਖ਼ੁਫ਼ੀਆ ਏਜੰਸੀਆਂ ਪਹਿਲਾਂ ਅੱਖਾਂ ਬੰਦ ਕਰਕੇ ਕਿਉਂ ਬੈਠੀਆਂ ਸਨ?

ਪੰਜਾਬ ਸਰਕਾਰ ਵੱਲੋਂ ਰਾਈ ਦਾ ਪਹਾੜ ਬਣਾਏ ਜਾਣ ਤੋਂ ਇਕ ਗੱਲ ਤੈਅ ਹੈ ਕਿ ਇਹ ਸਾਰਾ ਨਾਟਕ ਅੰਮ੍ਰਿਤਪਾਲ ਸਿੰਘ ਦੀ ਤਾਕਤ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਅਤੇ ਮਾਮਲੇ ਨੂੰ ਅਤਿ-ਸਨਸਨੀਖ਼ੇਜ਼ ਬਣਾ ਕੇ ਇਕ ਖ਼ਾਸ ਬਿਰਤਾਂਤ ਸਿਰਜਣ ਲਈ ਕੀਤਾ ਗਿਆ ਹੈ। ਪਿਛਲੇ ਇਕ ਸਾਲ ਦੇ ਘਟਨਾਕ੍ਰਮ ਤੋਂ ਇਕ ਗੱਲ ਬਿਲਕੁਲ ਸਪਸ਼ਟ ਹੈ ਕਿ ਪੰਜਾਬ ਸਰਕਾਰ ਨੂੰ ਪੰਜਾਬ ਦੇ ਅਮਨ-ਚੈਨ ਦੀ ਕੋਈ ਚਿੰਤਾ ਨਹੀਂ ਹੈ ਅਤੇ ਨਾ ਇਸ ਕੋਲ ਐਸੇ ਮਸਲਿਆਂ ਨਾਲ ਨਜਿੱਠਣ ਦੀ ਕੋਈ ਨੀਤੀ ਹੈ। ਸਿੱਧੂ ਮੂਸੇਵਾਲੇ ਦੇ ਕਤਲ ਤੋਂ ਲੈ ਅਜਨਾਲਾ ਕਾਂਡ ਤੱਕ ਹਰ ਗੰਭੀਰ ਘਟਨਾ ਨਾਲ ਨਜਿੱਠਣ 'ਚ ਇਸ ਦੀ ਨਲਾਇਕੀ ਜੱਗ ਜ਼ਾਹਿਰ ਹੋ ਚੁੱਕੀ ਹੈ। ਸੰਵੇਦਨਸ਼ੀਲ ਮਸਲਿਆਂ ਨੂੰ ਸੰਜੀਦਗੀ ਨਾਲ ਨਜਿੱਠਣ ਦੀ ਬਜਾਏ ਇਹ ਕੇਂਦਰ ਸਰਕਾਰ ਦਾ ਹੱਥਠੋਕਾ ਬਣ ਕੇ ਕੰਮ ਕਰ ਰਹੀ ਹੈ। ਅੰਧ-ਰਾਸ਼ਟਰਵਾਦ ਫੈਲਾਉਣ ਅਤੇ 'ਅਮਨ-ਕਾਨੂੰਨ ਖ਼ਤਰੇ ਵਿਚ ਹੈ' ਦਾ ਬਿਰਤਾਂਤ ਪ੍ਰਚਾਰਨ 'ਚ ਕੇਜਰੀਵਾਲ-ਭਗਵੰਤ ਮਾਨ ਆਰ.ਐੱਸ.ਐੱਸ.-ਭਾਜਪਾ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦੇ।

2 ਮਾਰਚ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਕੇ ਪੰਜਾਬ ਦੀ 'ਅਮਨ-ਕਾਨੂੰਨ' ਦੀ ਸਥਿਤੀ ਉੱਪਰ ਵਿਸ਼ੇਸ਼ ਚਰਚਾ ਕਰਨ ਤੋਂ ਬਾਅਦ ਟਵੀਟ ਕੀਤਾ, 'ਕਾਨੂੰਨ ਵਿਵਸਥਾ ਦੇ ਮਸਲੇ 'ਤੇ ਕੇਂਦਰ-ਪੰਜਾਬ ਮਿਲ ਕੇ ਕੰਮ ਕਰਨਗੇ'। ਫਿਰ ਰੈਪਿਡ ਐਕਸ਼ਨ ਫੋਰਸ ਸਮੇਤ ਢਾਈ ਹਜ਼ਾਰ ਦੇ ਕਰੀਬ ਨੀਮ-ਫ਼ੌਜੀ ਤਾਕਤਾਂ ਪੰਜਾਬ 'ਚ ਭੇਜ ਦਿੱਤੀਆਂ ਗਈਆਂ। ਦੋ ਹਫ਼ਤੇ ਬਾਦ ਵੱਡੀ ਕਾਰਵਾਈ ਕਰਕੇ ਗ੍ਰਿਫ਼ਤਾਰ ਕੀਤੇ ਚਾਰ ਵਿਅਕਤੀ ਐੱਨ.ਐੱਸ.ਏ. ਲਗਾ ਕੇ ਤੁਰੰਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਭੇਜ ਦਿੱਤੇ ਗਏ ਅਤੇ ਕੁਝ ਹੋਰ ਨੌਜਵਾਨਾਂ ਉੱਪਰ ਵੀ ਐੱਨ.ਐੱਸ.ਏ. ਲਗਾਇਆ ਗਿਆ ਹੈ। ਹੁਣ ਤੱਕ 357 ਵਿਅਕਤੀਆਂ ਨੂੰ ਹਿਰਾਸਤ 'ਚ ਲੈ ਕੇ ਤੰਗ-ਪ੍ਰੇਸ਼ਾਨ ਅਤੇ ਜ਼ਲੀਲ ਕੀਤਾ ਗਿਆ ਹੈ। ਦੋ ਔਰਤਾਂ ਨੂੰ ਜੁਡੀਸ਼ੀਅਲ ਹਿਰਾਸਤ 'ਚ ਭੇਜਿਆ ਗਿਆ ਹੈ। ਗ਼ੈਰਕਾਨੂੰਨੀ ਹਥਿਆਰਾਂ ਦੀ ਬਰਾਮਦੀ ਅਤੇ 'ਸਖ਼ਤ' ਕਾਰਵਾਈ ਦਾ ਗੋਦੀ ਮੀਡੀਆ ਰਾਹੀਂ ਜੰਗੀ ਪੱਧਰ 'ਤੇ ਪ੍ਰਚਾਰ ਅਤੇ ਪਰਚੇ ਦਰਜ ਕਰਨ ਲਈ ਪੁਲਿਸ ਅਧਿਕਾਰੀਆਂ ਵੱਲੋਂ ਦਿਖਾਈ ਗਈ ਖ਼ਾਸ ਫ਼ੁਰਤੀ ਦਿਖਾਉਂਦੀ ਹੈ ਕਿ ਇਹ ਸਭ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਤੈਅਸ਼ੁਦਾ ਸਕ੍ਰਿਪਟ ਮੁਤਾਬਿਕ ਹੋ ਰਿਹਾ ਹੈ। ਭਾਰਤ ਵਿਰੁੱਧ ਸਾਜ਼ਿਸ਼ ਦੀ ਸਨਸਨੀਖ਼ੇਜ਼ ਰਿਪੋਰਟਿੰਗ ਰਾਹੀਂ ਪੰਜਾਬ ਦਾ ਅਕਸ ਵਿਗਾੜਨ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ। ਆਰ.ਐੱਸ.ਐੱਸ.-ਭਾਜਪਾ ਤਾਂ ਪਹਿਲਾਂ ਹੀ ਪੰਜਾਬ ਨੂੰ ਬਦਨਾਮ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੀ। ਕਿਸਾਨ ਅੰਦੋਲਨ ਨਾਲ ਹੋਈ ਨਮੋਸ਼ੀ ਦਾ ਬਦਲਾ ਲੈਣ ਲਈ ਇਹ ਹੋਰ ਵੀ ਜ਼ਿਆਦਾ ਵਿਸ ਘੋਲ ਰਹੇ ਹਨ। ਸਿੱਧੂ ਮੂਸੇ ਵਾਲੇ ਦੇ ਕਤਲ ਅਤੇ ਗੈਂਗਸਟਰਾਂ ਦੀਆਂ ਮਨਮਾਨੀਆਂ ਕਾਰਨ ਅਮਨ-ਕਾਨੂੰਨ ਦੇ ਮਾਮਲੇ 'ਚ ਭਗਵੰਤ ਮਾਨ ਸਰਕਾਰ ਵਿਰੁੱਧ ਜਿੰਨੀ ਬੇਭਰੋਸਗੀ ਫੈਲ ਚੁੱਕੀ ਸੀ ਅਤੇ ਜਿਵੇਂ ਇਸ ਉੱਪਰ ਸਵਾਲ ਉੱਠ ਰਹੇ ਹਨ ਉਸ ਲੋਕ ਧਾਰਨਾ ਨੂੰ ਬਦਲਣ ਲਈ ਧੂਮ-ਧੜੱਕੇ ਵਾਲੀ ਸਖ਼ਤ ਕਾਰਵਾਈ ਆਮ ਆਦਮੀ ਪਾਰਟੀ ਦੀ ਰਾਜਨੀਤਕ ਜ਼ਰੂਰਤ ਵੀ ਸੀ। ਲਿਹਾਜ਼ਾ, ਪੰਜਾਬ ਸਰਕਾਰ ਇਸ ਕਾਰਵਾਈ ਦਾ ਲਾਹਾ ਆਪਣੀ ਨਖਿੱਧ ਕਾਰਗੁਜ਼ਾਰੀ ਤੋਂ ਧਿਆਨ ਹਟਾਉਣ ਲਈ ਲੈ ਰਹੀ ਹੈ ਅਤੇ ਆਰ.ਐੱਸ.ਐੱਸ.-ਭਾਜਪਾ ਪੰਜਾਬ ਦੇ ਗ਼ੈਰਸਿੱਖਾਂ 'ਚ ਡਰ ਪੈਦਾ ਕਰਨ ਲਈ ਇਸ ਨੂੰ ਜਾਣ-ਬੁੱਝ ਕੇ ਬੇਹੱਦ ਸਨਸਨੀਖ਼ੇਜ਼ ਬਣਾਕੇ ਪ੍ਰਚਾਰ ਰਹੀ ਹੈ।

ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਦੇਸ਼-ਬਦੇਸ਼ 'ਚ ਜੋ ਵਿਆਪਕ ਵਿਰੋਧ ਹੋ ਰਿਹਾ ਹੈ ਉਸ ਦੇ ਮੱਦੇਨਜ਼ਰ ਹੁਣ ਪੰਜਾਬ ਪੁਲਿਸ ਦੇ ਬੁਲਾਰਿਆਂ ਨੇ ਆਪਣੀ ਸੁਰ ਥੋੜ੍ਹੀ ਨਰਮ ਕਰ ਲਈ ਹੈ ਅਤੇ ਹੁਣ ਸਿਰਫ਼ 30 ਵਿਅਕਤੀਆਂ ਵਿਰੁੱਧ ਕੇਸ ਦਰਜ ਕਰਨ ਅਤੇ 197 ਨੌਜਵਾਨਾਂ ਨੂੰ ਪੁੱਛਗਿੱਛ ਕਰਕੇ ਅਤੇ ਚੇਤਾਵਨੀ ਦੇ ਕੇ ਛੱਡ ਦੇਣ ਦੇ ਬਿਆਨ ਆ ਰਹੇ ਹਨ। ਪਰ ਪੰਜਾਬ ਸਰਕਾਰ ਜਵਾਬਦੇਹੀ ਤੋਂ ਕਿਵੇਂ ਬਚ ਸਕਦੀ ਹੈ ਜਿਸ ਨੇ ਸੱਤ ਜਣਿਆਂ ਨੂੰ ਐੱਨ.ਐੱਸ.ਏ. ਲਗਾ ਕੇ ਦੂਰ-ਦਰਾਜ ਜੇਲ ਵਿਚ ਡੱਕ ਦਿੱਤਾ ਜਿੱਥੇ ਜਾ ਕੇ ਉਨ੍ਹਾਂ ਦੇ ਪਰਿਵਾਰ ਵੀ ਮੁਲਾਕਾਤ ਨਹੀਂ ਕਰ ਸਕਦੇ। ਦੋ ਔਰਤਾਂ ਨੂੰ ਮਹਿਜ਼ ਅੰਮ੍ਰਿਤਪਾਲ ਨਾਲ ਸੰਬੰਧ ਜਾਂ ਪਨਾਹ ਦੇਣ ਦੇ ਆਧਾਰ 'ਤੇ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਸੈਂਕੜੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅੰਧਾਧੁੰਦ ਗ੍ਰਿਫ਼ਤਾਰੀਆਂ ਨਾਲ ਜੋ ਸੰਤਾਪ ਝੱਲਣਾ ਪਿਆ ਉਸ ਨੂੰ ਉਹ ਕਿਵੇਂ ਭੁੱਲ ਜਾਣਗੇ।

ਅੰਮ੍ਰਿਤਪਾਲ ਸਿੰਘ ਦੇ ਭੜਕਾਊ ਪ੍ਰਚਾਰ ਨੂੰ ਰਾਜਨੀਤਕ ਪਹੁੰਚ ਅਪਣਾ ਕੇ ਕਾਟ ਕੀਤਾ ਜਾ ਸਕਦਾ ਸੀ। ਇਸ ਦੀ ਬਜਾਏ ਭਗਵੰਤ ਮਾਨ ਸਰਕਾਰ ਵੱਲੋਂ ਪਹਿਲਾਂ ਕਈ ਮਹੀਨੇ ਅੱਖਾਂ ਮੀਟ ਕੇ ਉਸ ਨੂੰ ਭੜਕਾਊ ਕਾਰਵਾਈਆਂ ਕਰਨ ਦੀ ਖੁੱਲ੍ਹ ਦਿੱਤੀ ਗਈ ਅਤੇ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਪੁਲਿਸ ਤਾਕਤ ਦੀ ਜੋ ਬੇਤਹਾਸ਼ਾ ਵਰਤੋਂ ਕੀਤੀ ਜਾ ਰਹੀ ਹੈ ਇਹ ਇਸ ਦੇ ਰਾਜਨੀਤਕ ਦੀਵਾਲੀਏਪਣ ਅਤੇ ਤਾਨਾਸ਼ਾਹ ਬਿਰਤੀ ਨੂੰ ਦਰਸਾਉਂਦਾ ਹੈ। ਨਸ਼ਿਆਂ ਦੇ ਤਸਕਰਾਂ ਵਿਰੁੱਧ ਪੰਜਾਬ ਸਰਕਾਰ ਨੇ ਇਸ ਤਰ੍ਹਾਂ ਦੀ ਸਖ਼ਤੀ ਅਤੇ ਫ਼ੁਰਤੀ ਕਦੇ ਨਹੀਂ ਦਿਖਾਈ ਜੋ ਪੰਜਾਬ ਦੀ ਜਵਾਨੀ ਨੂੰ ਰੋਜ਼ ਮੌਤ ਦੇ ਮੂੰਹ 'ਚ ਧੱਕ ਰਹੇ ਹਨ।

ਪੰਜਾਬ ਦੇ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਆਪਣੇ ਬੁਨਿਆਦੀ ਮਸਲਿਆਂ ਦੇ ਹੱਲ ਲਈ ਜਮਹੂਰੀ ਤਰੀਕੇ ਨਾਲ ਸੰਘਰਸ਼ ਕਰ ਰਹੇ ਹਨ। ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਲਈ ਅੰਦੋਲਨ ਵੀ ਪੁਰਅਮਨ ਹੈ। ਅੰਮ੍ਰਿਤਪਾਲ ਸਿੰਘ ਦੇ ਖ਼ਾਲਸਤਾਨ ਦੇ ਪ੍ਰਚਾਰ ਦਾ ਪੰਜਾਬ ਦੇ ਲੋਕ ਕੋਈ ਅਸਰ ਨਹੀਂ ਕਬੂਲ ਰਹੇ। ਜ਼ਮੀਨੀਂ ਪੱਧਰ 'ਤੇ ਖ਼ਾਲਸਤਾਨ ਦੀ ਸਾਜ਼ਿਸ਼ ਵਰਗਾ ਕੁਝ ਵੀ ਨਹੀਂ ਹੈ। ਅਜਨਾਲੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾ ਕੇ ਵਰਤਣ ਅਤੇ ਜਲੰਧਰ ਦੀ ਘਟਨਾ ਤੋਂ ਬਾਦ ਅੰਮ੍ਰਿਤਪਾਲ ਸਿੰਘ ਦਾ ਹਮਾਇਤੀ ਘੇਰਾ ਤਾਂ ਸਗੋਂ ਸੁੰਗੜਨਾ ਸ਼ੁਰੂ ਹੋ ਗਿਆ ਸੀ ਅਤੇ ਜਜ਼ਬਾਤੀ ਹੋ ਕੇ ਉਸ ਦੀ ਹਮਾਇਤ ਕਰਨ ਵਾਲੇ ਆਮ ਸਿੱਖਾਂ ਨੇ ਵੀ ਉਸ ਤੋਂ ਦੂਰੀ ਬਣਾ ਲਈ ਸੀ। ਜ਼ਿਆਦਾਤਰ ਸਿੱਖ ਜਥੇਬੰਦੀਆਂ ਪਹਿਲਾਂ ਹੀ ਉਸ ਦੇ ਖ਼ਿਲਾਫ਼ ਸਨ। ਇਸ ਵਰਤਾਰੇ ਨੂੰ ਰਾਜਨੀਤਕ ਤੌਰ 'ਤੇ ਨਜਿੱਠਣ 'ਚ ਪੰਜਾਬ ਸਰਕਾਰ ਦੀ ਨਾਕਾਮੀ ਸੰਘ ਬਰਗੇਡ ਲਈ ਵਰਦਾਨ ਸਾਬਤ ਹੋਈ ਹੈ ਜਿਸ ਵੱਲੋਂ ਖ਼ਾਲਸਤਾਨ ਅਤੇ ਅੰਮ੍ਰਿਤਪਾਲ ਸਿੰਘ ਨੂੰ ਹਊਆ ਬਣਾ ਕੇ ਆਪਣੇ ਫਿਰਕੂ ਪਾਲਾਬੰਦੀ ਦੇ ਏਜੰਡੇ ਲਈ ਵਰਤਿਆ ਜਾ ਰਿਹਾ ਹੈ। ਅੰਮ੍ਰਿਤਪਾਲ ਸਿੰਘ ਦੀ ਬਿਆਨਬਾਜ਼ੀ ਪੰਜਾਬ 'ਚ ਹਿੰਦੂਆਂ, ਈਸਾਈਆਂ, ਡੇਰਾ ਬਿਆਸ ਅਤੇ ਡੇਰਾ ਸਿਰਸਾ ਦੇ ਸ਼ਰਧਾਲੂਆਂ ਵਿਚ ਡਰ ਦਾ ਜੋ ਮਾਹੌਲ ਬਣਾ ਰਹੀ ਸੀ ਇਸ ਦਾ ਫ਼ਾਇਦਾ ਸੰਘ ਬਰਗੇਡ ਨੂੰ ਹੀ ਹੋ ਰਿਹਾ ਸੀ ਜੋ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਅਨੁਸਾਰ ਪੰਜਾਬ ਵਿਚ ਹਿੰਦੂ-ਸਿੱਖ ਪਾਟਕ ਪਾਉਣ ਦੀ ਲਗਾਤਾਰ ਕੋਸ਼ਿਸ਼ 'ਚ ਹੈ। ਰਾਸ਼ਟਰੀ ਸੁਰੱਖਿਆ ਦਾ ਮੁੱਦਾ ਆਰ.ਐੱਸ.ਐੱਸ.-ਭਾਜਪਾ ਲਈ ਹਿੰਦੂ ਰਾਸ਼ਟਰ ਲਈ ਹਮਾਇਤ ਜੁਟਾਉਣ ਅਤੇ 2024 ਦੀਆਂ ਆਮ ਚੋਣਾਂ ਵਿਚ ਸਹਾਈ ਹੋਵੇਗਾ। ਰਾਜ ਸਰਕਾਰ ਅਤੇ ਕੇਂਦਰ ਸਰਕਾਰ ਪਹਿਲਾਂ ਹੀ ਐਸੇ ਬਹਾਨੇ ਦੀ ਭਾਲ 'ਚ ਹਨ ਜਿਸ ਨਾਲ ਪੰਜਾਬ ਦੇ ਸਜ਼ਾ ਪੂਰੇ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਰੋਕੀ ਜਾਵੇ। ਪੰਜਾਬ 'ਚ 'ਗੜਬੜ' ਹੁਕਮਰਾਨਾਂ ਲਈ ਇਸ ਪੱਖੋਂ ਵੀ ਲਾਹੇਵੰਦੀ ਹੈ। ਬਾਦਲ ਅਕਾਲੀ ਦਲ ਅਤੇ ਹੋਰ ਲੋਕ

(ਬਾਕੀ ਸਫ਼ਾ 17 'ਤੇ)

12 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794


ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955


ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598



SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

SAROKARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Managing Director
Devinder Toor, Toronto
416-902-9372
ppapmg@gmail.com

Chief Editor
Harbans Singh
416-817-7142
ppapmg@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Honorary Advisory Board
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Narbhinder Singh (India)
(Punjab)
935-443-0211

Graphic Desinger
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




ਕਾਲਮ ਦੀ ਪੇਸ਼ਕਸ਼ ਕਰਤਾ
ਬਲਜਿੰਦਰ ਸਿੰਘ ਵੜੈਚ
+91-92167-29598

ਆਓ ਆਪਣੀ ਕਲਮ ਉਠਾਈਏ

# ਵਿਦਿਆਰਥੀ ਜੀਵਨ ਦੌਰਾਨ ਸੰਘਰਸ਼ਸ਼ੀਲ ਅਤੇ ਅੱਜ

**ਵੱਖ-ਵੱਖ ਉਸ ਸਮੇਂ ਦੇ ਆਗੂਆਂ ਦੀਆਂ ਚਿੱਠੀਆਂ/ਯਾਦਾਂ/ਯਾਦਗਾਰੀ ਪਲ ਸਰੋਕਾਰਾਂ ਦੀ ਆਵਾਜ਼ ਨਾਲ ਸਾਂਝੇ ਕੀਤੇ ਜਾ ਰਹੇ ਹਨ। ਉਨ੍ਹਾਂ ਵਿਚੋਂ ਇਕ ਦੀ ਲੰਬੀ ਲਿਖਤ ਵਿਚੋਂ ਕੁਝ ਅੰਸ਼ ਸਾਂਝੇ ਕਰ ਰਹੇ ਹਾਂ ਅਤੇ ਭਵਿੱਖ ਵਿਚ ਵੀ ਇਹ ਆਉਣ ਵਾਲੀਆਂ ਲਿਖਤਾਂ ਨੂੰ ਸਥਾਨ ਪ੍ਰਦਾਨ ਕੀਤਾ ਜਾਵੇਗਾ।**

ਮੈਂ ਅਜੇ ਦਸਵੀਂ ਪਾਸ ਕਰਕੇ ਵਿਗਿਆਨ ਦੇ ਵਿਸ਼ੇ 'ਚ ਪੜ੍ਹਾਈ ਕਰਨ ਲਈ ਕਾਲਜ ਵਿਚ ਪੈਰ ਹੀ ਰੱਖਿਆ ਸੀ ਕਿ ਕਾਲਜ ਦਾ ਮਾਹੌਲ ਇਸ ਤਰ੍ਹਾਂ ਬਣ ਚੁੱਕਾ ਸੀ ਕਿ ਜਿਵੇਂ ਪੜ੍ਹਾਈ ਦੇ ਨਾਲ ਨਾਲ ਹਰ ਇਕ ਵਿਦਿਆਰਥੀ ਨੂੰ ਯੂਨੀਅਨ ਨਾਲ ਜੁੜਨਾ ਲਾਜ਼ਮੀ ਹੋਵੇ। ਕਿਉਂਕਿ ਵਿਦਿਆਰਥੀ ਅਤੇ ਮੈਥੋਂ ਪਹਿਲਾਂ ਕਾਰਜਸ਼ੀਲ ਯੂਨੀਅਨ ਦੇ ਆਗੂ ਨਵੇਂ ਵਿਦਿਆਰਥੀਆਂ ਨੂੰ ਅਕਸਰ ਦਾਖਲੇ ਸਮੇਂ ਇਹ ਕਿਹਾ ਕਰਦੇ ਸੀ ਕਿ ਤੁਸੀਂ ਇਕ ਕਾਲਜ ਦੇ ਵਿਦਿਆਰਥੀ ਵੀ ਹੋ ਤੇ ਇਕ ਸਾਡੀ ਯੂਨੀਅਨ ਦੇ ਮੈਂਬਰ ਵੀ ਹੋ। ਇਸ ਦਾ ਪ੍ਰਭਾਵ ਮੇਰੇ 'ਤੇ ਇੰਝ ਹੋਇਆ ਕਿ ਜਿਵੇਂ ਮੇਰੇ ਪੜ੍ਹਨ ਦੇ ਨਾਲ-ਨਾਲ ਇਕ ਨਵਾਂ ਵਿਸ਼ਾ ਯੂਨੀਅਨ ਦਾ ਵੀ ਹੋਵੇ। ਉਸ ਦੀ ਵੀ ਆਪਣੇ ਇਕ ਪੜ੍ਹਾਈ ਹੋਵੇ। ਹੌਲੀ-ਹੌਲੀ ਕਾਲਜ ਦੇ ਸੰਘਰਸ਼ਾਂ ਵਿਚ ਸ਼ਿਰਕਤ ਕਰਨੀ ਸ਼ੁਰੂ ਕਰ ਦਿੱਤੀ। ਮਸਲੇ ਭਲਾ ਨਿੱਕੇ-ਨਿੱਕੇ ਹੁੰਦੇ ਸਨ ਕਦੇ ਬਿਜਲੀ ਚੌਵੀ ਘੰਟੇ ਹੋਸਟਲਾਂ ਵਿਚ ਆਉਣ ਦਾ ਸਵਾਲ, ਕਦੇ ਮਾੜਾ ਮੋੜਾ ਕੰਟੀਨ ਵਿਚ ਵਾਧੇ ਦਾ ਸਵਾਲ ਅਤੇ ਉਸ ਨੂੰ ਰੋਕਣਾ ਆਦਿ ਹੀ ਹੁੰਦੇ ਸਨ ਪਰ ਉਸ ਦੇ ਨਾਲ ਚੇਤਨਤਾ ਲਈ ਵੱਖ-ਵੱਖ ਸਮਾਜ ਵਿਚ ਚਲਦੇ ਸੰਘਰਸ਼ਾਂ ਬਾਰੇ ਜਾਣਕਾਰੀ ਇਥੋਂ ਤੱਕ ਕਿ ਦੇਸ਼ਾਂ ਵਿਦੇਸ਼ਾਂ ਵਿਚ ਚਲਦੇ ਲੋਕ ਘੋਲ਼ਾਂ ਦੇ ਬਾਰੇ ਜਾਣਕਾਰੀ ਵੀ ਹੁੰਦੀ ਸੀ। ਅਜਿਹੀ ਸ਼ੁਰੂਆਤ ਤੋਂ ਬਾਅਦ ਇਕ ਘਟਨਾ ਇਹ ਵਾਪਰੀ ਕਿ ਪੰਜਾਬ ਸਟੂਡੈਂਟਸ ਯੂਨੀਅਨ ਦੇ ਜਨਰਲ ਸਕੱਤਰ ਰਹੇ ਪ੍ਰਿਥੀਪਾਲ ਸਿੰਘ ਰੰਧਾਵਾ ਦਾ ਕਤਲ ਕੁਝ ਗੁੰਡਿਆਂ ਵਲੋਂ ਕਰ ਦਿੱਤਾ ਸੀ। ਬੱਸ ਫਿਰ ਕੀ ਸੀ ਚਾਹੇ ਕੋਈ ਮੇਰੀ ਕਲਾਸ ਦਾ ਲੜਕਾ ਹੋਵੇ ਜਾਂ ਲੜਕੀ ਉਸ ਸੰਘਰਸ਼ ਵਿਚ ਸ਼ਾਮਲ ਹੋ ਗਏ। ਹਰ ਰੋਜ਼ ਪੜ੍ਹਾਈ ਦੇ ਨਾਲ ਨਾਲ ਨਵੀਂ ਆਉਂਦੀ ਕੋਈ ਵੀ ਕਾਲ ਵਿਚ ਝੰਡੇ ਚੁੱਕ ਕੇ ਅਸੀਂ ਸੰਘਰਸ਼ਸ਼ੀਲ ਸਫ਼ਾਂ ਵਿਚ ਪਰਵੇਸ਼ ਕਰ ਜਾਂਦੇ। ਇਥੋਂ ਤੱਕ ਕਿ ਸਾਡੇ ਪਿੰਡਾਂ ਵਿਚ ਵੀ ਇਹ ਇਕ ਲਹਿਰ ਬਣ ਗਈ ਸੀ। ਇੰਝ ਲਗਦਾ ਸੀ ਕਿ ਪੰਜਾਬ ਦੇ ਸਮੁੱਚੇ ਕਾਲਜ ਜਿਥੇ ਪੜ੍ਹਾਈ ਦੇ ਕੇਂਦਰ ਸਨ ਅਤੇ ਉਥੇ ਸੰਘਰਸ਼ਾਂ ਦਾ ਅਖਾੜਾ ਵੀ ਸਨ। ਅਜਿਹੀ ਚੇਤਨਤਾ ਦੇ ਨਾਲ ਨਾਲ ਨਵੇਂ ਰਾਜਨੀਤਕ ਵਿਚਾਰਾਂ ਪ੍ਰਤੀ ਵੀ ਜਾਗਰਤੀ ਉਤਪੰਨ ਹੋਣ ਲੱਗੀ। ਬੱਸ ਫੇਰ ਕੀ ਜਿਥੇ ਇਕ ਪਾਸੇ ਸੰਘਰਸ਼ਸ਼ੀਲ ਕਾਰਜ ਮੁੜ ਅਧਿਆਪਕ ਕਾਰਜ ਵਿਚ ਪ੍ਰਵੇਸ਼ ਹੁੰਦੇ ਹਨ ਅਧਿਆਪਕ ਜਥੇਬੰਦੀ ਵਿਚ ਕਾਰਜ ਅਤੇ ਫਿਰ ਸਭ ਤੋਂ ਵਿਲੱਖਣ ਸ਼ੈਅ ਮਾਰਕਸ ਬਾਰੇ ਜਾਣਕਾਰੀ ਅਤੇ ਉਸ ਦੇ ਸੰਘਰਸ਼ਮਈ ਜੀਵਨ ਤੋਂ ਲੈ ਕੇ ਉਸ ਦੀ ਦੁਨੀਆ ਨੂੰ ਸਮਝਣ ਵਾਲੀ ਸੋਚ ਜ਼ਿੰਦਗੀ ਦਾ ਅਟੁੱਟ ਅੰਗ ਬਣ ਗਈ ਜਿਹੜੀ ਹਰੇਕ ਜੀਵਨ ਦੇ ਸਫ਼ਰ ਵਿਚ ਇਕ ਸੋਚ ਸਮਝ ਅਤੇ ਦ੍ਰਿਸ਼ਟੀ ਦਾ ਹਿੱਸਾ ਬਣ ਗਈ। ਹੁਣ ਜਦੋਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਇਤਿਹਾਸ ਦੇ ਦਹਾਕਿਆਂ ਨੂੰ ਅਜਾਇਬ ਸਿੰਘ ਟਿਵਾਣਾ ਨੇ ਕਲਮਬੰਦ ਕਰਕੇ ਰੱਖਿਆ ਤਾਂ ਜਿਥੇ ਸਮੁੱਚੇ 1964 ਤੋਂ ਲੈ ਕੇ 1987 ਤੱਕ ਦੀਆਂ ਵਿਦਿਆਰਥੀ ਜੀਵਨ ਦੀਆਂ ਘਟਨਾਵਾਂ ਮੁੜ ਤਾਜ਼ਾ ਹੋ ਗਈਆਂ ਅਤੇ ਵੱਖ-ਵੱਖ ਸੰਘਰਸ਼ਾਂ ਦੇ ਕਾਰਨ ਅਤੇ ਉਨ੍ਹਾਂ ਦੀ ਪਿੱਠ ਭੂਮੀ ਵਿਚ ਛੁਪੇ ਆਰਥਿਕ ਅਤੇ ਸਮਾਜਿਕ ਮਸਲੇ ਵੀ ਦਿਖਾਈ ਦੇਣ ਲੱਗੇ ਕਿ ਕਿਸ ਤਰ੍ਹਾਂ ਇਹ ਵਿਦਿਆਰਥੀ ਲਹਿਰ ਦੇ ਨਾਲ-ਨਾਲ ਸਮਾਜਿਕ ਸਰੋਕਾਰਾਂ ਦਾ ਸਵਾਲ ਲਗਾਤਾਰ ਇਸ ਦਾ ਹਿੱਸਾ ਬਣਿਆ ਰਿਹਾ। ਹਕੂਮਤ ਦੀਆਂ ਗੈਰ ਜਮਹੂਰੀ ਗਤੀਵਿਧੀਆਂ ਜਿਹੜੀਆਂ ਐਮਰਜੈਂਸੀ ਦੇ ਰੂਪ ਵਿਚ ਸਾਹਮਣੇ ਆਈਆਂ ਉਨ੍ਹਾਂ ਨੇ ਕਿਸ ਕਿਸਮ ਨਾਲ ਇਨ੍ਹਾਂ ਵਿਦਿਆਰਥੀਆਂ ਨੂੰ ਆਗੂਆਂ ਵਿਚ ਤਬਦੀਲ ਕਰ ਦਿੱਤਾ। ਜਦੋਂ ਹੀ ਪੰਜਾਬ ਇਕ ਅਜਿਹੇ ਦੌਰ ਵਿਚ ਪ੍ਰਵੇਸ਼ ਕੀਤਾ ਜਿਸ ਨੂੰ ਸਾਹ ਕਾਲਾ ਦੌਰ ਵੀ ਕਿਹਾ ਜਾਂਦਾ ਹੈ ਉਸ ਵੇਲੇ ਵਿਦਿਆਰਥੀ ਲਹਿਰ ਦੀ ਵਿਰਾਸਤ ਨਾਲ ਵਿਕਸਿਤ ਹੋਏ ਹਿੱਸਿਆਂ ਨੇ ਸੰਘਰਸ਼ਾਂ ਦੇ ਅਖਾੜਿਆਂ ਨੂੰ ਲੋਕਾਂ ਦੇ ਨਾਲ ਜੋੜ ਕੇ ਮੁੜ ਵੱਖ-ਵੱਖ ਖੇਤਰਾਂ ਵਿਚ ਆਗੂਆਂ ਦਾ ਰੋਲ ਅਦਾ ਕੀਤਾ। ਇਸ ਪੁਸਤਕ ਵਿਚਲੇ ਸਰੋਕਾਰ ਜਿਥੇ ਪੰਜਾਬ ਦੇ ਹਜ਼ਾਰਾਂ ਉਨ੍ਹਾਂ ਨੌਜਵਾਨਾਂ




ਨੂੰ ਮੁੜ ਇਕ ਕਿਸਮ ਨਾਲ ਦਿਸ਼ਾ ਦੇਣ ਅਤੇ ਪ੍ਰਵੇਸ਼ ਕਰਨ ਲਈ ਸਮੱਗਰੀ ਮੁਹੱਈਆ ਕਰਦੇ ਹਨ ਉਥੇ ਕਿਸ ਕਿਸਮ ਨਾਲ ਛੋਟੇ ਤੋਂ ਛੋਟਾ ਸੰਘਰਸ਼ ਲੜਨ ਲਈ ਮੀਟਿੰਗਾਂ ਤੋਂ ਲੈ ਕੇ ਵਿਚਾਰਾਂ ਤੱਕ ਦੇ ਮਸਲੇ ਇਕਜੁਟ ਹੋ ਕੇ ਸਾਂਝੇ ਕੀਤੇ ਜਾਂਦੇ ਹਨ, ਹੱਲ ਕੀਤੇ ਜਾਂਦੇ ਹਨ ਅਤੇ ਸੰਘਰਸ਼ ਕੀਤਾ ਜਾਂਦਾ ਹੈ।

ਇਹ ਪੁਸਤਕ ਉਸ ਸਮੇਂ ਆਈ ਹੈ ਜਦੋਂ ਇਤਿਹਾਸ ਦਾ ਤੋੜ ਭੰਨ ਚਲ ਰਿਹਾ ਹੈ। ਕਈ ਕਿਸਮ ਦੇ ਵਿਚਾਰ ਸਮਾਜ ਵਿਚ ਉਤਪੰਨ ਹੋ ਰਹੇ ਹਨ ਜਿਹੜੇ ਪੰਜਾਬ ਦੀ ਧਰਤੀ ਨੂੰ ਮੁੜ ਅਜਿਹੀ ਮਾੜੀ ਹਵਾ ਵਿਚ ਤਬਦੀਲ ਕਰਨਾ ਚਾਹੁੰਦੇ ਹਨ ਜਿਹੜੀ ਦਹਾਕਿਆਂ ਤੋਂ ਕਿਸੇ ਨਾ ਕਿਸੇ ਰੂਪ ਵਿਚ ਸੁਲਘਦੀ ਰਹੀ ਹੈ। ਕਈ ਵਾਰੀ ਤਾਂ ਇਹ ਭੰਬੜ ਵੀ ਬਣੀ ਹੈ ਪ੍ਰੰਤੂ ਪੰਜਾਬ ਸਟੂਡੈਂਟਸ ਯੂਨੀਅਨ ਦੀ ਵਿਰਾਸਤ, ਸਮਾਜਿਕ, ਸਭਿਆਚਾਰ ਅਤੇ ਆਰਥਿਕ ਮਸਲਿਆਂ ਤੋਂ ਲੈ ਕੇ ਰਾਜਨੀਤਕ ਖੇਤਰਾਂ ਤੱਕ ਆਪਣਾ ਸਿੱਧਾ ਜਾਂ ਅਸਿੱਧਾ ਪ੍ਰਭਾਵ ਪਾਉਂਦੀ ਹੈ। ਵਾਰ-ਵਾਰ ਇਸ ਕਿਤਾਬ ਦੇ ਪੰਨਿਆਂ ਵਿਚੋਂ ਗੁਜ਼ਰਦਿਆਂ ਜਿਥੇ ਮੇਰੇ ਅੰਦਰ ਦੀ ਆਪਣੀ ਕਿਤਾਬ ਨਵੇਂ ਕਿਸਮ ਨਾਲ ਲਿਖਣ ਲਈ ਪ੍ਰੇਰਦੀ ਹੈ, ਉਥੇ ਇਸ ਇਤਿਹਾਸਕ ਦੌਰ ਦੇ ਕਿੰਨੇ ਹੀ ਪਾਤਰ ਜਿਹੜੇ ਭਲਾ ਹੀ ਵੱਖੋ-ਵੱਖਰੇ ਖੇਤਰਾਂ ਵਿਚ ਕਾਰਜਸ਼ੀਲ ਹਨ ਪਰ ਉਨ੍ਹਾਂ ਅੰਦਰ ਕਈ ਕਿਸਮ ਦਾ ਕਲਮ ਉਠਾਉਣ ਦਾ ਜ਼ੇਰਾ ਹੈ ਉਨ੍ਹਾਂ ਦੀਆਂ ਵੱਡੀਆਂ ਯਾਦਾਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਜੀਵਨ ਦਾ ਹਿੱਸਾ ਹਨ। ਜਿਹੜੀਆਂ ਇਤਿਹਾਸਕਾਰੀ ਦਾ ਹਿੱਸਾ ਬਣ ਸਕਦੀਆਂ ਹਨ। ਇਸ ਕਰਕੇ ਸਿਰਫ਼ ਤੇ ਸਿਰਫ਼ ਅਜਾਇਬ ਸਿੰਘ ਟਿਵਾਣਾ ਇਸ ਪੁਸਤਕ ਨੂੰ ਇਤਿਹਾਸ ਦੀਆਂ ਝਲਕਾਂ ਹੀ ਆਖਦਾ ਹੈ ਕਿਉਂਕਿ ਉਸਨੂੰ ਪਤਾ ਹੈ ਕਿ ਇਸ ਦੀ ਪਿੱਠ ਭੂਮੀ ਵਿਚ ਬਹੁਤ ਵੱਡਾ ਇਤਿਹਾਸ ਛੁਪਿਆ ਪਿਆ ਹੈ ਜਿਹੜਾ ਪੰਜਾਬ ਦੀਆਂ ਇਤਿਹਾਸਕਾਰੀ ਦੇ ਪੰਨਿਆਂ ਵਿਚ ਦਰਜ ਹੋਣਾ ਚਾਹੀਦਾ ਹੈ। ਉਹ ਕਲਮਾਂ ਅਜੇ ਚੁੱਪ ਹਨ ਜਾਂ ਸ਼ਾਂਤ ਹਨ ਜਾਂ ਦੇਰ ਸਵੇਰ ਕੁਝ ਨਾ ਕੁਝ ਲਿਖਣਗੀਆਂ। ਇਹ ਕਿਤਾਬ ਉਸ ਹਰੇਕ ਪਾਤਰ ਤੋਂ ਕੁਝ ਸ਼ਬਦ ਲਿਖਣ ਦੀ ਆਸ ਵੀ ਲਾ ਕੇ ਬੈਠੀ ਹੈ ਕਿਉਂਕਿ ਇਸ ਵੱਡਅਕਾਰੀ ਪੁਸਤਕ ਵਿਚ ਦਰਜਨਾਂ ਹੀ ਅਜਿਹੀਆਂ ਸ਼ਖਸੀਅਤਾਂ ਅਤੇ ਵਿਅਕਤੀਆਂ ਦਾ ਜ਼ਿਕਰ ਆਉਂਦਾ ਹੈ ਜਿਹੜੀਆਂ ਮੁੜ ਸੈਂਕੜਿਆਂ ਵਿਚ ਤਬਦੀਲ ਹੋ ਜਾਂਦੀਆਂ ਹਨ ਉਨ੍ਹਾਂ ਦੇ ਕਦਮ ਜਿਸ ਵੀ ਕਾਲਜ ਦੀ ਦੀਵਾਰ ਜਾਂ ਉਸ ਦੇ ਇਰਦ ਗਿਰਦ ਚੱਲੀ ਲਹਿਰ ਨਾਲ ਜੁੜੇ ਹੋਏ ਹਨ ਉਹ ਲਾਜ਼ਮੀ ਬਾਹਰ ਆਉਣੇ ਚਾਹੀਦੇ ਹਨ। ਅਕਸਰ ਇਹ ਕਿਹਾ ਜਾਂਦਾ ਹੈ ਕਿ ਸਹੀ ਇਤਿਹਾਸ ਉਹ ਹੁੰਦਾ ਹੈ ਜੋ ਲੋਕਾਂ ਨੇ ਆਪਣੇ ਹੱਡਾਂ ਦੇ ਹੰਢਾਇਆ ਹੁੰਦਾ ਹੈ ਅਤੇ ਮੁੜ ਕੇ ਉਸ ਨੂੰ ਆਪਣੀ ਭਾਸ਼ਾ ਅਤੇ ਸ਼ਬਦਾਵਲੀ ਵਿਚ ਲਿਖ ਦਿੰਦੇ ਹਨ। ਭਲਾ ਹੀ ਉਨ੍ਹਾਂ ਵਿਚ ਕੁਝ ਊਣਤਾਈਆਂ ਰਹਿ ਜਾਣ ਪਰ ਮੁੜ ਉਸਾਰਨ ਵਾਲੇ ਉਸ ਵਿਚੋਂ ਅਗਾਂਹ ਨਵੇਂ ਰਸਤੇ ਤਲਾਸ਼ ਲੈਂਦੇ ਹਨ। ਇੰਝ ਹੀ ਮੈਨੂੰ ਇਹ ਪੁਸਤਕ ਪੜ੍ਹਦਿਆਂ ਜਾਪਿਆ ਕਿ ਇਸ ਦੇ ਜ਼ਰੀਏ ਅਸੀਂ ਇਸ ਵਿਚ ਰਹਿ ਗਏ ਖੱਪਿਆਂ ਨੂੰ ਪੂਰੀਏ ਅਤੇ ਇਸ ਨੂੰ ਹੋਰ ਅਮੀਰ ਕਰਨ ਲਈ ਆਪਣੀ ਕਲਮ ਉਠਾਈਏ। ਉਠੀ ਹੋਈ ਹਰੇਕ ਕਲਮ ਨੂੰ ਸ਼ਬਦੀਜਾਮਾ ਹੋਰ ਭਰਵੇਂ ਰੂਪ ਵਿਚ ਇਕ ਦਰਜ ਕੀਤਾ ਜਾਵੇਗਾ।

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)



ਬੂਟਾ ਸਿੰਘ
ਮਹਿਮੂਦਪੁਰ
94634-74342

# ਇਹ 'ਖ਼ੁਦਕੁਸ਼ੀ' ਹੈ ਜਾਂ ਸੰਸਥਾਗਤ ਕਤਲ




8-9 ਮਾਰਚ ਦੀ ਦਰਮਿਆਨੀ ਰਾਤ ਨੂੰ ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਮੈਡੀਕਲ ਅਤੇ ਰਿਸਰਚ ਅੰਮ੍ਰਿਤਸਰ ਵਿਖੇ ਡਾਕਟਰ ਪੰਪੋਸ਼ ਵੱਲੋਂ ਕੀਤੀ 'ਖ਼ੁਦਕੁਸ਼ੀ' ਨਾਲ ਹਰ ਸੰਵੇਦਨਸ਼ੀਲ ਇਨਸਾਨ ਦਾ ਮਨ ਵਲੂੰਧਰਿਆ ਗਿਆ ਹੈ। ਪੜ੍ਹਾਈ ਵਿਚ ਅੱਵਲ ਅਤੇ 95% ਅੰਕ ਹਾਸਲ ਕਰਨ ਵਾਲੀ ਇਹ ਬੇਟੀ ਰਾਮਾਮੰਡੀ (ਜਲੰਧਰ ਸ਼ਹਿਰ) ਦੇ ਵਸਨੀਕ ਦਲਿਤ ਪਰਿਵਾਰ ਦੀ ਜਾਈ ਸੀ। ਉਹ ਬਹੁਤ ਹੀ ਹੋਣਹਾਰ ਸੀ ਅਤੇ ਇੰਟਰਨਸ਼ਿਪ ਕਰ ਰਹੀ ਸੀ। ਲੜਕੀ ਦੋ ਦਿਨ ਤੋਂ ਹੋਸਟਲ ਦੇ ਕਮਰੇ 'ਚੋਂ ਬਾਹਰ ਨਹੀਂ ਸੀ ਆਈ ਪਰ ਸੰਸਥਾ ਦਾ ਪ੍ਰਸ਼ਾਸਨ ਉਸ ਪ੍ਰਤੀ ਪੂਰੀ ਤਰ੍ਹਾਂ ਬੇਪ੍ਰਵਾਹ ਸੀ। ਜਦੋਂ ਫ਼ੋਨ ਉੱਪਰ ਸੰਪਰਕ ਨਾ ਹੋਣ 'ਤੇ ਲੜਕੀ ਦੇ ਪਰਿਵਾਰ ਨੇ ਜਾ ਕੇ ਕਮਰਾ ਖੁੱਲਵਾਇਆ ਤਾਂ ਲੜਕੀ ਜ਼ਿੰਦਗੀ ਦੀ ਲੜਾਈ ਹਾਰ ਚੁੱਕੀ ਸੀ। ਬੇਸ਼ੱਕ ਸਥਾਨਕ ਪੁਲਿਸ ਨੇ ਜਨਤਕ ਦਬਾਅ ਹੇਠ ਕੇਸ ਦਰਜ ਕਰ ਲਿਆ ਹੈ ਪਰ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਾ ਹੋਣ ਤੋਂ ਸਪਸ਼ਟ ਹੈ ਕਿ ਕੇਸ ਨੂੰ ਰਫ਼ਾ-ਦਫ਼ਾ ਕਰਨ ਲਈ ਪੁਲਿਸ ਉੱਪਰ ਭਾਰੀ ਦਬਾਅ ਹੈ।

ਇਹ ਹਾਲਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾਂਦੇ ਮੈਡੀਕਲ ਇੰਸਟੀਚਿਊਟ ਦੇ ਹਨ ਜੋ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦੇ ਦਾਅਵੇ ਕਰਦੀ ਹੈ। ਉਂਞ ਵੀ ਭਾਰਤ ਦੇ ਮੈਡੀਕਲ ਕਾਲਜਾਂ ਵਿਚ ਮਾਹੌਲ ਐਨਾ ਅਣਮਨੁੱਖੀ ਹੈ ਕਿ ਖ਼ੁਦਕੁਸ਼ੀਆਂ ਅਤੇ ਪੜ੍ਹਾਈ ਛੱਡਣ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਹਨ। ਪਿਛਲੇ ਦਿਨੀਂ ਇਕ ਆਰ.ਟੀ.ਆਈ. ਕਾਰਕੁਨ ਵੱਲੋਂ ਮੰਗੀ ਸੂਚਨਾ ਦੇ ਜਵਾਬ 'ਚ ਨੈਸ਼ਨਲ ਮੈਡੀਕਲ ਕਮਿਸ਼ਨ ਨੇ ਜਾਣਕਾਰੀ ਦਿੱਤੀ ਸੀ ਕਿ ਪਿਛਲੇ ਪੰਜ ਸਾਲਾਂ 'ਚ 64 ਐੱਮਬੀਬੀਐੱਸ ਅਤੇ 55 ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਹੈ ਅਤੇ 160 ਐੱਮਬੀਬੀਐੱਸ ਅਤੇ 956 ਪੋਸਟ ਗ੍ਰੈਜੂਏਟ ਵਿਦਿਆਰਥੀ ਮੈਡੀਕਲ ਕਾਲਜ ਛੱਡ ਗਏ। ਇਹ ਆਮ ਵਿਦਿਆਰਥੀਆਂ ਦੇ ਅੰਕੜੇ ਹਨ। ਜੇ ਵਿਦਿਆਰਥੀ ਦਲਿਤ ਹੈ ਤਾਂ ਉਸ ਜਾਤ ਅਧਾਰਿਤ ਅਪਮਾਨ ਅਤੇ ਜ਼ਲਾਲਤ ਦੀ ਕੋਈ ਹੱਦ ਨਹੀਂ ਹੈ ਜੋ ਉਸ ਨੂੰ ਪੈਰ-ਪੈਰ 'ਤੇ ਝੱਲਣਾ ਪੈਂਦਾ ਹੈ। ਮੈਡੀਕਲ ਕਾਲਜਾਂ ਵਿਚ ਸਪਲੀਆਂ ਦੇ ਬਹਾਨੇ ਵਿਦਿਆਰਥੀਆਂ ਕੋਲੋਂ ਕਈ ਕਈ ਲੱਖ ਰੁਪਏ ਬਟੋਰਨਾ ਆਮ ਗੱਲ ਹੈ। ਜੇ ਵਿਦਿਆਰਥੀ ਆਰਥਕ ਤੌਰ 'ਤੇ ਕਮਜ਼ੋਰ ਜਾਂ ਹਾਸ਼ੀਆਗ੍ਰਸਤ ਪਰਿਵਾਰ 'ਚੋਂ ਹੈ ਤਾਂ ਉਸ ਵੱਲੋਂ ਝੱਲੇ ਜਾ ਰਹੇ ਸੰਤਾਪ ਨੂੰ ਸਮਝਣਾ ਮੁਸ਼ਕਲ ਨਹੀਂ। ਦਲਿਤ ਵਿਦਿਆਰਥੀ ਨੂੰ ਤਾਂ ਉੱਚ ਜਾਤੀਆਂ ਦੇ ਹੰਕਾਰਵਾਦੀ ਅਨਸਰ ਕਿਸੇ ਵੀ ਹਾਲਤ 'ਚ ਡਾਕਟਰ ਬਣਿਆ ਦੇਖਣਾ ਪਸੰਦ ਨਹੀਂ ਕਰਦੇ। ਪਰਿਵਾਰ ਮੈਂਬਰਾਂ ਅਨੁਸਾਰ ਦਲਿਤ ਹੋਣ ਕਾਰਨ ਡਾ. ਪੰਪੋਸ਼ ਨੂੰ ਉਸ ਦੇ ਪ੍ਰੋਫੈਸਰ ਅਤੇ ਹੋਰ ਡਾਕਟਰ ਤਾਅਨੇ ਮਿਹਣੇ ਦੇ ਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੇ ਸਨ ਅਤੇ ਧਮਕਾਉਂਦੇ ਸਨ ਕਿ ਉਹ ਉਸ ਨੂੰ ਡਾਕਟਰ ਨਹੀਂ ਬਣਨ ਦੇਣਗੇ।

ਇਹ ਕੇਸ ਡਾ. ਪਾਇਲ ਤੜਵੀ ਦੀ ਕਥਿਤ ਖ਼ੁਦਕੁਸ਼ੀ ਨਾਲ ਮਿਲਦਾ-ਜੁਲਦਾ ਹੈ ਜਿਸ ਨੇ ਜਾਤਪਾਤੀ ਜ਼ਲਾਲਤ ਬਰਦਾਸ਼ਤ ਨਾ ਕਰਦੇ ਹੋਏ 22 ਮਈ 2019 ਨੂੰ ਖ਼ੁਦਕੁਸ਼ੀ ਕਰ ਲਈ ਸੀ। ਡਾ. ਪਾਇਲ ਮੁੰਬਈ ਦੇ ਟੀ.ਐਨ. ਟੋਪੀਵਾਲਾ ਨੈਸ਼ਨਲ ਪੋਸਟ ਗਰੈਜੂਏਟ ਮੈਡੀਕਲ ਕਾਲਜ ਦੀ ਵਿਦਿਆਰਥਣ ਸੀ। ਇਕ ਸੂਚੀਦਰਜ ਆਦਿਵਾਸੀ ਤੜਵੀ ਭੀਲ ਕਬੀਲੇ ਅਤੇ ਘੱਟ ਗਿਣਤੀ ਮੁਸਲਿਮ ਭਾਈਚਾਰੇ 'ਚੋਂ ਹੋਣ ਕਾਰਨ ਪਾਇਲ (ਸੂਚੀਦਰਜ ਕਬਾਇਲੀ+ਘੱਟਗਿਣਤੀ+ਔਰਤ ਕਾਰਨ) ਤੀਹਰੇ ਵਿਤਕਰੇ ਦੀ ਸ਼ਿਕਾਰ ਸੀ। ਇਸੇ ਤਰ੍ਹਾਂ 17 ਜਨਵਰੀ 2016 ਨੂੰ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਹੋਣਹਾਰ ਵਿਦਿਆਰਥੀ ਰੋਹਿਤ ਵੇਮੂਲਾ ਦੀ 'ਖ਼ੁਦਕੁਸ਼ੀ' ਨੇ ਜਾਤ ਹੰਕਾਰ ਵਿਚ ਗ੍ਰਸਤ ਉੱਚ ਅਕਾਦਮਿਕ ਸੰਸਥਾਵਾਂ ਦੇ ਪ੍ਰਸ਼ਾਸਨ ਦਾ ਘਿਣਾਉਣਾ ਜਾਤਪਾਤੀ ਚਿਹਰਾ ਬੇਪਰਦ ਕੀਤਾ ਸੀ। ਇਹ ਕੁਝ ਪ੍ਰਮੁੱਖ ਮਿਸਾਲਾਂ ਹਨ ਕਿਵੇਂ ਸਾਡੇ ਸਮਾਜੀ ਪ੍ਰਬੰਧ ਦੀ ਰਗ-ਰਗ 'ਚ ਫੈਲੀ ਜਾਤਪਾਤ ਹੋਣਹਾਰ ਬੱਚਿਆਂ ਦੀਆਂ ਜਾਨਾਂ ਲੈ ਰਹੀ ਹੈ।

ਇਨ੍ਹਾਂ ਤਿੰਨਾਂ ਦਾ ਸੰਤਾਪ ਸਾਂਝਾ ਹੈ। ਡਾ. ਪੰਪੋਸ਼ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ 'ਚ ਔਰਤ ਰੋਗ ਵਿਭਾਗ ਦੀ ਮੁਖੀ ਡਾ. ਪ੍ਰਤਿਭਾ, ਡਾ. ਬੀਰ ਦਵਿੰਦਰ ਸਿੰਘ, ਡਾ. ਪ੍ਰਭਹਿੰਮਤ, ਪ੍ਰੋਫੈਸਰ ਸਵਾਤੀ, ਪ੍ਰਿਅੰਕਾ, ਗਗਨਦੀਪ ਕੌਰ, ਨਮਿਸ਼ਾ, ਕਰਨਬੀਰ ਸਿੰਘ, ਜਿੰਮੀ ਅਤੇ ਡਾ. ਪਿਊਸ਼ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਇਹ ਜਾਤ ਹੰਕਾਰੀ ਪ੍ਰੋਫੈਸਰ ਅਤੇ ਬੈਚਮੇਟ ਉਸ ਨੂੰ ਮਾਨਸਿਕ ਤੌਰ 'ਤੇ ਤਸੀਹੇ ਦੇਣ ਅਤੇ ਅਪਮਾਨਿਤ ਕਰਨ ਦੇ ਦੋਸ਼ੀ ਹਨ ਜੋ ਉਸ ਨੂੰ ਪੜ੍ਹਾਈ ਛੱਡ ਜਾਣ ਲਈ ਮਜਬੂਰ ਕਰ ਰਹੇ ਸਨ ਅਤੇ ਉਸ ਦੇ ਪਰਿਵਾਰ ਨੂੰ ਮਾਰਨ ਦੀਆਂ ਧਮਕੀਆਂ ਦਿੰਦੇ ਸਨ। ਸ਼ਿਕਾਇਤ ਕਰਨ 'ਤੇ ਹੋਰ ਜ਼ਿਆਦਾ ਜ਼ਲੀਲ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਕੋਈ ਡਰ ਨਹੀਂ ਸੀ। ਲੜਕੀ ਦੀ ਮਾਤਾ ਉਸ ਨੂੰ ਹੌਸਲਾ ਦੇ ਕੇ ਸਮਾਂ ਲੰਘਾਉਣ ਲਈ ਪ੍ਰੇਰਦੀ ਰਹੀ ਪਰ ਜਾਤਪਾਤੀ ਹੰਕਾਰੀਆਂ ਅਤੇ ਉਨ੍ਹਾਂ ਦੀ ਸਰਪ੍ਰਸਤੀ ਕਰ ਰਹੇ ਕਾਲਜ ਪ੍ਰਸ਼ਾਸਨ ਅੱਗੇ ਉਹ ਬੇਵਸ ਸਨ।

ਰੋਹਿਤ ਵੇਮੂਲਾ ਨੂੰ ਖ਼ੁਦਕੁਸ਼ੀ ਦੇ ਮੂੰਹ ਧੱਕਣ ਵਿਚ ਵਾਈਸ ਚਾਂਸਲਰ ਪੀ. ਅੱਪਾਰਾਉ ਅਤੇ ਮਨੁੱਖੀ ਵਸੀਲਿਆਂ ਦੀ ਕੈਬਨਿਟ ਮੰਤਰੀ ਸਮ੍ਰਿਤੀ ਇਰਾਨੀ ਸਮੇਤ ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਦੀ ਸੰਸਥਾਗਤ ਭੂਮਿਕਾ ਸਰੇਆਮ ਜੱਗ ਜ਼ਾਹਰ ਹੋਈ ਸੀ। ਇਸੇ ਤਰ੍ਹਾਂ ਡਾ. ਪਾਇਲ ਆਪਣੀਆਂ ਤਿੰਨ ਸੀਨੀਅਰ ਡਾਕਟਰਾਂ ਡਾ. ਹੇਮਾ ਅਹੂਜਾ, ਡਾ. ਅੰਕਿਤਾ ਖੰਡੇਲਵਾਲ ਅਤੇ ਡਾ. ਭਕਤੀ ਮਹਾਰੇ ਦੇ ਜਾਤ ਹੰਕਾਰੀ ਵਤੀਰੇ ਤੋਂ ਪੀੜਤ ਸੀ। ਇਹ ਤਿੰਨੋਂ ਗਾਇਨੀ ਵਿਭਾਗ ਵਿਚ ਸਨ ਅਤੇ ਹਰ ਵਕਤ ਵਿਭਾਗ ਦੇ ਮੁਖੀ ਦੀ ਮਿਲੀ-ਭੁਗਤ ਨਾਲ ਡਾ. ਪਾਇਲ ਨੂੰ ਤੰਗ-ਪ੍ਰੇਸ਼ਾਨ ਕਰਦੀਆਂ ਸਨ। ਰੈਗਿੰਗ ਦੌਰਾਨ ਵੀ ਉਸ ਨੂੰ ਉਸ ਦੇ ਜਾਤੀ ਪਿਛੋਕੜ ਦੇ ਅਧਾਰ 'ਤੇ ਅਪਮਾਨਿਤ ਕੀਤਾ ਗਿਆ। ਉਪਰੋਕਤ ਤਿੰਨੋਂ ਡਾਕਟਰ ਮਰੀਜਾਂ ਅਤੇ ਮੈਡੀਕਲ ਸਟਾਫ਼ ਦੇ ਸਾਹਮਣੇ ਹੀ ਡਾ. ਪਾਇਲ ਨੂੰ ਜਾਤੀ ਸੂਚਕ ਤਾਹਨੇ ਅਤੇ ਗਾਹਲਾਂ ਦੇ ਕੇ ਬੇਇੱਜ਼ਤ ਕਰਦੀਆਂ ਸਨ। ਉਸਨੂੰ ਓਪਰੇਸ਼ਨ ਥੀਏਟਰ ਵਿਚ ਓਪਰੇਸ਼ਨ ਵੀ ਨਹੀਂ ਕਰਨ ਦਿੱਤੇ ਜਾਂਦੇ ਸਨ।

ਡਾ. ਪੰਪੋਸ਼ ਅਤੇ ਡਾ. ਪਾਇਲ ਦੇ ਪਰਿਵਾਰ ਮੈਂਬਰਾਂ ਵੱਲੋਂ ਜੋ ਹਾਲਾਤ ਬਿਆਨ ਕੀਤੇ ਗਏ ਇਹ ਉਨ੍ਹਾਂ ਜਾਤਪਾਤੀ ਮਾਨਸਿਕਤਾ ਵਾਲਿਆਂ ਦੇ ਮੂੰਹ ਉੱਪਰ ਕਰਾਰੀ ਚਪੇੜ ਹਨ ਜਿਹੜੇ ਜਾਤ ਅਧਾਰਤ ਰਾਖਵੇਂਕਰਨ ਦੀ ਬਜਾਏ ਆਰਥਕ ਅਧਾਰ 'ਤੇ ਰਾਖਵੇਂਕਰਨ ਦੀਆਂ ਬੇਹੂਦਾ ਦਲੀਲਾਂ ਦਿੰਦੇ ਹਨ। ਬੱਚੀਆਂ ਆਪਣੇ ਪਰਿਵਾਰਾਂ ਨਾਲ ਸਭ ਕੁਝ ਸਾਂਝਾ ਕਰਦੀਆਂ ਸਨ। ਆਪਣੀ ਜਾਨ ਲੈਣ ਦਾ ਕਦਮ ਸੰਵੇਦਨਸ਼ੀਲ ਅਤੇ ਖ਼ੁਦਦਾਰ ਇਨਸਾਨ ਉਦੋਂ ਹੀ ਚੁੱਕਦਾ ਹੈ ਜਦੋਂ ਨਿੱਤ ਦਾ ਅਪਮਾਨ ਬਰਦਾਸ਼ਤ ਤੋਂ ਬਾਹਰ ਹੋ ਜਾਂਦਾ ਹੈ। ਡਾ. ਪਾਇਲ ਤਾਂ ਆਪਣੇ ਪਰਿਵਾਰ ਨੂੰ ਰਿਜ਼ਰਵ ਸੀਟ ਛੱਡਣ ਲਈ 20 ਲੱਖ ਰੁਪਏ ਦਾ ਇੰਤਜ਼ਾਮ ਕਰਨ ਦੇ ਵਾਸਤੇ ਵੀ ਪਾਉਂਦੀ ਰਹਿੰਦੀ ਸੀ। ਸ਼ਿਕਾਇਤ ਕਰਨ 'ਤੇ ਜਾਤ ਹੰਕਾਰੀਆਂ ਨੇ ਸਗੋਂ ਉਸ ਨੂੰ ਜ਼ਲੀਲ ਅਤੇ ਤੰਗ-ਪ੍ਰੇਸ਼ਾਨ ਕਰਨ ਦਾ ਸਿਲਸਿਲਾ ਹੋਰ ਵੀ ਤੇਜ਼ ਕਰ ਦਿੱਤਾ। ਉਸਨੂੰ ਧਮਕੀ ਦਿੱਤੀ ਗਈ ਕਿ ਉਸਦਾ ਡਿਗਰੀ ਮੁਕੰਮਲ ਨਹੀਂ ਹੋਣ ਦਿੱਤੀ ਜਾਵੇਗੀ। ਖ਼ੁਦਕੁਸ਼ੀ ਕਰਨ ਵਾਲੇ ਦਿਨ ਵੀ ਉਹ ਬੁਰੀ ਤਰ੍ਹਾਂ ਅਪਮਾਨਿਤ ਹੋ ਕੇ ਰੋਂਦੀ ਹੋਈ ਆਪਣੇ ਕਮਰੇ ਵਿਚ ਵਾਪਸ ਆਈ ਸੀ।

ਜਾਤਪਾਤੀ ਜ਼ਲਾਲਤ ਤੋਂ ਤੰਗ ਆ ਕੇ ਖ਼ੁਦਕੁਸ਼ੀਆਂ ਨਵਾਂ ਵਰਤਾਰਾ ਨਹੀਂ ਹੈ। ਅਜੋਕੇ ਦਰੋਣਾਚਾਰੀਆ ਆਪਣੇ ਕਸਬ ਵਿਚ ਆਪਣੇ ਪੁਰਖਿਆਂ ਦੇ ਮੁਕਾਬਲੇ ਬਹੁਤ ਹੀ ਸ਼ਾਤਰ ਅਤੇ ਤਜ਼ਰਬੇਕਾਰ ਹਨ। ਉਨ੍ਹਾਂ ਦੇ ਦਲਿਤ ਬੱਚਿਆਂ ਨੂੰ ਗਿਆਨ ਤੋਂ ਵਾਂਝੇ ਕਰਨ ਦੇ ਤਰੀਕੇ ਪੁਰਾਣੇ ਜ਼ਮਾਨੇ ਵਾਲੇ ਕੁੱਢਰ ਨਹੀਂ ਸਗੋਂ ਬਹੁਤ ਹੀ ਵਿਕਸਤ, ਸੂਖ਼ਮ ਅਤੇ ਵੰਨ-ਸੁਵੰਨੇ ਹਨ। ਉਹ ਪੜ੍ਹਾਈ ਵਿਚ ਹੁਸ਼ਿਆਰ ਦਲਿਤ ਬੱਚਿਆਂ ਦਾ ਮਨੋਬਲ ਤੋੜ ਕੇ ਉਨ੍ਹਾਂ ਨੂੰ ਪੜ੍ਹਾਈ ਛੱਡਣ ਲਈ ਮਜਬੂਰ ਕਰਦੇ ਹਨ। 13 ਜੂਨ 2019 ਨੂੰ ਰੋਹਤਕ ਮੈਡੀਕਲ ਕਾਲਜ (ਹਰਿਆਣਾ) ਦੇ ਪੀ.ਐੱਚ.ਡੀ. ਕਰ ਰਹੇ ਹੋਣਹਾਰ ਖੋਜਕਾਰ ਓਂਕਾਰ ਨੇ ਉੱਚ ਜਾਤੀ ਹੰਕਾਰ ਦੇ ਡੰਗੇ ਖੋਜ ਮੁਖੀ ਅਤੇ ਹੋਰ ਅਧਿਆਪਕਾਂ ਦੀ ਧੱਕੇਸ਼ਾਹੀ ਨਾ ਸਹਾਰਦੇ ਹੋਏ ਖ਼ੁਦਕੁਸ਼ੀ ਕੀਤੀ ਸੀ। ਥੋੜ੍ਹਾ ਹੋਰ ਪਿੱਛੇ ਜਾਇਆ ਜਾਵੇ ਤਾਂ 2007 ਤੋਂ 2011 ਤੱਕ ਦੇ ਚਾਰ ਸਾਲਾਂ ਵਿਚ ਹੀ ਉੱਚ ਸਿੱਖਿਆ ਸੰਸਥਾਵਾਂ ਵਿਚ ਖ਼ੁਦਕੁਸ਼ੀਆਂ ਦੇ ਅਠਾਰਾਂ ਮਾਮਲੇ ਸਾਹਮਣੇ ਆਏ ਸਨ: ਐਮ. ਸ੍ਰੀਕਾਂਤ (ਬੀ.ਟੈਕ. ਫਾਈਨਲ ਆਈ.ਆਈ.ਟੀ. ਬਾਂਬੇ), ਅਜੈ ਸੀ. ਚੰਦਰਾ (ਪੀਐਚਡੀ, ਆਈ.ਆਈ., ਸਾਇੰਸਜ ਬੰਗਲੌਰ), ਜਸਪ੍ਰੀਤ ਸਿੰਘ (ਐਮ.ਬੀ.ਬੀ.ਐਸ. ਫਾਈਨਲ ਜੀ.ਐਚ.ਸੀ. ਚੰਡੀਗੜ੍ਹ), ਸੇਂਠਲ ਕੁਮਾਰ (ਹੈਦਰਾਬਾਦ), ਪ੍ਰਸਾਂਤ ਬ ਕੁਰੀਲ (ਕਾਨਪੁਰ), ਜੀ. ਸੁਮਨ (ਕਾਨਪੁਰ), ਅੰਕਿਤਾ ਵੇਧੜਾ (ਅਹਿਮਦਾਬਾਦ), ਡੀ. ਸਿਆਮ ਕੁਮਾਰ (ਵਿਜੈਵਾੜਾ), ਐਸ. ਅਮਰਾਵਤੀ (ਹੈਦਰਾਬਾਦ), ਬਾਂਦੀ ਅਨੁਸਾ (ਹੈਦਰਾਬਾਦ), ਪੁਸਪਾਂਜਲੀ ਵੀ ਪੂਰਤੀ (ਬੈਂਗਲੌਰ), ਸੁਸ਼ੀਲ ਕੁਮਾਰ ਚੌਧਰੀ (ਲਖਨਊ), ਬਾਲਮੁਕੰਦ ਭਾਰਤੀ (ਨਵੀਂ ਦਿੱਲੀ), ਜੇ ਕੇ ਰਮੇਸ਼ (ਬੰਗਲੌਰ), ਮਾਧੁਰੀ ਸਾਲੇ (ਕਾਨਪੁਰ), ਜੀ. ਵਾਰਾਲਕਸਮੀ (ਹੈਦਰਾਬਾਦ), ਮੁਨੀਸ ਕੁਮਾਰ (ਰੁੜਕੀ) ਅਤੇ ਲਿਕੇਸ ਮੋਹਨ ਗਾਵਲੇ (ਨਵੀਂ ਦਿੱਲੀ।

ਜਾਤਪਾਤੀ ਜ਼ਲਾਲਤ ਦੀ ਗੰਭੀਰਤਾ ਦੇ ਮੱਦੇਨਜ਼ਰ 2007 ਵਿਚ ਮਨਮੋਹਣ ਸਿੰਘ ਸਰਕਾਰ ਨੂੰ ਥੋਰਾਂਟ ਕਮੇਟੀ ਬਣਾਉਣੀ ਪਈ ਸੀ। ਕਮੇਟੀ ਨੇ ਅਧਿਐਨ ਵਿਚ ਨੋਟ ਕੀਤਾ ਕਿ ਉੱਚ ਵਿਦਿਅਕ ਸੰਸਥਾਵਾਂ ਵਿਚ ਦਲਿਤ ਬੱਚਿਆਂ ਦਾ ਮਨੋਬਲ ਤੋੜ ਕੇ ਉਨ੍ਹਾਂ ਨੂੰ ਪੜ੍ਹਾਈ ਛੱਡਣ ਲਈ ਦਬਾਅ ਪਾਇਆ ਜਾਂਦਾ ਹੈ। ਅਧਿਐਨ ਅਨੁਸਾਰ 69ਫੀ ਸਦੀ ਸੂਚੀਦਰਜ ਜਾਤੀਆਂ ਅਤੇ ਸੂਚੀਦਰਜ ਕਬੀਲਿਆਂ ਦੇ ਵਿਦਿਆਰਥੀਆਂ ਨੂੰ ਪੜ੍ਹਾਈ 'ਚ ਅਧਿਆਪਕਾਂ ਦਾ ਸਹਿਯੋਗ ਨਹੀਂ ਮਿਲਦਾ। 72ਫੀ ਸਦੀ ਵਿਦਿਆਰਥੀਆਂ ਨੇ ਮੰਨਿਆ ਕਿ ਉਨ੍ਹਾਂ ਨਾਲ ਪੜਾਈ ਦੌਰਾਨ ਵਿਤਕਰਾ ਹੁੰਦਾ ਹੈ। 84ਫੀ ਸਦੀ ਵਿਦਿਆਰਥੀਆਂ ਨੇ ਦੱਸਿਆ ਕਿ ਪ੍ਰੈਕਟੀਕਲ ਇਮਤਿਹਾਨਾਂ ਵਿਚ ਜਾਤਪਾਤੀ ਤੁਅੱਸਬ ਕਾਰਨ ਉਨ੍ਹਾਂ ਨਾਲ ਬੇਇਨਸਾਫ਼ੀ ਕੀਤੀ ਜਾਂਦੀ ਹੈ। ਪਰ ਥੋਰਾਂਟ ਕਮੇਟੀ ਅਤੇ ਬਾਦ ਵਿਚ ਹੋਰ ਕਮੇਟੀਆਂ ਨੇ ਜੋ ਸਿਫ਼ਾਰਸ਼ਾਂ ਕੀਤੀਆਂ ਉਨ੍ਹਾਂ ਨੂੰ ਲਾਗੂ ਕਰਨ ਦੀ ਕਿਸੇ ਵੀ ਹਾਕਮ ਜਮਾਤੀ ਪਾਰਟੀ ਦੀ ਸਰਕਾਰ ਵੱਲੋਂ ਕੋਈ ਜ਼ਰੂਰਤ ਨਹੀਂ ਸਮਝੀ ਗਈ, ਕਿਉਂਕਿ ਉਨ੍ਹਾਂ ਦੇ ਹਿਤ ਜਾਤਪਾਤੀ ਦਾਬੇ ਨੂੰ ਸਲਾਮਤ ਰੱਖਣ ਵਿਚ ਹਨ।

ਇਹ ਖ਼ੁਦਕਸ਼ੀਆਂ ਨਹੀਂ, ਸੰਸਥਾਗਤ ਕਤਲ ਹਨ ਜਿਨ੍ਹਾਂ ਨੂੰ ਸਿੱਧੇ ਤੌਰ 'ਤੇ ਅੰਜਾਮ ਭਾਵੇਂ ਕੁਝ ਵਿਅਕਤੀ ਦਿੰਦੇ ਹਨ ਲੇਕਿਨ ਉਨ੍ਹਾਂ ਦੇ ਪਿੱਛੇ ਸਮੁੱਚਾ ਸਮਾਜੀ ਢਾਂਚਾ ਅਤੇ ਰਾਜਤੰਤਰ ਕੰਮ ਕਰ ਰਿਹਾ ਹੁੰਦਾ ਹੈ। ਪਹਿਲੀ ਗੱਲ ਤਾਂ ਦਲਿਤ ਵਰਗ ਵਿੱਚੋਂ ਕੋਈ ਟਾਵਾਂ ਟਾਵਾਂ ਵਿਦਿਆਰਥੀ ਬਹੁਤ ਮੁਸ਼ਕਲ ਨਾਲ ਉੱਚ ਪੜ੍ਹਾਈ ਦੇ ਮੁਕਾਮ 'ਤੇ ਪਹੁੰਚਦਾ ਹੈ, ਕਿਉਂਕਿ ਉਨ੍ਹਾਂ ਕੋਲ ਉਸ ਤਰ੍ਹਾਂ ਦੇ ਵਸੀਲੇ ਅਤੇ ਮਾਰਗ-ਦਰਸ਼ਨ ਨਹੀਂ ਹੁੰਦਾ ਜਿਵੇਂ ਉੱਚ ਜਾਤੀਆਂ ਦੇ ਰਸੂਖ਼ਵਾਨ ਵਰਗ ਦੇ ਲੋਕਾਂ ਕੋਲ ਹੁੰਦਾ ਹੈ। ਦਿਮਾਗੀ ਕਾਬਲੀਅਤ ਦੇ ਬਾਵਜੂਦ ਜ਼ਿਆਦਾਤਰ ਦਲਿਤ ਅਤੇ ਗ਼ਰੀਬ ਬੱਚੇ ਹਾਸ਼ੀਏ 'ਤੇ ਧੱਕੇ ਬੇਵਸ ਜ਼ਿੰਦਗੀ ਜਿਊਂਦੇ ਹਨ। ਜੇ ਕੋਈ ਹਿੰਮਤੀ ਬੱਚਾ ਇਸ ਬੇਕਿਰਕ ਜਾਤੀ ਅਤੇ ਜਮਾਤੀ ਢਾਂਚੇ ਵੱਲੋਂ ਪਾਈਆਂ ਜਾਂਦੀਆਂ ਰੁਕਾਵਟਾਂ ਨੂੰ ਤੋੜਦਾ ਹੋਇਆ ਕਿਸੇ ਚੰਗੇ ਮੁਕਾਮ 'ਤੇ ਪਹੁੰਚ ਵੀ ਜਾਂਦਾ ਹੈ ਤਾਂ ਜਾਤ ਹੰਕਾਰੀ ਤਾਕਤਾਂ ਉਸ ਦਾ ਮਨੋਬਲ ਤੋੜਨ ਲਈ ਦਿਨ-ਰਾਤ ਇਕ ਕਰ ਦਿੰਦੀਆਂ ਹਨ। ਦਲਿਤ ਵਿਦਿਆਰਥੀਆਂ ਦੀ ਜਥੇਬੰਦ ਹੱਕ-ਜਤਾਈ ਦੀ ਸੂਰਤ ਵਿਚ ਤਾਂ ਇਹ ਤਾਕਤਾਂ ਦਲਿਤਾਂ ਦੇ ਸਵੈਮਾਣ ਨੂੰ ਕੁਚਲਣ ਅਤੇ ਉਨ੍ਹਾਂ ਨੂੰ ਸੰਸਥਾਵਾਂ ਵਿੱਚੋਂ ਕੱਢਣ ਲਈ ਹਰ ਘਿਣਾਉਣੇ ਤੋਂ ਘਿਣਾਉਣਾ ਹੱਥਕੰਡਾ ਵਰਤਦੀਆਂ ਹਨ। ਦਲਿਤ ਵਿਦਿਆਰਥੀਆਂ ਦੇ ਵਜੀਫ਼ੇ ਬੰਦ ਕਰਨ, ਉਨ੍ਹਾਂ ਨੂੰ ਤਰਾਂ ਤਰਾਂ ਦੇ ਬਹਾਨੇ ਬਣਾ ਕੇ ਜੁਰਮਾਨੇ ਲਾਉਣ, ਹੋਸਟਲ ਵਿੱਚੋਂ ਕੱਢਣ, ਇਮਤਿਹਾਨਾਂ ਵਿਚ ਪ੍ਰੈਕਟੀਕਲ ਸਮੇਂ ਬੇਇਨਸਾਫ਼ੀ ਕਰਨ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤਸੀਹੇ ਦੇਣ ਦੀਆਂ ਘਟਨਾਵਾਂ ਆਮ ਹੀ ਵਾਪਰਦੀਆਂ ਹਨ। ਖ਼ੁਦਕੁਸ਼ੀਆਂ ਦਿਖਾਉਂਦੀਆਂ ਹਨ ਕਿ ਯੂਨੀਵਰਸਿਟੀਆਂ, ਮੈਡੀਕਲ ਕਾਲਜਾਂ ਵਰਗੀਆਂ ਉਚੇਰੀਆਂ ਵਿਦਿਅਕ ਸੰਸਥਾਵਾਂ ਅੰਦਰ ਵੀ ਜਾਤਪਾਤੀ ਨਫ਼ਰਤ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹਨ। ਉਪਰੋਕਤ ਅਠਾਰਾਂ ਖ਼ੁਦਕੁਸ਼ੀਆਂ ਦੀਆਂ ਰਿਪੋਰਟਾਂ ਵਿਚ ਵੀ ਇਸ ਵਰਤਾਰੇ ਦੀਆਂ ਬਹੁ-ਪਰਤਾਂ ਮਿਲ ਜਾਂਦੀਆਂ ਹਨ।

ਜਾਤਪਾਤੀ ਨਫ਼ਰਤ ਮਹਿਜ਼ ਵਿਅਕਤੀਆਂ ਦੀ ਸੋਚ ਵਿਚ ਨਹੀਂ ਹੈ। ਦਰਅਸਲ ਸਾਡਾ ਸਮਾਜੀ ਤੇ ਰਾਜ ਢਾਂਚਾ ਜਨਮ ਤੋਂ ਹੀ ਮਨੁੱਖ ਦੀ ਵਿਚਾਰਧਾਰਕ ਪਰਵਰਿਸ਼ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ ਜਾਤੀਵਾਦੀ ਮਨੂਵਾਦੀ ਵਿਚਾਰਧਾਰਾ ਅਨੁਸਾਰ ਕਰਦਾ ਹੈ। ਸਮਾਜ ਅਤੇ ਵਿਦਿਅਕ ਸੰਸਥਾਵਾਂ ਦਾ ਸਮੁੱਚਾ ਸਮਾਜੀ, ਸੱਭਿਆਚਾਰਕ ਅਤੇ ਸੰਸਥਾਗਤ ਮਾਹੌਲ ਬੱਚੇ ਨੂੰ ਇਸੇ ਸਾਂਚੇ ਵਿਚ ਢਾਲਦਾ ਹੈ। ਬਚਪਨ ਤੋਂ ਹੀ 'ਉੱਚਜਾਤੀ' ਦੇ ਬੱਚਿਆਂ ਦੇ ਦਿਮਾਗਾਂ 'ਚ ਨੀਵੀਂਆਂ ਜਾਤਾਂ ਵਿਰੁੱਧ ਨਫ਼ਰਤ ਭਰਨੀ ਸ਼ੁਰੂ ਕਰ ਦਿੱਤੀ ਜਾਂਦੀ ਹੈ ਅਤੇ ਵੱਡਾ ਹੋਣ 'ਤੇ ਰਿਜ਼ਰਵੇਸ਼ਨ ਦੀ 'ਬੇਇਨਸਾਫ਼ੀ' ਵਿਰੁੱਧ ਬੁੜਬੁੜ ਉਨ੍ਹਾਂ ਨੂੰ ਉਨ੍ਹਾਂ ਨਾਲ ਹੋ ਰਹੇ 'ਵਿਤਕਰੇ' ਦਾ ਅਹਿਸਾਸ ਕਰਾਉਣਾ ਸ਼ੁਰੂ ਕਰ ਦਿੰਦੀ ਹੈ। ਇੰਞ ਵੱਡੀਆਂ ਵੱਡੀਆਂ ਡਿਗਰੀਆਂ ਵਾਲੇ ਅਖਾਉਤੀ ਉੱਚ ਜਾਤਾਂ ਦੇ ਬਹੁਤ ਸਾਰੇ ਲੋਕ ਪੜ੍ਹ-ਲਿਖ ਕੇ ਵੀ ਇਹ ਮੰਨਣ ਲਈ ਤਿਆਰ ਨਹੀਂ ਹਨ ਕਿ ਦਲਿਤ ਬੱਚੇ ਆਪਣੀ ਕਾਬਲੀਅਤ ਅਤੇ ਮਿਹਨਤ ਦੇ ਜ਼ੋਰ ਉਨ੍ਹਾਂ ਦੇ ਬਰਾਬਰ ਉਚੇਰੀ ਪੜਾਈ ਵਿਚ ਪਹੁੰਚਦੇ ਹਨ। ਉਹ ਇਹ ਮੰਨਣ ਲਈ ਤਿਆਰ ਨਹੀਂ ਕਿ ਦਲਿਤ ਬੱਚੇ ਘੱਟੋਘੱਟ ਯੋਗਤਾ ਦੇ ਅਧਾਰ 'ਤੇ ਡਿਗਰੀਆਂ ਲੈ ਕੇ ਹੀ ਉਨ੍ਹਾਂ ਦੇ ਬਰਾਬਰ ਰੁਤਬੇ ਹਾਸਲ ਕਰਦੇ ਹਨ। ਰਾਖਵਾਂਕਰਨ ਤਾਂ ਸਿਰਫ਼ ਉਨ੍ਹਾਂ ਨੂੰ ਉਨ੍ਹਾਂ ਦੀ ਸਦੀਵੀ ਤੌਰ 'ਤੇ ਪਿਛੜੀ ਹੋਈ ਅਤੇ ਘੋਰ ਦਾਬੇ ਦਾ ਸ਼ਿਕਾਰ ਸਥਿਤੀ ਵਿੱਚੋਂ ਬਾਹਰ ਆ ਕੇ ਪੜ੍ਹਾਈ ਅਤੇ ਨੌਕਰੀ ਦੇ ਮੌਕੇ ਹਾਸਲ ਕਰਨ ਵਿਚ ਮੱਦਦ ਹੀ ਕਰਦਾ ਹੈ। ਇਹ ਉਨ੍ਹਾਂ ਨੂੰ ਕੋਈ ਵਿਸ਼ੇਸ਼ ਸਹੂਲਤ ਨਹੀਂ ਹੈ, ਇਹ ਤਾਂ ਸਦੀਆਂ ਦੀ ਸਮਾਜੀ ਬੇਇਨਸਾਫ਼ੀ ਦੇ ਬਦਲੇ ਇਕ ਮਾਮੂਲੀ ਰਾਹਤ ਹੈ। ਐਪਰ ਦਲਿਤ ਬੱਚਿਆਂ ਦਾ ਸਮਾਜੀ, ਆਰਥਕ ਅਤੇ ਬੌਧਿਕ ਵਿਕਾਸ ਉੱਚਜਾਤੀ ਹਿੱਸਿਆਂ ਨੂੰ ਕਿਸੇ ਵੀ ਸੂਰਤ ਵਿਚ ਹਜਮ ਨਹੀਂ ਹੁੰਦਾ। ਉਹ ਇਸ ਨੂੰ ਆਪਣੇ ਨਾਲ 'ਵਿਤਕਰਾ' ਸਮਝਦੇ ਹਨ। ਜਾਤਪਾਤੀ ਜ਼ਹਿਰ ਦੇ ਪ੍ਰਭਾਵ ਹੇਠ ਉਹ ਸਮਝਦੇ ਹਨ ਕਿ ਇਹ ਤਾਂ 'ਕੰਮੀ-ਕਮੀਣ ਜਾਤਾਂ' ਨੂੰ ਸਾਡੇ 'ਸਿਰ ਉੱਪਰ ਬਿਠਾਉਣਾ' ਹੈ ਅਤੇ ਸਾਡੇ ਨਾਲ ਜ਼ਿਆਦਤੀ ਹੈ। ਉਨ੍ਹਾਂ ਨੂੰ ਉੱਚਜਾਤੀ ਧੌਂਸ ਅਤੇ ਸਮਾਜੀ ਦਾਬੇ ਦੇ ਜ਼ੋਰ ਦਲਿਤਾਂ ਨੂੰ ਪੈਰਾਂ ਹੇਠ ਦਰੜਕੇ ਰੱਖਣ ਦਾ ਦਸਤੂਰ ਵਾਜਬ ਲੱਗਦਾ ਹੈ, ਦਸਤੂਰ ਜੋ ਸਦੀਆਂ ਤੋਂ ਚੱਲਦਾ ਆ ਰਿਹਾ ਹੈ।

ਡਾਕਟਰੀ, ਸੰਸਥਾਵਾਂ, ਯੂਨੀਵਰਸਿਟੀਆਂ, ਇੰਜੀਨੀਅਰਿੰਗ, ਆਈ.ਆਈ.ਟੀ., ਵਗੈਰਾ ਆਹਲਾ ਮਿਆਰੀ ਬੌਧਿਕ ਸੰਸਥਾਵਾਂ ਅੰਦਰ ਜਾਤੀਵਾਦ ਦਾ ਇਜ਼ਹਾਰ ਤਰ੍ਹਾਂ-ਤਰ੍ਹਾਂ ਦੇ ਤਰੀਕਿਆਂ ਨਾਲ ਆਮ ਹੁੰਦਾ ਹੈ। ਜਿਉਂ ਹੀ ਇਹ ਪਤਾ ਲੱਗਦਾ ਹੈ ਕਿ ਫਲਾਣੇ ਵਿਦਿਆਰਥੀ/ਵਿਦਿਆਰਥਣ ਨੂੰ ਦਾਖ਼ਲਾ 'ਰਾਖਵੇਂ ਕੋਟੇ' ਤਹਿਤ ਮਿਲਿਆ ਹੈ ਉਦੋਂ ਹੀ ਕਥਿਤ ਉੱਚ ਜਾਤੀ ਲੋਕਾਂ ਦੇ ਦਿਮਾਗਾਂ ਵਿਚ ਸੁੱਤਾ ਪਿਆ ਜਾਤਪਾਤੀ 'ਗੌਰਵ' ਦਾ ਕੀੜਾ ਜਾਗ ਉੱਠਦਾ ਹੈ। ਉਹ ਆਪਣੇ ਨਾਲ 'ਬੇਇਨਸਾਫ਼ੀ' ਅਤੇ 'ਵਿਤਕਰੇ' ਦਾ ਰੋਣਾ ਰੋਣਾ ਸ਼ੁਰੂ ਕਰ ਦਿੰਦੇ ਹਨ। ਇਹ ਉਹ ਲੋਕ ਹਨ ਜੋ ਆਮ ਤੌਰ 'ਤੇ ਇਸ ਰਾਜ ਪ੍ਰਬੰਧ ਦੀਆਂ ਵੱਡੀਆਂ ਵੱਡੀਆਂ ਵਧੀਕੀਆਂ ਅਤੇ ਬੇਇਨਸਾਫ਼ੀਆਂ ਨੂੰ ਦੇਖ ਕੇ ਵੀ ਇਸ ਤਰ੍ਹਾਂ ਅਣਡਿੱਠ ਕਰਦੇ ਰਹਿੰਦੇ ਹਨ ਜਿਵੇਂ ਕੁਛ ਹੋਇਆ ਹੀ ਨਹੀਂ ਹੁੰਦਾ। ਇਹ ਲੋਕ ਫਿਰ ਦਲਿਤ ਵਿਦਿਆਰਥੀਆਂ ਨੂੰ ਨਿਤਾਣੇ ਅਤੇ ਬੇਵੱਸ ਦੇਖ ਕੇ ਜ਼ਲੀਲ ਕਰਕੇ ਅਤੇ ਮਾਨਸਿਕ ਤੌਰ 'ਤੇ ਤਸੀਹੇ ਦੇ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ।

ਅਖਾਉਤੀ ਵਿਸ਼ਵੀਕਰਨ ਅਤੇ ਨਵਉਦਾਰਵਾਦੀ ਆਰਥਕ ਮਾਡਲ ਦੇ ਲਾਗੂ ਹੋਣ ਨਾਲ ਸਰਕਾਰੀ ਨੌਕਰੀਆਂ ਦੇ ਖ਼ਤਮ ਹੋਣ ਅਤੇ ਰੋਜ਼ਗਾਰ ਦੀ ਬੇਯਕੀਨੀ ਵਧਣ ਨਾਲ 'ਰਾਖਵਾਂਕਰਨ' ਵਿਰੋਧੀ ਜਾਤਪਾਤੀ ਮਾਨਸਿਕਤਾ ਵਿਚ ਬਹੁਤ ਤੇਜ਼ੀ ਨਾਲ ਇਜਾਫ਼ਾ ਹੋਇਆ ਹੈ। ਮਨੂਵਾਦੀ ਤਾਕਤਾਂ ਅਖਾਉਤੀ ਉੱਚ ਜਾਤਾਂ ਦੇ ਲੋਕਾਂ ਦੇ ਮਨਾਂ ਅੰਦਰ ਇਹ ਝੂਠ ਕੁੱਟ-ਕੁੱਟ ਕੇ ਭਰਦੀਆਂ ਆ ਰਹੀਆਂ ਹਨ ਕਿ 'ਕੋਟੇ ਵਾਲੇ' ਮੈਰਿਟ ਵਾਲਿਆਂ ਦਾ ਹੱਕ ਮਾਰਦੇ ਹਨ। ਨਵਉਦਾਰਵਾਦੀ 'ਵਿਕਾਸ ਮਾਡਲ' ਦੌਰਾਨ ਇਹ ਜਾਤਪਾਤੀ ਜ਼ਹਿਰ ਖ਼ਾਸ ਤੇਜ਼ੀ ਨਾਲ ਫੈਲਾਇਆ ਗਿਆ ਹੈ। ਹਿੰਦੂਤਵ ਅਤੇ 'ਸੌਫਟ ਹਿੰਦੂਤਵ' ਦੀਆਂ ਪੈਰੋਕਾਰ ਤਮਾਮ ਹਾਕਮ ਜਮਾਤੀ ਤਾਕਤਾਂ ਦਾ ਇਸ ਝੂਠ ਨੂੰ ਫੈਲਾਉਣ ਵਿਚ ਆਪੋ ਆਪਣਾ ਯੋਗਦਾਨ ਹੈ। ਇਸ ਝੂਠ ਤੋਂ ਪ੍ਰਭਾਵਿਤ ਲੋਕਾਂ ਦਾ ਤਰਕ ਇਹ ਹੈ ਕਿ ਸਰਕਾਰਾਂ ਵੋਟਾਂ ਦੀ ਖਾਤਰ 'ਨਲਾਇਕ' ਹਿੱਸਿਆਂ ਨੂੰ ਯੋਗਤਾ ਤੋਂ ਛੋਟ ਦੇ ਕੇ ਮੈਰਿਟ ਵਾਲੇ 'ਜਨਰਲ ਵਰਗ' ਤੋਂ ਪੜ੍ਹਾਈ ਅਤੇ ਨੌਕਰੀ ਦੇ ਮੌਕੇ ਖੋਂਹਦੀਆਂ ਹਨ ਅਤੇ ਇੰਞ 'ਕੋਟੇ ਵਾਲਿਆਂ' ਨੂੰ ਉਨ੍ਹਾਂ ਦੇ ਸਿਰ 'ਤੇ ਬਿਠਾਉਂਦੀਆਂ ਹਨ। ਆਪਣੇ ਨਾਲ ਇਸ ਕਥਿਤ ਵਿਤਕਰੇ ਦਾ ਬਦਲਾ ਉਹ ਦਲਿਤ ਵਿਦਿਆਰਥੀਆਂ ਨੂੰ ਦੁਰਕਾਰ ਕੇ ਅਤੇ ਤਰਾਂ ਤਰਾਂ ਦੇ ਤਰੀਕਿਆਂ ਨਾਲ ਉਨ੍ਹਾਂ ਨੂੰ ਜ਼ਲੀਲ ਕਰਕੇ ਲੈਂਦੇ ਹਨ। ਇਸੇ ਦਾ ਸ਼ਿਕਾਰ ਕਦੇ ਰੋਹਿਤ ਵੇਮੂਲਾ ਅਤੇ ਪਾਇਲ ਹੋਏ ਅਤੇ ਹੁਣ ਪੰਪੋਸ਼ ਹੋਈ ਹੈ। ਅਖਾਉਤੀ ਉੱਚਜਾਤੀ ਦੇ ਸੀਨੀਅਰ ਡਾਕਟਰ, ਪ੍ਰੋਫੈਸਰ ਅਤੇ ਹੋਰ ਸ਼ਖ਼ਸ ਉਨ੍ਹਾਂ ਨੂੰ ਹਰ ਵਕਤ ਬੇਇੱਜ਼ਤ ਕਰਨ ਅਤੇ ਨੀਵਾਂ ਦਿਖਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਸੀ ਜਾਣ ਦਿੰਦੇ। ਉਹ ਨਹੀਂ ਸੀ ਚਾਹੁੰਦੇ ਕਿ ਦਲਿਤ ਕਿਸੇ ਵੀ ਸੂਰਤ ਵਿਚ ਤਰੱਕੀ ਕਰਕੇ ਉਨ੍ਹਾਂ ਦੇ ਬਰਾਬਰ ਖੜ੍ਹਨ। ਉਹ ਚਾਹੁੰਦੇ ਸਨ ਕਿ ਜਿਵੇਂ ਦਲਿਤ ਪਹਿਲਾਂ ਅਖਾਉਤੀ ਉੱਚ ਜਾਤੀਆਂ ਦੀ ਗ਼ੁਲਾਮੀ ਕਰਦੇ ਸਨ ਅੱਜ ਵੀ ਉਸੇ ਤਰਾਂ ਵਗਾਰਾਂ ਕਰਦੇ ਰਹਿਣ ਅਤੇ ਅਣਮਨੁੱਖੀ ਹਾਲਾਤ ਵਿਚ ਦਿਨ ਕਟੀ ਕਰਦੇ ਰਹਿਣ।

ਇਹ ਸੰਸਥਾਗਤ ਵਰਤਾਰਾ ਨਿਖੇਧੀਆਂ ਨਾਲ ਰੁਕਣ ਵਾਲਾ ਨਹੀਂ ਹੈ। ਸਮੂਹ ਇਨਸਾਫ਼ਪਸੰਦ ਤਾਕਤਾਂ ਨੂੰ ਜਾਤਪਾਤੀ ਦਾਬੇ ਦੇ ਵੱਖੋ-ਵੱਖਰੇ ਇਜ਼ਹਾਰਾਂ ਵਿਰੁੱਧ ਸਿਲਸਿਲੇਵਾਰ ਅਤੇ ਲਗਾਤਾਰਤਾ ਨਾਲ ਬਹੁਪੱਖੀ ਲੜਾਈ ਛੇੜਨੀ ਚਾਹੀਦੀ ਹੈ। ਦਲਿਤਾਂ ਦੀ ਜਾਤ ਅਧਾਰਤ ਲਾਮਬੰਦੀ ਇਸ ਅਨਿਆਂ ਦੇ ਖ਼ਿਲਾਫ਼ ਰਸਮੀਂ ਵਿਰੋਧ ਤਾਂ ਦਰਜ ਕਰਵਾ ਸਕਦੀ ਹੈ ਜਾਂ ਰਾਖਵੇਂਕਰਨ ਨੂੰ ਖ਼ਤਮ ਕਰਨ ਦੀਆਂ ਕੁਛ ਕੁ ਮਨੂਵਾਦੀ ਚਾਲਾਂ ਨੂੰ ਵਕਤੀ ਤੌਰ 'ਤੇ ਰੋਕਣ ਦਾ ਸਾਧਨ ਤਾਂ ਬਣ ਸਕਦੀ ਹੈ ਲੇਕਿਨ ਉਹ ਜਾਤਪਾਤ ਨੂੰ ਬਰਕਰਾਰ ਰੱਖ ਰਹੇ ਇਸ ਆਦਮਖ਼ੋਰ ਰਾਜ ਢਾਂਚੇ ਦੀ ਸਮਾਜੀ ਬੁਨਿਆਦ ਨੂੰ ਚਕਨਾਚੂਰ ਕਰਨਾ ਤਾਂ ਦੂਰ, ਇਸ ਦੇ ਬਨੇਰੇ ਵੀ ਨਹੀਂ ਭੋਰ ਸਕਦੀ। ਆਮ ਦਲਿਤ ਦੀ ਇਹ ਚੇਤਨਾ ਬਣਨੀ ਚਾਹੀਦੀ ਹੈ ਕਿ ਦਲਿਤਾਂ ਦੇ ਨਾਂ 'ਤੇ ਚੁਣੇ ਜਾਣ ਵਾਲੇ 'ਨੁਮਾਇੰਦੇ' ਇਸ ਢਾਂਚੇ ਦਾ ਹਿੱਸਾ ਬਣ ਕੇ ਇਸ ਨੂੰ ਬਚਾਉਣ ਲਈ ਸੇਫਟੀ ਵਾਲਵ ਦੀ ਭੂਮਿਕਾ ਹੀ ਨਿਭਾ ਸਕਦੇ ਹਨ। ਇਸ ਨਾਲ ਇਕ ਨਿੱਕੇ ਜਹੇ ਹਿੱਸੇ ਦਾ ਨਿੱਜੀ ਫ਼ਾਇਦਾ ਤਾਂ ਹੋ ਸਕਦਾ ਹੈ ਲੇਕਿਨ ਇਹ ਆਮ ਦਲਿਤ ਸਮਾਜ ਦੀ ਜਾਤਪਾਤੀ ਦਾਬੇ, ਵਿਤਕਰੇ ਅਤੇ ਬੇਇਨਸਾਫ਼ੀ ਤੋਂ ਬੰਦ-ਖ਼ਲਾਸੀ ਦਾ ਸਾਧਨ ਨਹੀਂ ਬਣ ਸਕਦਾ।

ਦਲਿਤ ਬੱਚਿਆਂ ਨੂੰ ਅਕਾਦਮਿਕ ਪੜ੍ਹਾਈ ਦੇ ਨਾਲ-ਨਾਲ ਮਾਨਸਿਕ ਤੌਰ 'ਤੇ ਵੀ ਸਿੱਖਿਅਤ ਕਰਨਾ ਪਵੇਗਾ। ਕਿਤਾਬੀ ਗਿਆਨ ਦੇ ਨਾਲ-ਨਾਲ ਉਨ੍ਹਾਂ ਨੂੰ ਹੀਣ ਭਾਵਨਾ 'ਚੋਂ ਕੱਢਣਾ ਵੀ ਜ਼ਰੂਰੀ ਹੈ ਤਾਂ ਜੁ ਉਹ ਜਾਤ ਹੰਕਾਰੀਆਂ ਦੇ ਕਰੂਰ ਹਮਲਿਆਂ ਸਮੇਂ ਬੇਵੱਸ ਮਹਿਸੂਸ ਨਾ ਕਰਨ ਸਗੋਂ ਅਜਿਹੇ ਹਾਲਾਤ ਨਾਲ ਟੱਕਰ ਲੈ ਕੇ ਇਨ੍ਹਾਂ ਤਾਕਤਾਂ ਦੇ ਮਨਸੂਬਿਆਂ ਨੂੰ ਹਰਾਉਣ ਲਈ ਮਾਨਸਿਕ ਤੌਰ 'ਤੇ ਹੋਰ ਦ੍ਰਿੜ ਹੋਣ। ਸਾਡੇ ਦਲਿਤ ਹਿੱਸਿਆਂ ਨੂੰ ਸੁਚੇਤ ਹੋਣਾ ਪਵੇਗਾ ਕਿ ਅਕਾਦਮਿਕ ਪੜ੍ਹਾਈ ਦੇ ਨਾਲ ਨਾਲ ਆਪਣੇ ਬੱਚਿਆਂ ਨੂੰ ਐਸੇ ਉਸਾਰੂ ਸਾਹਿਤ ਨਾਲ ਜੋੜਨਾ ਜ਼ਰੂਰੀ ਹੈ ਜੋ ਉਨ੍ਹਾਂ ਨੂੰ ਜਾਤਪਾਤ ਵਿਰੁੱਧ ਸੰਘਰਸ਼ ਦੀ ਜ਼ਰੂਰਤ, ਚੇਤਨਾ, ਜਾਤਪਾਤ ਵਿਰੁੱਧ ਸੰਘਰਸ਼ ਦੇ ਇਤਿਹਾਸ ਅਤੇ ਸਮਾਜੀ ਨਿਆਂ ਲਈ ਅਜੋਕੇ ਤਕਾਜ਼ਿਆਂ ਬਾਰੇ ਜਾਗਰੂਕ ਕਰੇ। ਅਜਿਹੀ ਜਾਗਰੂਕਤਾ ਅਤੇ ਸੋਝੀ ਹੀ ਅਤਿ ਪ੍ਰਤੀਕੂਲ ਹਾਲਾਤ 'ਚ ਉਨ੍ਹਾਂ ਦਾ ਮਨੋਬਲ ਉੱਚਾ ਰੱਖ ਸਕਦੀ ਹੈ ਅਤੇ ਉਹ ਮਨੂਵਾਦੀ ਤਾਕਤਾਂ ਵੱਲੋਂ ਉਨ੍ਹਾਂ ਦਾ ਰਾਹ ਰੋਕਣ ਲਈ ਗਿਣ-ਮਿੱਥ ਕੇ ਸਿਰਜੇ ਦਿਲ ਤੋੜੂ ਮਾਹੌਲ ਵਿਚ ਜਾਤ ਹੰਕਾਰੀਆਂ ਅੱਗੇ ਹਿੱਕ ਤਣ ਕੇ ਖੜ੍ਹੇ ਰਹਿ ਸਕਦੇ ਹਨ।

# ਭਗਵੰਤ ਮਾਨ ਸਰਕਾਰ ਦਾ ਇੱਕ ਸਾਲ: ਕਿੱਥੇ ਹੈ 'ਬਦਲਾਅ'

**ਨਵਕਿਰਨ ਸਿੰਘ ਪੱਤੀ**



*ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਲਈ ਜਿਸ ਤਰ੍ਹਾਂ ਸੂਬੇ ਵਿੱਚ ਇੰਟਰਨੈਟ ਸੇਵਾਵਾਂ ਬੰਦ ਕਰਕੇ ਸਰਕਾਰ ਨੇ ਸਨਸਨੀ ਪੈਦਾ ਕੀਤੀ ਹੈ ਉਸਤੋਂ ਸਾਫ ਜਾਹਿਰ ਹੈ ਕਿ ਸੂਬਾ ਸਰਕਾਰ ਦਾ ਛੁਪਿਆ ਏਜੰਡਾ ਕੋਈ ਹੋਰ ਹੈ ।*

ਅੱਜ ਭਗਵੰਤ ਮਾਨ ਸਰਕਾਰ ਵੱਲੋਂ ਸੂਬੇ ਦੀ ਸੱਤਾ ਸੰਭਾਲਿਆਂ ਇੱਕ ਸਾਲ ਤੋਂ ਕੁੱਝ ਦਿਨ ਜਿਆਦਾ ਦਾ ਵਕਫਾ ਹੋ ਗਿਆ ਹੈ ਤਾਂ ਸਾਡੇ ਲਈ ਇਹ ਮਹੱਤਵਪੂਰਨ ਹੈ ਕਿ ਸਾਨੂੰ ਸਰਕਾਰ ਦੇ ਇਸ ਵਕਫੇ ਦੀ ਪੜਚੋਲ ਕਰਨੀ ਬਣਦੀ ਹੈ।ਬਹੁਤ ਸਾਰੇ ਲੋਕ 'ਆਪ' ਸਰਕਾਰ ਦੇ ਕਾਰਜਕਾਲ ਦੀ ਪੜਚੋਲ ਕਰਦਿਆਂ ਇਸਦੀ ਤੁਲਨਾ ਅਕਾਲੀ-ਭਾਜਪਾ ਸਰਕਾਰ ਜਾਂ ਕਾਂਗਰਸ ਸਰਕਾਰ ਦੇ ਕਾਰਜਕਾਲ ਨਾਲ ਕਰਨ ਲੱਗ ਜਾਂਦੇ ਹਨ ਜਦਕਿ ਇਸ ਤਰ੍ਹਾਂ ਦੀ ਤੁਲਨਾ ਬਿਲਕੁੱਲ ਬੇਬੁਨਿਆਦ ਹੈ ਕਿਉਂਕਿ ਇਸ ਪਾਰਟੀ ਨੂੰ ਲੋਕਾਂ ਨੇ ਸੱਤਾ ਇਹਨਾਂ ਦੇ ਕੰਮ ਵੇਖ ਕੇ ਨਹੀਂ ਬਲਕਿ ਰਵਾਇਤੀ ਪਾਰਟੀਆਂ ਤੋਂ ਅੱਕ ਕੇ ਸੌਂਪੀ ਹੈ ਭਾਵ ਲੋਕਾਂ ਨੇ 'ਆਪ' ਨੂੰ ਜਿਤਾਉਣ ਲਈ ਘੱਟ ਬਲਕਿ ਰਵਾਇਤੀ ਪਾਰਟੀਆਂ ਨੂੰ ਹਰਾਉਣ ਲਈ ਵੋਟ ਪਾਏ ਸਨ। ਵੈਸੇ ਲੋਕ ਵੀ ਤੁਲਨਾ ਤਦ ਹੀ ਕਰਨ ਲੱਗਦੇ ਹਨ ਜਦ ਸਮਾਨਤਾ ਨਜਰ ਪੈਂਦੀ ਹੈ।

ਪੰਜਾਬ ਵਿੱਚ ਫੈਲੀ ਬੇਰੁਜ਼ਗਾਰੀ ਅਤੇ ਅਨਿਸ਼ਚਿਤ ਭਵਿੱਖ ਕਾਰਨ ਨੌਜਵਾਨਾਂ ਦਾ ਇੱਕ ਹਿੱਸਾ ਨਸ਼ਿਆਂ ਦੀ ਦਲਦਲ ਵਿੱਚ ਫਸ ਰਿਹਾ ਹੈ ਤੇ ਇਸ ਇੱਕ ਸਾਲ ਦੌਰਾਨ ਸਰਕਾਰ ਨੇ ਨਾਂਹੀ ਤਾਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਠੋਸ ਯੋਜਨਾਂ ਉਲੀਕੀ ਤੇ ਨਾਂਹੀ ਨੌਜਵਾਨਾਂ ਨੂੰ ਨਸ਼ਿਆਂ ਵਿੱਚੋਂ ਕੱਢਣ ਲਈ ਕੋਈ ਬਣਦਾ ਉਪਰਾਲਾ ਵਿੱਢਿਆ ਹੈ। ਸਰਕਾਰ ਦੀ ਇਹ ਜ਼ਿੰਮੇਬਾਰੀ ਬਣਦੀ ਹੈ ਕਿ ਜਦ ਤੱਕ ਨੌਜਵਾਨਾਂ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਨਹੀਂ ਦੇ ਸਕਦੀ ਤਦ ਤੱਕ ਸਨਮਾਨ ਯੋਗ ਬੇਰੁਜ਼ਗਾਰੀ ਭੱਤਾ ਮੁਹੱਈਆ ਕਰੇ ਲੇਕਿਨ ਸਰਕਾਰ ਅਜਿਹਾ ਕਰਨ ਤੋਂ ਭੱਜ ਚੁੱਕੀ ਹੈ। ਸੋ ਅਸੀਂ ਇਹ ਤੱਥਾਂ ਅਨੁਸਾਰ ਕਿ ਸਕਦੇ ਹਾਂ ਕਿ ਇਸ ਇੱਕ ਸਾਲ ਦੇ ਵਕਫੇ ਦੌਰਾਨ ਰੁਜ਼ਗਾਰ ਦੀ ਖਾਤਰ ਅਨੇਕਾਂ ਵਾਰ ਬੇਰੁਜ਼ਗਾਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਅੱਗੇ ਪੁਲਿਸ ਦੀਆਂ ਡਾਂਗਾ ਦਾ ਸੇਕ ਝੱਲਿਆ ਹੈ ਲੇਕਿਨ ਸਰਕਾਰ ਨੇ ਰੁਜ਼ਗਾਰ ਨਹੀਂ ਦਿੱਤਾ ਹੈ।ਅੱਜ ਵੀ ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ।

ਭਗਵੰਤ ਮਾਨ ਸਰਕਾਰ ਨੇ ਇਸ ਗੱਲ ਨੂੰ ਬਹੁਤ ਵੱਡੀ ਪੱਧਰ 'ਤੇ ਉਭਾਰਿਆ ਹੈ ਕਿ ਸਰਕਾਰ ਨੇ ਜੁਲਾਈ ਤੋਂ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਗਰੰਟੀ ਪੂਰੀ ਕਰ ਦਿੱਤੀ ਹੈ ਤੇ ਸਰਕਾਰ ਦਾ ਦਾਅਵਾ ਹੈ ਕਿ ਨਵੰਬਰ-ਦਸੰਬਰ 2022 ਵਿੱਚ ਸੂਬੇ ਦੇ 87 ਫੀਸਦੀ ਲੋਕਾਂ ਨੂੰ ਜ਼ੀਰੋ ਬਿੱਲ ਆਇਆ ਹੈ। ਪਹਿਲੀ ਗੱਲ ਤਾਂ ਸਰਕਾਰ ਨੇ ਮਾਰਕੀਟ ਕੰਪਨੀਆਂ ਵਾਂਗ 600 ਯੂਨਿਟ ਦਾ ਆਫਰ ਦਿੱਤਾ ਹੈ ਤੇ ਜੇਕਰ 601 ਯੂਨਿਟ ਵੀ ਮੱਚੀ ਤਾਂ ਪੂਰਾ ਬਿੱਲ ਆਵੇਗਾ। ਸਰਕਾਰ ਚਲਾਕੀ ਨਾਲ ਠੰਢ ਦੇ ਮਹੀਨਿਆਂ ਦਾ ਅੰਕੜਾਂ ਜਾਰੀ ਕਰ ਰਹੀ ਹੈ, ਮਈ-ਜੂਨ ਮਹੀਨੇ ਦੇ ਬਿਜਲੀ ਬਿਲ ਦੌਰਾਨ ਇਹ ਅੰਕੜਾ ਨਹੀਂ ਹੋਵੇਗਾ।ਦੂਜਾ ਇਹ ਕਿ ਸਭਨਾਂ ਨੂੰ 600 ਯੂਨਿਟ ਮੁਫਤ ਬਿਜਲੀ ਦੇਣ ਦੀ ਥਾਂ ਸਿਰਫ ਲੋੜਬੰਦਾ ਨੂੰ ਹੀ ਮੁਫਤ ਬਿਜਲੀ ਦੇਣੀ ਚਾਹੀਦੀ ਹੈ। ਅਮੀਰਾਂ ਤੇ ਧਨਾਢਾਂ ਨੂੰ ਮੁਫਤ ਬਿਜਲੀ ਦੇਣ ਦਾ ਕੋਈ ਤਰਕ ਨਹੀਂ ਬਣਦਾ ਹੈ ਸਗੋਂ ਇਸ ਨਾਲ ਤਾਂ ਪਹਿਲਾਂ ਹੀ ਕਰਜ਼ੇ ਦੀ ਮਾਰ ਝੱਲ ਰਹੇ ਸਾਡੇ ਸੂਬੇ 'ਤੇ ਹੋਰ ਬੋਝ ਪਵੇਗਾ।

ਇਸ ਇੱਕ ਸਾਲ ਦੇ ਵਕਫੇ ਵਿੱਚ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਅਤੇ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਦੀ ਬੇਰਹਿਮੀ ਨਾਲ ਹੱਤਿਆ ਕੀਤੀ ਗਈ। ਗੁੰਡਿਆਂ ਵੱਲੋਂ ਕੀਤੇ ਇਹਨਾਂ ਕਤਲਾਂ ਦੇ ਮਾਮਲੇ ਵਿੱਚ ਸੂਬਾ ਸਰਕਾਰ ਦੀਆਂ ਕਾਰਵਾਈਆਂ ਤੋਂ ਦੋਵੇਂ ਹੀ ਪੀੜਤ ਪਰਿਵਾਰ ਅਸੰਤੁਸ਼ਟ ਹਨ। ਜਿਸ ਤਰ੍ਹਾਂ ਜੇਲ੍ਹ ਵਿੱਚੋਂ ਲਾਰੈਂਸ ਬਿਸ਼ਨੋਈ ਦੀਆਂ ਇੰਟਰਵਿਊ ਆਈਆਂ ਹਨ ਉਹ ਹੈਰਾਨੀਜਨਕ ਹਨ। ਉਸਦੀ ਇੰਟਰਵਿਊ ਦਾ ਪਾਰਟ-2 ਤਾਂ ਪੰਜਾਬ ਦੇ ਡੀਜੀਪੀ ਵੱਲੋਂ ਇੰਟਰਵਿਊ ਨਸ਼ਰ ਹੋਣ ਤੋਂ ਇੱਕ ਦਿਨ ਪਹਿਲਾਂ ਕੀਤੇ ਦਾਅਵਿਆਂ 'ਤੇ ਵੀ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਪੰਜਾਬ ਦੀਆਂ ਜੇਲ੍ਹਾਂ ਵਿੱਚ ਮੋਬਾਈਲ ਫੋਨ, ਨਸ਼ੇ ਆਮ ਪਹੁੰਚ ਰਹੇ ਹਨ ਜਿਸਦਾ ਸਬੂਤ ਪਿਛਲੇ ਦਿਨੀਂ ਗੋਇੰਦਵਾਲ ਸਾਹਿਬ ਦੀ ਜੇਲ੍ਹ ਵਿੱਚ ਹੋਏ ਦੋ ਕਤਲਾਂ ਬਾਅਦ ਵਾਇਰਲ ਹੋਈ ਵੀਡੀਓ ਹੈ।ਪੰਜਾਬ ਵਿੱਚ ਇਸ ਇੱਕ ਸਾਲ ਦੇ ਵਕਫੇ ਦੌਰਾਨ ਕਤਲ ਅਤੇ ਲੁੱਟਖੋਹ ਦੀਆਂ ਘਟਨਾਵਾਂ ਰੁਕੀਆਂ ਨਹੀਂ ਹਨ, ਕੋਟਕਪੂਰਾ ਵਿੱਚ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੀ ਗੋਲੀਆਂ ਮਾਰ ਕੇ ਕੀਤੀ ਅਤੇ ਦਸੰਬਰ ਮਹੀਨੇ ਨਕੋਦਰ 'ਚ ਇੱਕ ਵਿਉਪਾਰੀ ਤੇ ਉਸਦੇ ਗੰਨਮੈਨ ਦੀ ਹੱਤਿਆ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ।

ਸਰਕਾਰ ਨੇ ਪ੍ਰਿੰਸੀਪਲਾਂ ਨੂੰ ਸਿੰਘਾਪੁਰ ਟਰੇਨਿੰਗ ਲਈ ਭੇਜ ਕੇ ਸੂਬੇ ਵਿੱਚ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਯਤਨਸ਼ੀਲ ਹੋਣ ਦਾ ਦੰਭ ਤਾਂ ਰਚਿਆ ਹੈ ਲੇਕਿਨ ਜ਼ਮੀਨੀ ਪੱਧਰ 'ਤੇ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਕੋਈ ਬਣਦਾ ਯਤਨ ਨਹੀਂ ਕੀਤਾ ਹੈ। ਸਕੂਲਾਂ ਵਿੱਚ ਸਭ ਤੋਂ ਪਹਿਲੀ ਲੋੜ ਅਧਿਆਪਕਾਂ ਅਤੇ ਨਾਨ-ਟੀਚਿੰਗ ਸਟਾਫ ਦੀਆਂ ਖਾਲ੍ਹੀ ਅਸਾਮੀਆਂ ਭਰਨ ਅਤੇ ਸਕੂਲਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਦੀ ਹੈ।ਕਈ ਪ੍ਰਾਇਮਰੀ ਸਕੂਲਾਂ ਵਿੱਚ ਇੱਕ ਜਾਂ ਦੋ ਅਧਿਆਪਕਾਂ ਨਾਲ ਡੰਗ ਸਾਰਿਆ ਜਾ ਰਿਹਾ ਹੈ ਤੇ ਜਿਆਦਾਤਰ ਸਕੂਲ ਪ੍ਰਿੰਸੀਪਲ/ਹੈੱਡ ਮਾਸਟਰ ਤੇ ਅਧਿਆਪਕਾਂ ਦੀ ਥੁੜ ਨਾਲ ਜੂਝ ਰਹੇ ਹਨ। ਪੰਜਾਬ ਦੇ ਲੋਕਾਂ ਨੇ 'ਆਪ' ਤੋਂ ਮੰਗ ਕੀਤੀ ਸੀ ਕਿ ਪ੍ਰਾਈਵੇਟ ਸਕੂਲਾਂ ਵੱਲੋਂ ਕੀਤੀ ਜਾਂਦੀ ਲੁੱਟ ਬੰਦ ਕਰਵਾਈ ਜਾਵੇ ਲੇਕਿਨ ਸਰਕਾਰ ਨੇ ਇਸ ਪਾਸੇ ਭੋਰਾ ਵੀ ਧਿਆਨ ਨਹੀਂ ਦਿੱਤਾ ਹੈ।

ਕੱਚੇ ਕਾਮਿਆਂ ਨੂੰ ਪੱਕਾ ਕਰਨ ਦਾ ਮਾਮਲਾ ਇਸ ਇੱਕ ਸਾਲ ਦੌਰਾਨ ਵੀ ਹੱਲ ਨਹੀਂ ਹੋਇਆ ਹੈ। ਪਿਛਲੀਆਂ ਸਰਕਾਰਾਂ ਵਾਂਗ ਇਸ ਸਰਕਾਰ ਨੇ ਕਈ ਵਾਰ ਐਲਾਨ ਕੀਤੇ ਤੇ ਇਸ਼ਤਿਹਾਰ ਲਗਵਾਏ ਕਿ ਕੱਚੇ ਕਾਮੇ ਪੱਕੇ ਕੀਤੇ ਪਰ ਸਿਹਤ ਵਿਭਾਗ ਵਿੱਚ ਅਜੇ ਤੱਕ ਇੱਕ ਵੀ ਮੁਲਾਜਮ ਪੱਕਾ ਨਹੀਂ ਕੀਤਾ ਗਿਆ ਹੈ ਤੇ ਬਾਕੀ ਵਿਭਾਗਾਂ ਦਾ ਵੀ ਇਹੋ ਹਾਲ ਹੈ।

ਭਗਵੰਤ ਮਾਨ ਦਾ ਕਹਿਣਾ ਹੈ ਕਿ ਉਨ੍ਹਾਂ ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਣਾਈ ਹੋਈ ਹੈ ਤੇ ਇਸਦੇ ਚੱਲਦਿਆਂ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਸ਼ਾਮ ਸੁੰਦਰ ਅਰੋੜਾ, ਭਾਰਤ ਭੂਸ਼ਣ ਆਸ਼ੂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖਿਲਾਫ ਲੁੱਕ ਆਊਟ ਸਰਕੁਲਰ ਜਾਰੀ ਕੀਤਾ ਗਿਆ ਹੈ। ਅੱਧੀ ਦਰਜਨ ਦੇ ਕਰੀਬ ਸਾਬਕਾ ਵਿਧਾਇਕਾਂ ਖਿਲਾਫ ਵਿਜੀਲੈਂਸ ਜਾਂਚ ਚੱਲ ਰਹੀ ਹੈ। ਚੰਗੀ ਗੱਲ ਹੈ ਭ੍ਰਿਸ਼ਟਾਚਾਰੀਆਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ ਲੇਕਿਨ ਹਕੀਕਤ ਇਹ ਹੈ ਕਿ ਭ੍ਰਿਸ਼ਟਾਚਾਰ ਪਹਿਲਾਂ ਵਾਂਗ ਹੀ ਚੱਲਦਾ ਆ ਰਿਹਾ ਹੈ। ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਮੰਤਰੀ ਪਦ ਤੋਂ ਲਾਂਭੇ ਕੀਤਾ ਵਿਜੇ ਸਿੰਗਲਾ ਤਾਂ ਉਦਘਾਟਨ ਕਰਦਾ ਫਿਰਦਾ ਹੈ, ਸਰਕਾਰ ਨੇ ਬਠਿੰਡਾ ਤੋਂ ਐਮਐਲਏ ਅਮਿਤ ਰਤਨ ਦੀ ਗ੍ਰਿਫਤਾਰੀ ਵੀ ਲੋਕਾਂ ਦੇ ਵਿਰੋਧ ਤੋਂ ਬਾਅਦ ਹੀ ਕੀਤੀ ਹੈ, ਸਰਕਾਰ ਤਾਂ ਵਿਧਾਇਕ ਦਾ ਪੀਏ ਫੜ੍ਹ ਕੇ ਬੁੱਤਾ ਸਾਰਨ ਲੱਗੀ ਸੀ।ਭ੍ਰਿਸ਼ਟਾਚਾਰ ਸਬੰਧੀ ਆਡੀਓ ਲੀਕ ਹੋਣ ਤੋਂ ਬਾਅਦ ਫੌਜਾ ਸਿੰਘ ਸਰਾਰੀ ਦੀ ਕੈਬਨਿਟ ਮੰਤਰੀ ਵਜ਼ੋਂ ਛੁੱਟੀ ਤਾਂ ਕਰ ਦਿੱਤੀ ਪਰ ਉਸ ਖਿਲਾਫ ਬਣਦੀ ਕਾਰਵਾਈ ਨਹੀਂ ਕੀਤੀ ਗਈ।

'ਆਪ' ਸਰਕਾਰ ਨੇ ਇਸ ਇੱਕ ਸਾਲ ਦੌਰਾਨ ਆਪਣੇ ਸਿਆਸੀ ਬ੍ਰਾਂਡ ਵਜ਼ੋਂ 504 ਆਮ ਆਦਮੀ ਕਲੀਨਿਕ ਖੋਲ੍ਹੇ ਹਨ ਤੇ ਇਹਨਾਂ ਕਲੀਨਿਕਾਂ 'ਚ ਦਵਾਈਆਂ ਮੁਫ਼ਤ ਦੇਣ ਦਾ ਦਾਅਵਾ ਕੀਤਾ ਗਿਆ ਹੈ।ਪਰ ਸੱਚਾਈ ਇਹ ਹੈ ਕਿ ਇਹਨਾਂ ਕਲੀਨਿਕਾਂ ਜਰੀਏ ਨਿੱਜੀਕਰਨ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਪਹਿਲਾਂ ਚੱਲ ਰਹੇ ਹਸਪਤਾਲਾਂ/ ਸਿਹਤ ਕੇਂਦਰਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਰੰਗ-ਰੋਗਣ ਕਰਕੇ ਸਿਰਫ 'ਆਮ ਆਦਮੀ ਕਲੀਨਿਕ' ਹੀ ਨਹੀਂ ਲਿਖਿਆ ਗਿਆ ਬਲਕਿ ਉਹਨਾਂ ਦੀ ਸਮਰੱਥਾ ਵੀ ਘਟਾ ਦਿੱਤੀ ਗਈ ਹੈ।ਇਹਨਾਂ ਕਲੀਨਿਕਾਂ ਵਿੱਚ ਮਰੀਜਾਂ ਨੂੰ ਦਾਖਲ ਕਰਨ ਦੀ ਜਾਂ ਆਪ੍ਰੇਸ਼ਨ ਕਰਨ ਦੀ ਕੋਈ ਸੁਵਿਧਾ ਨਹੀਂ ਹੈ।

ਕੁੱਝ ਸੱਜਣ ਕਹਿ ਦਿੰਦੇ ਹਨ ਕਿ ਇੱਕ ਸਾਲ ਥੋੜ੍ਹਾ ਹੁੰਦਾ ਹੈ ਸਰਕਾਰ ਨੂੰ ਸਮਾਂ ਚਾਹੀਦਾ ਹੈ ਕਿ ਪਰ ਮੌਜੂਦਾ ਸਰਕਾਰ ਵਿੱਚ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਸਰਕਾਰ ਬਨਣ ਤੋਂ ਪਹਿਲਾਂ ਚੁਟਕੀ ਮਾਰ ਕੇ ਪੰਜ ਮਿੰਟਾਂ ਵਿੱਚ ਫਸਲਾਂ 'ਤੇ ਐਮਐਸਪੀ ਦੇਣ ਦਾ ਦਾਅਵਾ ਕਰਦੀ ਸੀ ਪਰ ਤੱਥ ਇਹ ਹੈ ਕਿ ਇਸ ਇੱਕ ਸਾਲ ਦੌਰਾਨ ਸੂਬਾ ਸਰਕਾਰ ਨੇ ਕਿਸੇ ਫਸਲ 'ਤੇ ਐਮਐਸਪੀ ਨਹੀਂ ਦਿੱਤੀ ਹੈ।ਇਹ ਮੰਨ ਸਕਦੇ ਹਾਂ ਕਿ 'ਸਾਰਾ ਕੁੱਝ' ਦਰੁੱਸਤ ਕਰਨ ਲਈ ਸਮਾਂ ਚਾਹੀਦਾ ਹੁੰਦਾ ਹੈ ਲੇਕਿਨ ਉਹ ਤਾਂ ਹੀ ਸੰਭਵ ਹੁੰਦਾ ਹੈ ਜੇਕਰ ਰਸਤਾ ਸਹੀ ਦਿਸ਼ਾ ਵਿੱਚ ਜਾਣ ਵਾਲਾ ਚੁਣਿਆ ਹੋਵੇ। ਭਗਵੰਤ ਮਾਨ ਸਰਕਾਰ ਦੀ ਦਿਸ਼ਾ ਮਸਲੇ ਹੱਲ ਕਰਨ ਵੱਲ ਵਧਣ ਦੀ ਬਜਾਏ ਹੋਰ ਵੱਧ ਉਲਝਾਅ ਦੇਣ ਦੀ ਨਜਰ ਆ ਰਹੀ ਹੈ। ਜਿਸ ਮੁੱਖ ਮੰਤਰੀ ਨੇ ਇੱਕ ਸਾਲ ਦੇ ਵਕਫੇ ਦਰਮਿਆਨ ਤਹਿ ਹੋਣ ਦੇ ਬਾਵਜੂਦ ਮਜਦੂਰ ਆਗੂਆਂ ਨਾਲ ਇੱਕ ਵੀ ਢੰਗ ਦੀ ਮੀਟਿੰਗ ਨਹੀਂ ਕੀਤੀ ਉਸਤੋਂ ਮਜਦੂਰਾਂ ਦੇ ਮਸਲੇ ਹੱਲ ਕਰਨ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ।

ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਲੰਘੀ 7 ਜਨਵਰੀ ਤੋਂ ਕੌਮੀ ਇਨਸਾਫ ਮੋਰਚਾ ਦੀ ਅਗਵਾਈ ਹੇਠ ਮੁਹਾਲੀ-ਚੰਡੀਗੜ੍ਹ ਹੱਦ ਨੇੜੇ ਪੱਕਾ ਮੋਰਚਾ ਚੱਲ ਰਿਹਾ ਹੈ ਤੇ ਸੂਬਾ ਸਰਕਾਰ ਦਾ ਉਸ ਮੋਰਚੇ ਪ੍ਰਤੀ ਰੱਵਈਆ ਹਾਂ ਪੱਖੀ ਨਹੀਂ ਹੈ। ਇਸ ਇੱਕ ਸਾਲ ਦੇ ਵਕਫੇ ਦੌਰਾਨ ਪੰਜਾਬ ਦੇ ਰਾਜਪਾਲ ਅਤੇ ਮੁੱਖ ਮੰਤਰੀ ਵਿੱਚ ਕਈ ਮਸਲਿਆਂ 'ਤੇ ਬੇਲੋੜਾ ਟਕਰਾਅ ਨਜ਼ਰ ਆਇਆ। ਆਮ ਆਦਮੀ ਪਾਰਟੀ ਨੇ ਚੋਣਾਂ ਸਮੇਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦੀ ਗਾਰੰਟੀ ਦਿੱਤੀ ਸੀ ਲੇਕਿਨ ਇਸ ਇੱਕ ਸਾਲ ਦੌਰਾਨ ਔਰਤਾਂ ਨੂੰ ਇਹ ਰਾਸ਼ੀ ਨਸੀਬ ਨਹੀਂ ਹੋਈ ਹੈ।

ਗਹੁ ਨਾਲ ਤੱਕਿਆਂ ਭਗਵੰਤ ਮਾਨ ਦੀ ਸਰਕਾਰ ਇਸ ਤਰ੍ਹਾਂ ਪ੍ਰਤੀਤ ਆ ਰਹੀ ਹੈ ਜਿਸਦਾ ਸਟੇਅਰਿੰਗ ਦਿੱਲੀ ਬੈਠੇ ਕੇਜਰੀਵਾਲ ਤੇ ਰਾਘਵ ਚੱਢਾ ਹੱਥ ਹੁੰਦਾ ਹੈ। ਭਗਵੰਤ ਮਾਨ ਇੱਕ ਵੀ ਫੈਸਲਾ ਖੁਦ ਲੈਂਦਾ ਪ੍ਰਤੀਤ ਨਹੀਂ ਹੋ ਰਿਹਾ ਹੈ। ਭਗਵੰਤ ਮਾਨ ਨੇ ਆਪਣਾ ਸਰਕਾਰੀ ਜਹਾਜ਼ ਹਿਮਾਚਲ ਪ੍ਰਦੇਸ਼, ਗੁਜਰਾਤ ਚੋਣਾਂ ਤੇ ਦਿੱਲੀ ਬੈਠੇ ਆਪਣੇ ਲੀਡਰਾਂ ਨੂੰ ਮਿਲਣ ਲਈ ਬਹੁਤ ਘੁੰਮਾਇਆ ਹੈ। ਇਸ ਇੱਕ ਸਾਲ ਦੇ ਵਕਫੇ ਦੌਰਾਨ ਪੰਜਾਬ ਤੋਂ ਰਾਜ ਸਭਾ ਲਈ ਭੇਜੇ ਦੋ ਵੱਡੇ ਵਿਉਪਾਰੀਆਂ ਨੂੰ ਲੈ ਕੇ ਵੀ ਭਗਵੰਤ ਮਾਨ ਦੀ ਕਾਰਜਪ੍ਰਣਾਲੀ 'ਤੇ ਸਵਾਲ ਉੱਠਦੇ ਰਹੇ ਹਨ।

ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਲਈ ਜਿਸ ਤਰ੍ਹਾਂ ਸੂਬੇ ਵਿੱਚ ਇੰਟਰਨੈੱਟ ਸੇਵਾਵਾਂ ਬੰਦ ਕਰਕੇ ਸਰਕਾਰ ਨੇ ਸਨਸਨੀ ਪੈਦਾ ਕੀਤੀ ਹੈ ਉਸਤੋਂ ਸਾਫ ਜਾਹਿਰ ਹੈ ਕਿ ਸੂਬਾ ਸਰਕਾਰ ਦਾ ਛੁਪਿਆ ਏਜੰਡਾ ਕੋਈ ਹੋਰ ਹੈ। ਸਰਕਾਰ ਨੇ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ 'ਤੇ ਉੱਠ ਰਹੇ ਸਵਾਲ ਅਤੇ ਸਿੱਧੂ ਮੂਸੇਵਾਲਾ ਦੀ ਬਰਸੀ 'ਤੇ ਹੋਇਆ ਇਕੱਠ ਸੀਮਤ ਕਰਨਾ ਚਾਹੁੰਦੀ ਸੀ। ਸੋ ਅੱਜ ਜਦ ਅਸੀਂ ਸਰਕਾਰ ਦੇ ਇੱਕ ਸਾਲ ਦੀ ਪੜਚੋਲ ਕਰ ਰਹੇ ਹਾਂ ਤਾਂ ਇਹ ਕਹਿ ਸਕਦੇ ਹਾਂ ਕਿ ਇਸ ਸਮੇਂ 'ਆਪ' ਸਰਕਾਰ ਨੇ ਇੱਕ ਅਣ-ਐਲਾਨੀ ਐਮਰਜੈਂਸੀ ਥੋਪਣ ਵਾਲਾ ਮਹੌਲ਼ ਬਣਾ ਰੱਖਿਆ ਹੈ ਜਿੱਥੇ ਇੰਟਰਨੈੱਟ ਬੰਦ ਕਰਕੇ ਮੀਡੀਆ ਦਾ ਵੱਡਾ ਹਿੱਸਾ ਸਰਕਾਰ ਦੀਆਂ ਤਹਿਸ਼ੁਦਾ ਸਕਰਿਪਟਾਂ ਪੜ੍ਹ ਰਿਹਾ ਹੈ।

ਇਸ ਇੱਕ ਸਾਲ ਦੌਰਾਨ ਸਿਵਾਏ ਅਖਬਾਰਾਂ ਦੇ ਪਹਿਲੇ ਪੰਨਿਆਂ 'ਤੇ ਜਾਰੀ ਕੀਤੇ ਜਾਂਦੇ ਇਸ਼ਤਿਹਾਰਾਂ ਦੇ ਕਿੱਧਰੇ ਵੀ 'ਬਦਲਾਅ' ਨਜ਼ਰ ਨਹੀਂ ਆ ਰਿਹਾ ਹੈ।



ਡਾ. ਕੁਲਦੀਪ ਸਿੰਘ
98151-15429


ਰਾਹੁਲ ਸਾਂਕਰਾਤਿਆਇਨ ਦੀ ਪੁਸਤਕ : ਕਬਰ ਜਿਨ੍ਹਾਂ ਦੀ ਜੀਵੇ ਹੂ ’ਤੇ ਆਧਾਰਤ

# ਜੀਵਨ, ਸੰਘਰਸ਼ ਅਤੇ ਦ੍ਰਿਸ਼ਟੀ ਦਾ ਸਵਾਲ

ਕਿਤਾਬਾਂ ਜੀਵਨ ਲਈ ਉਹ ਸਰਮਾਇਆ ਹੁੰਦੀਆਂ ਹਨ ਜਿਹੜੀਆਂ ਇਤਿਹਾਸ ਦੀਆਂ ਪਰਤਾਂ ਨੂੰ ਤੁਹਾਡੇ ਸਨਮੁੱਖ ਖੋਲ੍ਹ ਕੇ ਰੱਖ ਦਿੰਦੀਆਂ ਹਨ ਅਤੇ ਵਾਰ-ਵਾਰ ਯਾਦ ਕਰਵਾਉਂਦੀਆਂ ਹਨ ਕਿ ਇਸ ਧਰਤੀ ’ਤੇ ਇਸ ਕਿਸਮ ਦੇ ਇਨਸਾਨ ਵੀ ਪੈਦਾ ਹੋਏ ਹਨ ਜਿਨ੍ਹਾਂ ਫੌਲਾਦ ਵਰਗੀਆਂ ਹਕੂਮਤਾਂ ਨੂੰ ਨੰਗੇ ਧੜ ਹੋ ਕੇ ਟਾਕਰਾ ਦਿੱਤਾ ਹੋਵੇ ਤੇ ਹਰ ਟਾਕਰੇ ਤੋਂ ਬਾਅਦ ਉਨ੍ਹਾਂ ਅੰਦਰ ਨਵਾਂ ਬਲ ਉਤਪੰਨ ਹੋਇਆ ਹੋਵੇ। ਰਾਹੁਲ ਸਾਂਕਰੀਤਿਆਯਨ ਦੀ ਪੁਸਤਕ ‘ਕਬਰ ਜਿਨ੍ਹਾਂ ਦੀ ਜੀਵੇ ਹੂ’ ਦਾ ਪੰਜਾਬੀ ਪਾਠਕਾਂ ਲਈ ਆਟਮਨ ਆਰਟ ਪ੍ਰਕਾਸ਼ਨਾ ਰਾਹੀਂ ਨਿਰਮਲਜੀਤ ਅਤੇ ਪਵਨ ਟਿੱਬਾ ਦੁਆਰਾ ਅਨੁਵਾਦ ਕਰਕੇ ਆਉਣਾ ਉਹ ਵੀ ਉਸ ਸਮੇਂ ਜਦੋਂ ਦੇਸ਼ ਦੀ ਭੋਇੰ ਉਪਰ ਜਾਤਾਂ, ਧਰਮਾਂ ਅਤੇ ਮਜ਼ਬਾਂ ਵਿਚ ਮੁਲਕ ਨੂੰ ਵੰਡਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹੋਣ। ਪ੍ਰੰਤੂ ਇਤਿਹਾਸ ਵਿਚ ਇਸ ਮੁਲਕ ਨੂੰ ਅੰਗਰੇਜ਼ਾਂ ਤੋਂ ਅਜ਼ਾਦ ਕਰਵਾਉਣ ਅਤੇ ਬਾਅਦ ਵਿਚ ਕਾਲਾ ਅੰਗਰੇਜ਼ਾਂ ਤੋਂ ਮੁਕਤੀ ਪਾਉਣ ਲਈ ਜਿਨ੍ਹਾਂ ਨੇ ਆਪਣੀਆਂ ਸ਼ਾਨਦਾਰ ਜ਼ਿੰਦਗੀਆਂ ਲੋਕਾਂ ਲਈ ਸਮਰਪਿਤ ਕਰ ਦਿੱਤੀਆਂ ਅਤੇ ‘ਨਏ ਭਾਰਤ ਕੇ ਨਏ ਨੇਤਾ’ ਬਣਨ ਦੀਆਂ ਕੋਸ਼ਿਸ਼ਾਂ ਹੀ ਨਹੀਂ ਕੀਤੀਆਂ ਬਲਕਿ ਇਤਿਹਾਸ ਦੇ ਪੰਨਿਆਂ ’ਤੇ ਦਰਸਾ ਦਿੱਤਾ ਕਿ ਵਾਰ-ਵਾਰ ਜਦੋਂ ਦੇਸ਼ ਵਿਚ ਸੰਕਟ ਆਏਗਾ ਅਸੀਂ ਮੁੜ ਖੜ੍ਹੇ ਹੋ ਜਾਵਾਂਗੇ। ਇਸ ਕਰਕੇ ਇਸ ਪੁਸਤਕ ਵਿਚ ਅਮੀਰ ਹੈਦਰ ਤੋਂ ਲੈ ਕੇ ਮੁਬਾਰਕ ਸਾਗਰ ਤੱਕ ਹੁੰਦੇ ਹੋਏ ਬੀਪੀਐਲ ਬੇਦੀ ਰਾਹੀਂ ਫ਼ਜ਼ਲ ਇਲਾਹੀ ਕੁਰਬਾਨ ਦੇ ਪਦ ਚਿੰਨ੍ਹਾਂ ਦੇ ਨਾਲ ਨਾਲ ਆਪਣੇ ਨਵੇਂ ਕਦਮ ਪੁੱਟਦੇ ਹੋਏ ਤੇਜਾ ਸਿੰਘ ਸੁਤੰਤਰ, ਸ੍ਰ. ਸੋਹਨ ਸਿੰਘ ਜੋਸ਼ ਅਤੇ ਦਿਓ ਕੱਦ ਸ਼ਖ਼ਸੀਅਤਾਂ ਬਾਬਾ ਸੋਹਨ ਸਿੰਘ ਭਕਨਾ ਅਤੇ ਬਾਬਾ ਵਿਸਾਖਾ ਸਿੰਘ ਦੀਆਂ ਸੰਘਰਸ਼ਮਈ ਗਥਾਵਾਂ ਅਤੇ ਕੁਰਬਾਨੀਆਂ ਇਸ ਮੁਲਕ ਦੀ ਧਰਤੀ ਵਿਚ ਬੜੀ ਡੂਘਾਈ ਨਾਲ ਲੱਗੀਆਂ ਹੋਈਆਂ ਹਨ। ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸਵਰਾਜਬੀਰ ਅਨੁਸਾਰ ਰਾਹੁਲ ਸਾਂਕਰਾਤਿਆਯਨ ਜਿਥੇ ਅਣਥੱਕ ਘਾਲਣਾ ਘਾਲਣ ਵਾਲੇ ਸਾਹਿਤਕਾਰ ਅਤੇ ਖੋਜੀ ਸਨ, ਉਥੇ ਉਹ ਕੱਦਾਵਾਰ ਸੁਤੰਤਰਤਾ ਸੰਗਰਾਮੀ ਅਤੇ ਬਹੁਪਰਤੀ ਸ਼ਖ਼ਸੀਅਤ ਵਾਲੇ ਕਿਸਾਨ ਆਗੂ ਵੀ ਸਨ। ਇਸ ਦੇ ਨਾਲ ਹੀ ਅਨੁਵਾਦਕ ਨਿਰਮਲਜੀਤ ਅਤੇ ਪਵਨ ਟਿੱਬਾ ਦਾ ਕਹਿਣਾ ਹੈ ਕਿ ਇਹ ਪੁਸਤਕ ਜਿਥੇ ਇਕ ਪਾਸੇ ਗ਼ਦਰੀ ਯੋਧਿਆਂ ਦੇ ਅਜ਼ਾਦੀ ਸੰਗਰਾਮ ਵਿਚ ਪਾਏ ਯੋਗਦਾਨ ਨੂੰ ਪੇਸ਼ ਕਰਦੀ ਹੈ, ਉਥੇ ਰਾਹੁਲ ਸਾਂਕਰਾਤਿਆਯਨ ’ਤੇ ਪਏ ਗ਼ਦਰੀਆਂ ਦੇ ਪ੍ਰਭਾਵ ਨੂੰ ਸਪਸ਼ਟ ਕਰਦੀ ਹੈ। ਗ਼ਦਰੀ ਬਾਬਿਆਂ ਵਲੋਂ ਤੈਅ ਕੀਤੇ ਬਿਖੜੇ ਪੈਂਡੇ ਅਤੇ ਦੇਸ਼ ਪ੍ਰਵੇਸ਼ ਦੇ ਅਨੇਕਾਂ ਦੁਰਗਮ ਰਾਹਾਂ ’ਤੇ ਤੁਰਦਿਆਂ ਜਿਹੜੀ ਘਾਲਣਾ ਇਸ ਪੁਸਤਕ ਰਾਹੀਂ ਸਾਹਮਣੇ ਆਉਂਦੀ ਹੈ ਉਸ ਦਾ ਕਰਜ਼ ਅਜੋਕੀ ਪੀੜ੍ਹੀ ਚਾਅ ਕੇ ਵੀ ਨਹੀਂ ਉਤਾਰ ਸਕਦੀ।

ਅਜੋਕੇ ਦੌਰ ਵਿਚ ਅਜਿਹੀ ਪੁਸਤਕ ਨੂੰ ਪੜ੍ਹਨਾ ਅਤੇ ਵਾਚਨਾ ਨਵੀਂ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਲਈ ਇਸ ਕਰਕੇ ਜ਼ਰੂਰੀ ਹੈ ਕਿ ਕਿਸ ਕਿਸਮ ਨਾਲ ਵਿਸ਼ਵ ਪੱਧਰ ’ਤੇ ਅਜ਼ਾਦੀ ਦੀ ਲਹਿਰ ਵਿਚ ਕਾਰਜਸ਼ੀਲ ਨੌਜਵਾਨਾਂ ਨੇ ਆਪਣਾ ਜੀਵਨ ਲਗਾਉਣਾ ਸ਼ੁਰੂ ਕੀਤਾ ਅਤੇ ਹਰੇਕ ਕਦਮ ’ਤੇ ਵੱਖ-ਵੱਖ ਜਥੇਬੰਦੀਆਂ ਵਿਚ ਵਿਚਰਣ ਦੇ ਨਾਲ ਨਾਲ ਆਪਣੀ ਜੀਵਨ ਜਾਚ ਨੂੰ ਵੀ ਕ੍ਰਾਂਤੀਕਾਰੀ ਕਿਸਮ ਨਾਲ ਢਾਲਿਆ ਅਤੇ ਅਜਿਹੇ ਵਿਅਕਤੀਤਵ ਹੋਣ ਦਾ ਮਾਣ ਹਾਸਲ ਕੀਤਾ ਕਿ ਉਨ੍ਹਾਂ ਦੀ ਚਿੱਟੀ ਚਾਦਰ ’ਤੇ ਇਕ ਵੀ ਕਿਸੇ ਪਾਸਿਓਂ ਦਾਗ ਜਾਂ ਛਿੱਟਾ ਨਾ ਪੈ ਜਾਵੇ। ਇਸ ਦੇ ਨਾਲ ਹੀ ਜਦੋਂ ਹਕੂਮਤਾਂ ਚਾਹੇ ਉਹ ਵਿਦੇਸ਼ੀ ਹੋਣ ਤੇ ਚਾਹੇ ਦੇਸੀ। ਉਨ੍ਹਾਂ ਨਾਲ ਜਿਸ ਕਿਸਮ ਦੀ ਹਾਲਾਤਾਂ ਮੁਤਾਬਕ ਜੰਗ ਲੜਨ ਦੀ ਜ਼ਰੂਰਤ ਬਣਦੀ ਸੀ ਉਸ ਕਿਸਮ ਦੀ ਹੀ ਜਥੇਬੰਦੀ ਉਸਾਰੀ। ਇਥੋਂ ਤੱਕ ਕਿ ਸੱਤਾ ’ਤੇ ਕਬਜ਼ੇ ਲਈ ਪਾਰਟੀਆਂ ਦੀ ਉਸਾਰੀ ਵਿਚ ਵੀ ਮੁਢਲੇ ਕਦਮਾਂ ਤੋਂ ਲੈ ਕੇ ਉਪਰਲੀ ਟੀਸੀ ਤੱਕ ਪਹੁੰਚਣ ਦਾ ਜ਼ੇਰਾ ਕੀਤਾ।


ਇਸ ਦੇ ਨਾਲ ਹੀ ਜਿਸ ਕਿਸਮ ਨਾਲ ਜੀਵਨ ਦੀ ਪ੍ਰਕਿਰਿਆ ਦੇ ਹਰੇਕ ਕਦਮ ਉਪਰ ਜੋ ਵੀ ਔਕੜ ਅਤੇ ਸੰਘਰਸ਼ ਸਾਹਮਣੇ ਆਇਆ ਉਸ ਨੂੰ ਇਸ ਤਰ੍ਹਾਂ ਸਰ ਕੀਤਾ ਕਿ ਜਿਵੇਂ ਉਹ ਇਸ ਧਰਤੀ ’ਤੇ ਇਕ ਅਜਿਹੇ ਇਨਸਾਨ ਦੇ ਤੌਰ ’ਤੇ ਕਦਮ ਰੱਖ ਕੇ ਆਏ ਸਨ ਕਿ ਉਨ੍ਹਾਂ ਦੇ ਦਿਲਾਂ ਅਤੇ ਦਿਮਾਗਾਂ ਵਿਚ ਲਤਾੜੇ ਜਾਣ ਵਾਲੇ ਲੋਕਾਂ ਲਈ ਦਰਦ ਹੀ ਨਹੀਂ ਸੀ ਬਲਕਿ ਇਸ ਕਿਸਮ ਦੀ ਤਾਕਤ ਵੀ ਸੀ ਕਿ ਉਹ ਇਕ ਨਵਾਂ ਮੁਲਕ, ਦੇਸ਼ ਅਤੇ ਸੱਤਾ ਉਸਾਰਨ ਦੇ ਸਮਰੱਥ ਹਨ। ਇਨ੍ਹਾਂ ਪੱਖਾਂ ਨੂੰ ਉਨ੍ਹਾਂ ਨੇ ਜਿਥੇ ਸੰਘਰਸ਼ਾਂ ਵਿਚੋਂ ਹਾਸਲ ਕੀਤਾ, ਉਥੇ ਦੁਨੀਆ ਦੇ ਪੈਮਾਨੇ ’ਤੇ ਹਰੇਕ ਚਮਕਦੀ ਸਮਾਜਵਾਦੀ ਵਿਚਾਰਾਂ ਦੀ ਸੋਚ ਨੂੰ ਆਪਣੇ ਅੰਦਰ ਸ਼ਾਮਲ ਕਰਨ ਲਈ ਦੁਨੀਆ ਦੇ ਸਭ ਤੋਂ ਬਿਹਤਰੀਨ ਸਿਧਾਂਤ ਮਾਰਕਸਵਾਦ ਨੂੰ ਪੜ੍ਹਿਆ, ਵਾਚਿਆ ਅਤੇ ਆਪਣੀ ਸੰਘਰਸ਼ ਲਈ ਰੌਸ਼ਨੀ ਹਾਸਲ ਕੀਤੀ। ਇਸ ਦੇ ਨਾਲ ਹੀ ਜਾਤਾਂ, ਧਰਮਾਂ, ਮਜ਼ਬਾਂ, ਇਲਾਕਿਆਂ ਅਤੇ ਦੇਸ਼ਾਂ ਦੀਆਂ ਦੀਵਾਰਾਂ ਨੂੰ ਪਰ੍ਹੇ ਵਗਾ ਮਾਰਿਆ ਅਤੇ ਜਿਸ ਵੀ ਵਿਰਾਸਤ ਵਿਚੋਂ ਸ਼ਾਨਦਾਰ ਕੁਝ ਵੀ ਹਾਸਲ ਹੁੰਦਾ ਸੀ ਉਸ ਨੂੰ ਆਪਣੇ ਸੰਘਰਸ਼ ਦਾ ਹਿੱਸਾ ਬਣਾਇਆ। ਇਸ ਪੁਸਤਕ ਨੂੰ ਇਕ ਸਰਮਾਇਆ ਸਮਝ ਕੇ ਪੜ੍ਹਨਾ ਅਤੇ ਪੜ੍ਹਾਉਣਾ ਹਰ ਇਕ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਤਾਂ ਕਿ ਇਕ ਨਵੀਂ ਤਾਕਤ ਹਾਸਲ ਕਰਕੇ ਨਵੇਂ ਨੇਤਾਵਾਂ ਦਾ ਨਿਰਮਾਣ ਮੁੜ ਏਜੰਡੇ ’ਤੇ ਉਤਪੰਨ ਹੋ ਸਕੇ।




*ਨਵੇਂ ਭਾਰਤ ਦੇ ਨਵੇਂ ਨੇਤਾ ਇਕ ਤਰ੍ਹਾਂ ਨਾਲ ਮੇਰੀ ਵੋਲਗਾ ਤੋਂ ਗੰਗਾ ਦਾ ਹੀ ਸਾਥੀ ਗ੍ਰੰਥ ਹੈ।...ਮੈਂ ਮੰਨਦਾ ਹਾਂ, ਮੇਰੀ ਕਲਮ ਇਕੋ ਜਿਹੀ ਰੁਚੀ ਅਨੁਸਾਰ ਨਹੀਂ ਚੱਲੀ।...ਮੈਂ ਖ਼ੁਦ ਵੀ ਬਹੁਤ ਸਾਰੀਆਂ ਗੱਲਾਂ ਸਿੱਖ ਸਕਿਆ ਹਾਂ ਅਤੇ ਮੈਨੂੰ ਉਮੀਦ ਹੈ ਭਾਰਤ ਦੇ ਚਾਰ ਕੋਨਿਆਂ ਦੀਆਂ ਸਮੱਸਿਆਵਾਂ, ਸੰਘਰਸ਼ਾਂ ਨੂੰ ਸਾਕਾਰ ਰੂਪ ਵਿਚ ਇਥੇ ਇਕੱਠੇ ਵੇਖ ਕੇ ਪਾਠਕਾਂ ਨੂੰ ਵੀ ਕਿੰਨੀਆਂ ਹੀ ਗੱਲਾਂ ਜ਼ਰੂਰ ਸਪਸ਼ਟ ਹੋਣਗੀਆਂ।*

*– ਰਾਹੁਲ ਸਾਂਕਰਤਿਆਯਨ*



*21 ਸਾਲ ਦੀ ਉਮਰ ਵਿਚ ਜਿਸ ਨੇ ਆਪਣੇ ਫੌਜੀ ਕੌਸਲ ਦਾ ਸਬੂਤ ਦਿੱਤਾ ਅਤੇ ਮੁੱਠ ਕੁ ਆਦਮੀਆਂ ਦੀ ਸਹਾਇਤਾ ਨਾਲ 5 ਸੌ ਜਵਾਨਾਂ ਦੁਆਰਾ ਸੁਰੱਖਿਅਤ ਇਕ ਕਿੱਲੇ ’ਤੇ ਬਿਨਾਂ ਕੋਈ ਨੁਕਸਾਨ ਕੀਤੇ ਕਬਜ਼ਾ ਕਰ ਲਿਆ। 21 ਸਾਲ ਦੀ ਉਮਰ ਵਿਚ ਉਹ ਇਕ ਉਚ ਸੰਸਥਾ ਦਾ ਸਭ ਤੋਂ ਨੌਜਵਾਨ ਮੈਂਬਰ ਚੁਣਿਆ ਗਿਆ। 22 ਸਾਲ ਦੀ ਉਮਰ ਵਿਚ ਜਿਸ ਨੇ ਸਰਹੱਦ ਦੇ ਰਾਖਿਆਂ ਨੂੰ ਚਕਮਾ ਦੇ ਕੇ ਤਿੰਨ-ਤਿੰਨ ਵਾਰ ਵਿਦੇਸ਼ ਦੀ ਯਾਤਰਾ ਕੀਤੀ, ਜਿਸ ਨੇ ਸੈਨਿਕ ਵਿਗਿਆਨ ਦੀ ਲੋੜ ਸਮਝ ਆਪਣੀ ਜਵਾਨੀ ਦੇ ਕੀਮਤੀ ਛੇ ਸਾਲ ਸੈਨਿਕ ਕਾਲਜ ਦੀ ਉਚ ਸਿੱਖਿਆ ਵਿਚ ਗੁਜ਼ਾਰੇ। ਫਿਰ ਸਮੁੰਦਰਾਂ ਅਤੇ ਚਾਰ-ਚਾਰ ਮਹਾਂਦੀਪਾਂ ਨੂੰ ਕਿੰਨੀ ਹੀ ਵਾਰ ਵਾਰ ਆਰ-ਪਾਰ ਕੀਤਾ। ਜਿਸ ਦਾ ਜੀਵਨ ਆਪਣਾ ਜੀਵਨ ਨਹੀਂ ਸਗੋਂ ਭਾਰਤ ਮਾਤਾ ਦੀ ਇਮਾਨਤ ਹੈ। ਇਹ ਹੈ ਉਹ ਸਰਦਾਰ ਤੇਜਾ ਸਿੰਘ, ਜਿਸ ਨੂੰ ਸਾਥੀ ਕਾਮਰੇਡ ''ਸੁਤੰਤਰ'' ਕਹਿ ਕੇ ਬੁਲਾਉਂਦੇ ਹਨ।*




*ਜਿਨ੍ਹਾਂ ਦਾ ਬੁੱਢਾ ਸਰੀਰ, ਜਿਨ੍ਹਾਂ ਦੀਆਂ ਸੁੱਕੀਆਂ ਹੱਡੀਆਂ, ਜਿਨ੍ਹਾਂ ਦੇ ਸਣ ਵਰਗੇ ਚਿੱਟੇ ਵਾਲ ਦੇਸ਼ ਦੇ ਲਈ ਡਾਢਾ ਦੁੱਖ ਤਕਲੀਫ਼ ਸਹਿਣ ਦੇ ਪ੍ਰਤੀਕ ਹਨ। ਫਾਂਸੀ ਦਾ ਹੁਕਮ ਸੁਣ ਕੇ ਜੇਲ੍ਹ ਦੀ ਕਾਲ ਕੋਠੜੀ ਵਿਚ ਬੰਦ ਰਹਿਣ ਦੇ ਬਾਵਜੂਦ ਵੀ ਜਿਨ੍ਹਾਂ ਦੇ ਮੁੱਖ ’ਤੇ ਡਰ ਦੀ ਹਲਕੀ ਜਿਹੀ ਲਕੀਰ ਵੀ ਨਹੀਂ ਉਭਰ ਸਕੀ। ਸਰੀਰ ਦੇ ਸੜ ਗਲ (ਬੁੱਢੇ) ਹੋ ਜਾਣ ’ਤੇ ਵੀ ਜਿਨ੍ਹਾਂ ਵਿਚ ਹੁਣ ਵੀ ਨੌਜਵਾਨਾਂ ਵਰਗਾ ਉਤਸ਼ਾਹ ਹੈ ਅਤੇ ਦੇਸ਼ ਦੇ ਭਵਿੱਖ ਦੇ ਪ੍ਰਤੀ ਜਿਨ੍ਹਾਂ ਦਾ ਵਿਸ਼ਵਾਸ ਦ੍ਰਿੜ੍ਹ ਹੁੰਦਾ ਗਿਆ। ਬਾਬਾ ਸੋਹਨ ਸਿੰਘ ਭਕਨਾ ਉਨ੍ਹਾਂ ਦੇਸ਼ ਭਗਤ ਮਹਾਂਪੁਰਸ਼ਾਂ ਵਿਚੋਂ ਇਕ ਹੈ।*



*ਅਮੀਰ ਹੈਦਰ ਸਾਹਸ ਅਤੇ ਨਿਡਰਤਾ ਦੀ ਪ੍ਰਤੱਖ ਮੂਰਤ। ਅਣਜਾਣੇ ਦੇਸ਼ਾਂ ਵਿਚ ਬਿਨਾਂ ਪੈਸੇ ਅਤੇ ਸਾਧਨਾਂ ਦੇ ਜਾਣ ਵਿਚ ਉਸ ਨੂੰ ਕਦੇ ਝਿਜਕ ਨਹੀਂ ਹੋਈ। ਬਚਪਨ ਤੋਂ ਹੀ ਗਰੀਬੀ ਦੇ ਜੀਵਨ ਤੋਂ ਜਾਣੂ ਹੁੰਦੇ ਹੋਏ ਵੀ ਜਦੋਂ ਓਹ ਬਹੁਤ ਸਾਰੇ ਪੈਸੇ ਕਮਾਉਣ ਲੱਗਾ, ਤਾਂ ਠੀਕ ਕੰਮ ’ਚ ਖਰਚ ਕਰਨ ਵੇਲੇ ਵੀ ਉਸ ਨੂੰ ਰੁਪਈਆਂ ਦਾ ਮੋਹ ਕਦੇ ਨਹੀਂ ਹੋਇਆ। ਹੋਸ਼ ਸੰਭਾਲਦਿਆਂ ਹੀ ਉਸ ਦੇ ਦਿਲ ਵਿਚ ਦੇਸ਼ ਪ੍ਰੇਮ ਪੈਦਾ ਹੋ ਗਿਆ ਅਤੇ ਇਸ ਲਈ ਉਸ ਨੂੰ ਹਰ ਤਰ੍ਹਾਂ ਦੇ ਦੁੱਖ ਝੱਲਣੇ ਪਏ, ਪਰ ਉਹ ਕਦੇ ਬੇਹਿੰਮਤਾ ਨਾ ਹੋਇਆ। ਹੈਦਰ ਦਾ ਜੀਵਨ ਸਾਹਸੀ ਯਾਤਰਾਵਾਂ ਨਾਲ ਭਰਿਆ ਹੋਇਆ ਹੈ। ਜਿਹੜਾ ਪੁਰਸ਼ ਕਈ ਵਾਰ ਧਰਤੀ ਦੀਆਂ ਪਰਿਕਰਮਾ ਕਰ ਆਇਆ ਹੋਵੇ, ਪੈਸੇ ਦੇ ਜ਼ੋਰ ’ਤੇ ਨਹੀਂ ਸਗੋਂ ਸਿਰਫ਼ ਆਪਣੀਆਂ ਲੱਤਾਂ ਦੇ ਜ਼ੋਰ ਅਤੇ ਹਿਮਤ ’ਤੇ, ਉਸ ਦੀ ਜ਼ਿੰਦਗੀ ਕਿੰਨੀਆਂ ਦਿਲਚਸਪ ਘਟਨਾਵਾਂ ਨਾਲ ਭਰੀ ਹੋਵੇਗੀ ਇਹ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ।*



*70 ਸਾਲਾਂ ਦੀ ਉਮਰ ਵਿਚ ਜਦੋਂ ਬਾਬਾ ਵਿਸਾਖੀ ਸਿੰਘ ਦੀ ਦਾੜ੍ਹੀ ਅਤੇ ਵਾਲ ਬਿਲਕੁਲ ਸਣ ਵਾਂਗ ਚਿੱਟੇ ਹਨ, ਸਾਲਾਂਬੱਧੀ ਜੇਲ੍ਹ ਯਾਤਰਾਵਾਂ ਅਤੇ ਕਿੰਨੇ ਹੀ ਸਾਲਾਂ ਦੀ ਤਪਦਿਕ ਨੇ ਉਨ੍ਹਾਂ ਨੂੰ ਸਰੀਰ ਨੂੰ ਜਰਜਰ ਕਰ ਦਿੱਤਾ ਹੈ, ਤਦ ਵੀ ਉਨ੍ਹਾਂ ਦੇ ਮੁੱਖ ’ਤੇ ਇਕ ਖਾਸ ਤਰ੍ਹਾਂ ਦਾ ਨੂਰ ਨਜ਼ਰ ਆਉਂਦਾ ਹੈ...ਉਹ ਬਿਨਾਂ ਬੋਲੇ, ਬਿਨਾ ਕੁਝ ਜਾਣੇ ਹੀ ਪਾਠਕਾਂ ਦੇ ਦਿਲਾਂ ਵਿਚ ਬਾਬਾ ਵਿਸਾਖਾ ਸਿੰਘ ਦੇ ਪ੍ਰਤੀ ਸ਼ਰਧਾਭਾਵ ਉਤਪੰਨ ਕਰ ਦਿੰਦਾ ਅਤੇ ਬੋਲੀ ਕਿੰਨੀ ਮਿੱਠੀ! ਹੋਰ ਵੀ ਕਿੰਨੇ ਹੀ ਮਿੱਠੇ ਬੋਲਣ ਵਾਲੇ ਵੇਖੇ ਜਾਂਦੇ ਹਨ ਪਰ ਜਿਸ ਦੀ ਮਿੱਠੀ ਬੋਲੀ ਵਿਚ ਬਨਾਉਟੀਪਣ ਬਹੁਤ ਘੱਟ ਹੋਵੇ, ਅਜਿਹੇ ਵਿਅਕਤੀ ਦੁਨੀਆ ’ਚ ਦੁਰਲਭ ਹੀ ਹੁੰਦੇ ਹਨ ਅਤੇ ਫਿਰ ਬਾਬਾ ਵਿਸਾਖਾ ਸਿੰਘ ਦਾ ਜੀਵਨ ਸਦਾ ਆਪਾ ਕੁਰਬਾਨ ਕਰਨ ਅਤੇ ਪਰਾਏ ਦੁੱਖਾਂ ਨਾਲ ਪਿਘਲ ਜਾਣ ਵਾਲਾ ਜੀਵਨ ਰਿਹਾ ਹੈ, ਜਿਸ ਨੂੰ ਇਹ ਸਭ ਪਤਾ ਹੋਵੇ, ਉਹ ਕਿਉਂ ਨਾ ਅਜਿਹੇ ਮਹਾਂਪੁਰਸ਼ ਨੂੰ ਆਪਣੇ ਹਿਰਦੇ ਅੰਦਰ ਸਭ ਤੋਂ ਉਚਾ ਰੁਤਬਾ ਦੇਵੇਗਾ?*



*ਚਾਰ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਨੇ ਪ੍ਰੇਮ ਅਤੇ ਭਗਤੀ ਦੀ ਅਜਿਹੀ ਗੰਗਾ ਵਹਾਈ ਜਿਸ ਵਿਚ ਜਾਤ ਅਤੇ ਰੰਗ ਦਾ ਕੋਈ ਭੇਦ ਭਾਵ ਨਹੀਂ ਸੀ। ਉਨ੍ਹਾਂ ਨੇ ਅਧਿਆਤਮਕ ਨਾਮ ਦੀ ਜੜ੍ਹੀ ਬੂਟੀ ਦੀ ਵਰਤੋਂ ਕਰਕੇ ਚਾਹਿਆ ਕਿ ਹਿੰਦੋਸਤਾਨ ਵਿਚ ਵਸਣ ਵਾਲੇ ਸਭ ਭੇਦ ਭਾਵਾਂ ਨੂੰ ਭੁਲਾ ਕੇ ਭਾਈ-ਭਾਈ ਬਣ ਜਾਣ। ਗੁਰੂ ਨਾਨਕ ਦੇ ਨੁਸਖਾ ਕਿੰਨਾ ਸਫਲ ਰਿਹਾ, ਇਹ ਸਿੱਖਾਂ ਦੇ ਰੂਪ ਵਿਚ ਸਾਡੇ ਸਾਹਮਣੇ ਹੈ। ਪਰ, ਗੁਰੂ ਨਾਨਕ ਦੇਵ ਦਾ ਖੂਨ ਅੱਜ ਇਕ ਅਜਿਹੇ ਨੌਜਵਾਨ ਦੇ ਸਰੀਰ ਵਿਚ ਵਹਿ ਰਿਹਾ ਹੈ, ਜਿਸ ਨੇ ਵੀ ਆਪਣੇ ਪਰਖਿਆਂ ਦੀ ਤਰ੍ਹਾਂ ਹਿੰਦੋਸਤਾਨ ਹੀ ਨਹੀਂ ਸਾਰੀ ਦੁਨੀਆ ਵਿਚ ਭੇਦ ਭਾਵ ਮਿਟਾਉਣ ਲਈ ਆਪਣਾ ਜੀਵਨ ਕੁਰਬਾਨ ਕੀਤਾ..ਇਸ ਪ੍ਰੰਪਰਾ ਵਿਚੋਂ ਹੀ ਸਨ ਬੀ.ਪੀ.ਐਲ. ਬੇਦੀ।*



*ਜਬਰਦਸਤ ਫਾਸਿਸਟ ਵਿਰੋਧੀ ਕਾਰਕੁੰਨਾਂ ਅਤੇ ਨੇਤਾਵਾਂ ਨੂੰ ਪੰਜਾਬ ਸਰਕਾਰ ਜੇਲ੍ਹ ਵਿਚ ਰੱਖਣਾ ਚਾਹੁੰਦੀ ਹੈ। ਉਹ ਆਪਣੇ ਮਾਲਕਾਂ ਵਾਂਗ ਫਾਸਿਸਟਾਂ ’ਤੇ ਜਿੱਤ ਪ੍ਰਾਪਤ ਕਰਨ ਨੂੰ ਉਨ੍ਹਾਂ ਮਹੱਤਵ ਨਹੀਂ ਦਿੰਦੀ ਜਿੰਨਾ ਕਿ ਆਪਣੇ ਸਵਾਰਥਾਂ ਦੇ ਵਿਰੋਧੀਆਂ ਨੂੰ ਕੁਚਲਣ ਵਿਚ। ਪਰ ਪੰਜਾਬ ਬਹੁਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਜੋਸ਼ ਅਤੇ ਉਸ ਦੇ 70-70 ਸਾਲਾ ਦੇ ਬੁੱਢੇ ਕ੍ਰਾਂਤੀਕਾਰੀਆਂ, ਜਿਨ੍ਹਾਂ ਨੇ ਜਵਾਨੀ ਤੋਂ ਹੀ ਆਪਣੀ ਸਾਰੀ ਉਮਰ ਦੇਸ਼ ਦੇ ਲਈ ਤਕਲੀਫ਼ਾਂ ਝੱਲਣ ਦੇ ਲਈ ਗੁਜ਼ਾਰ ਦਿੱਤੀ ਅਤੇ ਹੁਣ ਵੀ ਜੋ ਲੋਕ ਜੇਲ੍ਹਾਂ ਵਿਚ ਸੜ ਰਹੇ ਹਨ, ਦੀਆਂ ਕੁਰਬਾਨੀਆਂ ਬੇਕਾਰ ਨਹੀਂ ਜਾ ਰਹੀਆਂ। ਜੋਸ਼ ਅੱਜ ਸੂਬਾਈ ਕਮਿਊਨਿਸਟ ਪਾਰਟੀ ਦੇ ਕਾਰਜਸ਼ੀਲ ਸਕੱਤਰ ਹਨ ਅਤੇ ਉਨ੍ਹਾਂ ਦਾ ਜੋਸ਼ 23 ਸਾਲ ਪਹਿਲਾਂ ਦੇ ਸ੍ਰ. ਸੋਹਨ ਸਿੰਘ ਜੋਸ਼ ਨਾਲੋਂ ਜ਼ਰਾ ਵੀ ਠੰਡਾ ਨਹੀਂ ਪਿਆ।*



*ਆਦਰਸ਼ਵਾਦ ਮਨੁੱਖ ਨੂੰ ਵੱਡੀਆਂ-ਵੱਡੀਆਂ ਕੁਰਬਾਨੀਆਂ ਕਰਨ ਦੀ ਪ੍ਰੇਰਣਾ ਦਿੰਦਾ ਹੈ, ਪਰ ਇਕ ਵਾਰੀ ਤਾਂ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਵਾਲਿਆਂ ਨੂੰ ਵੀ ਜਦੋਂ ਲਗਾਤਾਰ ਔਕੜਾਂ ਉਤੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਤਾਂ ਉਹ ਬੇਚੈਨ ਹੋ ਜਾਂਦੇ ਹਨ, ਉਨ੍ਹਾਂ ਦਾ ਭਾਵੁਕ ਹਿਰਦਾ ਹਾਰ ਮੰਨ ਲੈਂਦਾ ਹੈ ਅਤੇ ਬੁੱਧੀ ਆਪਣੇ ਹੀ ਭੁੱਲ ਭੁਲੇਖਿਆਂ ’ਚ ਪਾਉਣ ਦੀ ਕੋਸ਼ਿਸ਼ ਕਰਦੀ ਹੈ, ਇਸ ਲਈ ਸਿਰਫ਼ ਭਾਵੁਕ ਹਿਰਦਾ ਕਾਫ਼ੀ ਨਹੀਂ ਹੈ, ਬੁੱਧੀ ਨੂੰ ਵੀ ਇਹ ਆਦਰਸ਼ ਪਸੰਦ ਆਉਣਾ ਚਾਹੀਦਾ ਹੈ, ਫਿਰ ਤਾਂ ਬੰਦਾ ਇਕ ਨਹੀਂ 50 ਜਨਮਾਂ ਤੱਕ ਦੁੱਖਾਂ ਦੇ ਪਹਾੜ ਨਾਲ ਟਕਰਾਉਣ ਲਈ ਤਿਆਰ ਹੋ ਸਕਦਾ ਹੈ...ਅਜਿਹੇ ਸਨ ਫ਼ਜ਼ਲ ਇਲਾਹੀ ਕੁਰਬਾਨ*

# ਸਰੀ ਡੈਲਟਾ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ









ਸਰੀ, (ਪਰਮਿੰਦਰ ਸਵੈਚ) : 8 ਮਾਰਚ, 2023 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਵਾਲੇ ਦਿਨ ਹੀ ਸਾਊਥ ਏਸ਼ੀਅਨ ਪ੍ਰੋਗਰੈਸਿਵ ਨਾਰੀ ਐਸੋਸੀਏਸ਼ਨ (ਸਪਨਾ) ਵਲੋਂ ਮਹਿਲਾ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਦੀ ਕਰਤਾ ਧਰਤਾ ਸ਼ਹਿਨਾਜ਼ ਦੀਦੀ ਦੀ ਆਪਣੀ ਪ੍ਰੋਗਰੈਸਿਵ ਸੋਚ ਮੁਤਾਬਕ ਕਿ ਔਰਤਾਂ ਲਈ ਇਹ ਖੁਸ਼ੀ ਦਾ ਦਿਨ ਲਿਆਉਣ ਲਈ ਕੁਰਬਾਨੀਆਂ ਦੇਣੀਆਂ ਪਈਆਂ ਹਨ, ਉਹਨਾਂ ਨੇ ਆਪਣੇ ਹੱਕਾਂ ਦੀ ਲੜਾਈ ਲਈ ਇਹ ਦਿਨ ਮੁਕਰਰ ਕੀਤਾ ਹੈ ਸੋ ਸਾਨੂੰ ਵੀ ਇਸ ਦਿਨ ਨੂੰ ਗਿੱਧੇ ਭੰਗੜਿਆਂ ਤੱਕ ਸੀਮਤ ਨਹੀਂ ਸਗੋਂ ਚੇਤਨਤਾ ਦੇ ਸੰਵਾਦ ਦੇ ਦਿਨ ਵਿੱਚੋਂ ਲੈਣਾ ਚਾਹੀਦਾ ਹੈ। ਸੋ ਇਹ ਪ੍ਰੋਗਰਾਮ ਨੂੰ ਉਸ ਕਿਸਮ ਦਾ ਹੀ ਬਣਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਕਮਿਊਨਿਟੀ ਕਾਰਕੁੰਨ ਤੇ ਲੇਖਕ ਪਰਮਿੰਦਰ ਸਵੈਚ ਨੇ ਮੂਲ ਨਿਵਾਸੀ ਕਮਿਊਨਿਟੀਆਂ ਸੇਮੀਆਮੂ, ਕੈਟਜ਼ੀ, ਕੈਕਵਿਟਲਮ, ਕਵਾਂਟਲਨ, ਕੈਕਾਈਟ ਤੇ ਟਵਾਸਨ ਜਿਨ੍ਹਾਂ ਦੀ ਅਸਲ ਵਿੱਚ ਇਹ ਥਾਂ ਸੀ ਜਿਸ ਤੇ ਅਸੀਂ ਅੱਜ ਰਹਿ ਰਹੇ ਹਾਂ ਤੇ ਖੁਸ਼ੀ ਦਾ ਜੀਵਨ ਬਤੀਤ ਕਰ ਰਹੇ ਹਾਂ, ਉਸਦਾ ਧੰਨਵਾਦ ਕੀਤਾ ਤੇ ਸਾਰੀਆਂ ਆਉਣ ਵਾਲੀਆਂ ਔਰਤਾਂ ਨੂੰ ਜੀ ਆਇਆਂ ਕਿਹਾ। ਉਸਤੋਂ ਬਾਅਦ ਸ਼ਹਿਨਾਜ਼ ਦੀਦੀ ਨੇ ਜਿੱਥੇ ਔਰਤਾਂ ਦਾ ਛੋਟੇ ਜਿਹੇ ਸੱਦੇ ਨਾਲ ਪੂਰੇ ਦਾ ਪੂਰਾ ਹਾਲ ਭਰ ਜਾਣ ਦੀ ਖੁਸ਼ੀ ਜ਼ਾਹਰ ਕੀਤੀ ਉੱਥੇ ਉਸਨੇ ਅੱਜ ਦੀਆਂ ਹਾਲਤਾਂ ਦੇ ਮੱਦੇਨਜ਼ਰ ਔਰਤਾਂ ਨੂੰ ਜਾਗਰੂਕ ਹੋਣ ਲਈ ਕਿਹਾ ਕਿਉਂਕਿ ਅੱਜ ਸਮਾਜ ਵਿੱਚ ਔਰਤ ਬਾਹਰੋਂ ਕੁੱਝ ਹੋਰ ਦਿਸ ਰਹੀ ਹੈ ਪਰ ਅੰਦਰੋਂ ਬਿਲਕੁੱਲ ਟੁੱਟੀ ਮਹਿਸੂਸ ਕਰਦੀ ਹੈ। ਉਹਨਾਂ ਔਰਤਾਂ ਨੂੰ ਇੱਕ ਥਾਂ ਤੇ ਜਥੇਬੰਦ ਹੋਣ ਲਈ ਕਿਹਾ। ਉਸਤੋਂ ਬਾਅਦ ਇਤਿਹਾਸ ਦੀ ਸਾਬਕਾ ਪ੍ਰੋਫੈਸਰ ਨਿਰਮਲ ਕੌਰ ਨੇ ਮੁੱਢ ਤੋਂ ਮਨੁੱਖ ਦੀ ਉਤਪਤੀ ਤੋਂ ਜਦੋਂ ਔਰਤ ਪਰਿਵਾਰ ਦੀ ਮੁਖੀ ਹੁੰਦੀ ਸੀ ਤੇ ਬਾਅਦ ਵਿੱਚ ਇਸਦੀਆਂ ਹਾਲਤਾਂ ਵਿੱਚ ਕਿਵੇਂ ਤਬਦੀਲੀ ਆਉਂਦੀ ਗਈ ਦੱਸਿਆ ਅਤੇ ਔਰਤ ਦਿਵਸ ਦੇ ਇਤਿਹਾਸ ਬਾਰੇ ਵੀ ਚਾਨਣਾ ਪਾਇਆ ਕਿ ਸਮਾਂ ਪਾ ਕੇ ਔਰਤਾਂ ਦੀਆਂ ਹਾਲਤਾਂ ਬਦ ਤੋਂ ਬਦਤਰ ਕਿਵੇਂ ਬਣੀਆਂ ਇਸ ਬਾਰੇ ਵੀ ਵਿਸਥਾਰ ਵਿੱਚ ਦੱਸਿਆ। ਉਸ ਤੋਂ ਬਾਅਦ ਪਰਮਿੰਦਰ ਸਵੈਚ ਨੇ ਆਪਣੇ ਭਾਸ਼ਨ ਵਿੱਚ ਸਾਮਰਾਜੀ ਪ੍ਰਬੰਧ ਵਿੱਚ ਔਰਤਾਂ ਦੀਆਂ ਅੱਜ ਦੀਆਂ ਆਰਥਿਕ, ਸਮਾਜਿਕ, ਸਭਿਆਚਾਰਕ, ਧਾਰਮਿਕ ਤੇ ਰਾਜਨੀਤਕ ਹਾਲਤਾਂ ਕਿਵੇਂ ਪ੍ਰਭਾਵ ਪਾਉਂਦੀਆਂ ਹਨ ਬਾਰੇ ਦੱਸਿਆ। ਉਸਨੇ ਕਿਹਾ ਕਿ ਬੇਸ਼ੱਕ ਅੱਜ ਔਰਤ ਦੇਖਣ ਨੂੰ ਅਜ਼ਾਦ ਲੱਗਦੀ ਹੈ ਪਰ ਬਹੁਤੀਆਂ ਥਾਵਾਂ ਤੇ ਉਸਦੀ ਅਜ਼ਾਦੀ ਆਪਣੀ ਕਿਰਤ ਵੇਚਣ ਦੀ ਤਾਂ ਹੈ ਪਰ ਉਸਨੂੰ ਵਰਤਣ ਦੇ ਹੱਕ ਖੋਹ ਲਏ ਜਾਂਦੇ ਹਨ, ਇਸ ਤਰ੍ਹਾਂ ਉਹ ਦੂਹਰੀ ਤੀਹਰੀ ਗੁਲਾਮੀ ਹੰਢਾ ਰਹੀ ਹੈ ਅਰਥਾਤ ਉਸਦੀਆਂ ਜ਼ਿੰਮੇਵਾਰੀਆਂ ਵਧ ਗਈਆਂ ਹਨ। ਜਿਵੇਂ ਘਰ, ਬਾਹਰ ਤੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਆਦਿ। ਉਸਨੇ ਕਿਹਾ ਕਿ ਸਾਨੂੰ ਸਮਝਣ ਦੀ ਲੋੜ ਹੈ ਕਿ ਮੰਡੀ ਨੇ ਮਨੁੱਖ ਨੂੰ ਮਸ਼ੀਨ ਬਣਾ ਦਿੱਤਾ ਹੈ ਜਿਨ੍ਹਾਂ ਚਿਰ ਦੁਨੀਆਂ ਦੀ ਅੱਧੀ ਅਬਾਦੀ ਇਸ ਗੱਲੋਂ ਅਵੇਸਲੀ ਰਹੇਗੀ ਸਮਾਜ ਵਿੱਚ ਉਨਾ ਚਿਰ ਤਬਦੀਲੀ ਨਹੀਂ ਆ ਸਕਦੀ, ਔਰਤਾਂ ਨੂੰ ਹੱਕ ਨਹੀਂ ਮਿਲ ਸਕਦੇ। ਇਸ ਕਰਕੇ ਔਰਤਾਂ ਨੂੰ ਮਰਦਾਂ ਦੇ ਨਾਲ ਖੜ੍ਹ ਕੇ ਸੋਚਣ ਦੀ ਲੋੜ ਹੈ ਨਾ ਕਿ ਮਰਦ ਦੇ ਵਿਰੋਧ ਵਿੱਚ ਖੜ੍ਹ ਕੇ ਸੋਚਣ ਦੀ। ਉਸਤੋਂ ਬਾਅਦ 50 ਸਾਲ ਤੋਂ ਬਣੀ ਜਥੇਬੰਦੀ ਮਹਿਲਾ ਐਸੋਸੀਏਸ਼ਨ ਦੀ ਪ੍ਰਧਾਨ ਰਮਿੰਦਰ ਦੁਸਾਂਝ ਨੇ ਜਿੱਥੇ ਆਪਣੇ ਤੇ ਜਥੇਬੰਦੀ ਦੇ ਕੀਤੇ ਕੰਮਾਂ ਤੇ ਚਾਨਣਾ ਪਾਇਆ ਉੱਥੇ ਸਰਕਾਰਾਂ ਵਲੋਂ ਔਰਤਾਂ ਦੇ ਹੱਕ ਵਿੱਚ ਚੁੱਕੇ ਜਾਂਦੇ ਕਦਮਾਂ ਬਾਰੇ ਵੀ ਚਾਨਣਾ ਪਾਇਆ। ਗ਼ਦਰੀ ਬਾਬਿਆਂ ਦੀ ਵਾਰਸ ਬੀਬੀ ਹਰਜੀਤ ਢਿੱਲੋਂ ਨੇ ਵੀ ਆਪਣੇ ਵਿਚਾਰ ਰੱਖੇ ਤੇ ਕਿਹਾ ਕਿ ਔਰਤਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤੇ ਖੁੱਲ੍ਹ ਕੇ ਬੋਲਣਾ ਚਾਹੀਦਾ ਹੈ। ਸ਼ਾਂਤੀ ਥੰਮਣ ਤੇ ਮਨਜੀਤ ਕੌਰ ਨੇ ਅੰਧਵਿਸ਼ਵਾਸ ਦਾ ਪਰਦਾ ਨੰਗਾ ਕਰਦੇ ਹੋਏ ਇੱਕ ਪੰਜਾਬੀ ਗੀਤ ਤੇ ਕੋਰਿਓਗਰਾਫੀ ਕੀਤੀ ਜਿਸਨੇ ਮਹੌਲ ਦਾ ਵੱਖਰਾ ਰੰਗ ਬੰਨ੍ਹ ਦਿੱਤਾ। ਬਹੁਤ ਹੀ ਨਿਧੜਕ ਪੱਤਰਕਾਰ ਰੇਡਿਓ ਹੋਸਟ ਨਵਜੋਤ ਢਿੱਲੋਂ ਨੇ ਵੀ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਮੇਰਾ ਪਲੇਟਫਾਰਮ ਲੋਕਾਂ ਦਾ ਪਲੇਟਫਾਰਮ ਹੈ ਜੇ ਕੋਈ ਵੀ ਗੱਲ ਕਰਨੀ ਚਾਹੁੰਦੀਆਂ ਹੋ, ਉਹ ਸਾਥ ਦੇਣ ਲਈ ਤਿਆਰ ਹੋਵੇਗੀ। ਇਸ ਸਾਰੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਦਵਿੰਦਰ ਬਚਰਾ ਨੇ ਬਹੁਤ ਭੂਮਿਕਾ ਨਿਭਾਈ। ਖਾਣੇ ਦਾ ਪ੍ਰਬੰਧ ਜਿੱਥੇ ਸ਼ਹਿਨਾਜ਼ ਦੀਦੀ ਨੇ ਕੀਤਾ ਉੱਥੇ ਨੌਜਵਾਨ ਔਰਤਾਂ ਸ਼ਾਹੀਨ ਤੇ ਮਰੀਅਮ ਨੇ ਵੀ ਘਰ ਦੇ ਖਾਣੇ ਬਣਾ ਕੇ ਸਭ ਦੇ ਅੱਗੇ ਪਰੋਸ ਦਿੱਤੇ ਅਤੇ ਸਾਰੀਆਂ ਨੇ ਬਹੁਤ ਹੀ ਧੀਰਜ ਨਾਲ ਸਾਰਾ ਪ੍ਰੋਗਰਾਮ ਸੁਣਿਆ ਤੇ ਅਨੰਦ ਮਾਣਿਆ। ਅੰਤ ਵਿੱਚ ਸਭ ਦਾ ਧੰਨਵਾਦ ਕੀਤਾ ਗਿਆ।


9 ਅਪ੍ਰੈਲ 2023

ਐਤਵਾਰ ਨੂੰ

ਇੱਕ ਰੋਜ਼ਾ ਪੁਸਤਕ ਮੇਲਾ

ਸਮਾਂ: ਸਵੇਰੇ 10 ਵਜੇ ਤੋਂ 6 ਵਜੇ ਤੱਕ




ਸਥਾਨ: ਗਰੀਨ ਪਲਾਜ਼ਾ (ਡਾ. ਭੁੱਲਰ) (ਟੈਲਸ/ਕੁਡੋ ਸਟੋਰ ਦੇ ਮੂਹਰੇ ਵਰਾਂਡੇ ਵਿੱਚ)

Add.: Green Plaza 4118 Westwinds DR NE Calgary

ਮਾਸਟਰ ਭਜਨ ਸਿੰਘ: 403-455-4220, ਹਰਚਰਨ ਸਿੰਘ ਪਰਹਾਰ: 403-681-8689

Harpreet Parmar CPA, CGA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business

Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax • Incorporation • Payroll • Business Advisory • New Business Startups • Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)


Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca

Sandhu G Construction Ltd.

Preparation- Shower Base - Water Proof

We can install Ceramic Tiles & Marble,Back Splash Tiles, Tiles on Walls, Kitchen,Washroom or anywhere in Home. You can upgrade your Kitchen or Washroom



ਵਰਕਰ ਦੀ ਤੁਰੰਤ ਲੋੜ

ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ



Harmanjot Dhudike
403-975-0006

Sharmanjot22@gmail.com

# ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵਲੋਂ ਸ਼ਹੀਦ-ਏ-ਆਜਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਕਰਵਾਇਆ





ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : 'ਮਾਂ ਤੂੰ ਇੱਕ ਪੁੱਤ ਨਹੀਂ ਵਾਰ ਸਕਦੀ' 'ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਸ਼ਹੀਦ ਏ ਆਜਮ ਸ. ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਸ਼ਹਾਦਤ ਨੂੰ ਸਮੱਰਪਿਤ ਸਮਾਗਮ ਕਰਵਾਇਆ ਗਿਆ। ਇਸ ਵਾਰ ਦਾ ਸਮਾਗਮ ਵਿਲੱਖਣ ਕਿਸਮ ਦਾ ਸਮਾਗਮ ਸੀ। ਸਮਾਗਮ ਦੀ ਸ਼ੁਰੂਆਤ ਸ਼ਹੀਦਾਂ ਦੀਆਂ ਤਸਵੀਰਾਂ ਅੱਗੇ ਦੀਪ ਜਗਾ ਕੇ ਕੀਤੀ ਗਈ। ਸ਼ਹੀਦਾਂ ਦੇ ਅਧੂਰੇ ਕਾਰਜ਼ ਪੂਰੇ ਕਰਨ ਦਾ ਅਹਿਦ ਲਿਆ ਗਿਆ। ਇੱਕ ਮਿੰਟ ਦਾ ਮੋਨ ਧਾਰਨ ਕੀਤਾ ਗਿਆ। ਮੰਚ ਦੇ ਜਨਰਲ ਸਕੱਤਰ ਦੀਪਕ ਰਾਏ ਜੀ ਨੇ ਸਟੇਜ ਦਾ ਸੰਚਾਲਨ ਬਾਖੂਬੀ ਕੀਤਾ ਤੇ ਪਹਿਲੀ ਪੇਸ਼ਕਾਰੀ 'ਮਾਂਏ ਤੇਰਾ ਪੁੱਤ ਲਾਡਲਾ' ਨਾਂ ਦੀ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਜਿਸ ਵਿੱਚ ਬੇਰੁਜ਼ਗਾਰੀ ਦੀ ਚੱਕੀ ਵਿੱਚ ਪਿਸ ਰਹੇ ਨੌਜਵਾਨਾਂ ਦੀ ਗੱਲ ਕੀਤੀ ਗਈ। ਕਰਜੇ ਵਿੱਚ ਬਿੰਨ੍ਹੇ ਬਾਪੂ ਦੀ ਮਜਬੂਰੀ ਦਾ ਚਿਤਰਣ ਪੇਸ਼ ਕੀਤਾ ਗਿਆ। ਇਸ ਸਮਾਗਮ ਦਾ ਉਦਘਾਟਨ ਸ. ਕੁਲਦੀਪ ਸਿੰਘ ਰਾਜੂ ਜਿਊਲਰ ਵਾਲੇ, ਪ੍ਰੋ. ਅਮਰੀਕ ਸਿੰਘ ਵਿਰਕ, ਡਾ. ਅਵਤਾਰ ਸਿੰਘ ਪ੍ਰਿੰਸੀਂਲ ਗੁਰੂ ਤੇਗ ਬਹਾਦਰ ਨੈਸ਼ਨਲ ਕਾਲਜ ਦਾਖਾ ਅਤੇ ਗੁਰਚਰਨ ਕੌਰ ਥਿੰਦ ਉੱਘੀ ਲੇਖਿਕਾ ਕੈਲਗਰੀ ਜੀ ਨੇ ਸਾਂਝੇ ਰੂਪ ਵਿੱਚ ਕੀਤਾ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਦਵਿੰਦਰ ਦਮਨ ਜੀ ਦਾ ਬਹੁ ਚਰਚਿਤ ਨਾਟਕ 'ਛਿੱਪਣ ਤੋਂ ਪਹਿਲਾਂ' ਹਰਕੇਸ਼ ਚੌਧਰੀ ਜੀ ਦੀ ਨਿਰਦੇਸ਼ਨਾਂ ਹੇਠ ਪੇਸ਼ ਕੀਤਾ ਗਿਆ। ਬੋਘੇ ਦੇ ਰੂਪ ਕਮਲਜੀਤ ਮੋਹੀ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਝੰਜੋੜ ਕੇ ਰੱਖ ਦਿੱਤਾ। ਭਗਤ ਸਿੰਘ ਤੇ ਜੇਲ ਦੇ ਭੰਗੀ ਬੋਘੇ ਦੇ ਆਪਸੀ ਇਨਸਾਨੀਅਤ ਦੇ ਰਿਸ਼ਤੇ ਦਾ ਸਿਖ਼ਰ ਹੈ ਜਦੋਂ ਭਗਤ ਸਿੰਘ ਬੋਘੇ ਦੇ ਹੱਥਾਂ ਦੀ ਪੱਕੀ ਰੋਟੀ ਖਾਣ ਦੀ ਇੱਛਾ ਜਾਹਿਰ ਕਰਦਾ ਹੈ। ਹਰ ਦਰਸ਼ਕ ਦੀ ਅੱਖ ਨਮ ਹੋ ਗਈ ਸੀ।ਜਦੋਂ ਭਗਤ ਸਿੰਘ ਆਪਣੀ ਮਾਂ ਨੂੰ ਕਹਿੰਦਾ ਹੈ ਯਾਦ ਕਰ ਜਿਸਨੇ ਚਾਰ ਪੁੱਤ ਵਾਰ ਦਿੱਤੇ ਸੀ ਤੂੰ ਇੱਕ ਪੁੱਤ ਨਹੀਂ ਵਾਰ ਸਕਦੀ। ਮਾਂ ਵਿੱਦਿਆਵਤੀ ਦੇ ਰੂਪ ਵਿੱਚ ਪ੍ਰੋ. ਸੁਮਨ ਸਿੱਧੂ ਨੇ ਹਰ ਦਰਸ਼ਕ ਨੂੰ ਸੁੰਨ ਕਰ ਦਿੱਤਾ। ਉੱਘੇ ਲੇਖਕ ਅਮਰੀਕ ਤਲਵੰਡੀ ਜੀ ਨੇ ਵਿਚਾਰ ਪੇਸ਼ ਕੀਤੇ। ਲੋਕ ਕਲਾ ਮੰਚ ਦੇ ਉਸਾਰੂ ਯਤਨਾਂ ਦੀ ਭਰਪੂਰ ਪ੍ਰਸੰਸਾਂ ਕੀਤੀ। ਗ਼ਜ਼ਲ ਅਰੋੜਾ ਨੇ ਇੱਕ ਗੀਤ 'ਹਰ ਕਰਮ ਆਪਨਾ ਕਰੇਂਗੇ ਐ ਵਤਨ ਤੇਰੇ ਲੀਏ' ਪੇਸ਼ ਕੀਤਾ। ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸਾਬਕਾ ਆਗੂ ਮਾ. ਜੋਗਿੰਦਰ ਅਜਾਦ ਜੀ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੱਜ ਵੀ ਡਾ. ਪੰਪੋਸ਼ ਵਰਗੀ ਲੜਕੀਆਂ ਨੂੰ ਜਾਤੀਗਤ ਵਿਤਕਰੇ ਦੇ ਲਪੇਟ ਵਿੱਚ ਆ ਕੇ ਜਾਨ ਦੇਣੀ ਪੈਂਦੀ ਹੈ। ਇਸ ਮੌਕੇ ਲੈਕਚਰਾਰ ਇਕਬਾਲ ਪੂੜੈਣ ਜੀ ਨੇ ਵੀ ਇੱਕ ਭਗਤ ਸਿੰਘ ਜੀ ਵਾਰੇ ਕਵਿਤਾ ਪੇਸ਼ ਕੀਤੀ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਜੀ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਜੇ ਦੇਸ਼ ਭਗਤਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਸਾਰਥਿਕ ਯਤਨਾਂ ਦੀ ਜ਼ਰੂਰਤ ਹੈ। ਬੋਘੇ ਤੇ ਭਗਤ ਸਿੰਘ ਦੀ ਹਕੀਕੀ ਗੱਲਵਕੜੀ ਪੈਣ ਤੋਂ ਬਿਨਾਂ ਦੇਸ਼ ਭਗਤਾਂ ਦੇ ਸੁਪਨਿਆਂ ਦਾ ਸਮਾ ਜ ਨਹੀਂ ਬਣਨਾ। ਇਸ ਮੌਕੇ 'ਤੇ ਮਨੁੱਖਤਾ ਦੀ ਸੇਵਾ ਸੁਸਾਇਟੀ ਹਸਨਪੁਰ ਦੇ ਪ੍ਰਬੰਧਕ ਗੁਰਪ੍ਰੀਤ ਸਿੰਘ ਮਿੰਟੂ ਜੀ ਦੇ ਦਿਸ਼ਾ-ਨਿਰਦੇਸ਼ ਹੇਠ ਪ੍ਰਿਤਪਾਲ ਜੀ ਦੀ ਅਗਵਾਈ ਪੰਦਰਾਂ ਬੱਚਿਆਂ ਨੇ ਸਮਾਗਮ ਵਿੱਚ ਸਮਹੂਲੀਅਤ ਕੀਤੀ। ਸ. ਕੁਲਦੀਪ ਸਿੰਘ ਰਾਜੂ ਜਿਉਲਰ ਵਾਲਿਆਂ ਨੇ ਹਰ ਮਹੀਨੇ ਦੇ ਸਮਾਗਮ ਲਈ ਦੋ ਹਜ਼ਾਰ ਰੁਪਏ ਪ੍ਰਤੀ ਮਹੀਨਾਂ ਪੰਜ ਸਾਲਾਂ ਲਈ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਤੇ ਗੁਰਚਰਨ ਕੌਰ ਥਿੰਦ ਜੀ ਇੱਕ ਕਿਤਾਬਾਂ ਦਾ ਸੈੱਟ ਭੇਂਟ ਕੀਤਾ ਅਤੇ ਸਮਾਗਮ ਲਈ 10000 ਰੁਪਏ ਵੀ ਦਿੱਤੇ। ਪ੍ਰੋ. ਸੁਮਨ ਸਿੱਧੂ ਨੇ ਵੀ ਆਪਣੀ ਇੱਕ ਰਚਨਾ ਪੇਸ਼ ਕੀਤੀ। ਇਸ ਸਮਾਗਮ ਵਿੱਚ ਸੁਖਵੰਤ ਮੋਹੀ ਜੀ ਨੇ ਵੀ ਵਿਚਾਰ ਪੇਸ਼ ਕੀਤੇ। ਸਮਾਗਮ ਵਿੱਚ ਗੁਰਜੀਤ ਸਿੰਘ ਮੈਥ ਮਾਸਟਰ, ਪ੍ਰਗਟ ਸਿੰਘ ਲੈਕ. ਜਗਦੀਪ ਸਿੰਘ, ਮਨਦੀਪ ਕੌਰ, ਗੁਰਜੀਤ ਕੌਰ ਸਾਇੰਸ ਮਿਸਟਰੈਸ, ਪ੍ਰਿੰਸੀਪਲ ਰਾਜਿੰਦਰ ਸਿੰਘ, ਸ.ਗੁਰਮੀਤ ਸਿੰਘ ਡੀਪੀਈ, ਸ.ਬਰਿੰਦਰ ਸਿੰਘ ਚੋਕੀਮਾਨ ਆਦਿ ਹਾਜ਼ਰ ਸਨ। ਸਮਾਗਮ ਦੇ ਅੰਤ ਵਿੱਚ ਸ਼ਹੀਦੇ ਆਜਮ ਭਗਤ ਸਿੰਘ ਰਾਜਗੁਰੂ ਸੁਖਦੇਵ ਦੀ ਸ਼ਹਾਦਤ ਦੀ ਘੋੜੀ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਭਾਗ ਸਿੰਘ, ਅਨਿਲ ਸੇਠੀ, ਪਰਦੀਪ ਕੌਰ, ਬਲਜੀਤ ਕੌਰ, ਗੁਰਿੰਦਰ ਗੁਰੀ, ਜੁਝਾਰ ਸਿੰਘ, ਅਭਿਨੈ ਬਾਂਸਲ, ਮੈਡਮ ਰਾਜਿੰਦਰ ਕੌਰ, ਪ੍ਰਿੰਸੀਪਲ ਅੰਜੂ ਚੌਧਰੀ, ਨੀਰਜਾ ਬਾਂਸਲ, ਗੁਰਚਰਨਜੀਤ ਕੌਰ ਆਦਿ ਦਾ ਸਹਿਯੋਗ ਰਿਹਾ।



## ਡਾ. ਹਰਦੀਪ ਸਿੰਘ ਕੈਨੇਡਾ ਨੂੰ ਸਦਮਾ, ਮਾਤਾ ਦਾ ਦਿਹਾਂਤ



ਬਰੈਂਪਟਨ : ਸਰਕਾਰੀ ਡਾਕਟਰਾਂ ਦੀ ਜੁਝਾਰੂ ਜਥੇਵੰਦੀ ਦੇ ਪ੍ਰਮੁੱਖ ਆਗੂ ਰਹੇ ਤੇ ਕੈਨੇਡਾ 'ਚ ਅਗਾਂਹਵਧੂ, ਉਸਾਰੂ ਤੇ ਵਿਗਿਆਨਕ ਜਥੇਬੰਦੀਆਂ ਨਾਲ ਜੁੜੇ ਹੋਏ ਡਾ. ਹਰਦੀਪ ਅਟਵਾਲ ਜੀ ਦੇ ਪੂਜਨੀਕ ਮਾਤਾ ਸੁਰਿੰਦਰ ਕੌਰ ਜੀ ਦਾ ਪਿਛਲੇ ਦਿਨੀਂ ਸੰਖੇਪ ਬਿਮਾਰੀ ਕਾਰਨ ਦਿਹਾਂਤ ਹੋ ਗਿਆ। ਬਹੁਤ ਹੀ ਚੰਗੇ ਤੇ ਮਿਲਣਸਾਰ ਸੁਭਾਅ ਦੀ ਮਾਲਕ ਮਾਤਾ ਸੁਰਿੰਦਰ ਕੌਰ ਜੀ ਦੇ ਅਚਾਨਕ ਸਦੀਵੀ ਵਿਛੋੜੇ ਨੇ ਜਿੱਥੇ ਡਾ. ਹਰਦੀਪ ਦੇ ਪੂਰੇ ਅਟਵਾਲ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਉੱਥੇ ਕੈਨੇਡਾ ਵਿੱਚ ਜੋਧਾਂ ਪਰਿਵਾਰ ਨੂੰ ਵੀ ਸਦਮਾ ਲੱਗਾ ਹੈ। ਇਸ ਦੁੱਖ ਦੀ ਘੜੀ 'ਚ ਡਾ. ਪ੍ਰਦੀਪ ਜੋਧਾਂ, ਸੰਗਰਾਮਬੀਰ ਕਪੂਰ, ਸ਼ੈਂਕੀ ਜੋਧਾਂ ਤੇ ਸਾਰੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਨਵਨੀਤ ਬੱਬੂ, ਵਿਜੇ ਬਹਿਲ, ਅਦਾਰਾ ਸਰੋਕਾਰਾਂ ਦੀ ਆਵਾਜ਼', ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਵੱਲੋਂ ਡਾ. ਹਰਦੀਪ ਕੈਨੇਡਾ ਤੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।


Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2023 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360



Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary



Call Romi Sidhu For Insurance & Financial Needs

StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN

# ਖਟਕੜ ਕਲਾਂ ਸਮਾਗਮ ਨੇ ਲੋਕ ਦੋਖੀ ਤਾਕਤਾਂ ਤੋਂ ਚੌਕੰਨੇ ਰਹਿਣ ਦਾ ਦਿੱਤਾ ਸੱਦਾ

## ਲੱਛੂ ਕਬਾੜੀਆ ਅਤੇ ਕਵੀਸ਼ਰੀ ਜੱਥਾ ਰਸੂਲਪੁਰ ਲੋਕ ਮਨਾਂ ਤੇ ਛਾਏ






ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ 'ਚ ਹੋਇਆ ਪ੍ਰਭਾਵਸ਼ਾਲੀ ਸਮਾਗਮ, ਲੋਕਾਂ ਦੇ ਮਨਾਂ ਤੇ ਅਮਿੱਟ ਛਾਪ ਛੱਡ ਗਿਆ।

ਵਰਨਣਯੋਗ ਹੈ ਕਿ 23 ਮਾਰਚ 1931 ਨੂੰ ਲਾਹੌਰ ਕੇਂਦਰੀ ਜੇਲ੍ਹ ਵਿੱਚ ਫਾਂਸੀ ਦੇ ਤਖ਼ਤੇ ਤੇ ਲਟਕਾਏ ਇਹਨਾਂ ਆਜ਼ਾਦੀ ਅਤੇ ਇਨਕਲਾਬ ਦੇ ਚਿੰਨ੍ਹਾਂ ਦੇ ਯਾਦਗਾਰੀ ਸਮਾਗਮ ਵਿੱਚ 23 ਮਾਰਚ 1988 ਨੂੰ ਸ਼ਹੀਦ ਕੀਤੇ ਗਏ ਨਾਮਵਰ ਕਵੀ ਅਵਤਾਰ ਪਾਸ਼ ਅਤੇ ਉਸਦੇ ਸਮਕਾਲੀ ਸ਼ਹੀਦਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਇਸ ਮੌਕੇ ਪਾਸ਼ ਦੀਆਂ ਭੈਣਾਂ ਪਰਮਿੰਦਰ ਪੰਮੀ ਗਿੱਲ ਅਮਰੀਕਾ ਤੋਂ ਅਤੇ ਰਾਜਿੰਦਰ ਕੌਰ ਹਾਲੈਂਡ ਨੇ ਉਚੇਚੇ ਤੌਰ ਤੇ ਖਟਕੜ ਕਲਾਂ ਸਮਾਗਮ ਵਿੱਚ ਪਹੁੰਚਕੇ 23 ਮਾਰਚ ਦੇ ਸ਼ਹੀਦਾਂ ਨੂੰ ਸਿਜਦਾ ਕੀਤਾ।

ਪਾਸ਼ ਦੀ ਭੈਣ ਪਰਮਿੰਦਰ ਕੌਰ ਨੇ ਕਿਹਾ ਕਿ ਪਾਸ਼ ਨੇ ਲਿਖਿਆ ਸੀ ਕਿ ਭਗਤ ਸਿੰਘ ਨੇ ਪੰਜਾਬ ਨੂੰ ਪਹਿਲਵਾਨਾਂ ਦੇ ਪੰਜਾਬ ਕਰਕੇ ਜਾਣੇ ਜਾਂਦੇ ਸੂਬੇ ਦੀ ਪਹਿਚਾਣ ਇੱਕ ਚਿੰਤਨਸ਼ੀਲ ਵਿਚਾਰਵਾਨ ਪੰਜਾਬ ਦੇ ਤੌਰ ਤੇ ਕਰਾਉਣ ਦੀ ਇਤਿਹਾਸਕ ਭੂਮਿਕਾ ਨਿਭਾਈ ਹੈ।

ਉਹਨਾਂ ਕਿਹਾ ਕਿ ਅੱਜ ਪੰਜਾਬ ਅੰਦਰ ਕਲਮ, ਕਲਾ ਅਤੇ ਸੰਗਰਾਮ ਦੀ ਮਜ਼ਬੂਤ ਜੋਟੀ ਪੈਣਾ ਬੇਹੱਦ ਮਹੱਤਵਪੂਰਨ ਹੈ।

ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਮੰਚ ਤੇ ਸ਼ਸ਼ੋਭਿਤ ਤਸਵੀਰਾਂ ਨੂੰ ਪਾਸ਼ ਦੀਆਂ ਭੈਣਾਂ, ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਸਮੂਹ ਮੈਂਬਰਾਂ, ਸਮਾਗਮ 'ਚ ਪੁੱਜੇ ਸਮੂਹ ਜੱਥੇਬੰਦੀਆਂ ਦੇ ਆਗੂਆਂ ਨੇ ਫੁੱਲ ਭੇਂਟ ਕਰਦੇ ਹੋਏ ਉਹਨਾਂ ਦੀ ਸੋਚ ਤੇ ਸੰਗਰਾਮ ਜਾਰੀ ਰੱਖਣ ਦਾ ਅਹਿਦ ਲਿਆ।

ਪੰਜਾਬ ਲੋਕ ਸੱਭਿਆਚਾਰਕ ਮੰਚ ( ਪਲਸ ਮੰਚ ) ਦੇ ਪ੍ਰਧਾਨ ਅਮੋਲਕ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਤ ਸਿੰਘ ਅਤੇ ਸਾਥੀਆਂ ਨੇ ਸਾਮਰਾਜ ਅਤੇ ਦੇਸੀ ਦਾਬੇ ਤੋਂ ਮੁਕਤ, ਆਜ਼ਾਦ, ਜਮਹੂਰੀ, ਜਾਤ ਪਾਤੀ ਵਿਤਕਰੇ ਤੋਂ ਮੁਕਤ ਅਤੇ ਬਰਾਬਰੀ ਭਰੇ ਰਾਜ ਅਤੇ ਸਮਾਜ ਦੀ ਸਿਰਜਣਾ ਲਈ ਜੋ ਮਾਰਗ ਰੌਸ਼ਨ ਕੀਤਾ ਉਸ ਲਈ ਲੋਕ ਸੰਗਰਾਮ ਜਾਰੀ ਰੱਖਣਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੈ।

ਉਹਨਾਂ ਕਿਹਾ ਕਿ ਪੰਜਾਬ ਨੂੰ ਫ਼ਿਰਕੂ ਅਤੇ ਹਕੂਮਤੀ ਦਹਿਸਤਗਰਦੀ ਦੇ ਮਾਹੌਲ ਵੱਲ ਧੱਕਣ ਲਈ ਬਣਾਈ ਸਕ੍ਰਿਪਟ ਤੋਂ ਖ਼ਬਰਦਾਰ ਰਹਿੰਦਿਆਂ ਪੰਜਾਬ ਵਾਸੀਆਂ ਨੂੰ ਆਪਣੇ ਹਕੀਕੀ ਲੋਕ ਮੁੱਦਿਆਂ ਤੇ ਜੱਦੋਜਹਿਦ ਨੂੰ ਹੋਰ ਵੀ ਸ਼ਕਤੀਸ਼ਾਲੀ ਕਰਨ ਲਈ ਮਿਲਕੇ ਤਾਣ ਲਾਉਣ ਦੀ ਲੋੜ ਹੈ।

ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਕਿਹਾ ਕਿ ਮਜ਼ਦੂਰ ਕਿਸਾਨ ਤਾਕਤ ਦੇ ਕਿਲ੍ਹੇ ਉਸਾਰਨਾ ਸਮੇਂ ਦੀ ਲੋੜ ਹੈ।

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਆਗੂ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਸੰਬੋਧਨ 'ਚ ਕਿਹਾ ਕਿ 23 ਮਾਰਚ ਦੇ ਸ਼ਹੀਦਾਂ ਨੇ ਮਨੁੱਖੀ ਹੱਕਾਂ ਦੀ ਰਾਖੀ ਲਈ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਅੱਜ ਜਮਹੂਰੀ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਬਿਨਾਂ ਮੁਕੱਦਮਾ ਚਲਾਏ ਵਰ੍ ?ਆਂ ਤੋਂ ਸੀਖਾਂ ਪਿੱਛੇ ਡੱਕੇ ਜਾਣ ਖ਼ ?ਲਾਫ਼ ਆਵਾਜ਼ ਬੁਲੰਦ ਕਰਨ ਦੀ ਲੋੜ ਹੈ।

ਕਿਸਾਨ ਆਗੂ ਤਲਵਿੰਦਰ ਹੀਰ ਨੇ ਕਿਹਾ ਕਿ ਲੋਕਾਂ ਦੀ ਮੁਕਤੀ ਦਾ ਰਾਹ ਦਰਸਾਵਾ ਇਹਨਾਂ ਸ਼ਹੀਦਾਂ ਦੀ ਦੇਣ ਤੋਂ ਸਬਕ ਸਿੱਖਣ ਦੀ ਲੋੜ ਹੈ।

ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਕਨਵੀਨਰ ਤੀਰਥ ਰਸੂਲਪੁਰੀ ਨੇ ਕਿਹਾ ਕਿ ਪੰਜਾਬ ਦੀ ਜੁਆਨੀ ਨੂੰ ਨਸ਼ਿਆਂ ਜਾਂ ਪਰਵਾਸ ਦੇ ਰਾਹਾਂ 'ਚ ਭਟਕਣ ਦੀ ਬਜਾਏ ਸ਼ਹੀਦਾਂ ਦੀ ਸੋਚ ਦੇ ਲੜ ਲੱਗਣ ਦੀ ਲੋੜ ਹੈ।

ਅਦਾਕਾਰ ਮੰਚ ਮੁਹਾਲੀ ਵੱਲੋਂ ਡਾ. ਸਾਹਿਬ ਸਿੰਘ ਦਾ ਲਿਖਿਆ, ਨਿਰਦੇਸ਼ਤ ਕੀਤਾ ਨਾਟਕ ਉਹਨਾਂ ਦੀ ਦਾ ਜਵਾਬ ਅਦਾਕਾਰੀ ਦਾ ਨਮੂਨਾ ਹੈ ਨਿੱਬੜਿਆ।

ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਨੇ ਬਹੁਤ ਹੀ ਭਾਵਪੂਰਤ ਕਵੀਸ਼ਰੀਆਂ ਨਾਲ ਲੋਕਾਂ ਨੂੰ ਜਾਗਰੂਕ ਕੀਤਾ। ਲੋਕ ਚਿਰਾਂ ਤੱਕ ਉਹਨਾਂ ਦੇ ਕਵੀਸ਼ਰੀਆਂ ਰਾਹੀਂ ਬੁਲੰਦ ਅਤੇ ਸੁਰੀਲੀ ਆਵਾਜ਼ ਨੂੰ ਚੇਤਿਆਂ 'ਚ ਵਸਾਈ ਰੱਖਣਗੇ।

ਨੌਜਵਾਨ ਕਵੀ ਤਲਵਿੰਦਰ ਸ਼ੇਰਗਿੱਲ, ਕਮਲ ਨੂਰ ਤਲਵੰਡੀ ਅਤੇ ਨੰਨ੍ਹੇ ਮੁੰਨੇ ਬੱਚਿਆਂ ਨੇ ਕਵਿਤਾਵਾਂ ਰਾਹੀਂ ਲੋਕਾਂ ਨਾਲ ਕਵਿਤਾ ਦੀ ਸਾਂਝ ਪਾਈ। ਮੰਚ ਸੰਚਾਲਨ ਦੀ ਭੂਮਿਕਾ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਮੈਂਬਰ ਖੁਸ਼ੀ ਰਾਮ ਗੁਣਾਚੌਰ ਨੇ ਨਿਭਾਈ।

NEW SERVICE BY CARE INC
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ
CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਅਮਿੱਟ ਪੈੜਾਂ ਦੀ ਹੂਕ

-ਗੁਰਮੇਲ ਸਿੰਘ ਬੌਡੇ



ਇਸ ਸਦੀ ਵਿੱਚ ਜਿੱਥੇ ਸੰਸਾਰ ਨੂੰ ਆਪਣੀ ਜਾਗੀਰ ਬਣਾਉਣ ਦੀਆਂ ਕੋਸ਼ਿਸ ਕਰਨ ਵਾਲੀਆਂ ਕੌਮਾਂਤਰੀ ਅਤੇ ਦੇਸੀ ਲੁਟੇਰੀਆਂ ਤਾਕਤਾਂ ਵਲੋਂ ਮਾਰਚ 2020 ਤੋਂ ਲੈ ਕੇ ਅਕਤੂਬਰ 2021 ਤੱਕ ਮਾਹਾਮਾਂਰੀ ਦਾ ਡਰ ਅਤੇ ਸਹਿਮ ਪੈਦਾ ਕਰਨ ਵਜੋਂ ਯਾਦ ਰੱਖਿਆ ਜਾਵੇਗਾ। ਇਹ ਡਰ ਪਿਛਲੀ ਸਦੀ ਵਿੱਚ ਦੂਸਰੇ ਸੰਸਾਰ ਯੁੱਧ ਭਾਰਤ ਪਾਕਿਸਤਾਨ ਦੀ ਵੰਡ 19 ਮਹੀਨੇ ਦੀ ਜੂਨ 1976 ਵਿੱਚ ਲਗਾਈ ਐਮਰਜੈਂਸੀ ਦੀ ਲੋਕ ਵਿਰੋਧੀ ਹਰਕਤ ਵਾਂਗ ਅਤੇ 1980 ਤੋਂ ਲੈ ਕੇ 1984 ਤੇ ਫੇਰ 1995 ਤੱਕ ਦੇ ਪੰਦਰਾਂ ਸਾਲਾਂ ਦੇ ਕਤਲੇਆਮ ਫਿਰਕੂ ਨਫਰਤ ਦੇ ਪਸਾਰੇ ਵਜੋਂ ਯਾਦ ਕਰਦੇ ਹਾਂ। ਉਥੇ ਅਸੀਂ 1913-14 ਦੇ ਗ਼ਦਰ ਲਹਿਰ ਕਰਤਾਰ ਸਿੰਘ ਸਰਾਭਾ ਸ਼ਹੀਦ ਰਾਜਗੁਰੂ ਸੁਖਦੇਵ ਭਗਤ ਸਿੰਘ, ਊਧਮ ਸਿੰਘ ਦੀਆਂ ਸਿਰ ਉੱਚਾ ਕਰਕੇ ਜਿਉਣ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਤੱਕ ਸੰਗਰਾਮੀ ਸੰਦੇਸ਼ ਵਜੋਂ ਵੀ ਯਾਦ ਕਰਦੇ ਹਾਂ। ਪੱਗੜੀ ਸੰਭਾਲ ਜੱਟਾਂ ਲਾਲ ਪਾਰਟੀ ਅਤੇ ਪੱਛਮੀ ਬੰਗਾਲ ਦੇ ਰੇਲਵੇ ਸਟੇਸ਼ਨ ਨਕਸਲਵਾੜੀ ਦੇ ਨਾਮ ਨਾਲ ਜੁੜੀ ਸੂਹੀ ਲਹਿਰ ਵੀ ਬੀਤੀ ਸਦੀ ਦੇ ਪ੍ਰੇਰਨਾ ਸਰੋਤ ਹਨ।

ਉਸ ਤਰ੍ਹਾਂ ਅਕਤੂਬਰ 2020 ਤੋਂ ਦਸੰਬਰ 2021 ਤੱਕ ਭਾਰਤ ਦੀ ਰਾਜਧਾਨੀ ਦੇ ਦੁਆਲੇ ਲੋਕਾਂ ਕੋਲੋਂ ਉਹਨਾਂ ਦੀ ਕਿਰਤ ਭੂਮੀ ਖੋਹਣ ਅਤੇ ਹੋਰ ਲੋਟੂ ਕਾਨੂਨਾਂ ਦੀ ਵਾਪਸੀ ਲਈ ਸਵਾ ਸਾਲ ਚੱਲਿਆ ਕਿਰਤੀ ਸੰਘਰਸ਼ ਇਸ ਸਦੀ ਦਾ ਸੁਨਿਹਰੀ ਪੰਨਾ ਹੈ। ਲੋਕ ਸ਼ਕਤੀ ਦਾ ਪ੍ਰਤੀਕ ਹੈ ਜਿਸਨੂੰ ਦੁਨੀਆਂ ਭਰ ਦੇ ਕਿਰਤੀ ਲੋਕਾਂ ਨੂੰ ਹੁਕਮਰਾਨਾ ਦੀ ਲੁੱਟ ਘਸੁੱਟ ਖਿਲਾਫ਼ ਸੰਗਰਾਮ ਵਿਢਣ ਦਾ ਸੱਦਾ ਦਿੱਤਾ। ਬਿਜਲਈ ਸੰਚਾਰ ਸਾਧਨਾਂ ਰਾਹੀਂ ਸਾਰੀ ਦੁਨੀਆਂ ਇਸ ਲੰਬੇ ਅਤੇ ਇਤਿਹਾਸਕ ਘੋਲ ਨੂੰ ਦੇਖ ਰਹੀ ਸੀ। ਇਹ ਸੰਘਰਸ਼ ਹੱਥਾਂ ਦੀਆਂ ਪੰਜ ਉਂਗਲਾਂ ਦੇ ਜੁੜਨ ਤੇ ਮੁੱਕੇ ਦਾ ਰੂਪ ਧਾਰਨ ਕਰਨ ਵਾਲਾ ਸੰਗਰਾਮੀ ਮੁੱਕਾ ਸੀ ਜਿਸਨੇ ਕਿ ਅੜੀਅਲ ਹਾਕਮਾਂ ਦੀਆਂ ਸਭ ਚਾਲਾਂ ਖੂਹ ਖਾਤੇ ਪਾ ਦਿੱਤੀਆਂ ਅਤੇ ਕੌਮਾਂਤਰੀ ਪੱਖੋਂ ਆਪਣੀ ਮਿੱਟੀ ਵਿੱਚ ਮਿਲ ਰਹੀ ਸ਼ਾਖ ਨੂੰ ਥੁੱਕ ਕੇ ਚੱਟਣ ਵਾਲੀ ਸਥਿਤੀ ਵਿੱਚ ਲਿਆ ਕੇ ਕਾਲੇ ਕਾਨੂੰਨ ਨੂੰ ਵਾਪਸ ਲੈਣ ਦਾ ਐਲਾਨ ਕਰਵਾ ਦਿੱਤਾ। ਸਾਰੀ ਦੁਨੀਆਂ ਕਿਸਾਨਾਂ ਦੀ ਇਸ ਜਿੱਤ ਨੂੰ ਦੇਖ ਰਹੀ ਸੀ। ਫਰਾਂਸ ਦੇ ਕਿਸਾਨਾਂ ਵੱਲੋਂ ਤੇਲ ਦੀਆਂ ਕੀਮਤਾਂ ਵਧਣ ਤੇ ਸੜਕਾਂ ਤੇ ਟਰੈਕਟਰ ਖੜੇ ਕਰਨ ਵਾਲਾ ਰੋਸ ਵੀ ਇੱਕ ਪ੍ਰੇਰਨਾ ਸੀ। ਅਮਰੀਕਾ ਦੇ ਧਨਾਢਾ ਵੱਲੋਂ ਖੇਤੀ ਸੈਕਟਰ ਨੂੰ ਖਤਰਾ ਕਰਕੇ ਧਨਾਢਾ ਦੇ ਹੱਥ ਸੌਂਪ ਕੇ ਛੋਟੇ ਕਿਸਾਨਾਂ ਨੂੰ ਮਜਦੂਰ ਬਣਾਉਣ ਵਾਲੇ ਕਿਰਤੀਆਂ ਲਈ ਇਹ ਸੰਗਰਾਮ ਪ੍ਰੇਰਨਾ ਸ੍ਰੋਤ ਬਣਿਆ। ਭਾਰਤ ਦੇ ਹੁਕਮਰਾਨ ਦੀ ਇਸ ਚਾਲ ਨੂੰ ਸਵਾ ਸਾਲ ਚੱਲੇ ਸੰਘਰਸ਼ ਅਤੇ ਧਨਾਢਾ ਦੇ ਟੋਲ ਪਲਾਜੇ ਵਪਾਰਕ ਅਦਾਰੇ ਅਤੇ ਸਿੰਮ ਜਾਨ ਕਰਨ ਦੇ ਸੱਦਿਆਂ ਨੇ ਸਿਰ ਫੜ ਕੇ ਸੋਚਣ ਲਈ ਮਜ਼ਬੂਰ ਕਰ ਦਿੱਤਾ ਸੀ। ਫੌਜ ਵਿੱਚ ਵੀ ਤਾਂ ਕਿਰਤੀਆਂ ਦੇ ਜਾਏ ਸਨ। ਉਹ ਆਪਣੇ ਮਾਪਿਆਂ ਤੇ ਗੋਲੀ ਕਿਵੇਂ ਚਲਾ ਸਕਦੇ ਸਨ? ਹੁਕਮਰਾਨ ਨੂੰ ਇਹ ਹਰਕਤ ਮਹਿੰਗੀ ਪੈ ਸਕਦੀ ਸੀ।

ਇਸ ਲਹਿਰ ਨੇ ਜੁਝਾਰੂ ਸਾਹਿਤ ਪੈਦਾ ਕੀਤਾ। ਹੁਕਮਰਾਨਾਂ ਦੀਆਂ ਲੋਕਾਂ ਕੁਰਾਹੇ ਪਾਉਣ ਵਾਲੀਆਂ ਫਿਲਮਾਂ ਲੱਚਰ ਗੀਤ ਠੁੱਸ ਹੋ ਕੇ ਰਹਿ ਗਏ। ਇਸ ਨਵੇਂ ਮਾਹੌਲ ਵਿੱਚ ਕਿਸਾਨਾਂ ਦੇ ਕਿਰਤੀਆਂ ਦੀ ਜ਼ਿੰਦਗੀ ਨਾਲ ਸਬੰਧਿਤ ਅਤੇ ਹਕੂਮਤਾਂ ਨੂੰ ਵੰਗਾਰਨ ਵਾਲੇ ਗੀਤ ਦਿੱਲੀ ਹਰਿਆਣਾ ਉੱਤਰ-ਪ੍ਰਦੇਸ਼ ਰਾਜਸਥਾਨ ਅਤੇ ਹੋਰ ਸੂਬਿਆਂ ਵਿੱਚ ਗੂੰਜਣ ਲੱਗੇ। ਹਾਕਮਾਂ ਵੱਲੋਂ ਸੂਬਿਆਂ ਦਰਮਿਆਨ ਖਿੱਚੀ ਨਫਰਤ ਦੀ ਲਕੀਰ ਅਸਮਾਨ ਵਿੱਚ ਉੱਡਦੇ ਜਹਾਜ ਦੇ ਧੂੰਏ ਵਾਂਗ ਬਿਖਰਨ ਲੱਗੀ। ਕਿਉਂਕਿ ਉਹ ਲਕੀਰ ਆਸਮਾਨ ਨੂੰ ਵੰਡ ਨਹੀ ਸਕਦੀ। ਧੁੱਪਾਂ ਦੀ ਹਵਾਵਾਂ ਦੀ ਬਾਰਸ਼ ਦੀ ਪਾਣੀਆਂ ਦੀ ਮਨੁੱਖ ਨਾਲ ਕੋਈ ਨ਼ਫਰਤ ਨਹੀਂ ਹੈ ਇਹ ਤਾਂ ਵੱਖ-ਵੱਖ ਹੁਕਮਰਾਨਾਂ ਵੱਲੋਂ ਧਰਤੀ ਦੀ ਪਾਣੀਆਂ ਦੀ ਅਤੇ ਹਵਾਈ ਖੇਤਰਾਂ ਵਿੱਚ ਪਾਈਆਂ ਵੰਡੀਆਂ ਦੀ ਨ਼ਫਰਤ ਹੈ। ਇਹਨਾਂ ਖਾਤਰ ਵੀ ਦੇਸ਼ ਇੱਕ-ਦੂਜੇ ਨਾਲ ਸੂਬੇ
















ਸੂਬਿਆਂ ਨਾਲ ਫਿਰਕੂ ਨਫ਼ਰਤ ਵਾਂਗ ਹੀ ਲੜਦੇ ਹਨ। ਇਹ ਘੋਲ ਸਾਂਝੀਵਾਲਤਾ ਦਾ ਸੱਦਾ ਦਿੰਦਾ ਸੀ। ਪੂਰਾ ਸਵਾ ਸਾਲ ਇਹ ਕਿਰਸਾਨੀ ਘੋਲ ਬਿਨ੍ਹਾਂ ਕਿਸੇ ਵਿਤਕਰੇ ਜਾਂ ਭੇਦ-ਭਾਵ ਦੇ ਇੱਕੋ ਦੇਗੇ ਵਿੱਚ ਬਣੀ ਦਾਲ-ਸ਼ਬਜੀ ਚਾਹ ਪੀਂਦੇ ਰਹੇ। ਇਹ ਦੇਗੇ ਭਾਵੇਂ ਪੰਜਾਬ ਦੇ ਸਨ ਜਾਂ ਹਰਿਆਣਾ ਦੇ ਜਾਂ ਉੱਤਰ-ਪ੍ਰਦੇਸ਼ ਦੇ ਸਨ। ਹੁਕਮਰਾਨਾ ਨੂੰ ਇਹ ਸਾਂਝੀਵਾਲਤਾ ਉਹਨਾਂ ਦੀ ਸੌੜੀ ਸਿਆਸਤ ਦੀ ਕੁਰਸੀ ਨੂੰ ਕੰਬਣੀ ਛੇੜ ਰਹੀ ਸੀ। ਦੂਸਰੇ ਪਾਸੇ ਇਸ ਸੰਘਰਸ਼ ਦੌਰਾਨ ਹਰ ਰੋਜ਼ ਕਿਸਾਨਾਂ ਦੀਆਂ ਮੌਤਾਂ ਜਿੰਨਾਂ ਦੀ ਗਿਣਤੀ ਸਵਾ ਸੱਤ ਸੌ ਦੇ ਕਰੀਬ ਪਹੁੰਚ ਗਈ ਸੀ ਅਤੇ ਹਰ ਦਿਨ ਔਸਤ ਦੋ ਸ਼ਹੀਦੀਆਂ ਲੋਕਾਂ ਨੂੰ ਇਸ ਮੋਰਚੇ ਤੇ ਡਟੇ ਰਹਿਣ ਦੇ ਸੰਕਲਪ ਨੂੰ ਜੁਰਬਾਂ ਦੇ ਰਹੇ ਸਨ। ਇਹ ਸਾਰੀਆਂ ਤਬਦੀਲੀਆਂ ਅਤੇ ਮਹੌਲ ਵਰਤਮਾਨ ਅਤੇ ਭਵਿੱਖ ਦੀਆਂ ਅਮਿੱਟ ਪੈੜਾਂ ਵਜੋਂ ਯਾਦ ਕੀਤੀਆਂ ਜਾਣਗੀਆਂ। ਜਿਨ੍ਹਾਂ ਨੇ ਹੁਕਮਰਾਨਾਂ ਦੀ ਛਾਤੀ ਭਾਵੇਂ ਉਹ ਕਿੰਨੇ ਵੀ ਇੰਚ ਦੀ ਕਿਉਂ ਨਾ ਹੋਵੇ ਉਪਰ ਉਹਨਾਂ ਉਪਰ ਵੀ ਲੋਕ ਵਿਰੋਧੀ ਹੋਣ ਦਾ ਠੱਪਾ ਖੁਣ ਦਿੱਤਾ ਸੀ।

ਕੌਮਾਂਤਰੀ ਪੱਧਰ ਤੇ ਕੋਈ ਵੀ ਖਿੱਤਾਂ ਹੋਵੇ ਹਾਕਮਾਂ ਦੀਆਂ ਹਕੂਮਤਾਂ ਦੌਰਾਨ ਉਹਨਾਂ ਵੱਲੋਂ ਕੀਤੇ ਗਏ ਲੋਕਾਂ ਤੇ ਜ਼ਬਰ ਜਾਂ ਦਬਾਉਣ ਦੀ ਨੀਤੀ ਖਿਲਾਫ਼ ਕੀਤੇ ਗਏ ਸੰਗਰਾਮ ਹਮੇਸ਼ਾਂ ਹੀ ਰੜਕਦੇ ਹਨ ਅਤੇ ਭਾਰਤੀ ਹਾਕਮਾਂ ਦੀਆਂ ਨਜ਼ਰਾਂ ਵਿੱਚ ਖੇਤੀ ਪ੍ਰਧਾਨ ਸੂਬਿਆਂ ਦੇ ਕਿਸਾਨਾਂ ਮਜ਼ਦੂਰਾਂ ਦੇ ਵਿਦਰੋਹ ਵਿੱਚ ਵਿਦਵਾਨਾਂ ਦਾ ਵਿਦਿਆਰਥੀਆਂ ਅਤੇ ਮੁਲਾਜਮਾਂ ਦੇ ਸਮੂਹਾਂ ਦਾ ਸ਼ਾਮਲ ਹੋਣਾ ਵੀ ਅੱਖਾਂ ਵਿੱਚ ਰੋੜ ਬਣਕੇ ਚੁਭਿਆ। ਜਦੋਂ ਕਿ ਹਰ ਹੁਕਮਰਾਨ ਨੂੰ ਪਤਾ ਹੁੰਦਾ ਹੈ ਕਿ ਜਿਸ ਵੀ ਹਕੂਮਤੀ ਤਾਕਤ ਨੇ ਲੋਕਾਂ ਦੇ ਖਿਲਾਫ਼ ਫੈਸਲੇ ਲਏ ਉਸ ਦਾ ਵਿਰੋਧ ਸਦਿਆਂ ਤੋਂ ਹੁੰਦਾ ਆਇਆ ਹੈ। ਆਰਥਿਕ ਪਾੜਾ ਆਰਥਿਕ ਲੁੱਟ ਮਾਨਸਿਕ ਤਸ਼ੱਦਦ ਅਤੇ ਅਨਿਆਂ ਅਜਿਹੇ ਲੋਕ ਰੋਹਾਂ ਦੀ ਬੁਨਿਆਦ ਹੁੰਦੇ ਹਨ। ਪਰ ਕੁਝ ਮੰਗਾਂ ਮੰਨਵਾ ਲੈਣ ਜਾਂ ਵਕਤੀ ਤੌਰ ਤੇ ਹਕੂਮਤਾਂ ਨੂੰ ਝੁਕਾਅ ਲੈਣ ਨਾਲ ਵਿਵਸਥਾ ਵਿੱਚ ਕੋਈ ਤਬਦੀਲੀ ਨਹੀ ਹੁੰਦੀ। ਵਿਵਸਥਾ ਨੂੰ ਬਦਲਣ ਲਈ ਲੋਕਾਂ ਦਾ ਸਿੱਖਿਅਤ ਹੋਣਾਂ ਬੌਧਿਕ ਪੱਧਰ ਤੇ ਚੇਤੰਨ ਹੋਣਾ ਧਰਮਾਂ ਅੰਧ ਵਿਸ਼ਵਾਸਾ ਅਤੇ ਮਨੁੱਖ ਨਾਲ ਮਨੁੱਖ ਦੇ ਵਿਤਕਰਿਆਂ ਤੋ ਉਪਰ ਉਠਣਾ ਲਾਜ਼ਮੀ ਹੁੰਦਾ ਹੈ। ਇਸ ਤੋਂ ਬਿਨਾਂ ਵਿਵਸਥਾ ਵਿੱਚ ਲੋਕ ਪੱਖੀ ਜਾਂ ਕਿਰਤੀਆਂ ਦੀ ਲੁੱਟ ਰਹਿਤ ਵਿਵਸਥਾ ਦੀ ਕਲਪਨਾ ਵੀ ਨਹੀ ਕੀਤੀ ਜਾ ਸਕਦੀ। ਜਿਵੇਂ ਕਿ ਜੇ ਮਨੁੱਖ ਦੀਆਂ ਪੰਜ ਉਂਗਲਾਂ ਇੱਕ ਮੁੱਕਾ ਬਣਦੀਆਂ ਹਨ ਤੇ ਇਸ ਤੋਂ ਬਿਨ੍ਹਾਂ ਤਾਂ ਇਕੱਲਾ ਅੰਗੂਠਾ ਬੇਬਸੀਆਂ ਅਤੇ ਕਰਜ਼ਿਆ ਲਈ ਅਸ਼ਟਾਮਾਂ ਤੇ ਨੀਲਾ ਨਿਸ਼ਾਨ ਲਗਾਉਣ ਅਤੇ ਉਂਗਲ ਕਿਸੇ ਅਧੀਏ ਪਊਏ ਜਾਂ ਹੋਰ ਲਾਲਚ ਜਾਂ ਨਿੱਜੀ ਖੁਦਗਰਜ਼ੀਆਂ ਲਈ ਸਿਆਸੀ ਚੋਣ ਤਮਾਸ਼ਿਆਂ ਤੇ ਵੋਟ ਪਾਉਣ ਸਮੇਂ ਕਾਲੀ ਸਿਆਹੀ ਲਗਾਉਣ ਤੱਕ ਹੀ ਮਹਿਦੂਦ ਰਹਿ ਜਾਂਦੀ ਹੈ ਜੋ ਕਿ ਕਾਲੀਆਂ ਅਤੇ ਲੋਕ ਦੇਖ ਹਕੂਮਤਾਂ ਨੂੰ ਪ੍ਰਵਾਨਗੀ ਦੇਣ ਵਾਲੀ ਕਾਲਖ ਬਣ ਕੇ ਸਾਡੀ ਹਿੱਸੇਦਾਰੀ ਦਾ ਸਬੂਤ ਬਣ ਕੇ ਰਹਿ ਜਾਂਦੀਆਂ ਹਨ। ਇਸ ਦਾ ਖਮਿਆਜ਼ਾ ਉਹਨਾਂ ਦੀ ਪੀੜੀ ਭੁਗਤਦੀ ਹੈ। ਜਦ ਇਸ ਵਰਤਾਰੇ ਵਿੱਚ ਨਸ਼ੇੜੀ ਬਣ ਕੇ ਜਾਂ ਆਦੀ ਹੋਣ ਤੇ ਫੜੇ ਜਾਣ ਤੇ ਜਾਂ ਇਸਦੀ ਪੂਰਤੀ ਲਈ ਕੋਈ ਛੋਟੀ ਵੱਡੀ ਚੋਰੀ ਜਾਂ ਸੀਨਾਜ਼ੋਰੀ ਖੋਹ ਖਿੰਡ ਦਾ ਸ਼ਿਕਾਰ ਹੋਣ ਤੇ ਕਲਮ ਅਤੇ ਮੁੱਕਾ ਬਣਨ ਵਾਲੀਆਂ ਉਂਗਲਾਂ ਥਾਣਿਆਂ ਅਦਾਲਤਾਂ ਵਿੱਚ ਹੱਥਾਂ ਦੀਆਂ ਉਂਗਲਾਂ ਦੇ ਡਿਜੀਟਲ ਜਾਂ ਕੋਰੇ ਕਾਗਜ਼ਾ ਤੇ ਨਿਸ਼ਾਨ ਦੇਣ ਤੱਕ ਸੀਮਤ ਰਹਿ ਜਾਂਦੀਆਂ ਹਨ। ਵਿਦਿਅਕ ਲਿਆਕਤ ਦੀ ਬੇਕਦਰੀ ਹੁੰਦੀ ਹੈ ਜੋ ਕਿ ਰੁਜਗਾਰ ਰਹਿਤ ਹੋ ਜਾਂਦੀ ਹੈ ਅਤੇ ਇਸ ਵਿੱਚੋਂ ਨਿਕਲਣ ਲਈ ਸਵੈ ਇੱਛਾ ਨਾਲ ਜਲਾਵਤਨ ਹੋਣਾ ਅਤੇ ਪ੍ਰਦੇਸ਼ਾਂ ਦੀ ਖਾਕ ਛਾਨਣਾ ਸਾਡੇ ਧੀਆਂ ਪੁੱਤਰਾਂ ਦੇ ਹੱਥ ਆਉਂਦਾ ਹੈ। ਕਿਸਾਨੀ ਸੰਘਰਸ਼ ਦੌਰਾਨ ਸਰਕਾਰ ਨੂੰ ਝੁਕਾਅ ਲੈਣ ਉਪਰੰਤ ਇਹ ਵਰਕਾ ਅਜੇ ਖਾਲੀ ਪਿਆ ਹੈ ਕੀ ਅਸੀਂ ਅਜਿਹੀ ਵਿਵਸਥਾ ਸਿਰਜ ਸਕਾਂਗੇ ਜਿੱਥੇ ਕੋਈ ਅਨਪੜ ਨਾ ਹੋਵੇ ਅੰਧਵਿਸ਼ਵਾਸੀ ਤੇ ਧਾਰਮਿਕ ਦਾਇਰਿਆ ਤੋਂ ਉਪਰ ਹੋਵੇ। ਦੁਨੀਆਂ ਵਿੱਚ ਨਾਸਤਿਕ ਉਸ ਨੂੰ ਕਿਹਾ ਜਾਂਦਾ ਹੈ ਜੋ ਗੈਰ ਵਿਗਿਆਨਕ ਵਰਤਾਰੇ ਨੂੰ ਮੰਨਣ ਤੋਂ ਇਨਕਾਰੀ ਹੋਵੇ। ਦੁਨੀਆਂ ਵਿੱਚ 4200 ਧਰਮ ਹਨ। ਇੱਕ ਮਨੁੱਖ ਇਹਨਾਂ ਸਾਰੇ ਧਰਮਾਂ ਦੇ ਅਸੂਲਾਂ ਤੇ ਨਹੀ ਚੱਲ ਸਕਦਾ। ਜੇ ਉਹ ਇੱਕ ਧਰਮ ਨੂੰ ਅਪਣਾਉਂਦਾ ਹੈ ਤਾਂ ਉਹ 4199 ਧਰਮ ਦੀਆਂ ਨਜਰਾਂ ਵਿੱਚ ਨਾਸਤਕ ਜਾਂ ਕਾਫ਼ਰ ਜਾਂ ਧਰਮ ਵਿਰੋਧੀ ਹੈ। ਜੇ ਉਹ ਬਹੁਗਿਣਤੀ ਧਰਮਾਂ ਵਿੱਚ ਨਾਸਤਿਕ ਹੈ ਤਾਂ ਵਿਸ਼ੇਸ਼ ਧਰਮ ਉਸਨੂੰ ਸਾਰਿਆਂ ਦੀਆਂ ਨਜ਼ਰਾਂ ਵਿੱਚ ਆਸਤਿਕ ਨਹੀ ਬਣਾ ਸਕਦਾ। ਫ਼ਰਕ ਸਿਰਫ਼ ਇੱਕ ਦਾ ਹੈ। ਜੇ ਇਹ ਦੇਖੀਏ ਤਾਂ ਇੱਕ ਮਨੁੱਖ 1% ਵਿੱਚ ਵੀ ਨਹੀ ਆਉਂਦਾ ਸਗੋਂ ਮਨਫੀ ਦਾ ਨਿਸ਼ਾਨ ਪਾ ਕੇ 00001% ਵਿੱਚ ਆਉਂਦਾ ਹੈ। ਜਿਸ ਦੇ ਹੰਕਾਰ ਜਾਂ ਮਾਣ ਵਿੱਚ ਉਹ ਲੋਕਾਂ ਦੇ ਸੰਘਰਸ਼ਾਂ ਨਾਲੋਂ ਟੁੱਟਕੇ ਦੂਸਰੇ ਧਰਮਾਂ ਨੂੰ ਕੈਰੀ ਅੱਖ ਨਾਲ ਦੇਖਣ ਵਿੱਚ ਦੰਗੇ ਫਸਾਦ ਕਰਨ ਵਿੱਚ ਲੰਘਾ ਦਿੰਦਾ ਹੈ ਅਤੇ ਆਪਣੀਆਂ ਜੀਵਨ ਤ੍ਰਾਸਦੀਆਂ ਨੂੰ ਉਸਦੀਆਂ ਸਮੱਸਿਆਵਾਂ ਦੇ ਮੂਲ ਕਾਰਨਾਂ ਨੂੰ ਸਮਝਣ ਤੋਂ ਅਸਮਰਥ ਹੋ ਕੇ ਅਗਲੇ ਜਨਮਾਂ ਦਾ ਭਰਮ ਸਿਰਜਦਾ ਹੈ। ਜਿੰਨੇ ਕੁ ਕਾਰਪੋਰੇਟ ਸਾਰੀ ਦੁਨੀਆਂ ਤੇ ਕਾਬਜ ਹੋ ਕੇ ਲੋਕਾਂ ਦੀ ਆਰਥਿਕ ਲੁੱਟ ਕਰ ਰਹੇ ਹਨ ਤਾਂ ਦੂਸਰੇ ਪਾਸੇ ਉਨੇ ਹੀ ਧਰਮ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਕਿਸਮਤ ਦੇ ਲੜ ਲਗਾ ਕੇ ਹਕੂਮਤਾਂ ਖਿਲਾਫ਼ ਸੰਗਰਾਮੀ ਸੋਚ ਦਾ ਤੀਜਾ ਨੇਤਰਬੰਦ ਕਰ ਦਿੰਦੇ ਹਨ ਕਿਉਂਕਿ ਇਹ ਧਰਮ ਸਥਾਪਤੀ ਦੇ ਹੱਕ ਵਿੱਚ ਭੁਗਤਦੇ ਹਨ ਅਤੇ ਇਸ ਕਰਕੇ ਇਹਨਾਂ ਨੂੰ ਹਕੂਮਤੀ ਸਰਪ੍ਰਸਤੀ ਹੁੰਦੀ ਹੈ। ਇਹਨਾਂ ਆਸਤਕਾਂ ਨੂੰ ਵੀ ਪਤਾ ਹੁੰਦਾ ਹੈ ਕਿ ਹਕੂਮਤਾਂ ਦੇ ਕਾਨੂੰਨ ਇਮਾਨਦਾਰ ਸੱਚੇ ਲੋਕਾਂ ਤੇ ਹੱਥੀ ਕਿਰਤ ਕਰਨ ਵਾਲੇ ਹਾਸ਼ੀਏ ਤੇ ਧੱਕੇ ਜਾ ਰਹੇ ਲੋਕਾਂ ਦੇ ਖਿਲਾਫ਼ ਹੈ। ਕਿਸਾਨੀ ਸੰਘਰਸ਼ ਦੌਰਾਨ ਕੋਈ ਵੀ ਧਰਮ ਸੰਚਾਲਕ ਕੋਈ ਪਾਸਟਰ ਕੋਈ ਮੌਲਵੀ ਕੋਈ ਸੰਤ ਜਾਂ ਤਖਤਾਂ ਦਾ ਮੁਖੀ ਇਸ ਸੰਘਰਸ਼ ਦੌਰਾਨ ਰੇਲਾਂ ਦੀਆਂ ਪਟੜੀਆਂ ਤੇ ਟੋਲ ਪਲਾਜਿਆਂ ਤੇ ਧਰਨਿਆਂ ਤੇ ਜਾਂ ਹਕੂਮਤੀ ਘੇਰਾਬੰਦੀ ਵਿੱਚ ਸ਼ਾਮਲ ਨਹੀ ਹੋਇਆ ਕਿਉਕਿ ਐਨੇ ਲੋਕਾਂ ਨੂੰ ਸਵਾ ਸਾਲ ਦੇਸ਼ ਦਾ ਮੁੱਖੀ ਪੁੱਛਣ ਵੀ ਨਹੀਂ ਆਇਆ ਜਦੋਂ ਕਿ ਵੱਖ-ਵੱਖ ਧਾਰਮਿਕ ਸਥਾਨਾਂ ਜਾਂ ਡੇਰਿਆਂ ਤੇ ਉਹ ਆਪ ਜਾਂਦਾ ਰਿਹਾ ਹੈ। ਉਹਨਾਂ ਕੋਲ ਹਕੂਮਤ ਦੇ ਮੁਖੀ ਨੂੰ ਪੂਰਾ ਦਿਨ ਦੇਣ ਦੀ ਫੁਰਸਤ ਵੀ ਹੈ। ਲੁਟੇਰਿਆਂ ਸਰਮਾਏਦਾਰਾਂ ਦੇ ਘਰ ਜਾ ਕੇ ਬਗਲਮੀਰ ਹੋਣ ਦਾ ਸਮਾਂ ਵੀ ਹੈ। ਪਰ ਸੰਗਰਾਮੀ ਲੋਕਾਂ ਦੀ ਗੱਲ ਸੁਣਨ ਦਾ ਸਮਾਂ ਨਹੀ ਹੈ। ਲੋਕਾਂ ਤੋਂ ਵੋਟਾਂ ਦੀ ਉੱਨ ਲਾਹੁਣ ਲਈ ਸੈਕੜੇ ਮੀਟਰ ਦੀ ਸੁਰੱਖਿਆ ਦੂਰੀ ਵਿੱਚ ਖੜਕੇ ਸ਼ਕਲ ਦਿਖਾਉਣਾ ਹੀ ਅਸੀਂ ਗ਼ਮੀਨਤ ਸਮਝ ਲੈਂਦੇ ਹਾਂ। ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹਿਤ ਵਿਵਸਥਾ ਦੀ ਸਿਰਜਣਾ ਲਈ ਸਵਾ ਸਾਲ ਤਾਂ ਕੀ ਸਵਾ ਦਹਾਕਾ ਵੀ ਲੱਗ ਸਕਦਾ ਹੈ। ਫੇਰ ਹੀ ਸਾਡੀਆ ਅਤੇ ਸਾਡੇ ਬੱਚਿਆਂ ਦੀਆਂ ਜ਼ਿੰਦਗੀਆਂ ਵਿੱਚ ਸੁਖਾਵਾਂ ਮੋੜ ਆ ਸਕਦਾ ਹੈ ਜੋ ਅਸਲ ਵਿੱਚ ਚੰਗੇ ਦਿਨ ਹੋਣਗੇ।

ਕਿਸਾਨੀ ਸੰਘਰਸ਼ ਦੌਰਾਨ ਬੱਤੀ ਜੱਥੇਬੰਦੀਆਂ ਨੇ ਅੰਗੂਰਾਂ ਦੇ ਗੁੱਛੇ ਵਾਂਗ ਤਵਾਰੀਖ ਦਾ ਸੁਆਦ ਬਦਲਿਆ ਹੈ। ਪਰ ਵੱਧ ਕੀਮਤ ਗੁੱਛੇ ਦੀ ਹੁੰਦੀ ਹੈ। ਕਿਰ ਕੇ ਇਕੱਲੇ ਇਕੱਲੇ ਹੋਏ ਅੰਗੂਰਾਂ ਨੂੰ ਤਾਂ ਦੇਖਣ ਵਾਲੇ ਵੀ ਮੂੰਹ ਪਾਸੇ ਕਰ ਲੈਂਦੇ ਹਨ। ਇਸੇ ਤਰਾਂ ਦਸੰਬਰ 2021 ਦੌਰਾਨ ਕਿਸਾਨ ਸੰਘਰਸ਼ ਤੋਂ ਵਾਪਸੀ ਉਪਰੰਤ ਇਹ ਗੁੱਛਾ ਇੱਕ-ਇੱਕ ਹੁੰਦਾ ਜਾਪਿਆ। ਇਹਨਾਂ 32 ਜੱਥੇਬੰਦੀਆਂ ਵਿੱਚੋਂ ਜੋ ਚੋਣ ਵਿਵਸਥਾ ਰਾਹੀ ਇਸ ਮੌਜੂਦਾ ਵਿਵਸਥਾ ਨੂੰ ਵੋਟਾਂ ਰਾਹੀ ਕਾਇਮ ਰੱਖਣ ਦੇ ਹਾਮੀ ਸਨ। ਉਹ ਚੋਣਾ ਦਾ ਐਲਾਨ ਹੋਣ ਤੇ ਵਰਤਮਾਨ ਹਕੂਮਤ ਨੂੰ ਹਰਾ ਕੇ ਦੂਸਰਿਆਂ ਪਾਰਟੀਆਂ ਨੂੰ ਜਿਤਾਉਣ ਦੀ ਮੁਹਿੰਮ ਵਿੱਚ ਕੁੱਦ ਪਏ ਜਦੋਂ ਕਿ ਲੋਕਾਂ ਪ੍ਰਤੀ ਨੀਤੀਆਂ ਸਭ ਪਾਰਟੀਆਂ ਦਾ ਲੋਕ ਹਿਤੈਸ਼ੀ ਨਹੀ ਹਨ। ਜਦ ਉਹ ਹਕੂਮਤ ਵਿੱਚ ਸਨ ਜਾਂ ਅੱਜ ਹੁੰਦੇ ਤਾਂ ਉਹਨਾਂ ਨੇ ਵੀ ਏਹੀ ਕੁਝ ਕਰਨਾ ਸੀ ਜੋ ਵਰਤਮਾਨ ਹਕੂਮਤੀ ਸਤਾ ਕਰ ਰਹੀ ਹੈ। ਸੋਚ ਇਸ ਵਿਰਾਮ ਚਿੰਨ ਤੋਂ ਅਗਾਂਹ ਜਾਣੀ ਚਾਹੀਦੀ ਹੈ। ਪਰ ਕੁਝ ਕਿਸਾਨ ਜੱਥੇਬੰਦੀਆਂ ਨੇ ਇਸ ਸਵਾ ਸਾਲ ਦੇ ਸੰਘਰਸ਼ ਵਿੱਚ ਇੱਕ ਭਰਮ ਪੈਦਾ ਕਰ ਦਿੱਤਾ ਕਿ ਹੁਣ ਉਹ ਨਾਇਕ ਬਣ ਗਏ ਹਨ ਅਤੇ ਜੇ ਉਹ ਚੋਣਾਂ ਵਿੱਚ ਖੜ ਜਾਣ ਤੇ ਸਤਾ ਸੁਆਦ ਭੋਗ ਸਕਦੇ ਹਨ। ਪਰ ਚੋਣਾਂ ਦੌਰਾਨ ਉਹਨਾਂ ਦਾ ਇਹ ਭਰਮ ਟੁੱਟ ਗਿਆ ਅਤੇ ਜਿਨਾਂ ਦੇ ਦਿਮਾਗਾਂ ਵਿੱਚ ਵੱਖ-ਵੱਖ ਪਾਰਟੀਆਂ ਦਾ ਪ੍ਰਭਾਵ ਭਾਰੂ ਸੀ ਜਿਨ੍ਹਾਂ ਦੀ ਮਾਨਸਿਕਤਾ ਨੂੰ ਹਕੂਮਤੀ ਖ਼ਾਸੇ ਨੂੰ ਸਮਝਣ ਵਿੱਚ ਵੱਖ-ਵੱਖ ਸਟੇਜਾਂ ਤੋਂ ਰੋਜ਼ਾਨਾ ਵੱਖ-ਵੱਖ ਬੁਤਾਰਿਆਂ ਦੀ ਲੋਕਾਂ ਨੂੰ ਬੌਧਿਕ ਪੱਖੋਂ ਚੇਤੰਨ ਕਰਨ ਲਈ ਸਟੇਜਾਂ ਤੋਂ ਦਿੱਤੀ ਜਾਂਦੀ ਅਤੀਤ-ਵਰਤਮਾਨ ਅਤੇ ਭਵਿੱਖ ਦੀ ਸਕੂਲਿੰਗ ਛਾਪ ਨਾ ਛੱਡ ਸਕੀ ਅਤੇ ਕਿਸਾਨ ਜੱਥੇਬੰਦੀਆਂ ਨੂੰ ਚੋਣਾਂ ਵਿੱਚ ਦੂਸਰਿਆਂ ਪਾਰਟੀਆਂ ਦੇ ਵਲ ਛਲ ਤੇ ਭ੍ਰਿਸ਼ਟ ਵਰਤਾਰੇ ਦਾ ਸ਼ਿਕਾਰ ਹੋ ਕੇ ਇਹਨਾਂ ਨੂੰ ਲਾਇਕ ਤੋਂ ਨਲਾਇਕ ਸਿੱਧ ਕਰ ਦਿੱਤਾ ਜੋ ਕਿ ਪੰਜ ਸੌ ਵੋਟ ਨਹੀਂ ਲੈ ਸਕੇ ਤੇ ਜੋ ਕਿਸਾਨ ਸੰਘਰਸ਼ ਦੇ ਸਿਖਰ ਦੌਰਾਨ ਪੰਜ ਲੱਖ ਲੋਕਾਂ ਨੂੰ ਵੀ ਸੰਬੋਧਿਤ ਹੁੰਦੇ ਰਹੇ ਸਨ। ਜਿਸ ਨੇ ਇਹ ਸਿੱਧ ਕਰ ਦਿੱਤਾ ਕਿ ਮੌਜੂਦਾ ਵਿਵਸਥਾ ਨੂੰ ਵੋਟਾਂ ਰਾਹੀ ਕਾਇਮ ਰੱਖਕੇ ਹਕੂਮਤ ਕਰਨ ਵਾਲਿਆਂ ਨੇ ਲੋਕ ਹਿੱਤਾਂ ਨੂੰ ਪਰਜਾਏ ਸੰਗਰਾਮੀ ਲੋਕਾਂ ਲਈ ਦੱਸ ਦਿੱਤਾ ਕਿ ਚੋਣਾਂ ਦੇ ਤੌਰ ਤਰੀਕਿਆਂ ਨਾਲ ਲੜਨ ਦੇ ਅਤੇ ਸੰਘਰਸ਼ ਦੇ ਰਾਹ ਵਿੱਚ ਕੀ ਅੰਤਰ ਹੈ। ਇਹ ਵਰਤਾਰਾ 1984 ਵਿੱਚ ਵੀ ਵਾਪਰਿਆ ਸੀ ਜਦ ਪੰਜਾਬ ਦੀ ਭਾਰਤੀ ਕਿਸਾਨ ਯੂਨੀਅਨ ਨੇ ਕਿਸਾਨੀ ਸੰਘਰਸ਼ ਸ਼ੁਰੂ ਕਰਕੇ ਰਾਜਧਾਨੀ ਨੂੰ ਘੇਰਾ ਪਾਇਆ ਅਤੇ ਪੰਜਾਬ ਦੇ ਗਵਰਨਰ ਜੀ.ਬੀ.ਪਾਂਡੇ ਸਨ ਅਤੇ ਉਸਤੋਂ ਬਾਅਦ ਪੰਜਾਬ ਦੀ ਇਹ ਭਾਰਤੀ ਕਿਸਾਨ ਯੂਨੀਅਨ ਦਾ ਸੂਬਾ ਪੱਧਰ ਦਾ ਆਗੂ ਸਿਆਸੀ ਪਾਰਟੀ ਦਾ ਦੁੱਮ ਛੱਲਾ ਬਣ ਕੇ ਰਹਿ ਗਿਆ ਸੀ। ਇਸ ਨਾਲ ਕੁਝ ਮਿਲਦਾ ਜੁਲਦਾ ਇੱਕ ਸੰਘਰਸ਼ ਵੀ ਵਾਪਰਿਆ ਹੈ।

ਵਰਤਮਾਨ ਸਮੇਂ ਬਹੁਤ ਸਾਰੀਆਂ ਕਿਸਾਨ ਜੱਥੇਬੰਦੀਆਂ ਵਿੱਚ ਮੌਸਮੀ ਬੀਮਾਰੀਆਂ ਵਾਲੇ ਲੱਛਣ ਪ੍ਰਗਟ ਹੋਏ ਹਨ ਕਿ ਉਹਨਾਂ ਨੇ ਇੱਕ ਦੂਜੇ ਵੱਲ ਹੀ ਅਲੋਚਨਾਂ ਦੀਆਂ ਉਂਗਲਾਂ ਉਠਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ 65 ਦੇ ਕਰੀਬ ਮਿਸ਼ਲਾਂ ਨੇ ਜਾਬਰ ਮੁਗਲਾਂ ਖਿਲਾਫ਼ ਖੂਨ ਡੋਲਵੀਂ ਲੜਾਈ ਲੜੀ ਛੋਟੇ ਵੱਡੇ ਘੱਲੂਘਾਰਿਆਂ ਦੇ ਦੋਸ਼ੀਆਂ ਤੇ ਹਮਲੇ ਬੋਲੇ ਅਤੇ ਅਬਦਾਲੀ ਨੂੰ ਮੂੰਹ ਦੀ ਖਾਣੀ ਪਈ ਅਤੇ ਕਈ ਪੱਟੀ ਵਾਲੇ ਬਾਬਾ ਆਲਾ ਸਿੰਘ ਵਰਗੇ ਅਬਦਾਲੀ ਨਾਲ ਇੰਜ ਬਗਲਮੀਰ ਹੋ ਗਏ ਜਿਵੇਂ ਕਿ ਉਹ ਸਕੇ ਸੋਧਰੇ ਹੋਣ। ਫੇਰ ਏਹੀ ਰੰਗ ਅਰੂੜ ਸਿੰਘ ਅਤੇ ਮਜੀਠੀਆ ਖਾਨਦਾਨ ਨੇ ਜਨਰਲ ਡਾਇਰ ਦੇ ਨਾਲ ਬਗਲਮੀਰ ਹੋ ਕੇ ਕਲੰਕਤ ਵਰਤਾਰੇ ਨੂੰ ਦੁਹਰਾਇਆ। ਫੇਰ 65 ਤੋਂ 12 ਮਿਸਲਾਂ ਬਣੀਆਂ ਜਦੋਂ ਮੁਗਲ ਸਾਮਰਾਜ ਦਾ ਖਤਰਾ ਘੱਟ ਗਿਆ ਤਾਂ ਇਹਨਾਂ ਮਿਸਲਾਂ ਦੇ ਆਗੂਆਂ ਨੇ ਆਪਸ ਵਿੱਚ ਲੜਨਾਂ ਸ਼ੁਰੂ ਕਰ ਦਿੱਤਾ ਤੇ ਅਖੀਰ ਸਾਰੀਆਂ ਮਿਸਲਾਂ ਇਸ ਪਾਟੋਧਾੜ ਵਿੱਚ ਸੁਕਰਚੱਕੀਆਂ ਮਿਸਲ ਵਿੱਚ ਸਮੋ ਗਈਆ ਅਤੇ ਇਹ ਮਿਸਲ ਵੀ ਅੰਗਰੇਜ਼ੀ ਸਾਮਰਾਜ ਅੱਗੇ ਟਿਕ ਨਾਂ ਸਕੀ ਤੇ ਸੌ ਸਾਲ ਦੀ ਗੁਲਾਮੀ ਭੁਗਤਣੀ ਪਈ। ਇਸ ਨੂੰ ਕਹਿੰਦੇ ਹਨ ਕਿ ਕੋਹਾਂ ਦਾ ਖੁੰਡਿਆਂ ਸਦੀਆਂ ਤੇ ਜਾ ਪੈਂਦਾ ਹੈ। ਉਹਨਾਂ ਮਿਸਲਾਂ ਵਾਂਗ ਇਹ ਵਰਤਾਰਾ ਅੱਜ ਪੰਜਾਬ ਦੇ ਦ੍ਰਿਸ਼ ਤੇ ਭਾਰੂ ਹੈ।

ਕਿਸਾਨ ਸੰਘਰਸ਼ ਦੇ ਪੂਰੇ ਸਵਾ ਸਾਲ ਦੌਰਾਨ ਪਈਆਂ ਅਮਿੱਟ ਪੈੜਾਂ ਤੇ ਅੱਜ ਧੂੜ ਪੈ ਰਹੀ ਹੈ ਜੋ ਕਿ ਇਸਦੀ ਦਿੱਖ ਨੂੰ ਮੱਧਮ ਪਾ ਰਹੀ ਹੈ। ਸੰਗਰਾਮੀ ਇਤਿਹਾਸ ਦੇ ਪ੍ਰੇਰਨਾ ਸਰੋਤ ਸਥਾਨਾਂ ਨੂੰ ਠੁੱਡੇ ਮਾਰ ਕੇ ਉਹਨਾਂ ਦੀ ਦਿੱਖ ਮਿਟਾਈ ਜਾ ਰਹੀ ਹੈ। ਲਾਹੌਰ ਵਿੱਚ ਸ਼ਹੀਦ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਦਾ ਸ਼ਹਾਦਤ ਸਥਾਨ ਇੱਕ ਚੌਂਕ ਵਿੱਚ ਬਦਲ ਗਿਆ ਹੈ। ਹੁਸੈਨੀ ਵਾਲੇ ਇਹਨਾਂ ਸ਼ਹੀਦਾਂ ਦੇ ਸਥਾਨ ਨੂੰ ਪਾਰਕ ਰੂਪ ਦੇ ਕੇ ਸੈਰ ਸਪਾਟੇ ਵਾਲੀ ਜਗ੍ਹਾ ਦੇ ਰੂਪ ਵਿੱਚ ਤਬਦੀਲ ਕਰ ਦਿੱਤਾ ਹੈ ਜਿਥੇ ਕਿ ਅਕਲ ਵਿਹੂਣੇ ਸ਼ਰਾਬ ਦੀਆਂ ਬੋਤਲਾਂ ਵੀ ਉਥੇ ਸੁੱਟ ਆਉਂਦੇ ਹਨ। ਇਸ ਤਰ੍ਹਾਂ ਜੱਲਿਆਂ ਵਾਲੇ ਬਾਗ ਦੀ ਦਿੱਖ ਨਾਲ ਹੋ ਰਿਹਾ ਹੈ। ਇਹ ਸਭ ਸਰਕਾਰ ਬਾਰੇ ਸਿਆਸੀਕਾਰ ਕਰ ਰਹੇ ਹਨ ਅਤੇ ਗੁਰੂ ਇਤਿਹਾਸ ਨਾਲ ਸਬੰਧਿਤ ਚਮਕੌਰ ਦੀ ਕੱਚੀ ਗੜ੍ਹੀ ਅਤੇ ਖਿਦਰਾਣੇ ਦੀ ਢਾਬ ਨੂੰ ਬੇਕਾਰ ਸੇਧ ਵਾਲੇ ਬਾਬੇ ਕਰ ਰਹੇ ਹਨ। ਇਹ ਦੋਵੇਂ ਧਿਰਾਂ ਕਰੰਘੜੀ ਪਾ ਕੇ ਲੋਕਾਂ ਦਾ ਗੌਰਵ ਮਈ ਮੱਸ ਮਾਰ ਕੇ ਇਸ ਨੂੰ ਸਿਰਫ਼ ਗੋਲਕਾਂ ਤੱਕ ਸੀਮਤ ਕਰ ਰਹੇ ਹਨ ਅਤੇ ਜੇ ਦੇਖਿਆ ਜਾਵੇ ਤਾਂ ਵੋਟ ਬਕਸਾ ਵੀ ਇੱਕ ਗੋਲਕ ਵਾਂਗ ਹੀ ਹੈ ਜੋ ਥਾਂ-ਥਾਂ ਤੇ ਰੱਖਿਆ ਜਾਂਦਾ ਹੈ। ਜੋ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਸੰਦੇਸ਼ ਕਿ ਜਦੋਂ ਸਾਰੇ ਹੀਲੇ ਮੁੱਕ ਜਾਣ ਤਾਂ ਹਥਿਆਰ ਚੁੱਕਣਾ ਜਾਇਜ਼ ਹੈ। ਜ਼ੁਲਮ ਕਰਨਾ ਅਤੇ ਸਹਿਣਾ ਪਾਪ ਹੈ ਭਾਵ ਗਲਤ ਹੈ ਤੋ ਲੋਕਾਂ ਨੂੰ ਦੂਰ ਲਿਜਾ ਰਹੇ ਹਨ ਅਤੇ ਅਰੂੜ ਸਿੰਘ ਅਤੇ ਮਜੀਠੀਆਂ ਖਾਨਦਾਨ ਅਤੇ ਗਾਂਧੀਵਾਦ ਜਿਸਨੇ ਸਹੀਦ ਊਧਮ ਸਿੰਘ ਬਾਰੇ ਸਰ ਮਾਈਕਲ ਉਡਵਾਇਰ ਦੇ ਪ੍ਰੀਵਾਰ ਨੂੰ ਤਾਰ ਕਰਕੇ ਹਮਦਰਦੀ ਜਿਤਾਈ ਸੀ ਕਿ "ਮੈਨੂੰ ਇੱਕ ਸਿਰ ਫਿਰੇ ਭਾਰਤੀ ਦੀ ਸ਼ਰਮਨਾਕ ਕਰਤੂਤ ਤੇ ਬੇਹੱਦ ਅਫਸੋਸ ਹੈ" ਗੁਰੂ ਗੋਬਿੰਦ ਸਿੰਘ ਨੂੰ ਉਸਨੇ "ਗੁਰੂ ਗੋਬਿੰਦ ਸਿੰਘ ਜੀ ਇੱਕ ਭੁੱਲੜ ਦੇਸ਼ ਭਗਤ ਸਨ।" ਦੇਸ਼ ਭਗਤ ਕਦੇ ਭੁੱਲੜ ਨਹੀਂ ਹੁੰਦੇ। ਪਰ ਵੋਟ ਬਕਸੇ ਦੀ ਗੋਲਕ ਸਾਨੂੰ ਇਹਨਾਂ ਲੋਕ ਵਿਰੋਧੀ ਤਾਕਤਾਂ ਦੀਆਂ ਖਾਨਦਾਨੀ ਝੋਲੀਆਂ ਵਿੱਚ ਸੁੱਟ ਰਹੀ ਹੈ।

ਸੂਝਵਾਨ ਲੋਕ ਵੱਡੀਆਂ ਪ੍ਰਾਪਤੀਆਂ ਲਈ ਛੋਟੀਆਂ ਗੱਲਾਂ ਦੀ ਕੁਰਬਾਨੀ ਕਰਦੇ ਹਨ ਅਤੇ ਬੌਧਿਕ ਪੱਖੋਂ ਖੁੰਢੇ ਕਹਿਨੁਮਾ ਜਾਂ ਲੋਕ ਛੋਟੀਆਂ ਪ੍ਰਾਪਤੀਆਂ ਖਾਤਰ ਵੱਡੇ ਅਸੂਲਾਂ ਨੂੰ ਘੱਟੇ ਵਿੱਚ ਰਲ੍ਹਾ ਦਿੰਦੇ ਹਨ। ਵਰਤਮਾਨ ਸਮੇਂ ਸਵਾ ਸਾਲ ਹਕੂਮਤ ਖਿਲਾਫ਼ ਲੜਨ ਵਾਲਿਆਂ ਦਾ ਇਹ ਹਸ਼ਰ ਹੋ ਰਿਹਾ ਹੈ। ਜਿਸ ਦਾ ਕਿ ਸਰੂਪ ਜਾਂ ਦਿੱਖ ਬਿਲਕੁਲ ਸਿਆਸੀ ਪਾਰਟੀਆਂ ਵਰਗੀ ਹੈ। ਘੱਟੋ-ਘੱਟ ਇਹ ਕਿਰਮ ਸੰਗਰਾਮੀ ਜੱਥੇਬੰਦੀਆਂ ਵਿੱਚ ਨਹੀਂ ਹੋਣੇ ਚਾਹੀਦੇ ਸੀ। ਜਿਵੇਂ ਸਿਆਸੀ ਪਾਰਟੀਆਂ ਵਿੱਚ ਦਲਬਦਲੀ ਦਾ ਰੁਝਾਨ ਭਾਰੂ ਹੈ। ਕੋਈ ਕਾਂਗਰਸ ਛੱਡ ਕੇ ਭਾਜਪਾ ਵਿੱਚ ਅਤੇ ਕਈ ਦੋਹਾਂ ਨੂੰ ਛੱਡਕੇ ਕੇਜਰੀਵਾਲ ਦੀ ਝੋਲੀ ਵਿੱਚ ਡਿੱਗ ਰਹੇ ਹਨ ਜਾਂ ਆਪੋ ਆਪਣੀਆਂ ਪਹਿਲੀਆਂ ਪਾਰਟੀਆਂ ਵਿੱਚੋਂ ਕੱਢੇ ਜਾ ਰਹੇ ਹਨ ਬਿਲਕੁਲ ਉਸ ਤਰ੍ਹਾਂ ਕੁਝ ਕਿਸਾਨ ਜੱਥੇਬੰਦੀਆਂ ਵਿੱਚ ਵੀ ਇਹ ਸਿਆਸੀ ਪਾਰਟੀਆਂ ਵਾਲੇ ਜਰਾਸੀਮ ਉਹਨਾਂ ਦੀ ਜ਼ਹਿਨੀਅਤ ਵਿੱਚ ਪ੍ਰਵੇਸ਼ ਕਰ ਚੁੱਕੇ ਹਨ। ਜਿਵੇਂ ਇੱਕ ਸਿਆਸੀ ਪਾਰਟੀ ਦੂਜੀ ਪਾਰਟੀ ਨੂੰ ਛੱਡ ਕੇ ਆਉਣ ਵਾਲੇ ਦਾ ਫੁੱਲਾਂ ਦਾ ਹਾਰ ਪਾ ਕੇ ਸੁਆਗਤ ਕਰ ਰਹੇ ਹਨ। ਉਸੇ ਤਰ੍ਹਾਂ ਅਹਿਮ ਕਿਸਾਨ ਜੱਥੇਬੰਦੀਆਂ ਵਿੱਚੋਂ ਜੋ ਆਗੂ ਕਿਸੇ ਕਾਰਨ ਕੱਢੇ ਜਾ ਰਹੇ ਹਨ ਉਸਨੂੰ ਦੂਸਰੀ ਕਿਸਾਨ ਜੱਥੇਬੰਦੀ ਬਾਹਾਂ ਅੱਡ ਕੇ ਆਪਣੇ ਵਿੱਚ ਸ਼ਾਮਲ ਕਰ ਰਹੀ ਹੈ ਜਾਂ ਉਹਨਾਂ ਨਾਲ ਉਹਨਾਂ ਦੇ ਸਮਰਥਕ ਜਾ ਰਹੇ ਹਨ ਇਹ ਕੋਈ ਸਿਹਤਮੰਦ ਰੁਝਾਨ ਨਹੀਂ ਸਗੋਂ ਇਹ ਸਿੱਧ ਕਰਦਾ ਹੈ ਕਿ ਸੰਗਰਾਮੀ ਜੱਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਦੇ ਇਸ ਰੁਝਾਨ ਵਿੱਚ ਕੋਈ ਫ਼ਰਕ ਨਹੀ ਹੈ।

ਕੋਈ ਇਹ ਮਹਿਸੂਸ ਹੀ ਨਹੀ ਕਰ ਰਿਹਾ ਕਿ ਜੋ ਆਗੂ ਆਪਣੀ ਪਹਿਲੀ ਜੱਥੇਬੰਦੀ ਪਾਰਟੀ ਦੇ ਕਾਇਦੇ ਕਾਨੂੰਨ ਮੁਤਾਬਿਕ ਨਹੀਂ ਚੱਲ ਸਕਿਆ ਜਾਂ ਉਸ ਸੋਚ ਪ੍ਰਤੀ ਪ੍ਰਤੀਬੱਧ ਨਹੀਂ ਹੋ ਸਕਿਆ ਉਹ ਤੁਹਾਡੇ ਪ੍ਰਤੀ ਵਫ਼ਾਦਾਰ ਕਿਵੇਂ ਸਿੱਧ ਹੋਵੇਗਾ? ਸਿਆਸੀ ਪਾਰਟੀਆਂ ਦੇ ਆਗੂ ਤਾਂ ਆਪਣੇ ਘਪਲਿਆਂ ਜਾਂ ਭ੍ਰਿਸ਼ਟਾਚਾਰ ਨੂੰ ਛੁਪਾਉਣ ਲਈ ਅਜਿਹਾ ਵਰਤਾਰਾ ਕਰਦੇ ਹਨ ਪਰ ਨਿਰਸੁਆਰਥ ਹੋ ਕੇ ਲੋਕ ਹਿੱਤਾਂ ਨੂੰ ਪਰ ਨਾਈਆਂ ਸੰਗਰਾਮੀ ਜੱਥੇ ਬੰਦੀਆਂ ਦਾ ਇਹ ਵਰਤਾਰਾ ਉਹਨਾਂ ਲੋਕਾਂ ਨੂੰ ਜੋ ਬੌਧਿਕ ਪੱਖੋਂ ਇਹ ਸੰਗਰਾਮੀ ਆਗੂਆਂ ਦੇ ਮੁਕਾਬਲੇ ਬਹੁਤ ਘੱਟ ਚੇਤੰਨ ਹਨ ਉਹਨਾਂ ਨੂੰ ਵੱਡੀਆਂ ਪ੍ਰਾਪਤੀਆਂ ਤੋਂ ਥਿੜਕਾ ਕੇ ਛੋਟੇ ਮੋਟੇ ਨਿੱਜੀ ਮੁਫਾਦਾ ਲਈ ਫੇਰ ਸਿਆਸੀ ਪਾਰਟੀਆਂ ਦੀ ਝੋਲੀ ਵਿੱਚ ਸੁੱਟ ਦਿੰਦਾ ਹੈ। ਜਿਵੇਂ ਕਿ ਇਤਿਹਾਸ ਵਿੱਚ ਸ਼ਹੀਦ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦੇ ਨਾਲ ਰਹੇ ਦੋਸਤ ਜੈ ਗੋਪਾਲ ਵਰਗੇ ਉਹਨਾਂ ਹੀ ਖਿਲਾਫ਼ ਵਾਅਦਾ ਮੁਆਫ ਗਵਾਹ ਬਣ ਗਏ ਸਨ ਅਤੇ ਅੰਗਰੇਜ਼ਾਂ ਕੋਲੋ ਖੈਰਾਤਾਂ ਲਈਆਂ ਪਰ ਉਹਨਾਂ ਨੂੰ ਕਿਸੇ ਵੀ ਅੰਗਰੇਜ਼ ਵਿਰੋਧੀ ਸੰਗਰਾਮੀ ਲਹਿਰ ਨੇ ਅਜ਼ਾਦੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਮੂੰਹ ਨਹੀਂ ਲਗਾਇਆ। ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਗੁਰਦਾਸ ਨੰਗਲ ਦੀ ਗੜ੍ਹੀ ਵਿੱਚੋਂ ਗਦਾਰੀ ਕਰਕੇ ਗਏ ਬਾਬਾ ਬਾਜ਼ ਸਿੰਘ ਤੇ ਵਿਨੋਦ ਸਿੰਘ ਨੂੰ ਕਿਸੇ ਨੇ ਮੂੰਹ ਨਹੀਂ ਸੀ ਲਗਾਇਆ। ਫਿਰ ਲੋਕਾਂ ਪ੍ਰਤੀ ਪ੍ਰਤੀਬੱਧ ਅਤੇ ਸਵਾ ਸਾਲ ਇਤਿਹਾਸਕ ਸੰਘਰਸ਼ ਲੜ ਕੇ ਏਕਤਾ ਦਾ ਸਬੂਤ ਬਣਨ ਵਾਲੀਆਂ ਜੱਥੇਬੰਦੀਆਂ ਦਾ ਇੱਕ ਦੂਜੇ ਦੇ ਛੋਟੇ ਜਾਂ ਵੱਡੇ ਪੱਧਰ ਦੇ ਆਗੂਆਂ ਨੂੰ ਜੋ ਕਿ ਇੱਕ ਜੱਥੇਬੰਦੀ ਨੂੰ ਛੱਡ ਕੇ ਦੂਜੀ ਵੱਲ ਆਉਣ ਵਾਲੇ ਨੂੰ ਮੂੰਹ ਲਗਾਉਣ ਭਵਿੱਖ ਦੀ ਇੱਕ ਬਹੁਤ ਵੱਡੀ ਗਲਤੀ ਹੈ ਇੱਕ ਧੂੜ ਹੈ ਜੋ ਕਿ ਉਹ ਉਹਨਾਂ ਸੰਗਰਾਮੀ ਪੈੜਾਂ ਤੇ ਭੁੱਕ ਰਹੇ ਹਨ ਜੇ ਇਸਨੂੰ ਖੇਹ ਕਹਿ ਲਿਆ ਜਾਵੇ ਤਾਂ ਅਤਿ ਕਥਨੀ ਨਹੀ ਹੋਵੇਗਾ। ਪੰਜਾਬੀ ਭਾਸ਼ਾ ਦਾ ਅਖਾਣ ਹੈ ਕਿ "ਕੁੱਕੜ ਖੇਹ ਉਡਾਈ ਤੇ ਆਪਣੇ ਸਿਰ ਪਾਈ"

ਕੇਂਦਰ ਦੀ ਸਾਤਰ ਸਰਕਾਰ ਨੇ ਸਵਾ ਸਾਲ ਦੇ ਸੰਗਰਾਮੀ ਮੋਰਚੇ ਨਾਲ ਜੁੜੀਆਂ ਬਹੁਤ ਸਾਰੀਆਂ ਮੰਗਾਂ ਜਾਂ ਕਾਲੇ ਕਾਨੂੰਨਾਂ ਦੀ ਵਾਪਸੀ ਨੂੰ ਲਮਕਾਇਆ ਹੋਇਆ ਹੈ। ਬਿਜਲੀ ਐਕਟ 2020 ਅਤੇ ਫ਼ਸਲਾਂ ਤੇ ਘੱਟੋ-ਘੱਟ ਖਰੀਦ ਕੀਮਤ ਹਰ ਫਸਲ ਤੇ ਦੇਣਾ ਚਾਹੇ ਉਹ ਸ਼ਬਜੀਆਂ ਦੀ ਹੈ ਜਾਂ ਫਲਾਂ ਦੀ ਹੈ ਤੋ ਅੱਖਾਂ ਮੀਚੀਆਂ ਹੋਇਆ ਹਨ। ਅਜੈ ਮਿਸਰਾ ਨੂੰ ਸਜਾ ਦੇਣਾ ਸਵਾ ਸੱਤ ਸੋ ਕਿਸਾਨਾਂ ਦੀ ਸ਼ਹਾਦਤ ਤੋਂ ਇਨਕਾਰੀ ਹੋਣਾ ਇਸ ਦੌਰਾਨ ਦਰਜ਼ ਕੀਤੇ ਗਏ ਝੂਠੇ ਪੁਲਿਸ਼ ਕੇਸਾਂ ਦੀ ਵਾਪਸੀ ਨੂੰ ਲਮਕਾਇਆ ਹੈ ਜਿਨ੍ਹਾਂ ਦੀ ਪ੍ਰਾਪਤੀ ਕਰਨੀ ਅਜੇ ਬਾਕੀ ਹੈ। ਕਿਸਾਨ ਜੱਥੇਬੰਦੀਆਂ ਵਿੱਚ ਦਲਬਦਲੀ ਅਤੇ ਪਾਟੋਧਾੜ ਅਤੇ ਆਪੋਧਾਪੀ ਤੇ ਸਰਕਾਰ ਦਾ ਤਾਂ ਬਗਲਾਂ ਵਿੱਚੋਂ ਦੀ ਹਾਸਾ ਨਿਕਲ ਰਿਹਾ ਹੈ ਕਿ ਜਿਹੜਾ ਕੰਮ ਉਹ ਸਵਾ ਸਾਲ ਨਹੀਂ ਕਰ ਸਕੇ ਉਹ ਕੰਮ ਇਹ ਖੁਦ ਹੀ ਸਾਲ ਦੇ ਅੰਦਰ-ਅੰਦਰ ਕਰ ਰਹੇ ਹਨ। ਪਿਛਲੇ ਹਫਤੇ ਸ਼ੋਸ਼ਲ ਮੀਡੀਆ ਤੇ ਮਹਾਂਰਾਸ਼ਟਰ ਦੇ ਸੋਲਾਪੁਰ ਦੇ ਇੱਕ ਕਿਸਾਨ ਨੂੰ 512 ਕਿਲੋ ਪਿਆਜ ਦੀ ਕੀਮਤ ਦੋ ਰੁਪਏ ਉਨੰਜਾਂ ਪੈਸੇ ਮਿਲੀ ਜੋ ਕਿਸਾਨ ਦੀ ਲੁੱਟ ਦੀ ਇੰਤਹਾ ਹੈ। ਸ਼ਬਦ ਮੁੱਕ ਜਾਂਦੇ ਹਨ । ਕੋਈ ਵੀ ਕਿਸਾਨ ਜੱਥੇਬੰਦੀ ਦੱਸ ਦੇਵੇ ਕਿ ਢਾਈ ਰੁਪਏ ਵਿੱਚ ਕਿਹੜੀ ਚੀਜ ਗੁਜਾਰਾ ਕਰ ਸਕਦੀ ਹੈ। ਸਭ ਨੇ ਉਹ ਦੌਰ ਵੀ ਦੇਖਿਆ ਤੇ ਹੰਢਾਇਆਂ ਜਦ ਪਿਆਜ ਲੋਕਾਂ ਨੂੰ ਪੰਜਾਹ ਰੁਪਏ ਤੋਂ ਅੱਸੀ ਰੁਪਏ ਕਿਲੋ ਤੱਕ ਵੀ ਖਰੀਦਣਾ ਪਿਆ। ਸਾਰੇ ਭਾਰਤ ਵਿੱਚ ਐਨੇ ਪੈਸਿਆਂ ਵਿੱਚ ਚਾਹ ਦਾ ਕੱਪ ਵੀ ਨਹੀਂ ਆਉਂਦਾ। ਰੋ ਰਹੇ ਬੱਚੇ ਨੂੰ ਵਰਾਉਣ ਲਈ ਗੁਬਾਰਾ ਵੀ ਨਹੀਂ ਆਉਂਦਾ। ਅਜਿਹੇ ਕਿਸਾਨ ਦੀ ਬਾਂਹ ਕੌਣ ਫੜੇਗਾ? ਅਜਿਹੇ ਕਿਸਾਨ ਨੂੰ ਬੱਤੀ ਜੱਥੇਬੰਦੀਆਂ ਦੇ ਮਦਦਗਾਰ ਹੱਥਾਂ ਦੀ ਲੋੜ ਹੈ ਜੋ ਇਸ ਲੁੱਟ ਦੀ ਇੰਤਹਾ ਨੂੰ ਠੱਲ ਪਾ ਸਕਣ ਜੇ ਇੰਝ ਹੀ ਇੱਕ ਮਿਸਾਲੀ ਸੰਘਰਸ਼ ਤੋਂ ਬਾਅਦ ਕਿਸਾਨਾਂ ਦੀਆਂ ਜੱਥੇਬੰਦੀਆਂ ਆਪਸੀ ਲੜਾਈ ਵਿੱਚ ਹੀ ਉਲਝ ਜਾਂਦੀਆਂ ਹਨ ਤਾਂ ਅਜਿਹੇ ਕਿਸਾਨ ਜਿਊਂਦੇ ਜੀ ਤਾਂ ਮਰ ਚੁੱਕੇ ਹਨ ਪਰ ਗੱਲ ਫੰਦਾ ਪਾ ਕੇ ਸਰੀਰਕ ਮੌਤ ਹੀ ਬਾਕੀ ਹੈ। ਕੀ ਅਸੀਂ ਇਹ ਉਡੀਕ ਰਹੇ ਹਾਂ? ਬਾਰਾਂ ਮੀਟਿੰਗਾਂ ਦੌਰਾਨ ਇਕੱਠੇ ਜਾਂਦੇ ਸਨ। ਸਰਕਾਰੀ ਭੋਜਨ ਠੁਕਰਾ ਕੇ ਖੁਦ ਦਾ ਤਿਆਰ ਕੀਤਾ ਭੋਜਨ ਇਕੋ ਥਾਲੀ ਵਿੱਚ ਖਾਂਦੇ ਸਨ। ਸਰਕਾਰ ਦੀਆਂ ਚਾਲਾਂ ਤਾਰਪੀਡੋ ਨਹੀਂ ਕਰ ਸਕੀਆਂ ਤੇ ਹੁਣ ਇਹ ਖੁਦ ਹੀ ਤਾਰਪੀਡੋ ਰਹੇ ਹਨ। ਖੁਦ ਹੀ ਸਰਕਾਰੀ ਭੋਜਨ ਖਾਣ ਲਈ ਚੋਣਾਂ ਵਿੱਚ ਕੁੱਟ ਪਏ ਹਨ। ਕਿ ਇਹ ਖੇਹ ਨਹੀਂ ਹੈ ਜੋ ਆਪਣੇ ਸਿਰ ਵਿੱਚ ਪੈ ਰਹੀ ਹੈ ਅਤੇ ਲੋਕ ਦੇਖ ਰਹੇ ਹਨ।

ਸਧਾਰਨ ਲੋਕ ਸਿਆਸੀ ਪਾਰਟੀਆਂ ਵਾਂਗ ਇਸ ਸੰਗਰਾਮੀ ਲੀਡਰਾਂ ਦੀਆਂ ਇੱਕ-ਦੂਜੇ ਤੋਂ ਤੋਹਮਤਬਾਜੀਆਂ ਸੁਣ ਕੇ ਠੱਗੇ-ਠੱਗੇ ਮਹਿਸੂਸ ਕਰ ਰਹੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਉਹ ਦਿੱਲੀ ਨੂੰ ਜਾਂਦੀਆਂ ਸਾਰੀਆਂ ਸੜਕਾਂ ਤੇ ਉਹ ਤੰਬੂ ਉਹ ਘਰ ਫੇਰ ਉਸਾਰ ਸਕਣ ਦੇ ਸਮਰੱਥ ਸਿੱਧ ਹੋਣਗੇ? ਭਵਿੱਖ ਦੇ ਲੋਕ ਪੱਖੀ ਸੰਘਰਸ਼ਾਂ ਲਈ ਇਹ ਬਹੁਤ ਵੱਡਾ ਸਵਾਲ ਹੈ। ਸਵਾ ਸਾਲ ਦੇ ਇਸ ਇਤਿਹਾਸਕ ਘੋਲ ਨੇ ਸਬਰ ਸਿਰੜ ਲੋਕ ਪੱਖੀ ਸਾਹਿਤ ਗੀਤਾਂ ਅਤੇ ਵੱਖ-ਵੱਖ ਸੂਬਿਆਂ ਦੀ ਆਪਸੀ ਸਾਂਝ ਨੂੰ ਜਰਬਾਂ ਦਿੱਤੀਆਂ ਸਨ। ਇੱਕ ਸਾਲ ਦੌਰਾਨ ਜੋ ਕੁਝ ਵਾਪਰਿਆ ਹੈ ਜਾਂ ਵਾਪਰਨ ਦੀ ਸੰਭਾਵਨਾ ਹੈ ਕੀ ਉਹ ਕੇਂਦਰ ਸਰਕਾਰ ਦੇ ਲੋਕ ਵਿਰੋਧੀ ਨੀਤੀਆਂ ਨੂੰ ਠੱਲ ਪਾ ਸਕੇਗਾ? ਕਿਉਕਿ ਸੰਗਰਾਮੀ ਜੱਥੇਬੰਦੀਆਂ ਜਿਸ ਖਾਨਾਜੰਗੀ ਦਾ ਸ਼ਿਕਾਰ ਹੋ ਗਈਆਂ ਹਨ ਉਹ ਹੁਣ ਜਰਬਾਂ ਦੀ ਥਾਂ ਤੇ ਨਿਰਾਸ਼ਤਾ ਨੂੰ ਮਨਫ਼ੀ ਦਲਦਲ ਵਿੱਚ ਸੁੱਟ ਰਿਹਾ ਹੈ। ਜੋ ਕਿ ਅਮਿੱਟ ਪੈੜ੍ਹਾਂ ਦੀ ਜਿੱਤ ਦੇ ਜੈਕਾਰਿਆਂ ਨੂੰ ਕੀਰਨੇ ਵਰਗੀ ਹੂਕ ਵਿੱਚ ਬਦਲ ਰਿਹਾ ਹੈ।



ਹਰਚਰਨ ਸਿੰਘ ਪਰਹਾਰ
403-681-8689
hp8689@gmail.com

*ਜਥੇਬੰਦਕ ਧਰਮਾਂ ਦਾ ਮਾਇਆਜਾਲ-3*

# ਡਰ ਅਧਾਰਿਤ ਨਕਲੀ ਧਰਮ

**ਨੋਟ : ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ-ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਡਰ ਤੇ ਅਗਿਆਨਤਾ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਡਰ ਹਮੇਸ਼ਾਂ ਉਥੇ ਹੁੰਦਾ ਹੈ, ਜਿੱਥੇ ਅਗਿਆਨਤਾ ਹੋਵੇ। ਸਦੀਆਂ ਦਾ ਮਨੁੱਖੀ ਵਿਕਾਸ ਇਹ ਦੱਸਦਾ ਹੈ ਕਿ ਮਨੁੱਖ ਕਦੇ ਵੀ ਕੁਦਰਤ ਵਲੋਂ ਗਿਆਨਵਾਨ ਬਣਾ ਕੇ ਪੈਦਾ ਨਹੀਂ ਕੀਤਾ ਗਿਆ।ਹਰ ਬੱਚਾ ਅੰਧਕਾਰ ਵਿੱਚ ਹੀ ਪੈਦਾ ਹੁੰਦਾ ਹੈ। ਹਰ ਬੱਚਾ ਇਸ ਦੁਨੀਆਂ ਵਿੱਚ ਕੋਰਾ ਤੇ ਨਵਾਂ ਦਿਮਾਗ ਲੈ ਕੇ ਆਉਂਦਾ ਹੈ, ਜਿਵੇਂ ਜਿਵੇਂ ਉਹ ਵੱਡਾ ਹੁੰਦਾ ਹੈ, ਪਹਿਲਾਂ ਪਰਿਵਾਰ ਤੇ ਸਮਾਜ ਉਸਨੂੰ ਆਪਣੀ ਮਰਜੀ ਦਾ ਗਿਆਨ ਦਿੰਦਾ ਹੈ। ਫਿਰ ਉਹ ਸੁਰਤ ਸੰਭਲਾਣ ਤੇ ਆਪਣੀ ਮਰਜੀ ਦਾ ਗਿਆਨ ਲੈਣਾ ਸ਼ੁਰੂ ਕਰ ਦਿੰਦਾ ਹੈ। ਇਹੀ ਜ਼ਿੰਦਗੀ ਦਾ ਦਸਤੂਰ ਹੈ।

ਜਿਸ ਤਰ੍ਹਾਂ ਛੋਟੇ ਬੱਚਿਆਂ ਵਿਚ ਜਾਨਣ ਦੀ ਬੜੀ ਇੱਛਾ ਹੁੰਦੀ ਹੈ, ਉਹ ਹਰ ਗੱਲ ਤੇ ਸਵਾਲ ਕਰਦੇ ਹਨ, ਇਹ ਕਿਸ ਤਰ੍ਹਾਂ, ਉਹ ਕਿਸ ਤਰ੍ਹਾਂ, ਜਦੋਂ ਮਾਂ ਬਾਪ ਕੋਲ ਜਵਾਬ ਨਹੀਂ ਹੁੰਦੇ ਜਾਂ ਉਨ੍ਹਾਂ ਨੂੰ ਲਗਦਾ ਹੈ ਕਿ ਬੱਚਾ ਸਮਝ ਨਹੀਂ ਸਕੇਗਾ ਤਾਂ ਝੂਠੇ ਉੱਤਰ ਦੇ ਦਿੱਤੇ ਜਾਂਦੇ ਹਨ, ਜਾਂ ਉਨ੍ਹਾਂ ਨੂੰ ਟਾਲ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਮਨੁੱਖੀ ਵਿਕਾਸ ਦੇ ਸ਼ੁਰੂਆਤੀ ਦੌਰ ਤੋਂ ਹੀ ਮਨੁੱਖੀ ਮਨ ਵਿੱਚ ਅਜਿਹੇ ਸਵਾਲ ਪੈਦਾ ਹੁੰਦੇ ਸਨ ਕਿ ਮਨੁੱਖ ਕਿੱਥੋਂ ਆਉਂਦਾ ਹੈ, ਮਰਨ ਬਾਅਦ ਕਿੱਥੇ ਜਾਂਦਾ ਹੈ, ਇਹ ਜੀਵਨ ਕਿਉਂ ਹੈ, ਦੁਨੀਆਂ ਨੂੰ ਕੌਣ ਚਲਾ ਰਿਹਾ ਹੈ ਆਦਿ ਆਦਿ। ਮਨੁੱਖੀ ਵਿਕਾਸ ਦੇ ਦੌਰ ਵਿਚ ਮਨੁੱਖੀ ਸੂਝ-ਬੂਝ ਵਿਚ ਥੋੜੇ ਵਿਕਸਤ ਲੋਕਾਂ ਕੋਲ ਜਦੋਂ ਸਵਾਲਾਂ ਦੇ ਜਵਾਬ ਨਹੀਂ ਹੁੰਦੇ ਸਨ, ਉਹ ਝੂਠੇ ਜਵਾਬ ਘੜ ਲੈਂਦੇ ਸਨ। ਜਿਵੇਂ ਕਿਸੇ ਨੇ ਸਵਾਲ ਕੀਤਾ ਕਿ ਇਸ ਸ੍ਰਿਸ਼ਟੀ ਨੂੰ ਕੌਣ ਚਲਾਉਂਦਾ ਹੈ। ਜਵਾਬ ਦੇ ਦਿੱਤਾ ਰੱਬ ਚਲਾਉਂਦਾ ਹੈ। ਸਵਾਲ ਕੀਤਾ ਉਹ ਕਿੱਥੇ ਹੈ, ਕਹਿ ਦਿੱਤਾ ਉਹ ਉੱਪਰ ਬੱਦਲਾਂ ਦੇ ਪਾਰ ਅਸਮਾਨ ਵਿਚ। ਕਿਸੇ ਨੇ ਸਵਾਲ ਕੀਤਾ ਕਿ ਇਸ ਧਰਤੀ ਨੂੰ ਕਿਸਨੇ ਬਣਾਇਆ, ਜਵਾਬ ਮਿਲ ਗਿਆ, ਇਸਨੂੰ ਰੱਬ ਨੇ ਬਣਾਇਆ ਹੈ, ਜਦੋਂ ਮੋੜਵਾਂ ਸਵਾਲ ਹੋਇਆ ਕਿ ਫਿਰ ਰੱਬ ਨੂੰ ਕਿਸਨੇ ਬਣਾਇਆ ਤਾਂ ਕੋਈ ਜਵਾਬ ਨਹੀਂ ਸੀ, ਤਾਂ ਕਹਿ ਦਿੱਤਾ ਸਾਡੇ ਤੇ ਵਿਸ਼ਵਾਸ਼ ਕਰੋ, ਵਿਸ਼ਵਾਸ਼ ਕਰਨ ਵਾਲਾ ਹੀ ਅਸਲੀ ਧਰਮੀ ਹੈ। ਇਸ ਤਰ੍ਹਾਂ ਬੱਚਿਆਂ ਵਾਲੇ ਸਵਾਲ ਤੇ ਬੱਚਿਆਂ ਵਾਲੇ ਜਵਾਬ ਦੇ ਕੇ ਟਾਲ ਦਿੱਤਾ ਜਾਂਦਾ ਰਿਹਾ। ਪਰ ਜੇ ਕਿਤੇ ਇਹ ਕਹਿ ਦਿੱਤਾ ਜਾਂਦਾ ਕਿ ਸਾਨੂੰ ਪਤਾ ਨਹੀਂ, ਅਸੀਂ ਖੋਜ ਕਰ ਰਹੇ ਹਾਂ, ਤੁਸੀਂ ਵੀ ਖੋਜ ਕਰੋ ਤਾਂ ਫਿਰ ਡਰ, ਅਗਿਆਨਤਾ ਜਾਂ ਸ਼ਰਧਾ ਅਧਾਰਿਤ ਨਹੀਂ, ਸਗੋਂ ਤਰਕ, ਦਲੀਲ, ਸਚਾਈ ਅਧਾਰਿਤ ਸੱਚਾ ਵਿਗਿਆਨਕ ਧਰਮ ਵਿਕਸਤ ਹੁੰਦਾ, ਪਰ ਅਜਿਹਾ ਨਹੀਂ ਹੋਇਆ, ਜਿਸ ਨਾਲ ਅਗਿਆਨਤਾ ਵਾਲਾ ਧਰਮ ਵਿਕਸਤ ਹੋਇਆ। ਜਦ ਕੋਈ ਜ਼ਿਆਦਾ ਸਵਾਲ ਕਰਦਾ ਤਾਂ ਉਸਨੂੰ ਰੱਬ ਦਾ ਡਰਾਵਾ ਦੇ ਕੇ ਚੁੱਪ ਕਰਾ ਦਿੱਤਾ ਜਾਂਦਾ। ਹੌਲੀ-ਹੌਲੀ ਇਸੇ ਅਗਿਆਨਤਾ ਵਿਚੋਂ ਥੋੜੀ ਵਿਕਸਤ ਬੁੱਧੀ ਵਾਲੇ ਪਰ ਚਲਾਕ ਤੇ ਮਕਾਰ ਧਰਮ ਪ੍ਰੋਹਿਤ ਦਾ ਜਨਮ ਹੋਇਆ ਜੋ ਕਿ ਅੱਜ ਤੱਕ ਮਨੁੱਖ ਦੀ ਅਗਿਆਨਤਾ ਦਾ ਲਾਭ ਉਠਾ ਕੇ ਲੁੱਟ ਰਿਹਾ ਹੈ।

ਇੱਕ ਗੱਲ ਹੋਰ ਸਮਝਣ ਵਾਲੀ ਹੈ ਕਿ ਜਰੂਰੀ ਨਹੀਂ ਕਿ ਬਹੁਤ ਸਾਰਾ ਕਿਤਾਬੀ ਗਿਆਨ ਇਕੱਠਾ ਕਰ ਲੈਣ ਵਾਲਾ ਹਰ ਮਨੁੱਖ ਹੀ ਗਿਆਨਵਾਨ ਜਾਂ ਸੂਝਵਾਨ ਹੋਵੇ। ਬਹੁਤ ਚੰਗੇ ਪੜ੍ਹੇ ਲਿਖੇ, ਡਿਗਰੀਆਂ ਪ੍ਰਾਪਤ ਮਨੁੱਖ ਵੀ ਉਸੇ ਤਰ੍ਹਾਂ ਅਗਿਆਨੀ, ਅੰਧ ਵਿਸ਼ਵਾਸ਼ੀ, ਕਰਮਕਾਂਡੀ, ਡਰਪੋਕ, ਮਾਨਸਿਕ ਰੋਗੀ ਹੋ ਸਕਦੇ ਹਨ, ਜਿਸ ਤਰ੍ਹਾਂ ਦਾ ਕੋਈ ਗਿਆਨਹੀਣ, ਅਨਪੜ੍ਹ ਮਨੁੱਖ ਹੋਵੇ। ਕਿਤਾਬੀ ਗਿਆਨ ਇਕੱਠਾ ਕਰਕੇ ਜਾਂ ਯਾਦ ਕਰਕੇ ਕੋਈ ਡਿਗਰੀ ਲੈ ਲੈਣੀ, ਹੋਰ ਗੱਲ ਹੈ, ਪਰ ਜੀਵਨ ਦੇ ਸਾਰੇ ਪੱਖਾਂ ਦਾ ਗਿਆਨ ਲੈ ਕੇ ਆਪਣੀ ਸਿਮਰਤੀ ਦਾ ਹਿੱਸਾ ਬਣਾ ਲੈਣਾ, ਉਸਨੂੰ ਤਰਕ, ਦਲੀਲ, ਸਾਇੰਸ ਦੀ ਕਸਵੱਟੀ ਤੇ ਪਰਖ ਕੇ ਆਪਣੇ ਅਨੁਭਵ ਦੀ ਛਾਨਣੀ ਵਿਚੋਂ ਲੰਘਾ ਕੇ ਆਪਣੀ ਜੀਵਨ ਜਾਚ ਦਾ ਹਿੱਸਾ ਬਣਾ ਲੈਣਾ ਬਿਲਕੁਲ ਵੱਖਰੀ ਗੱਲ ਹੈ।

ਦੁਨੀਆਂ ਵਿੱਚ ਬੇਸ਼ੱਕ ਹਰ ਬੱਚਾ ਕੋਰੀ ਸਲੇਟ ਵਾਂਗ ਜਨਮਦਾ ਹੈ, ਪਰ ਉਸਦੇ ਜਨਮ ਤੋਂ ਪਹਿਲਾਂ ਪਿਛਲੇ ਮਨੁੱਖੀ ਵਿਕਾਸ, ਗਿਆਨ ਤੇ ਤਜ਼ਰਬੇ ਦਾ ਭੰਡਾਰ ਉਸਨੂੰ ਵਿਰਾਸਤ ਵਿਚ ਹੀ ਮਿਲਦਾ ਹੈ। ਇਸ ਵਿਰਾਸਤ ਵਿੱਚ ਮਿਲੇ ਮਨੁੱਖੀ ਵਿਕਾਸ ਦੇ ਤਜ਼ਰਬੇ ਤੋਂ ਲਾਭ ਉਠਾ ਕੇ ਮਨੁੱਖ ਅੱਗੇ ਵਧ ਸਕਦਾ ਸੀ।ਆਮ ਤੌਰ ਤੇ ਬਹੁਤੇ ਮਨੁੱਖ ਨਾ ਤੇ ਉਸ ਤਜ਼ਰਬੇ ਤੋਂ ਲਾਭ ਉਠਾਉਂਦੇ ਹਨ ਤੇ ਨਾ ਹੀ ਆਪਣਾ ਕੋਈ ਅਨੁਭਵ ਪ੍ਰਾਪਤ ਕਰਦੇ ਹਨ। ਜਿਸ ਨਾਲ ਸਦੀਆਂ ਤੋਂ ਮਨੁੱਖ ਅਗਿਆਨੀ ਹੀ ਰਿਹਾ ਹੈ। ਉਸਦੀ ਕੁਦਰਤ ਬਾਰੇ ਜਾਣਕਾਰੀ, ਆਪਣੇ ਬਾਰੇ ਜਾਣਕਾਰੀ ਤਕਰੀਬਨ ਉਨੀ ਕੁ ਹੀ ਹੈ, ਜਿੰਨੀ ਕੁ ਆਦਿ ਮਾਨਵ ਦੀ ਸੀ। ਇਸੇ ਦਾ ਲਾਭ ਉਠਾ ਕੇ ਧਰਮ ਪੁਜਾਰੀ ਤੇ ਰਾਜਨੀਤਕ, ਮਨੁੱਖ ਦਾ ਸੋਸ਼ਣ ਕਰ ਕਰਦੇ ਰਹੇ ਹਨ ਤੇ ਕਰ ਰਹੇ ਹਨ।ਉਹ ਨਹੀਂ ਚਾਹੁੰਦੇ ਕਿ ਮਨੁੱਖ ਗਿਆਨਵਾਨ ਹੋਣ, ਮਾਨਸਿਕ ਤੌਰ ਤੇ ਬਲਵਾਨ ਹੋਣ, ਆਪ ਕੁਦਰਤ ਤੇ ਆਪੇ ਦੀ ਖੋਜ ਕਰਨ, ਉਹ ਸਾਨੂੰ ਇਹੀ ਕਹਿੰਦੇ ਹਨ ਕਿ ਤੁਸੀਂ ਖੋਜੋ ਨਾ, ਲੱਭੋ ਨਾ, ਗਿਆਨ ਇਕੱਠਾ ਨਾ ਕਰੋ, ਸਾਡੇ ਰਹਿਬਰਾਂ ਨੇ ਜੋ ਕੁਦਰਤ ਬਾਰੇ ਖੋਜਾਂ ਕਰ ਲਈਆਂ ਹਨ, ਜੋ ਸਾਡੇ ਧਰਮ ਗ੍ਰੰਥਾਂ ਵਿਚ ਲਿਖ ਦਿੱਤਾ ਹੈ, ਉਹ ਹੀ ਅੰਤਿਮ ਸੱਚ ਹੈ। ਤੁਸੀਂ ਇਸ ਨੂੰ ਵੀ ਵਿਚਾਰੋ ਨਾ, ਵਿਚਾਰਨ ਨਾਲ ਗਲਤੀ ਹੋ ਸਕਦੀ ਹੈ, ਪਾਪ ਲੱਗ ਸਕਦਾ ਹੈ ਇਹ ਕੰਮ ਸਾਡੇ ਤੇ ਛੱਡ ਦਿਉ। ਸਾਨੂੰ ਪੈਸਾ ਦਿਉ, ਦਾਨ ਦੱਛਣਾ ਦਿਉ, ਪੂਜਾ ਪਾਠ ਕਰਾਉ। ਅਸੀਂ ਸਭ ਕੁਝ ਤੁਹਾਡੇ ਲਈ ਕਰ ਦਿਆਂਗੇ। ਮਨੁੱਖ ਕੁਦਰਤੀ ਤੌਰ ’ਤੇ ਹਮੇਸ਼ਾਂ ਆਲਸੀ ਸੁਭਾਅ ਦਾ ਹੈ, ਇਸ ਲਈ ਉਹ ਚਾਹੁੰਦਾ ਹੈ ਕਿ ਮੈਨੂੰ ਸਭ ਕੀਤਾ ਕਰਾਇਆ ਮਿਲ ਜਾਵੇ, ਮੈਨੂੰ ਆਪ ਖੇਚਲ ਨਾ ਕਰਨੀ ਪਵੇ, ਧਰਮ ਪੁਜਾਰੀ ਸਦੀਆਂ ਤੋਂ ਇਸੇ ਸੋਚ ਦਾ ਫਾਇਦਾ ਉਠਾਉਂਦਾ ਰਿਹਾ ਹੈ। ਜ਼ਰਾ ਸੋਚੋ ਜੇ ਕੋਈ ਕਾਲਿਜ਼ ਯੂਨੀਵਰਸਿਟੀ ਅਜਿਹੀ ਪੈਦਾ ਹੋ ਜਾਵੇ ਜੋ ਕਹਿ ਦੇਵੇ ਕਿ ਵਿਦਿਆਰਥੀ ਸਾਨੂੰ ਸਿਰਫ ਫੀਸ ਦੇਣ, ਪੜ੍ਹਨ ਤੇ ਇਮਤਿਹਾਨ ਦੇਣ ਲਈ ਸਾਡੇ ਕੋਲ ਬੰਦੇ ਹਨ ਤਾਂ ਫਿਰ ਹਰ ਕੋਈ ਡਿਗਰੀ ਪ੍ਰਾਪਤ ਹੋਵੇਗਾ। ਫਿਰ ਕੋਈ ਵੀ ਡਾਕਟਰ, ਇੰਜ਼ੀਨੀਅਰ, ਵਕੀਲ ਆਦਿ ਹੋ ਸਕਦਾ ਹੈ। ਸਾਨੂੰ ਪਤਾ ਹੈ ਕਿ ਅਜਿਹਾ ਸੰਭਵ ਨਹੀਂ। ਪਰ ਜਦੋਂ ਸਾਨੂੰ ਧਰਮ ਵਿੱਚ ਅਜਿਹਾ ਕਰਨ ਲਈ ਕਿਹਾ ਜਾਂਦਾ ਹੈ ਤਾਂ ਅਸੀਂ ਕਿਵੇਂ ਝੱਟ ਤਿਆਰ ਹੋ ਜਾਦੇ ਹਾਂ।

ਇਸ ਸਭ ਦਾ ਨਤੀਜਾ ਇਹ ਹੈ ਕਿ ਮਨੁੱਖ ਦਾ ਮਾਨਸਿਕ ਵਿਕਾਸ ਰੁਕ ਗਿਆ। ਬਹੁਤ ਥੋੜੇ ਲੋਕ ਹਰ ਸਮੇਂ ਵਿੱਚ ਸੱਚ ਦੇ ਪਾਂਧੀ ਬਣਦੇ ਰਹੇ ਹਨ, ਆਪ ਖੋਜੀ ਬਣਦੇ ਰਹੇ ਹਨ। ਬਹੁਤੇ ਭੀੜ ਨਾਲ ਜਾਂ ਭੀੜ ਮਗਰ ਤੁਰਨ ਵਾਲੇ ਹੀ ਰਹੇ ਹਨ। ਇਸੇ ਕਰਕੇ ਲੱਖਾਂ ਸਾਲਾਂ ਦਾ ਮਨੁੱਖੀ ਵਿਕਾਸ ਵੀ ਸਾਰੀ ਮਨੁੱਖਤਾ ਨੂੰ ਅੰਧਕਾਰ ਵਿਚੋਂ ਨਹੀਂ ਕੱਢ ਸਕਿਆ। ਸਗੋਂ ਧਰਮ ਪੁਜਾਰੀ ਵਿਗਿਆਨ ਦੀਆਂ ਮੈਟਰ (ਪਦਾਰਥ) ਬਾਰੇ ਖੋਜਾਂ ਨੂੰ ਵੀ ਮਨੁੱਖ ਦੀ ਧਾਰਮਿਕ ਲੁੱਟ ਲਈ ਵਰਤ ਰਿਹਾ ਹੈ। ਅਗਿਆਨਤਾ ਅਧਾਰਿਤ ਧਰਮ ਹਮੇਸ਼ਾਂ ਮਨੁੱਖ ਨੂੰ ਪੜ੍ਹਨ ਲਿਖਣ ਤੋਂ ਰੋਕਦਾ ਹੈ, ਖੋਜ ਕਰਨ ਤੋਂ ਰੋਕਦਾ ਹੈ, ਵਿਚਾਰ ਕਰਨ ਤੋਂ ਰੋਕਦਾ ਹੈ, ਤਰਕ ਤੇ ਦਲੀਲ ਤੋਂ ਰੋਕਦਾ ਹੈ, ਕਿਉਂਕਿ ਉਸਨੂੰ ਡਰ ਹੈ ਕਿ ਜੇ ਮਨੁੱਖ ਗਿਆਨਵਾਨ ਹੋ ਕੇ ਜਾਗ ਪਿਆ ਤਾਂ ਅਗਿਆਨਤਾ ਅਧਾਰਿਤ ਖੜ੍ਹਾ ਕੀਤਾ ਗਿਆ ਨਕਲੀ ਧਰਮ ਦਿਨਾਂ ਵਿਚ ਹੀ ਢਹਿ ਢੇਰੀ ਹੋ ਜਾਵੇਗਾ।

ਅਗਿਆਨਤਾ ਅਧਾਰਿਤ ਨਕਲੀ ਧਰਮ ਤੋਂ ਆਪ ਨਿਕਲਣ ਤੇ ਦੂਜਿਆਂ ਨੂੰ ਕੱਢਣ ਦਾ ਤਰੀਕਾ ਅਗਿਆਨਤਾ ਨਾਲ ਲੜਨਾ ਨਹੀਂ ਹੈ, ਸਗੋਂ ਗਿਆਨ ਦਾ ਦੀਵਾ ਜਗਾਉਣ ਦੀ ਲੋੜ ਹੈ। ਜਿਸ ਤਰ੍ਹਾਂ ਰਾਤ ਵਿਚ ਹਨੇਰੇ ਨਾਲ ਲੜਨ-ਝਗੜਨ ਨਾਲ ਜਾਂ ਹਨੇਰੇ ਵਿਚ ਤਲਵਾਰਾਂ ਚਲਾਉਣ ਨਾਲ ਹਨੇਰਾ ਦੂਰ ਨਹੀਂ ਹੁੰਦਾ, ਸਗੋਂ ਇੱਕ ਛੋਟਾ ਜਿਹਾ ਦੀਵਾ, ਰੌਸ਼ਨੀ ਦਾ ਬਲਬ ਜਗਾਉਣ ਦੀ ਲੋੜ ਹੁੰਦੀ ਹੈ, ਹਨੇਰਾ ਆਪੇ ਭੱਜ ਜਾਂਦਾ ਹੈ। ਪਿਛਲੇ ਸਮੇਂ ਵਿਚ ਬਹੁਤ ਸਾਰੇ ਵਿਚਾਰਕ, ਸੁਧਾਰਕ, ਗਿਆਨਵਾਨ ਲੋਕ ਹਨ੍ਹੇਰੇ (ਅਗਿਆਨਤਾ ਫੈਲਾ ਰਹੇ ਲੋਕਾਂ) ਨਾਲ ਲੜਦੇ ਰਹੇ ਹਨ। ਜਿਸ ਦਾ ਨਤੀਜਾ ਕੁਝ ਨਹੀਂ ਨਿਕਲਿਆ, ਮਨੁੱਖ ਉਸੇ ਤਰ੍ਹਾਂ ਅਗਿਆਨਤਾ ਵਿੱਚ ਫਸਿਆ ਰਿਹਾ ਹੈ।ਹਮੇਸ਼ਾਂ ਤੋਂ ਪੁਜਾਰੀ ਅਧਾਰਿਤ ਜਥੇਬੰਧਕ ਧਰਮ ਅਗਿਆਨਤਾ ਹੀ ਫੈਲਾ ਰਹੇ ਹਨ। ਇਸ ਲਈ ਸਾਨੂੰ ਗਿਆਨ ਦੇ ਛੋਟੇ-ਛੋਟੇ ਦੀਪਕ ਜਗਾਉਣ ਦੀ ਲੋੜ ਹੈ। ਇਹ ਕੰਮ ਪਹਿਲਾਂ ਅਸੀਂ ਗਿਆਨ ਦਾ ਦੀਪਕ ਆਪਣੇ ਅੰਦਰ ਜਗਾ ਕੇ ਕਰੀਏ ਤੇ ਫਿਰ ਆਪਣੇ ਘਰੋਂ ਸ਼ੁਰੂਆਤ ਕਰੀਏ, ਇਹ ਕੰਮ ਛੋਟੇ-ਛੋਟੇ ਗਰੁੱਪਾਂ ਰਾਹੀਂ ਸ਼ੁਰੂ ਹੋ ਸਕਦਾ ਹੈ।ਇਸ ਤਰ੍ਹਾਂ ਅਗਿਆਨਤਾ ਵਾਲਾ ਨਕਲੀ ਧਰਮ ਖਤਮ ਹੋ ਕੇ ਗਿਆਨ ਅਧਾਰਿਤ, ਸੂਝ ਅਧਾਰਿਤ, ਖੋਜ ਅਧਾਰਿਤ, ਤੱਥਾਂ ਅਧਾਰਿਤ, ਸੱਚ ਅਧਾਰਿਤ ਅਸਲੀ ਵਿਗਿਆਨਕ ਧਰਮ ਜਨਮ ਸਕਦਾ ਹੈ।ਅਜਿਹੇ ਵਿਗਿਆਨਕ ਧਰਮ ਦੇ ਜਨਮ ਨਾਲ ਹੀ ਡਰ, ਅਗਿਆਨਤਾ ਅਧਾਰਿਤ ਨਕਲੀ ਧਰਮ ਦੀ ਮੌਤ ਹੋਵੇਗੀ।

(ਚੱਲਦਾ)

# ਕੁਦਰਤੀ ਕਰੋਪੀ ਦਾ ਸ਼ਿਕਾਰ : ਕਿਸਾਨ ਵਿਚਾਰਾ ਕੀ ਕਰੇ

**ਬਲਜਿੰਦਰ ਸਿੰਘ ਪਟਿਆਲਾ**





ਵਾਤਾਵਰਣਕ ਤਬਦੀਲੀਆਂ ਨੇ ਸਮੁੱਚੀ ਦੁਨੀਆਂ ਦੇ ਵਾਤਾਵਰਣ ਚੱਕਰ ਨੂੰ ਤਬਦੀਲ ਕਰ ਦਿੱਤਾ ਹੈ ਜਿਸ ਦਾ ਪ੍ਰਭਾਵ ਵੱਖ-ਵੱਖ ਖਿੱਤਿਆਂ ’ਤੇ ਪੈ ਰਿਹਾ ਹੈ। ਕਦੇ ਵੱਡੀਆਂ ਹਨ੍ਹੇਰੀਆਂ ਤੋਂ ਲੈ ਕੇ ਤੂਫ਼ਾਨਾਂ ਵਰਗੀਆਂ ਬਾਰਸਾਂ ਨੇ ਸਮੁੱਚੇ ਜੀਵਨ ਨੂੰ ਪ੍ਰਭਾਵਤ ਕਰਨਾ ਸ਼ੁਰੂ ਕੀਤਾ ਹੈ। ਭਾਰਤ ਵਿਚ ਜਦੋਂ ਬਾਰਸ਼ਾਂ ਦਾ ਦੌਰ ਆਉਂਦਾ ਹੈ ਕਈ ਬਣੇ ਬਣਾਏ ਕੇਰਲਾ ਘਾਟ ਰੁੜ ਜਾਂਦੇ ਹਨ ਤੇ ਕਦੇ ਉਤਰਾਖੰਡ ਦੀਆਂ ਖੜ੍ਹੀਆਂ ਦੀਵਾਰਾਂ ਰੁੜ ਜਾਂਦੀਆਂ ਹਨ। ਲੋਕਾਂ ਦੀ ਦਹਾਕੇ ਦੀ ਕਮਾਈ ਅਤੇ ਉਨ੍ਹਾਂ ਦਾ ਜੀਵਨ ਤੈਸ਼ ਨੈਸ਼ ਹੋ ਜਾਂਦਾ ਹੈ। ਜਿਹੜੇ ਖਿੱਤੇ ਆਪਣੀ ਜੀਵਕਾ ਲਈ ਖੇਤੀ ਉਪਰ ਨਿਰਭਰ ਹੁੰਦੇ ਹਨ ਉਹ ਵੀ ਅਜੋਕੀਆਂ ਵਾਤਾਵਰਣਕ ਤਬਦੀਲੀਆਂ ਦਾ ਸ਼ਿਕਾਰ ਹੋ ਰਹੇ ਹਨ ਜਿਨ੍ਹਾਂ ਵਿਚੋਂ ਪੰਜਾਬ ਦਾ ਖਿੱਤਾ ਬੇਹੱਦ ਪ੍ਰਭਾਵਤ ਹੋ ਰਿਹਾ ਹੈ। ਜੋ ਬਚੀ ਖੁਚੀ ਹਰੀ ਕ੍ਰਾਂਤੀ ਸੀ ਉਹ ਹੁਣ ਤਬਾਹੀ ਦੇ ਰੂਪ ਵਿਚ ਬਦਲ ਰਹੀ ਹੈ। ਕਰਜ਼ੇ ਦਰ ਕਰਜ਼ੇ ਵਿਚ ਫਸਿਆ ਕਿਸਾਨ ਇਕ ਪਾਸੇ ਖੁਦਕਸ਼ੀਆਂ ਦੇ ਰਾਹ ’ਤੇ ਪੈ ਚੁੱਕਿਆ ਹੈ ਦੂਸਰਾ ਉਸ ਦਾ ਅਤੇ ਉਸ ਦੇ ਬੱਚਿਆਂ ਦਾ ਧਰਤੀ ਬੋਝ ਚੁੱਕਣਾ ਅਸਮਰੱਥ ਬਣ ਗਈ ਹੈ। ਇਸ ਕਰਕੇ ਪੰਜਾਬ ਮੁੜ ਇਕ ਭਿਆਨਕ ਤਬਦੀਲੀ ਜਿਹੜੀ ਤਰਾਸਦਿਕ ਹੈ ਉਸ ਵਿਚੋਂ ਗੁਜ਼ਰ ਰਿਹਾ ਹੈ। ਹੁਣ ਜਦੋਂ ਉਸ ਦੀ ਮਿਹਨਤ ਨਾਲ ਪਾਲੀ ਤੇ ਵੱਢੀ ਹੋਈ ਫਸਲ ਨੇ ਕੁਝ ਰੌਣਕ ਘਰੇ ਲੈ ਕੇ ਆਉਣੀ ਸੀ ਉਹ ਬੇਤੁਕੇ ਮੌਸਮ ਦੀ ਮਾਰ ਹੇਠ ਚੜ੍ਹ ਗਈ। ਦੂਰ ਤੱਕ ਪੰਜਾਬ ਦੇ ਖੇਤ ਪਾਣੀ ਦਰ ਪਾਣੀ ਰਾਹੀਂ ਫਸਲ ਨੂੰ ਉਜਾੜ ਚੁੱਕੇ ਹਨ। ਕਿਸੇ ਵੇਲੇ ਤਾਂ ਸੰਤ ਰਾਮ ਉਦਾਸੀ ਕਿਹਾ ਕਰਦਾ ਸੀ, ‘ਗਲ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲਾਂ ਵਿਚੋਂ ਨੀਰ ਵਗਿਆ।’ ਅੱਜ ਹਕੀਕਤ ਇਹ ਹੈ ਕਿ ਕਿਸਾਨ ਫਸਲ ਨੂੰ ਦੇਖ ਕੇ ਮੁੜ ਨੀਰ ਹੀ ਵਹਾਅ ਰਿਹਾ ਹੈ। ਜਿਸ ਫਸਲ ਰਾਹੀਂ ਉਸ ਨੇ ਆਪਣਾ ਬਸੇਰਾ ਕਰਨਾ ਸੀ ਉਹ ਤਾਂ ਦੂਰ ਦੀ ਗੱਲ ਹੁਣ ਉਸ ਉਪਰ ਸੰਕਟਾਂ ਦੀ ਪੰਡ ਹੋਰ ਭਾਰੀ ਹੋ ਗਈ ਹੈ। ਸਮੇਂ ਦੀਆਂ ਹਕੂਮਤਾਂ ਸਮਾਜ ਨੂੰ ਧਰਮਾਂ ਅਤੇ ਮਜ਼੍ਹਬਾਂ ਦੇ ਸੁਪਨੇ ਅਤੇ ਕਲੇਸ਼ ਦੇ ਕੇ ਭਰਾ ਮਾਰ ਜੰਗ ਵੱਲ ਧੱਕ ਰਹੀਆਂ ਹਨ। ਲੋਕਾਂ ਦੇ ਦੁਖੜੇ ਭਾਰੀ ਹੋ ਰਹੇ ਹਨ। ਇਸ ਵੇਲੇ ਲੋੜ ਤਾਂ ਸਰਕਾਰਾਂ ਦੀ ਇਹ ਬਣਦੀ ਹੈ ਕਿ ਉਹ ਕਿਸਾਨ ਦੀ ਬਾਂਹ ਫੜਨ ਅਤੇ ਉਸ ਨੂੰ ਹੌਸਲਾ ਦੇਣ ਕਿ ਇਹ ਤੇਰੀ ਫਸਲ ਨਹੀਂ ਰੁੜੀ ਇਹ ਸਾਡੀ ਸਰਕਾਰ ਉਪਰ ਇਕ ਕਿਸਮ ਨਾਲ ਬੋਝ ਪਿਆ ਹੈ। ਤੇਰਾ ਇਹ ਬੋਝ ਅਸੀਂ ਉਤਾਰਾਂਗੇ ਤੇਰੀ ਫਸਲ ਦਾ ਪੂਰਾ ਮੁੱਲ ਪਾ ਕੇ ਕੀਮਤ ਅਦਾ ਕਰਾਂਗੇ। ਦੇਖੋ ਇਸ ਦਿਸ਼ਾ ਵੱਲ ਸਰਕਾਰ ਅਮਲੀ ਕਾਰਜ ਕਰਦੀ ਹੈ ਜਾਂ ਸਿਰਫ਼ ਸਰਵੇਖਣ ਅਤੇ ਅਖ਼ਬਾਰੀ ਬਿਆਨਾਂ ਤੱਕ ਹੀ ਸੀਮਤ ਹੋ ਜਾਂਦੀ ਹੈ।

ਸੰਕਟ ਦਰ ਸੰਕਟ ਵਿਚੋਂ ਡੁੱਬਿਆ ਪੰਜਾਬ ਹੋਰ ਸੰਕਟਗ੍ਰਸਤ ਇਸ ਬੇਮੌਸਮੀ ਬਾਰਸ਼ ਨੇ ਕਰ ਦਿੱਤਾ ਹੈ। ਪੰਜਾਬ ਦੀ ਤਰਾਸਦੀ ਆਰਥਿਕ ਤੌਰ ’ਤੇ ਹੋਰ ਡੂੰਘੀ ਹੋਵੇਗੀ। ਜਿਹੜੀ ਪਹਿਲਾਂ ਹੀ ਵੱਡੇ ਕਰਜ਼ੇ ਦੇ ਜੂਲੇ ਹੇਠ ਜੂਝ ਰਹੀ ਹੈ।

ਇੱਕੋ ਸਿੱਕੇ ਦੇ ਦੋ ਪਾਸੇ

# 'ਸਕੂਲਜ਼ ਆਫ ਐਮੀਨੈਂਸ, ਪੀ .ਐੱਮ . ਸ਼੍ਰੀ' ਸਕੀਮ- ਕੌਮੀ ਸਿੱਖਿਆ ਨੀਤੀ-2020 ਦੇ ਝਰੋਖੇ 'ਚੋਂ



ਯਸ਼ ਪਾਲ
98145 35005




ਕੇਂਦਰ ਦੀ ਮੋਦੀ ਸਰਕਾਰ ਵੱਲੋਂ ਬਿਨਾਂ ਪਾਰਲੀਮੈਂਟ ਤੋਂ ਪਾਸ ਕਰਾਏ, ਬਿਨਾਂ ਰਾਜਾਂ ਨਾਲ ਸਲਾਹ ਕਰੇ, ਦਹਾਕਿਆਂ ਤੋਂ ਚੱਲ ਰਹੀ ਪਿਛਲੀ ਸਿੱਖਿਆ ਨੀਤੀ ਨੂੰ ਮੁੱਢੋਂ-ਸੁੱਢੋਂ ਬਦਲਣ ਵਾਲੀ ਕੌਮੀ (ਨਵੀਂ) ਸਿੱਖਿਆ ਨੀਤੀ-2020 ਨੂੰ ਲਾਗੂ ਕਰਦਿਆਂ ਜਿੱਥੇ ਇੱਕ ਨਵੀਂ ਵੰਨਗੀ, ਪੀ.ਐੱਮ. ਸ਼੍ਰੀ ਸਕੂਲ (PM Schools of Rising India) ਦੇ ਮੁਲਕ ਭਰ ਅੰਦਰ 14,500 ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ ਉੱਥੇ ਉਸੇ ਸਮੇਂ ਹੀ ਪੰਜਾਬ ਦੀ 'ਆਪ' ਸਰਕਾਰ ਨੇ 'ਸਿੱਖਿਆ ਦੇ ਦਿੱਲੀ ਮਾਡਲ' ਦੀ ਤਰਜ਼ 'ਤੇ ਪੰਜਾਬ ਅੰਦਰ 117 'ਸਕੂਲਜ਼ ਆਫ ਐਮੀਨੈਂਸ' ਭਾਵ 'ਉੱਚ ਕੋਟੀ ਦੇ ਸਕੂਲਾਂ' ਦੀ ਨੀਤੀ ਜਾਰੀ ਕੀਤੀ ਹੈ। ਇਹ ਸਕੂਲ ਕੇਵਲ 9 ਵੀਂ ਤੋਂ 12 ਵੀਂ ਸ਼੍ਰੇਣੀ ਤੱਕ ਦੇ ਹੀ ਹੋਣਗੇ। ਅਸਲੋਂ ਹੀ ਨਵੀਂ ਵੰਨਗੀ। ਪੀ.ਐੱਮ. ਸ਼੍ਰੀ ਸਕੀਮ ਤਹਿਤ ਸ਼੍ਰੇਣੀ 1 ਤੋਂ 8 ਤੱਕ ਦੇ ਐਲੀਮੈਂਟਰੀ ਸਕੂਲ ਅਤੇ ਸ਼੍ਰੇਣੀ 6 ਤੋਂ 12 ਤੱਕ ਦੇ ਸੀਨੀਅਰ ਸੈਕੰਡਰੀ ਸਕੂਲ ਹੋਣਗੇ। ਕੇਂਦਰ ਸਰਕਾਰ ਵੱਲੋਂ ਸਮੂਹ ਰਾਜ ਸਰਕਾਰਾਂ ਨੂੰ ਜਾਰੀ ਕੀਤੇ ਗਏ ਪੱਤਰ ਦੀਆਂ ਹਦਾਇਤਾਂ/ਸ਼ਰਤਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ 456 ਪੀ.ਐੱਮ. ਸ਼ ?ਰੀ ਸਕੂਲ ਵੀ ਚੁਣ ਲਏ ਗਏ ਹਨ। ਇਸ ਤੋਂ ਇਲਾਵਾ ਪੰਜਾਬ ਦੀ ਆਪ ਸਰਕਾਰ ਨੇ 1000 'ਸੁਪਰ ਸਮਾਰਟ' ਸਕੂਲ ਬਣਾਉਣ ਦਾ ਐਲਾਨ ਵੀ ਕੀਤਾ ਹੈ। ਪਰ ਪ੍ਰਚਾਰ/ਇਸ਼ਤਿਹਾਰਬਾਜੀ ਅਜੇ 'ਐਮੀਨੈਂਸ' ਸਕੂਲਾਂ ਦੀ ਹੀ ਆਪਣੇ 'ਡਰੀਮ ਪ੍ਰਾਜੈਕਟ' ਵੱਜੋਂ ਕੀਤੀ ਜਾ ਰਹੀ ਹੈ। ਉਂਝ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ (ਅਕਾਲੀ-ਭਾਜਪਾ ਤੇ ਕਾਂਗਰਸ) ਨੇ NEP-2020 ਤੋਂ ਪਹਿਲਾਂ ਵੀ 'ਆਦਰਸ਼/ਮਾਡਲ ਸਕੂਲ ਤੇ ਮੈਰੀਟੋਰੀਅਸ/ਸਮਾਰਟ ਸਕੂਲ ਵਰਗੇ ਆਪਣੇ ਅਜਿਹੇ ਹੀ 'ਡਰੀਮ ਪ੍ਰਾਜੈਕਟ' ਲਾਗੂ ਕੀਤੇ ਸਨ। ਉਨ੍ਹਾਂ ਤੇ ਵੀ ਝਾਤ ਮਾਰਾਂਗੇ ਪਰ ਪਹਿਲਾਂ ਮੌਜੂਦਾ ਉਕਤ ਪ੍ਰਾਜੈਕਟਾਂ ਨੂੰ 'ਕੌਮੀ ਸਿੱਖਿਆ ਨੀਤੀ-2020' ਦੇ ਝਰੋਖੇ 'ਚੋਂ ਦੇਖਾਂਗੇ ਕਿ ਇਸ ਨੀਤੀ ਦੇ ਕਿਸ ਏਜੰਡੇ ਦਾ ਹਿੱਸਾ ਹਨ।

**ਸਿੱਖਿਆ ਦੇ ਚੱਲ ਰਹੇ ਮੂਲ ਢਾਂਚੇ ਦੀ ਮੁਕੰਮਲ ਤੋੜ-ਭੰਨ** : ਜੇ ਸਿਰਫ਼ ਅਕਾਦਮਿਕ ਪਹਿਲੂ ਤੋਂ ਵੀ ਦੇਖਣਾ ਹੋਵੇ ਤਾਂ ਪੰਜਾਬ ਦੀ 'ਆਪ' ਸਰਕਾਰ ਦਾ ਲਾਗੂ ਕੀਤਾ ਜਾ ਰਿਹਾ 'ਸਕੂਲ ਆਫ ਐਮੀਨੈਂਸ' ਦਾ ਪ੍ਰਾਜੈਕਟ, ਪਹਿਲਾਂ ਚੱਲ ਰਹੇ ਸ਼੍ਰੇਣੀ 1 ਤੋਂ 12 ਤੱਕ ਦੇ ਸਿੱਖਿਆ ਢਾਂਚੇ ਨੂੰ ਪੂਰੀ ਤਰ੍ਹਾਂ ਤਹਿਸ਼-ਨਹਿਸ਼ ਕਰਨ ਵਾਲਾ ਹੈ। ਅਮਲੀ ਤੌਰ 'ਤੇ ਇਸ ਦੀਆਂ, ਵਿਦਿਆਰਥੀ, ਮਾਪੇ ਤੇ ਅਧਿਆਪਕਾਂ ਲਈ ਮਾਰੂ ਅਰਥ-ਸੰਭਾਵਨਾਵਾਂ ਬਣਦੀਆਂ ਹਨ। ਸ਼੍ਰੇਣੀ 9 ਤੋਂ 12 ਤੱਕ ਦੀ ਮੂਲੋਂ ਹੀ ਨਵੀਂ ਵੰਨਗੀ ਦੇ 'ਸਕੂਲ ਆਫ ਐਮੀਨੈਂਸ' ਬਣਾ ਕੇ ਜਿੱਥੇ ਉਨ੍ਹਾਂ ਸਕੂਲਾਂ ਦੇ ਸ਼੍ਰੇਣੀ 6 ਤੋਂ 8 ਦੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਲਈ ਆਪਣੇ ਹੀ ਪਿੰਡ/ਕਸਬੇ/ਸ਼ਹਿਰ ਦੇ ਸਕੂਲ ਵਿੱਚੋਂ ਬੇਦਖਲ ਹੋਕੇ ਆਲੇ ਦੁਆਲੇ ਦੂਰ ਦੇ ਕਿਸੇ ਹੋਰ ਸਰਕਾਰੀ ਜਾਂ ਪ੍ਰਾਈਵੇਟ ਸਕੂਲ ਵਿੱਚ ਦਾਖਲਾ ਲੈਣ ਦਾ ਗੰਭੀਰ ਸੰਕਟ ਖੜ੍ਹਾ ਹੋਵੇਗਾ ਉੱਥੇ ਉਸੇ ਸਕੂਲ ਦੇ ਸ਼੍ਰੇਣੀ 8 'ਚੋਂ ਪਾਸ ਹੋਣ ਵਾਲੇ ਜਿਹੜੇ ਵਿਦਿਆਰਥੀ 'ਐਮੀਨੈਂਸ' ਸਕੂਲ ਦੇ ਦਾਖਲਾ ਟੈਸਟ ਨੂੰ ਪਾਸ ਨਹੀਂ ਕਰ ਸਕਣਗੇ (ਜੋ ਕਿ ਇੱਕ ਸ਼ਰਤ ਰੱਖੀ ਗਈ ਹੈ ਦਾਖਲੇ ਲਈ) ਉਹ ਵੀ ਹਵਾ 'ਚ ਲਟਕ ਜਾਣਗੇ। ਪਿੰਡ/ਕਸਬੇ ਦੇ ਲੋਕਾਂ ਵੱਲੋਂ ਬਣਾਏ ਆਪਣੇ ਹੀ ਸਕੂਲਾਂ ਵਿੱਚੋਂ ਉਨ੍ਹਾਂ ਦੇ ਬੱਚਿਆਂ ਨੂੰ ਇਨ੍ਹਾਂ 'ਐਮੀਨੈਂਸ' ਸਕੂਲਾਂ ਨੇ ਬੇਦਖਲ ਕਰ ਦੇਣਾ ਹੈ। ਸ਼੍ਰੇਣੀ 6 ਦੇ ਵਿਦਿਆਰਥੀਆਂ ਨੂੰ ਇਨ੍ਹਾਂ ਸਕੂਲਾਂ 'ਚ ਨਾ ਦਾਖਲ ਕਰਨ ਦੇ ਹੁਕਮ ਪਹਿਲਾਂ ਹੀ ਜਾਰੀ ਹੋ ਚੁੱਕੇ ਹਨ।

ਉਂਝ ਭਾਵੇਂ ਅਜੇ ਪੰਜਾਬ ਸਰਕਾਰ/ ਸਿੱਖਿਆ ਵਿਭਾਗ ਵੱਲੋਂ ਇਸ ਉਥਲ-ਪੁਥਲ ਦੇ ਹੱਲ ਬਾਰੇ ਕੋਈ ਠੋਸ/ਸਪੱਸ਼ਟ ਹਦਾਇਤਾਂ ਤਾਂ ਨਹੀਂ ਜਾਰੀ ਕੀਤੀਆਂ ਪ੍ਰੰਤੂ ਜਿਸ ਤਰ੍ਹਾਂ ਇਨ੍ਹਾਂ 'ਭਵਿੱਖੀ' 'ਉੱਚਤਮ' ਸਕੂਲਾਂ ਦੇ ਨੇੜੇ-ਤੇੜੇ ਦੇ ਪ੍ਰਾਇਮਰੀ/ ਐਲੀਮੈਂਟਰੀ ਸਕੂਲਾਂ ਦਾ 'ਡੈਟਾ' ਇਕੱਠਾ ਕੀਤਾ ਜਾ ਰਿਹਾ ਹੈ ਉਸ ਤੋਂ ਜਾਪਦਾ ਹੈ ਕਿ ਸ਼੍ਰੇਣੀ 6 ਤੋਂ 8 ਨੂੰ ਪ੍ਰਾਇਮਰੀ ਸਕੂਲਾਂ ਨਾਲ ਜੋੜ ਦਿੱਤਾ ਜਾਵੇਗਾ। ਜਿਸ ਦਾ ਮੰਤਕੀ ਸਿੱਟਾ ਹੋਵੇਗਾ ਪ੍ਰਾਇਮਰੀ ਤੇ ਸੈਕੰਡਰੀ ਵਿਭਾਗਾਂ ਦਾ ਰਲਗੱਡ ਹੋਣਾ ਅਤੇ ਵੱਖਰੇ ਪ੍ਰਾਇਮਰੀ 'ਡਾਇਰੈਕਟੋਰੇਟ' ਦੇ ਸੰਕਲਪ ਦਾ ਮਿਟਣਾ। ਦੂਜੇ ਪਾਸੇ ਕੇਂਦਰ ਸਰਕਾਰ ਦੀ 'ਪੀ.ਐੱਮ. ਸ਼੍ਰੀ' ਸਕੀਮ ਅੰਦਰ ਭਾਵੇਂ ਸੀਨੀਅਰ ਸੈਕੰਡਰੀ ਸਕੂਲ ਤਾਂ ਸ਼੍ਰੇਣੀ 6 ਤੋਂ 12 ਤੱਕ ਹੋਣਗੇ ਪਰ ਐਲੀਮੈਂਟਰੀ ਸਕੂਲ ਸ਼੍ਰੇਣੀ 1 ਤੋਂ 8 ਤੱਕ ਹੋਣਗੇ। ਇਸ ਪਹਿਲੂ ਤੋਂ 'ਐਮੀਨੈਂਸ' ਤੇ 'ਪੀ.ਐੱਮ. ਸ਼੍ਰੀ' ਪ੍ਰਾਜੈਕਟ ਦੀ ਦਿਸ਼ਾ-ਸੇਧ ਇੱਕੋ ਹੀ ਹੈ।

ਇਨ੍ਹਾਂ 'ਐਮੀਨੈਂਸ' ਸਕੂਲਾਂ 'ਚ 'ਕਿਹੋ-ਜਿਹੇ' ਪ੍ਰਿੰਸੀਪਲ ਤੇ ਅਧਿਆਪਕ ਲਾਏ ਜਾਣਗੇ ਇਸ ਦਾ 'ਖਾਕਾ' ਤਾਂ ਨਹੀਂ ਅਜੇ ਸਾਹਮਣੇ ਆਇਆ ਪਰ ਇਨ੍ਹਾਂ ਸਕੂਲਾਂ 'ਚ ਪਹਿਲਾਂ ਪੜ੍ਹਾ ਰਹੇ ਅਧਿਆਪਕਾਂ ਨੂੰ ਕਿੱਧਰ-ਕਿੱਧਰ ਰੋੜ੍ਹਿਆ ਜਾਵੇਗਾ, ਇਸ ਨੂੰ ਲੈ ਕੇ ਉਹ ਵੀ ਫਿਕਰਮੰਦੀ/ਘਬਰਾਹਟ 'ਚ ਹਨ।

ਕੇਂਦਰ ਤੇ ਪੰਜਾਬ ਸਰਕਾਰ ਦੇ ਉਕਤ ਪ੍ਰਾਜੈਕਟਾਂ ਨੂੰ ਆਪਾਂ ਕੌਮੀ ਸਿੱਖਿਆ ਨੀਤੀ-2020 ਦੇ ਕੁੱਲ ਰਣਨੀਤਕ ਏਜੰਡੇ ਦੇ ਝਰੋਖੇ/ ਸੰਦਰਭ 'ਚੋਂ ਵੀ ਦੇਖਾਂਗੇ ਪਰੰਤੂ ਜਿਕਰ ਅਧੀਨ ਉਕਤ ਅਕਾਦਮਿਕ ਪਹਿਲੂ ਤੋਂ ਵਾਚਿਆਂ NEP-2020 ਵੱਲੋਂ ਵੀ ਦਹਾਕਿਆਂ ਤੋਂ ਚੱਲ ਰਹੇ ਪਹਿਲੇ ਸਿੱਖਿਆ ਢਾਂਚੇ ਦੀ ਮੁਕੰਮਲ ਤੋੜ-ਭੰਨ ਕਰ ਕੇ ਹੇਠਾਂ ਸਕੂਲੀ ਸਿੱਖਿਆ ਅੰਦਰ 5+3+3+4 ਪ੍ਰਣਾਲੀ, ਕੰਪਲੈਕਸ ਸਕੂਲ ਅਤੇ ਉੱਪਰ ਉਚੇਰੀ ਸਿੱਖਿਆ ਅੰਦਰ ਛੋਟੇ-ਮੋਟੇ ਪੇਂਡੂ ਸ਼ਹਿਰੀ ਕਾਲਜ/ ਯੂਨੀਵਰਸਿਟੀਆਂ ਨੂੰ ਬੰਦ ਕਰ ਕੇ 3000 ਜਾਂ ਇਸ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ ਵਾਲੀਆਂ ਸੰਸਥਾਵਾਂ ਦਾ ਢਾਂਚਾ ਉਸਾਰਨ ਦੀ ਸਿਫਾਰਸ਼ ਕੀਤੀ ਗਈ ਹੈ।

**NEP-2020 ਦਾ ਮੂਲ ਏਜੰਡਾ ਬਨਾਮ 'ਸਕੂਲਜ਼ ਆਫ ਐਮੀਨੈਂਸ'**

ਪੰਜਾਬ ਦੀ 'ਆਪ' ਸਰਕਾਰ ਵੱਲੋਂ ਜਾਰੀ ਕੀਤੀ ਗਈ ਨੀਤੀ 'ਸਕੂਲਜ਼ ਆਫ ਐਮੀਨੈਂਸ' 2022ਦੀਆਂ ਵੱਖ ਵੱਖ ਮੱਦਾਂ/ਧਾਰਾਵਾਂ 'ਤੇ ਘੋਖਵੀਂ ਨਜ਼ਰ ਮਾਰਨ ਤੋਂ ਪਹਿਲਾਂ 'ਕੌਮੀ ਸਿੱਖਿਆ ਨੀਤੀ 2020 ਦੀ ਪੂਰੀ ਸਮੀਖਿਆ ਨੂੰ ਪਾਸੇ ਰਖਦਿਆਂ ਕੇਵਲ ਇਸ ਦੇ ਮੂਲ ਰਣਨੀਤਕ ਏਜੰਡੇ ਦੀ ਗੱਲ ਕਰਾਂਗੇ।

ਕਿਉਂਕਿ ਸਿੱਖਿਆ ਢਾਂਚਾ ਵੀ ਕਿਸੇ ਸਮਾਜ ਦੇ ਆਰਥਿਕ ਢਾਂਚੇ ਦਾ ਹੀ ਉਸਾਰ-ਬਿੰਬ ਹੁੰਦਾ ਹੈ ਇਸ ਲਈ ਸਿੱਖਿਆ-ਨੀਤੀ ਦੇ ਉਦੇਸ਼ ਵੀ ਹਕੂਮਤੀ ਪਾਰਟੀ ਦੇ ਉਦੇਸ਼ਾਂ ਨਾਲੋਂ ਹਟ ਕੇ ਨਹੀਂ ਹੋ ਸਕਦੇ। ਸਗੋਂ ਕਿਸੇ ਵੀ ਹਾਕਮ ਪਾਰਟੀ ਲਈ ਆਪਣੇ ਆਰਥਿਕ, ਰਾਜਨੀਤਕ ਤੇ ਸਮਾਜਿਕ-ਸਭਿਆਚਾਰਕ ਨੀਤੀ-ਏਜੰਡੇ ਨੂੰ ਲਾਗੂ ਕਰਨ ਲਈ ਸਿੱਖਿਆ ਖੇਤਰ ਸਭ ਤੋਂ ਅਹਿਮ ਤੇ ਕਾਰਗਰ ਖੇਤਰ ਹੈ। ਇਸ ਨਜ਼ਰੀਏ/ਸੰਦਰਭ ਤੋਂ ਦੇਖਿਆਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸਭ ਸੰਵਿਧਾਨਿਕ ਕਾਇਦੇ-ਕਾਨੂੰਨਾਂ ਨੂੰ ਉਲੰਘ ਕੇ ਲਾਗੂ ਕੀਤੀ ਜਾ ਰਹੀ 'ਕੌਮੀ ਸਿੱਖਿਆ ਨੀਤੀ-2020, ਹੋਰਨਾਂ ਖੇਤਰਾਂ 'ਚ ਚੱਲ ਰਹੇ ਉਸ ਦੇ ਸਿਆਸੀ- ਰਣਨੀਤਕ ਏਜੰਡੇ ਦੇ ਅਨੁਸਾਰੀ ਹੀ, ਪ੍ਰਾਇਮਰੀ ਤੋਂ ਲੈਕੇ ਯੂਨੀਵਰਸਿਟੀ ਪੱਧਰ ਤੱਕ ਦੀ ਸਿੱਖਿਆ ਦੇ ਮੁਕੰਮਲ ਕੇਂਦਰੀਕਰਨ, ਨਿੱਜੀਕਰਨ/ ਕਾਰਪੋਰੇਟੀਕਰਨ ਤੇ ਭਗਵਾਂਕਰਨ ਦੀ ਮੂਲ ਚੂਲ ਦੁਆਲੇ ਹੀ ਘੁੰਮਦੀ ਹੈ। ਇਸੇ ਨੀਤੀ-ਏਜੰਡੇ ਤਹਿਤ ਹੀ ਸਮੁੱਚੀ ਸਿੱਖਿਆ ਦੀ ਢਾਂਚਾ-ਉਸਾਰੀ ਕੀਤੀ ਜਾ ਰਹੀ ਹੈ, ਪਾਠਕ੍ਰਮਾਂ ਦੀ ਛਾਂਗ-ਛੰਗਾਈ ਤੇ ਸੁਧਾਈ ਕੀਤੀ ਜਾ ਰਹੀ ਹੈ। ਸਿੱਖਿਆ ਨੂੰ, ਉਸਦੇ ਮੂਲ ਉਦੇਸ਼-ਮਨੁੱਖ ਦਾ ਨਿਰਮਾਣ ਕਰਨਾ, ਉਸ ਨੂੰ ਸਮਾਜਿਕ ਸਰੋਕਾਰਾਂ ਪ੍ਰਤੀ ਸੁਚੇਤ ਕਰਨਾ ਤੇ ਉਸ ਦਾ ਨਜ਼ਰੀਆ ਵਿਗਿਆਨਕ-ਤਰਕਸ਼ੀਲ ਬਣਾ ਕੇ ਇੱਕ ਜਿੰਮੇਵਾਰ ਨਾਗਰਿਕ ਬਣਾਉਣਾ, ਤੋਂ ਭਟਕਾ ਕੇ- ਵਿਸ਼ਵ ਵਪਾਰ ਸੰਗਠਨ ਦੀ ਪਰਿਭਾਸ਼ਾ ਦੇ ਅਨੁਸਾਰੀ 'ਸਿੱਖਿਆ ਵੀ ਇੱਕ ਕਾਰੋਬਾਰ ਵਾਂਗ ਖਰੀਦੀ-ਵੇਚੀ ਜਾਣ ਵਾਲੀ ਮੰਡੀ ਦੀ ਵਸਤੂ' ਬਣਾ ਦਿੱਤਾ ਗਿਆ ਹੈ।

ਮਿਆਰੀ ਸਿੱਖਿਆ ਦਾ ਸੰਕਲਪ ਹੀ ਬਦਲ ਦਿੱਤਾ ਗਿਆ ਹੈ। ਸਿੱਖਿਆ ਦੇ ਉਕਤ ਅਹਿਮ ਮੂਲ-ਕਾਰਜ ਨੂੰ ਵਿਸਾਰ ਕੇ, ਆਧੁਨਿਕ ਤਕਨਾਲੋਜੀ ਨਾਲ ਲੈਸ ਸਕੂਲ ਬਿਲਡਿੰਗ, ਸਮਾਰਟ ਕਲਾਸ ਰੂਮ, ਸੀ.ਸੀ.ਟੀ.ਵੀ ਕੈਮਰੇ, ਬਾਇਓਮੈਟਰਿਕ-ਹਾਜ਼ਰੀ, ਆਨ-ਲਾਈਨ ਪੜ੍ਹਾਈ, ਬਣੇ-ਬਣਾਏ 'ਮਾਡਿਊਲ' ਨਿਸਚਿਤ ਮਾਪਦੰਡ, ਸੂਚਨਾ ਤਕਨਾਲੋਜੀ ਨਾਲ ਲੈਸ, ਕਾਰਪੋਰੇਟ-ਮੰਡੀ 'ਚ ਵਿਕਣ ਲਈ 'ਮਸ਼ੀਨੀ' ਮਨੁੱਖੀ ਪੁਰਜੇ ਤਿਆਰ ਕਰਨ ਨੂੰ ਹੀ 'ਮਿਆਰੀ ਸਿੱਖਿਆ' ਵੱਜੋਂ ਪ੍ਰਚਾਰਿਆ ਜਾ ਰਿਹਾ ਹੈ।

**'ਸਕੂਲਜ਼ ਆਫ ਐਮੀਨੈਂਸ' ਉੱਪਰ NEP-2020 ਦੀ ਮੁਹਰਸ਼ਾਪ** : ਪੰਜਾਬ ਸਰਕਾਰ ਵੱਲੋਂ 'ਸਕੂਲਜ਼ ਆਫ ਐਮੀਨੈਂਸ' ਦੀ ਜਾਰੀ ਕੀਤੀ ਗਈ ਨੀਤੀ ਦੀ ਅੰਦਰਲੀ ਪੁਣ-ਛਾਣ ਕਰਨ ਤੋਂ ਪਹਿਲਾਂ ਇਹ ਗੱਲ ਜੋ ਜ਼ਰੂਰੀ ਕਰਨੀ ਬਣਦੀ ਹੈ ਕਿ ਜਿਸ ਤਰ੍ਹਾਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸਮੁੱਚੇ ਮੁਲਕ 'ਚ ਲਾਗੂ ਹੋਣ ਵਾਲੀ 'ਕੌਮੀ ਸਿੱਖਿਆ ਨੀਤੀ-2020 ਨੂੰ ਲਾਗੂ ਕਰਨ ਤੋਂ ਪਹਿਲਾਂ ਨਾ ਰਾਜਾਂ ਨਾਲ ਤੇ ਨਾ ਹੀ ਸਿੱਖਿਆ ਅਦਾਰਿਆਂ, ਵਿਦਿਆਰਥੀਆਂ/ਅਧਿਆਪਕਾਂ ਦੀਆਂ ਜਥੇਬੰਦੀਆਂ ਨਾਲ ਕੋਈ ਸਲਾਹ-ਮਸ਼ਵਰਾ ਕੀਤਾ ਗਿਆ, ਉਸੇ ਤਰ੍ਹਾਂ ਹੀ ਪੰਜਾਬ ਦੀ 'ਆਪ' ਸਰਕਾਰ ਵੱਲੋਂ ਵੀ, ਹਜ਼ਾਰਾਂ-ਲੱਖਾਂ ਅਧਿਆਪਕਾਂ/ ਵਿਦਿਆਰਥੀਆਂ-ਮਾਪਿਆਂ ਨੂੰ ਮਾੜੇ-ਰੁਖ ਪ੍ਰਭਾਵਿਤ ਕਰਨ ਵਾਲੀ ਉਕਤ ਨੀਤੀ ਦਾ 'ਦਿੱਲੀ ਮਾਡਲ' ਉਸੇ ਹੀ ਤਰਜ਼ 'ਤੇ ਹੇਠਾਂ ਠੋਸ ਦਿੱਤਾ ਗਿਆ ਹੈ, ਬਿਨਾਂ ਸੰਬੰਧਿਤ ਵਰਗਾਂ/ਅਦਾਰਿਆਂ ਦੀ ਰਾਇ ਲਏ।

ਦੂਜੀ ਗੱਲ, ਸਿੱਖਿਆ ਦਾ ਵਿਸ਼ਾ ਸੰਵਿਧਾਨ ਦੀ ਸਮਵਰਤੀ ਸੂਚੀ 'ਚ ਹੋਣ ਦੇ ਬਾਵਜੂਦ, ਜਿਸ NEP-2020 ਨੂੰ, ਮੋਦੀ ਸਰਕਾਰ ਵੱਲੋਂ ਨਾ ਕੇਵਲ ਰਾਜਾਂ ਦੇ ਸੰਵਿਧਾਨਿਕ ਹੱਕਾਂ ਨੂੰ ਉਲੰਘ ਕੇ ਸਗੋਂ ਬਿਨਾਂ ਪਾਰਲੀਮੈਂਟ ਤੋਂ ਵੀ ਪਾਸ ਕਰਾਏ ਲਾਗੂ ਕੀਤਾ ਗਿਆ ਹੈ, ਉਸ ਸਿੱਖਿਆ ਨੀਤੀ 'ਤੇ, (ਰਾਜ ਦੇ ਹੱਕਾਂ ਦੀ ਰਾਖੀ ਦਾ ਦਾਅਵਾ ਕਰਨ ਵਾਲੀ) ਪੰਜਾਬ ਦੀ 'ਆਪ' ਸਰਕਾਰ ਵੱਲੋਂ ਕੋਈ ਕਿੰਤੂ-ਪਰੰਤੂ ਕਰਨਾ ਤਾਂ ਇੱਕ ਪਾਸੇ ਰਿਹਾ ਸਗੋਂ ਉਸ ਨੂੰ ਹੂਬਹੂ ਲਾਗੂ ਕੀਤਾ ਜਾ ਰਿਹਾ ਹੈ। ਸਰਕਾਰੀ ਸਿੱਖਿਆ ਖੇਤਰ ਨੂੰ ਪਾਏਦਾਰ ਬਣਾਉਣ ਦੀਆਂ ਗੱਲਾਂ ਕਰਨ ਵਾਲੀ ਇਸ ਸਰਕਾਰ ਨੂੰ, ਨਾ ਹੀ ਇਸ NEP-2020 ਦੀ ਸਿੱਖਿਆ ਦੇ ਕਾਰਪੋਰੇਟੀਕਰਨ/ ਭਗਵੇਂਕਰਨ ਦੀ ਦਿਸ਼ਾ-ਸੇਧ ਰੜਕਦੀ ਹੈ।

**ਸਭਨਾਂ ਲਈ ਸਮਾਨ ਸਿੱਖਿਆ : ਪਾੜਾ ਹੋਰ ਵੀ ਵਧੇਗਾ** : ਪੰਜਾਬ ਸਰਕਾਰ ਦੀ 'ਐਮੀਨੈਂਸ ਸਕੂਲ' ਨੀਤੀ ਅਤੇ ਕੇਂਦਰ ਸਰਕਾਰ ਦੀ 'ਪੀ.ਐੱਮ. ਸ਼੍ਰੀ' ਨੀਤੀ, ਦੋਵੇਂ ਮੁੱਖ ਤੌਰ 'ਤੇ ਸ਼ਹਿਰਾਂ/ਕਸਬਿਆਂ ਅੰਦਰ ਹੀ ਇਹ ਸਕੂਲ ਖੋਲ੍ਹਣ ਦੀ ਵਕਾਲਤ ਕਰਦੀਆਂ ਹਨ ਜਿਸ ਨਾਲ ਲੋੜੀਂਦੇ ਸਿੱਖਿਆ ਢਾਂਚੇ/ਸਹੂਲਤਾਂ ਪੱਖੋਂ ਪਹਿਲਾਂ ਹੀ ਪਛੜੇ ਹੋਏ ਪੇਂਡੂ ਖੇਤਰਾਂ ਦਾ ਪਾੜਾ ਹੋਰ ਵਧੇਗਾ।

ਦੂਜਾ, ਇਨ੍ਹਾਂ ਸਕੀਮਾਂ ਤਹਿਤ ਕੁੱਝ ਕੁ ਗਿਣਤੀ ਦੇ ਹੀ ਉਹ ਸਕੂਲ ਚੁਣੇ ਜਾਣੇ ਹਨ ਜਿਹੜੇ ਸਿੱਖਿਆ ਢਾਂਚੇ/ਸਹੂਲਤਾਂ ਪੱਖੋਂ ਪਹਿਲਾਂ ਹੀ ਕਿਸੇ ਹੱਦ ਤੱਕ ਲੈਸ ਹਨ। ਇਸ ਪੱਖੋਂ ਵੀ ਪਾੜਾ ਹੋਰ ਵਧੇਗਾ। ਵਿਦਿਆਰਥੀਆਂ ਦੀ ਵੱਡੀ ਗਿਣਤੀ ਨੂੰ ਨਜ਼ਰ-ਅੰਦਾਜ਼ ਕੀਤਾ ਜਾਵੇਗਾ। ਪੰਜਾਬ ਸਰਕਾਰ ਦੇ ਆਪਣੇ ਬਿਆਨਾਂ ਮੁਤਾਬਕ ਇਨ੍ਹਾਂ 117 'ਐਮੀਨੈਂਸ' ਸਕੂਲਾਂ 'ਚ ਕੇਵਲ 30000 ਵਿਦਿਆਰਥੀ ਹੀ ਪੜ੍ਹਨਗੇ ਜਦਕਿ ਇਸ ਸਮੇਂ ਪੰਜਾਬ ਦੇ ਕੁੱਲ 19 ਹਜ਼ਾਰ ਦੇ ਲਗਭਗ ਸਕੂਲਾਂ 'ਚ ਕੁੱਲ 28 ਲੱਖ ਤੱਕ ਵਿਦਿਆਰਥੀ ਪੜ੍ਹ ਰਹੇ ਹਨ। ਜੇ ਸਰਕਾਰ ਦੇ ਐਲਾਨੇ ਹੋਏ 1000 'ਸੁਪਰ ਸਮਾਰਟ' ਸਕੂਲ ਵੀ ਬਣ ਜਾਣ ਜਿਨ੍ਹਾਂ 'ਚ 3 ਲੱਖ ਬੱਚਿਆਂ ਨੂੰ ਦਾਖਲ ਕਰਨ ਦਾ ਟੀਚਾ ਮਿਥਿਆ ਗਿਆ ਹੈ ਤਾਂ ਬਾਕੀ ਬਚਦੇ 25 ਲੱਖ ਬੱਚਿਆਂ ਨੂੰ ਨਜ਼ਰ-ਅੰਦਾਜ਼ ਕਰਕੇ ਦਿੱਤੀ ਜਾਣ ਵਾਲੀ ਅਜਿਹੀ 'ਮਿਆਰੀ ਸਿੱਖਿਆ' ਕਿਸ ਦੀ ਸੇਵਾ 'ਚ ਭੁਗਤੇਗੀ!

ਇੱਕ ਹੋਰ ਅਹਿਮ ਨੁਕਤਾ ਕਿ ਸ਼ ?ਰੇਣੀ 1 ਤੋਂ 8 ਤੱਕ ਦੀ (ਪ੍ਰਾਇਮਰੀ ਤੋਂ ਮਿਡਲ) ਸਿੱਖਿਆ ਨੂੰ ਨਜ਼ਰ-ਅੰਦਾਜ਼ ਕਰਕੇ ਕੇਵਲ ਸ਼੍ਰੇਣੀ 9 ਤੋਂ 12 (ਹਾਇਰ ਸੈਕੰਡਰੀ) ਦੇ ਸਕੂਲਾਂ ਨੂੰ ਉੱਚ ਕੋਟੀ ਦੇ ਸਕੂਲ (Schools of Eminence) ਬਣਾਉਣਾ, ਕਿਹੜੀ ਸਿੱਖਿਆ ਵਿਧੀ ਕਹਿੰਦੀ ਹੈ? ਇਹ ਸਿੱਖਿਆ ਨਾਲ ਖਿਲਵਾੜ ਹੋਵਗਾ। ਨਾ ਸਿੱਖਿਆ ਦਾ 'ਦਿੱਲੀ ਮਾਡਲ' ਤੇ ਨਾ ਹੀ ਸਿਖਲਾਈ ਦਾ 'ਸਿੰਘਾਪੁਰ ਮਾਡਲ' ਸਗੋਂ ਆਪਣੇ ਮੁਲਕ/ਖਿੱਤੇ ਦਾ ਮਾਡਲ ਹੀ ਕਾਰਗਰ ਸਿੱਟੇ ਕੱਢ ਸਕਦਾ ਹੈ।

'ਹੁਸ਼ਿਆਰ/ ਪ੍ਰਤਿਭਾਸ਼ਾਲੀ' ਬੱਚਿਆਂ ਦੀ ਇੱਕ ਵੱਖਰੀ ਵੰਨਗੀ ਬਣਾ ਕੇ ਇਨ੍ਹਾਂ 'ਪੀ.ਐੱਮ. ਸ਼੍ਰੀ' ਤੇ 'ਐਮੀਨੈਂਸ' ਸਕੂਲਾਂ ਨੂੰ ਖੜ੍ਹਾ ਕਰਨ ਨਾਲ ਪਹਿਲਾਂ ਹੀ ਜਨਤਕ ਸਿੱਖਿਆ ਨੂੰ ਕਮਜ਼ੋਰ ਕਰਨ ਵਾਲੀ, ਪ੍ਰਾਈਵੇਟ/ਮਾਡਲ/ ਕਾਨਵੈਂਟ ਸਕੂਲਾਂ ਕਾਰਨ ਪਈ ਹੋਈ ਵੰਡੀ 'ਚ ਹੋਰ ਵਾਧਾ ਹੋ ਜਾਵੇਗਾ। ਨਾਲੇ, ਸਮਾਜਿਕ-ਆਰਥਿਕ ਪੱਖੋਂ ਪਛੜੇ/ਕਮਜ਼ੋਰ ਬੱਚਿਆਂ ਨੂੰ ਨਜ਼ਰ-ਅੰਦਾਜ਼ ਕਰ ਕੇ ਪਹਿਲਾਂ ਹੀ ਹੁਸ਼ਿਆਰ/ਸਰਦੇ-ਪੁਜਦੇ ਘਰਾਂ ਦੇ ਬੱਚਿਆਂ ਨੂੰ ਹੋਰ ਅੱਗੇ ਲਿਜਾਣਾ, ਸਿੱਖਿਆ ਦੇ ਮੂਲ ਕਾਰਜ ਨਾਲ ਖਿਲਵਾੜ ਕਰਨਾ ਹੋਵੇਗਾ। ਪਹਿਲੀਆਂ ਸਰਕਾਰਾਂ ਵੱਲੋਂ ਵੀ ਇਸੇ ਗਲਤ ਦਿਸ਼ਾ-ਸੇਧ 'ਚ ਹੀ ਸ਼ੁਰੂ ਕੀਤੇ ਗਏ, ਆਦਰਸ਼/ਮਾਡਲ/ ਮੈਰੀਟੋਰੀਅਸ ਸਕੂਲਾਂ ਦੇ ਅਜਿਹੇ ਪ੍ਰਾਜੈਕਟਾਂ ਦਾ ਹਸ਼ਰ ਸਾਡੇ ਸਾਹਮਣੇ ਹੀ ਹੈ। ਸਰਕਾਰੀ ਨਾਂਅ ਹੇਠ ਸ਼ੁਰੂ ਕੀਤੇ ਗਏ ਇਹ ਸਕੂਲ, ਪਹਿਲਾਂ ਪੀ.ਪੀ.ਪੀ. ਮਾਡਲ ਫਿਰ ਕੰਪਨੀ ਮਾਡਲ ਤੇ ਅੰਤ ਸੰਕਟਗ੍ਰਸਤ ਹੋਏ ਮਰਨ-ਕੰਢੇ ਖੜੇ ਹਨ। ਇਨ੍ਹਾਂ ਸਕੂਲਾਂ 'ਚ ਕੰਮ ਕਰਦੇ ਠੇਕਾ ਭਰਤੀ ਅਧਿਆਪਕ, ਤਨਖਾਹਾਂ ਖੁਣੋਂ ਤਰਸਦੇ/ਰੈਗੂਲਰ ਕਰਨ ਦੀ ਮੰਗ ਕਰਦੇ-ਕਰਦੇ, ਕਿਨਾਰਾ ਕਰ ਗਏ ਹਨ।

ਕੋਠਾਰੀ ਕਮਿਸ਼ਨ (1964-68) ਦੀਆਂ ਸਿਫਾਰਸ਼ਾਂ ਅਤੇ ਮੁਲਕ ਦੇ ਹੋਰ ਕਾਬਲ ਸਿੱਖਿਆ-ਸ਼ਾਸਤਰੀਆਂ ਦੇ ਸੁਝਾਵਾਂ ਦੀ ਰੋਸ਼ਨੀ 'ਚ 'ਗੁਆਂਢੀ ਸਕੂਲ' ਤੇ 'ਸਾਂਝੀ ਸਕੂਲ ਪ੍ਰਣਾਲੀ' ਲਾਗੂ ਕਰਨ ਦੀ ਬਜਾਇ ਸਿੱਖਿਆ ਦੇ ਉਕਤ 'ਟਾਪੂ' ਖੜ੍ਹੇ ਕਰਨੇ, ਇਸ ਤਰਕ ਸਹਾਰੇ ਕਿ ਇਹ ਹੋਰਨਾਂ ਸਕੂਲਾਂ ਲਈ ਪ੍ਰੇਰਣਾ-ਸਰੋਤ/ਮਿਸਾਲ ਬਣਨਗੇ, (ਧਾਰਾ 5.0, ਸਕੂਲਜ ਆਫ ਐਮੀਨੈਂਸ ਸਕੀਮ) ਇੱਕ ਮ੍ਰਿਗ-ਤ੍ਰਿਸ਼ਨਾ ਹੀ ਹੈ।

ਅਮਲੀ ਤੌਰ 'ਤੇ ਇਹ ਪ੍ਰਾਜੈਕਟ, NEP-2020 ਦੇ ਸਿੱਖਿਆ ਦੇ ਕੇਂਦਰੀਕਰਨ ਦੀ ਦਿਸ਼ਾ ਵਾਲੇ, ਹੇਠਾਂ ਛੋਟੇ-ਮੋਟੇ ਸਕੂਲਾਂ ਨੂੰ ਬੰਦ ਕਰ ਕੇ, ਪੂਰੀਆਂ ਸਿੱਖਿਆ ਸਹੂਲਤਾਂ ਨਾਲ ਲੈਸ 'ਸਕੂਲ ਕੰਪਲੈਕਸ' ਅਤੇ ਉੱਪਰ ਪੇਂਡੂ/ਸ਼ਹਿਰੀ ਛੋਟੇ ਕਾਲਜ/ ਯੂਨੀਵਰਸਿਟੀਆਂ ਦਾ ਭੋਗ ਪਾ ਕੇ ਘੱਟੋ- ਘੱਟ 3000 ਗਿਣਤੀ ਵਾਲੇ 'ਸਿੱਖਿਆ ਟਾਪੂਆਂ' (Hubs) ਦੀ ਤਰਜ਼ 'ਤੇ ਹੀ ਹੋਣਗੇ।

ਕੇਂਦਰ ਦੀ ਮੋਦੀ ਸਰਕਾਰ ਵੱਲੋਂ ਰਾਜਾਂ ਨੂੰ ਜਾਰੀ ਹਦਾਇਤਾਂ ਅਨੁਸਾਰ ਜਿਹੜੇ 'ਪੀ.ਐੱਮ. ਸ਼੍ਰੀ' ਸਕੂਲ ਰਾਜਾਂ ਵੱਲੋਂ ਖੋਲ੍ਹੇ ਜਾਣੇ ਹਨ ਉਨ੍ਹਾਂ ਅੰਦਰ ਜਿੱਥੇ NEP-2020 ਦੇ ਸਾਰੇ ਮਾਪਦੰਡ ਲਾਗੂ ਕਰਨ ਦੀ ਸ਼ਰਤ ਰੱਖੀ ਗਈ ਹੈ ਅਤੇ ਇਸ ਦੀ ਸਕੂਲਾਂ ਤੋਂ ਜਾਮਨੀ ਲਈ ਗਈ ਹੈ, ਉੱਥੇ ਬੱਚਿਆਂ ਨੂੰ 'ਭਾਰਤ ਦੇ ਵਿਰਸੇ ਤੇ ਭਾਰਤੀ ਕਦਰਾਂ-ਕੀਮਤਾਂ ਨੂੰ ਆਤਮ-ਸਾਤ ਕਰਨ ਦੀ ਪੜ੍ਹਾਈ ਕਰਵਾਉਣ' ਦੇ ਨਾਂਅ ਹੇਠ NEP-2020 ਦੀ ਸਿੱਖਿਆ ਦੇ ਭਗਵੇਂਕਰਨ ਦੀ ਮੋਦੀ ਸਰਕਾਰ ਦੀ ਦਿਸ਼ਾ-ਸੇਧ ਅਪਣਾਉਣ ਲਈ ਵੀ ਕਿਹਾ ਗਿਆ ਹੈ। ਇਨ੍ਹਾਂ ਸਕੂਲਾਂ ਲਈ ਕੇਂਦਰ ਸਰਕਾਰ ਵੱਲੋਂ 5 ਸਾਲ ਲਈ ਰੱਖੀ ਕੁੱਲ ਰਕਮ 27360 ਕਰੋੜ ਰੁਪਏ ਵਿੱਚੋਂ ਕੇਂਦਰ ਦਾ ਹਿੱਸਾ 18128 ਕਰੋੜ (60%) ਤੇ ਰਾਜਾਂ ਦਾ 9232 ਕਰੋੜ (40%) ਹੋਵੇਗਾ। ਪਰ ਨੀਤੀ ਸਾਰੀ ਕੇਂਦਰ ਸਰਕਾਰ ਦੀ ਹੀ ਲਾਗੂ ਹੋਵੇਗੀ।

ਇਸ ਤੋਂ ਬਿਨਾਂ ਮੋਦੀ ਸਰਕਾਰ ਵੱਲੋਂ ਇਸ ਖਦਸ਼ੇ ਤੋਂ ਮੁਕਤ ਹੋਣ ਲਈ ਕਿ ਕਿਤੇ ਰਾਜ ਸਰਕਾਰਾਂ NEP ਨੂੰ ਆਪਣੀ ਮਰਜੀ ਮੁਤਾਬਕ ਹੀ ਨਾ ਲਾਗੂ ਕਰਨ ਲੱਗ ਜਾਣ, NEP ਦੀ ਅਸਲ ਰਿਪੋਰਟ 'ਚ ਆਪਣੇ ਵੱਲੋਂ ਇਹ ਜੋੜ ਦਿੱਤਾ ਗਿਆ ਕਿ IAS ਕਾਡਰ ਵਾਂਗ IES (ਭਾਰਤੀ ਸਿੱਖਿਆ ਸਰਵਿਸ) ਨਵਾਂ ਕਾਡਰ ਬਣਾਇਆ ਜਾਵੇਗਾ ਜਿਸਦੇ ਰਾਹੀਂ ਹਰ ਰਾਜ 'ਚ NEP-2020 ਨੂੰ ਹੂਬਹੂ ਲਾਗੂ ਕਰਵਾਇਆ ਜਾਵੇਗਾ। ਇਹ ਵੀ ਕਿ ਹਰ ਯੂਨੀਵਰਸਿਟੀ ਦੇ ਰਜਿਸਟਰਾਰ ਦੀ ਨਿਯੁਕਤੀ ਵੀ ਇਸੇ ਕਾਡਰ ਵਿੱਚੋਂ ਹੀ ਹੋਵੇਗੀ।

***ਸਕੂਲਜ਼ ਆਫ ਐਮੀਨੈਂਸ : ਦਸਤਾਵੇਜ਼ ਦੀ ਪੁਣ-ਛਾਣ** : ਪੰਜਾਬ ਦੀ 'ਆਪ ਸਰਕਾਰ' ਦੇ ਸਿੱਖਿਆ ਵਿਭਾਗ ਵੱਲੋਂ 'ਸਕੂਲਜ ਆਫ ਐਮੀਨੈਂਸ' ਪ੍ਰਾਜੈਕਟ/ਸਕੀਮ ਦਾ ਜੋ ਨੀਤੀ ਦਸਤਾਵੇਜ਼ ਜਾਰੀ ਕੀਤਾ ਗਿਆ ਹੈ ਉਸ ਦੀ ਧਾਰਾ (1.0) ਪਿਛੋਕੜ: 'ਚ 'ਮਿਆਰੀ ਸਿੱਖਿਆ' ਦੀ ਵਿਕਾਸ ਲਈ ਅਹਿਮ ਭੂਮਿਕਾ ਦਾ ਜਿਕਰ ਕਰਦਿਆਂ 'ਐਮੀਨੈਂਸ ਸਕੂਲ' ਸਕੀਮ ਰਾਹੀਂ ਉੱਚ ਪਾਏ ਦੀਆਂ ਸਹੂਲਤਾਂ ਨਾਲ ਲੈਸ 'ਉੱਤਮਤਾ ਦੇ ਕੇਂਦਰ' ਉਸਾਰਨ ਦੀ ਗੱਲ ਕੀਤੀ ਗਈ ਹੈ, ਉਹੀ 'ਟਾਪੂ' ਹਨ ਜਿਨ੍ਹਾਂ ਦਾ ਆਪਾਂ ਉੱਪਰ ਜਿਕਰ ਕੀਤਾ ਹੈ। ਤੇ 'ਮਿਆਰੀ ਸਿੱਖਿਆ' ਨੂੰ ਧਾਰਾ (3.3) ਅਨੁਸਾਰ 21ਵੀਂ ਸਦੀ ਦੇ ਹੁਨਰ ਸਿੱਖਣ, ਸਕੂਲੀ ਸਿੱਖਿਆ ਤੋਂ ਬਾਅਦ ਨੌਕਰੀ ਦੇ ਮੌਕਿਆਂ, ਸਵੈ-ਰੁਜ਼ਗਾਰ ਜਾਂ ਉਚੇਰੀ ਸਿੱਖਿਆ ਦੀਆਂ ਹੋਰ ਸੰਭਾਵਨਾਵਾਂ ਦੀ ਜਾਣਕਾਰੀ ਨਾਲ ਲੈਸ ਕਰਨ ਤੱਕ ਹੀ ਸੀਮਿਤ ਕੀਤਾ ਹੋਇਆ ਹੈ।

**ਦਸਤਾਵੇਜ਼ ਦੀ ਧਾਰਾ(2.0): ਦੂਰ-ਅੰਦੇਸ਼ੀ ਕਲਪਨਾ**: ਤਹਿਤ 'ਐਮੀਨੈਂਸ' ਸਕੂਲਾਂ ਰਾਹੀਂ ਬੱਚਿਆਂ ਦੇ 'ਸਰਬਪੱਖੀ ਵਿਕਾਸ' ਦੀ ਸਿੱਖਿਆ ਨੂੰ ਮੁੜ ਪ੍ਰਭਾਸ਼ਿਤ ਕਰ ਕੇ ਉਨ੍ਹਾਂ ਨੂੰ '21ਵੀਂ ਸਦੀ ਦੇ ਜਿੰਮੇਵਾਰ ਨਾਗਰਿਕ' ਬਣਨ ਲਈ ਤਿਆਰ ਕਰਨਾ ਹੈ। NEP-2020 ਨੂੰ ਵੀ 21 ਵੀਂ ਸਦੀ ਦੇ ਵਿਕਾਸ ਦੀਆਂ ਲੋੜਾਂ ਵਾਲੀ ਨੀਤੀ ਕਿਹਾ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਵੱਲੋਂ ਵੀ ਇਸ ਸਿੱਖਿਆ ਨੀਤੀ ਨੂੰ 'ਨਿਊ ਇੰਡੀਆ' ਦੀ ਤੇ 21 ਵੀਂ ਸਦੀ ਦੀ ਨੀਤੀ ਵਜੋਂ ਪ੍ਰਚਾਰਿਆ ਜਾਂਦਾ ਹੈ। ਇਹ 21ਵੀਂ ਸਦੀ ਦਾ ਵਿਕਾਸ /ਮੋਦੀ ਦਾ 'ਨਿਊ ਇੰਡੀਆ' ਕੀ ਹੈ- 'ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਹਿਤਾਂ ਦੀ ਰਾਖੀ ਕਰਨ ਵਾਲੇ ਵਿਕਾਸ ਮਾਡਲ ਤੇ ਫਿਰਕੂ-ਰਾਸ਼ਟਰਵਾਦ ਦੇ ਰੰਗ 'ਚ ਰੰਗਿਆ 'ਨਿਊ ਇੰਡੀਆ' ਤੇ 'ਆਪ' ਸਰਕਾਰ ਦੇ 'ਐਮੀਨੈਂਸ' ਸਕੂਲਾਂ 'ਚੋਂ ਤਿਆਰ ਹੋਕੇ ਨਿਕਲਿਆ '21ਵੀਂ ਸਦੀ ਦਾ ਨਾਗਰਿਕ' ਇਸ 'ਕਾਰਪੋਰੇਟ ਵਿਕਾਸ ਮਾਡਲ' ਦੀਆਂ ਲੋੜਾਂ ਦੀ ਪੂਰਤੀ ਦਾ ਹੀ ਇੱਕ ਪੁਰਜਾ

**(ਬਾਕੀ ਸਫ਼ਾ 17 'ਤੇ)**

# ਮੋਦੀ ਬਨਾਮ ਫ਼ਾਸ਼ੀਵਾਦ



ਸਤਵੰਤ ਸ ਦੀਪਕ,
ਵੈਨਕੂਵਰ, ਬੀ ਸੀ,
ਕੈਨੇਡਾ
604 910 9953




ਹਾਲ ਹੀ (17 ਜਨਵਰੀ, 2023) ਵਿਚ ਬੀ.ਬੀ.ਸੀ. ਨੇ TIndia: The Modi QuestionU (1*) ਨਾਂ ਦੀ ਦੋ ਭਾਗਾਂ ਵਾਲੀ ਇੱਕ ਦਸਤਾਵੇਜ਼ ਰਿਲੀਜ਼ ਕੀਤੀ ਜਿਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਵਿੱਚ ਮੁਸਲਿਮ ਘੱਟ ਗਿਣਤੀ ਨਾਲ਼ ਉਸ ਦੇ ਅਣਸੁਖਾਵੇਂ ਸਬੰਧਾਂ ਦੀ ਦਾਸਤਾਨ ਹੈ। ਪਹਿਲੇ ਹਿੱਸੇ ਵਿਚ ਮੋਦੀ ਦੇ ਮੁੱਢਲੇ ਸਿਆਸੀ ਜੀਵਨ ਅਤੇ 2002 ਦੇ ਗੁਜਰਾਤ ਦੰਗਿਆਂ ਵਿਚ ਉਸ ਦੀ ਫ਼ਾਸ਼ੀ ਭੂਮਿਕਾ ਨੂੰ ਸ਼ਾਮਲ ਕੀਤਾ ਗਿਆ ਹੈ, ਜਦੋਂ ਉਹ ਗੁਜਰਾਤ ਦਾ ਮੁੱਖ ਮੰਤਰੀ ਸੀ। ਇਸ ਵਿੱਚ ਬੀ.ਬੀ.ਸੀ. ਦੁਆਰਾ ਪੜਤਾਲੇ ਦਸਤਾਵੇਜ਼ਾਂ ਦੀ ਚਰਚਾ ਕੀਤੀ ਗਈ ਹੈ, ਜਿਸ ਵਿੱਚ ਯੂ.ਕੇ. ਸਰਕਾਰ ਦੀ ਇੱਕ ਰਿਪੋਰਟ ਵੀ ਸ਼ਾਮਲ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਗੁਜਰਾਤ ਵਿੱਚ ਹਿੰਸਾ ਨੇ "ਨਸਲੀ ਸਫਾਏ ਦੇ ਲੱਛਣਾਂ ਨੂੰ ਦਰਸਾਇਆ ਹੈ। ਦੂਜੇ ਭਾਗ ਵਿੱਚ 2019 ਵਿੱਚ ਦੁਬਾਰਾ ਚੁਣੇ ਜਾਣ ਤੋਂ ਬਾਅਦ ਮੋਦੀ ਦੇ ਪ੍ਰਸ਼ਾਸਨ ਦੀਆਂ ਗਤੀਵਿਧੀਆਂ ਦੀ ਜਾਂਚ ਕੀਤੀ ਗਈ ਹੈ। ਇਸ ਵਿੱਚ ਕਈ ਮੁਸਲਿਮ ਘੱਟ ਗਿਣਤੀ ਸਬੰਧੀ ਵਿਵਾਦਪੂਰਨ ਨੀਤੀਆਂ ਸ਼ਾਮਲ ਹਨ, ਜਿਸ ਵਿੱਚ ਕਸ਼ਮੀਰ ਦੀ ਖ਼ੁਦਮੁਖ਼ਤਿਆਰੀ ਨੂੰ ਰੱਦ ਕਰਨਾ ਅਤੇ ਇੱਕ ਨਵਾਂ ਨਾਗਰਿਕਤਾ ਕਾਨੂੰਨ ਸ਼ਾਮਲ ਹੈ। ਇਸ ਵਿੱਚ ਨਵੇਂ ਕਾਨੂੰਨਾਂ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਦੇ ਹਿੰਸਕ ਹੁੰਗਾਰੇ ਅਤੇ 2020 ਦੇ ਦਿੱਲੀ ਦੰਗਿਆਂ ਦੇ ਬਾਅਦ ਦੇ ਪ੍ਰਦਰਸ਼ਨਾਂ ਨੂੰ ਵੀ ਦਰਸਾਇਆ ਗਿਆ ਹੈ। ਇਸੇ ਸੰਦਰਭ ਵਿਚ ਇਸ ਲੇਖ ਵਿਚ ਮੋਦੀ ਦੇ ਜੀਵਨ, ਵਿਚਾਰਧਾਰਾ, ਰਾਜ-ਕਾਲ ਦੌਰਾਨ ਉਸ ਦੀਆਂ ਫ਼ਿਰਕੂ-ਫ਼ਾਸ਼ੀ ਗਤੀਵਿਧੀਆਂ ਅਤੇ ਉਸ ਦੀ ਫ਼ਾਸ਼ੀਵਾਦੀ ਮਾਨਸਿਕਤਾ ਦੀ ਵਿਸਥਾਰ-ਪੂਰਵਕ ਚਰਚਾ ਕੀਤੀ ਜਾਵੇਗੀ।

ਮੋਦੀ ਦੀ ਜ਼ਿੰਦਗੀ ਅਤੇ ਉਸਦੀ ਆਰ. ਐੱਸ. ਐੱਸ. ਦੀ ਫ਼ਿਰਕੂ-ਜਨੂੰਨੀ-ਸਿਆਸੀ ਮਾਨਸਿਕਤਾ ਬਾਰੇ ਜਾਣਨ ਤੋਂ ਪਹਿਲਾਂ ਫ਼ਾਸ਼ੀਵਾਦ ਨੂੰ ਸਮਝਣ ਦੀ ਲੋੜ ਹੈ। ਫ਼ਾਸ਼ੀਵਾਦ ਇੱਕ ਸਰਕਾਰੀ ਰਾਜ ਪ੍ਰਣਾਲੀ ਹੁੰਦੀ ਹੈ, ਜਿਸਦੀ ਅਗਵਾਈ ਇੱਕ ਤਾਨਾਸ਼ਾਹ ਦੁਆਰਾ ਕੀਤੀ ਜਾਂਦੀ ਹੈ ਜਿਸ ਕੋਲ ਵਿਰੋਧੀ ਧਿਰਾਂ ਅਤੇ ਆਲੋਚਨਾ ਨੂੰ ਜਬਰਦਸਤੀ ਨਾਲ਼ ਦਬਾਉਣ, ਸਾਰੇ ਉਦਯੋਗਾਂ, ਵਣਜ, ਆਦਿ 'ਤੇ ਕਬਜ਼ੇ ਕਰਨ, ਅਤੇ ਇੱਕ ਹਮਲਾਵਰ ਰਾਸ਼ਟਰਵਾਦ ਅਤੇ ਅਕਸਰ ਨਸਲਵਾਦ 'ਤੇ ਜ਼ੋਰ ਦੇਣ ਦੀ ਪੂਰੀ ਤਾਕਤ ਹੁੰਦੀ ਹੈ। ਫ਼ਾਸ਼ੀਵਾਦ ਕੋਈ ਲੁਕ ਲਪੇਟ ਰੱਖ ਕੇ ਕਾਰਵਾਈਆਂ ਨਹੀਂ ਕਰਦਾ, ਸਗੋਂ ਢੋਲ ਵਜਾ ਕੇ, ਸ਼ਰੇਆਮ ਐਲਾਨ ਕਰ ਕੇ ਕਰਦਾ ਹੈ। ਫ਼ਾਸ਼ੀਵਾਦ ਦਾ ਇਕ ਇਹ ਵੀ ਅਲਾਮਤ ਹੁੰਦੀ ਹੈ ਕਿ ਜਦ ਕਿਸੇ ਦੇਸ਼ ਵਿਚ ਗੰਭੀਰ ਆਰਥਕ ਸੰਕਟ ਪੈਦਾ ਹੁੰਦਾ ਹੈ ਤਾਂ ਸਰਮਾਏਦਾਰ ਤਾਕਤਾਂ ਕਿਰਤੀ ਲੋਕਾਂ ਨੂੰ ਕੁਚਲਣ ਅਤੇ ਸਰਮਾਏਦਾਰੀ ਨੂੰ ਬਚਾਉਣ ਲਈ ਮੋਦੀ ਵਰਗਿਆਂ ਨੂੰ ਮੋਹਰਾ ਬਣਾ ਕੇ ਸੱਤਾ ਵਿਚ ਲਿਆਉਂਦੀਆਂ ਹਨ। ਇਸ ਦੇ ਅੱਗੇ ਚੱਲ ਕੇ ਪ੍ਰਮਾਣ ਦਿੱਤੇ ਜਾਣਗੇ।

(2*) **ਨਰਿੰਦਰ ਮੋਦੀ ਜੀਵਨ ਬਿਉਰਾ:** ਨਰਿੰਦਰ ਦਾਮੋਦਰ ਦਾਸ ਮੋਦੀ ਦਾ ਜਨਮ 17 ਸਤੰਬਰ, 1950 ਨੂੰ ਉੱਤਰੀ ਗੁਜਰਾਤ ਦੇ ਇੱਕ ਛੋਟੇ ਜਿਹੇ ਕਸਬੇ, ਵੱਡਨਗਰ (ਜ਼ਿਲ੍ਹਾ ਮਹਿਸਾਨਾ) ਵਿੱਚ ਹੋਇਆ। ਉਹ ਘਾਂਚੀ ਜਾਤੀ ਨਾਲ ਸਬੰਧ ਰੱਖਦਾ ਹੈ, ਜੋ ਲੋਕ ਖਾਣਾ ਪਕਾਉਣ ਵਾਲੇ ਤੇਲ ਦਾ ਉਤਪਾਦਨ ਅਤੇ ਵਿਕਰੀ ਕਰਦੇ ਹਨ, ਇੱਕ ਅਜਿਹੀ ਜਾਤੀ ਜਿਸਨੂੰ 1990 ਦੇ ਦਹਾਕੇ ਦੇ ਅਖ਼ੀਰ ਤੋਂ ਓ.ਬੀ.ਸੀ. (ਹੋਰ ਪਛੜੀਆਂ ਜਾਤੀਆਂ) ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਉਸ ਦਾ ਪਿਤਾ ਤੇਲ ਦਾ ਵਪਾਰੀ ਹੋਣ ਦੇ ਨਾਲ਼ ਨਾਲ਼ ਚਾਹ ਦੀ ਦੁਕਾਨ ਵੀ ਚਲਾਉਂਦਾ ਸੀ, ਜਿੱਥੇ ਨਰਿੰਦਰ ਮੋਦੀ ਦੇ ਦੱਸਣ ਅਨੁਸਾਰ ਉਹ ਬਚਪਨ ਵਿਚ ਗਾਹਕਾਂ ਨੂੰ ਚਾਹ ਵਰਤਾਉਣ ਦਾ ਕੰਮ ਕਰਦਾ ਸੀ। ਅੱਠ ਸਾਲ ਦੀ ਉਮਰ ਵਿੱਚ ਹੀ ਉਹ ਆਰ. ਐੱਸ. ਐੱਸ. ਦੀ ਸਥਾਨਕ ਸ਼ਾਖ਼ਾ ਵਿੱਚ ਸ਼ਾਮਲ ਹੋ ਗਿਆ। ਕਥਿਤ ਤੌਰ 'ਤੇ ਉਸਨੇ ਕੁਝ ਸਮਾਂ ਕਲਕੱਤੇ ਦੇ ਬੇਲੂਰ ਮੱਠ ਵਿਚ ਸੰਨਿਆਸ ਵੀ ਧਾਰਿਆ।

1960ਵਿਆਂ ਦੇ ਅਖ਼ੀਰ ਵਿਚ ਮੋਦੀ ਆਰ. ਐੱਸ. ਐੱਸ. ਦਾ ਪੱਕਾ ਮੈਂਬਰ ਬਣਿਆ ਅਤੇ ਅਹਿਮਦਾਬਾਦ ਦੇ ਮਨੀਨਗਰ ਇਲਾਕੇ ਵਿਚ ਸਥਿਤ ਹੈਡਗੇਵਾਰ ਭਵਨ (ਆਰ. ਐੱਸ. ਐੱਸ. ਦੇ ਖੇਤਰੀ ਹੈਡਕੁਆਟਰ) ਵਿਚ ਰਹਿਣ ਲਈ ਚਲਾ ਗਿਆ। 1972 ਵਿਚ ਮੋਦੀ ਨੂੰ ਆਰ. ਐੱਸ. ਐੱਸ. ਦਾ ਪ੍ਰਚਾਰਕ ਬਣਾਇਆ ਗਿਆ। 1975 ਵਿੱਚ ਇੰਦਰਾ ਗਾਂਧੀ ਵੱਲੋਂ ਐਲਾਨੀ ਐਮਰਜੰਸੀ ਸਮੇਂ ਜਦੋਂ ਆਰ. ਐੱਸ. ਐੱਸ. ਦੇ ਬਹੁਤ ਸਾਰੇ ਕਾਡਰਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ ਸੀ, ਪਰ ਮੋਦੀ ਭੂਮੀਗਤ ਹੋ ਗਿਆ। ਉਸ ਦਾ ਕੰਮ, ਰੂਪੋਸ਼ ਰਹਿ ਕੇ ਸਰਕਾਰ-ਵਿਰੋਧੀ ਟਰੈਕਟ ਵੰਡਣ ਤੋਂ ਇਲਾਵਾ, ਆਰ. ਐੱਸ. ਐੱਸ. ਦੇ ਕੈਦੀਆਂ ਦੇ ਪਰਿਵਾਰਾਂ ਦੀ ਦੇਖਭਾਲ ਕਰਨਾ ਅਤੇ ਵਿਦੇਸ਼ਾਂ ਵਿਚ ਪ੍ਰਵਾਸ ਕਰ ਚੁੱਕੇ ਗੁਜਰਾਤੀਆਂ ਤੋਂ ਮਦਦ ਮੰਗਣਾ ਸ਼ਾਮਲ ਸੀ। ਐਮਰਜੰਸੀ ਤੋਂ ਬਾਅਦ, ਉਸ ਨੂੰ ਭਾਰਤੀ ਇਤਿਹਾਸ ਦੇ ਇਸ ਕਾਲ਼ੇ ਵਰਤਾਰੇ ਦੇ ਪੀੜਤਾਂ ਦੀ ਗਵਾਹੀ ਇਕੱਠੀ ਕਰਨ ਦਾ ਕੰਮ ਸੌਂਪਿਆ ਗਿਆ ਸੀ। ਇਸ ਦੌਰਾਨ ਉਹ ਜਨ ਸੰਘ ਦੇ ਕਈ ਸਿਆਸਤਦਾਨਾਂ ਨੂੰ ਮਿਲਿਆ ਅਤੇ ਪੂਰੇ ਭਾਰਤ ਦਾ ਭਰਮਣ ਕੀਤਾ।

ਗੁਜਰਾਤ ਵਿੱਚ ਹੀ ਉਹ ਆਰ. ਐੱਸ. ਐੱਸ. ਦੇ ਬਲਬੂਤੇ ਸਿਆਸਤ ਦੀਆਂ ਪੌੜੀਆਂ ਚੜ੍ਹਨ ਲੱਗਾ। 1978 ਵਿਚ ਉਸ ਨੂੰ ਵਿਭਾਗ ਪ੍ਰਚਾਰਕ (ਕਈ ਜ਼ਿਲਿਆਂ ਦੀ ਬਣੀ ਆਰ. ਐੱਸ. ਐੱਸ. ਦੀ ਸ਼ਾਖ਼ਾ) ਦਾ ਮੁਖੀ ਬਣਾ ਦਿੱਤਾ ਗਿਆ ਅਤੇ ਬਾਅਦ ਵਿਚ ਉਸ ਨੂੰ ਇਕ ਸੰਭਾਗ ਪ੍ਰਚਾਰਕ (ਜਿਸ ਵਿਚ ਆਰ. ਐੱਸ. ਐੱਸ. ਦੇ ਕਈ ਡਿਵੀਜ਼ਨ ਸ਼ਾਮਲ ਸਨ) ਸੂਰਤ ਅਤੇ ਬੜੌਦਾ (ਵਡੋਦਰਾ) ਡਿਵੀਜ਼ਨਾਂ ਦਾ ਇੰਚਾਰਜ ਬਣਾ ਦਿੱਤਾ ਗਿਆ। 1981 ਵਿਚ, ਉਸ ਨੂੰ ਪ੍ਰਾਂਤ ਪ੍ਰਚਾਰਕ ਬਣਾਇਆ ਗਿਆ, ਜਿਸ ਦਾ ਮਕਸਦ ਗੁਜਰਾਤ ਵਿਚ ਮੌਜੂਦ ਸੰਘ ਪਰਿਵਾਰ ਦੇ ਵੱਖ-ਵੱਖ ਹਿੱਸਿਆਂ ਵਿਚ ਤਾਲਮੇਲ ਬਿਠਾਉਣਾ ਸੀ, ਕਿਸਾਨ ਸੰਗਠਨ (ਭਾਰਤੀ ਕਿਸਾਨ ਸੰਘ) ਤੋਂ ਲੈ ਕੇ ਏ.ਬੀ.ਵੀ.ਪੀ. ਤੱਕ ਅਤੇ ਵੀ.ਐੱਚ.ਪੀ.। ਆਰ. ਐੱਸ. ਐੱਸ. ਦੇ ਮੁੱਖ ਜਥੇਬੰਦਕ ਵਜੋਂ, ਮੋਦੀ ਗੁਜਰਾਤ ਵਿਚ ਸਮਾਗਮਾਂ ਦੀ ਇਕ ਪੂਰੀ ਲੜੀ ਦਾ ਸੰਚਾਲਕ ਬਣਿਆ, ਜਿਸ ਨੂੰ 'ਯਾਤਰਾ' ਕਿਹਾ ਜਾਂਦਾ ਹੈ। 1980ਵਿਆਂ ਦੇ ਅੱਧ ਤਕ, ਇਕ ਪ੍ਰਬੰਧਕ ਵਜੋਂ ਮੋਦੀ ਦੀ ਪ੍ਰਤਿਭਾ ਨੂੰ ਭਾਜਪਾ ਵਿਚ ਵਿਆਪਕ ਤੌਰ 'ਤੇ ਮਾਨਤਾ ਮਿਲ ਗਈ ਸੀ, ਅਤੇ ਜਦੋਂ ਐਲ.ਕੇ. ਅਡਵਾਨੀ 1986 ਵਿਚ ਭਾਜਪਾ ਦਾ ਪ੍ਰਧਾਨ ਬਣਿਆ, ਤਾਂ ਉਸ ਨੂੰ ਪਾਰਟੀ ਲਈ ਮੋਦੀ ਦੀਆਂ ਸੇਵਾਵਾਂ ਦੀ ਲੋੜ ਪਈ। ਇਸ ਤਹਿਤ ਮੋਦੀ ਨੂੰ 1987 ਵਿਚ ਗੁਜਰਾਤ ਸ਼ਾਖ਼ਾ ਦੇ ਮੁਖੀ ਦੇ ਤੌਰ 'ਤੇ ਸੰਗਠਨ ਸਕੱਤਰ ਦਾ ਮੁੱਖ ਅਹੁਦਾ ਸੰਭਾਲ਼ ਕੇ ਭਾਜਪਾ ਵਿਚ ਨਿਯੁਕਤ ਕੀਤਾ ਗਿਆ।

1990 ਵਿਚ ਅਡਵਾਨੀ ਦੀ ਮਸ਼ਹੂਰ ਰੱਥ ਯਾਤਰਾ ਦੇ ਗੁਜਰਾਤੀ ਹਿੱਸੇ ਲਈ ਮੋਦੀ ਜ਼ਿੰਮੇਵਾਰ ਸੀ ਜੋ ਰਾਜ ਦੇ ਪੱਛਮੀ ਤੱਟ 'ਤੇ ਸੋਮਨਾਥ ਮੰਦਰ ਤੋਂ ਰਵਾਨਾ ਹੋਈ ਸੀ। 1991 ਵਿਚ ਭਾਜਪਾ ਦੇ ਨਵੇਂ ਪ੍ਰਧਾਨ ਮੁਰਲੀ ਮਨੋਹਰ ਜੋਸ਼ੀ ਦੀ ਅਗਵਾਈ ਵਿਚ ਏਕਤਾ ਯਾਤਰਾ ਨੇ ਮੋਦੀ ਨੂੰ ਰਾਸ਼ਟਰੀ ਆਯੋਜਕ ਵਜੋਂ ਤਸਲੀਮ ਕੀਤਾ, ਜੋ ਉਸ ਜਲੂਸ ਦਾ ਇੰਚਾਰਜ ਸੀ, ਜਿਹੜਾ ਭਾਰਤੀ ਰਾਸ਼ਟਰ ਦੀ ਏਕਤਾ ਨੂੰ ਪ੍ਰਦਰਸ਼ਿਤ ਕਰਨ ਲਈ ਭਾਰਤ ਦੇ ਦੱਖਣੀ ਸਿਰੇ 'ਤੇ ਕੰਨਿਆਕੁਮਾਰੀ ਤੋਂ ਉੱਤਰ ਵਿਚ ਸ੍ਰੀਨਗਰ ਲਈ ਰਵਾਨਾ ਹੋਇਆ ਸੀ। ਏਕਤਾ ਯਾਤਰਾ ਦੌਰਾਨ, ਮੋਦੀ ਨਾ ਸਿਰਫ਼ ਜੋਸ਼ੀ ਤੋਂ ਵੱਖਰੀ ਆਪਣੀ ਗੱਡੀ 'ਤੇ ਜਾ ਰਿਹਾ ਸੀ, ਸਗੋਂ ਹਰ ਪੜਾਉ 'ਤੇ ਆਪਣੇ ਆਪ ਨੂੰ ਲਾਈਮਲਾਈਟ ਵਿਚ ਰੱਖਣ ਲਈ ਹਰ ਹੱਥਕੰਡਾ ਅਪਣਾਇਆ, ਜਿਸ 'ਤੇ ਭਾਜਪਾ ਵਿਚਲੀ ਲੀਡਰਸ਼ਿੱਪ ਨੇ ਕਾਫ਼ੀ ਨਰਾਜ਼ਗੀ ਦਿਖਾਈ।

ਮੋਦੀ ਪਹਿਲਾਂ ਹੀ ਆਰ. ਐੱਸ. ਐੱਸ. ਦੀ ਰਵਾਇਤੀ ਸੰਗਠਨ ਭਾਵਨਾ ਅਤੇ ਜਨਤਾ ਨਾਲ ਸੰਬੰਧ ਜੋੜਨ ਦੀ ਲੋਕ-ਲੁਭਾਊ, ਲੱਛੇਦਾਰ, ਜੁਮਲੇਬਾਜ਼ੀ ਤੇ ਭੜਕੀਲੀ ਸ਼ੈਲੀ ਅਪਣਾਉਣ ਲਈ ਤਰਲੋਮੱਛੀ ਹੋ ਰਿਹਾ ਸੀ, ਭਾਵੇਂ ਉਹ ਅਜੇ ਪੂਰਾ ਸਿਆਸਤਦਾਨ ਨਹੀਂ ਸੀ ਬਣਿਆ। ਗੁਜਰਾਤ ਵਿਚ ਭਾਜਪਾ ਦੇ ਜਥੇਬੰਦਕ ਸਕੱਤਰ ਵਜੋਂ, ਉਸ ਨੇ ਸੂਬੇ ਭਰ ਵਿਚ ਪਾਰਟੀ ਦੇ ਚੋਣ ਆਧਾਰ ਨੂੰ ਮਜ਼ਬੂਤ ਕੀਤਾ। ਭਾਜਪਾ ਨੇ ਨਗਰ ਨਿਗਮਾਂ ਅਤੇ ਗ੍ਰਾਮ ਪਰਿਸ਼ਦਾਂ ਨੂੰ ਜਿੱਤ ਲਿਆ, ਜਿਸ ਨੂੰ ਮੋਦੀ ਨੇ ਸੱਤਾ ਦੀ ਪੌੜੀ ਵਜੋਂ ਦੇਖਿਆ। ਭਾਜਪਾ ਨੇ 1983 ਵਿਚ ਰਾਜਕੋਟ ਵਿਚ ਮਿਊਂਸੀਪਲ ਚੋਣਾਂ ਜਿੱਤੀਆਂ ਅਤੇ ਚਾਰ ਸਾਲ ਬਾਅਦ ਅਹਿਮਦਾਬਾਦ ਵਿਚ ਚੋਣ ਮੁਹਿੰਮ ਦੀ ਪੂਰੀ ਜ਼ਿੰਮੇਵਾਰੀ ਮੋਦੀ ਨੇ ਸੰਭਾਲ਼ੀ। 1995 'ਚ ਭਾਜਪਾ ਨੇ ਸੂਬੇ ਦੀਆਂ ਛੇ ਨਗਰਪਾਲਿਕਾਵਾਂ ਜਿੱਤੀਆਂ, ਜੋ ਗੁਜਰਾਤ ਦੇ ਸ਼ਹਿਰੀ ਮੱਧ ਵਰਗ, ਪਾਰਟੀ ਦੇ ਰਵਾਇਤੀ ਵੋਟਰਾਂ ਵਿਚ ਇਸ ਦੀ ਵਧਦੀ ਖਿੱਚ ਦਾ ਸੰਕੇਤ ਸੀ। ਉਪਰੰਤ ਇਸ ਨੇ ਪੇਂਡੂ ਖੇਤਰਾਂ ਵਿਚ ਵੀ ਪੈਰ ਪਸਾਰੇ ਅਤੇ ਉੱਨੀ ਜ਼ਿਲ੍ਹਾ ਪਰਿਸ਼ਦਾਂ ਵਿਚੋਂ ਅਠਾਰਾਂ ਵਿਚ ਜਿੱਤ ਹਾਸਲ ਕੀਤੀ। ਉਸੇ ਸਾਲ, ਆਪਣੇ ਇਤਿਹਾਸ ਵਿਚ ਪਹਿਲੀ ਵਾਰ, ਭਾਜਪਾ ਨੇ ਗੁਜਰਾਤ ਵਿਧਾਨ ਸਭਾ ਦੀਆਂ ਜ਼ਿਆਦਾਤਰ ਸੀਟਾਂ ਜਿੱਤੀਆਂ। ਇਸ ਜਿੱਤ ਦਾ ਸਿਹਰਾ ਮੁੱਖ ਤੌਰ 'ਤੇ ਮੋਦੀ ਨੂੰ ਦਿੱਤਾ ਗਿਆ ਸੀ। ਮੋਦੀ ਨੂੰ ਛੇਤੀ ਹੀ ਗੁਜਰਾਤ ਦੇ ਮੁੱਖ ਮੰਤਰੀ ਕੇਸ਼ੂਭਾਈ ਪਟੇਲ ਦੇ ਸਮਾਨਅੰਤਰ 'ਸੁਪਰ ਚੀਫ਼ ਮੰਤਰੀ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਉਸ ਨੇ ਸੀਨੀਅਰ ਸਿਵਲ ਅਧਿਕਾਰੀਆਂ, ਮੰਤਰੀ ਮੰਡਲ, ਅਤੇ ਇਥੋਂ ਤਕ ਕਿ ਮੁੱਖ ਮੰਤਰੀ ਦੇ ਕੰਮਾਂ ਵਿਚ ਵੀ ਦਖ਼ਲ-ਅੰਦਾਜ਼ੀ ਸ਼ੁਰੂ ਕਰ ਦਿਤੀ। ਗੁਜਰਾਤ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਸਾਬਕਾ ਪ੍ਰੋਫ਼ੈਸਰ ਪ੍ਰਵੀਨ ਸੇਠ ਨੇ ਮੋਦੀ ਇਸ ਰਵੱਈਏ ਨੂੰ ਇਸ ਤਰ੍ਹਾਂ ਬਿਆਨਿਆ ਕਿ "ਉਸ ਨੂੰ 'ਹੁਬਰੀਸ ਕੰਪਲੈਕਸ' ਹੈ। ਇਸ ਅਵਸਥਾ ਵਿਚ ਉਸਨੂੰ ਵਿਸ਼ਵਾਸ ਹੈ ਕਿ ਉਸ ਦੀ ਸਮਝ ਦਾ ਪੱਧਰ ਕਿਸੇ ਹੋਰ ਨਾਲੋਂ ਜ਼ਿਆਦਾ ਹੈ।" ('ਹੁਬਰੀਸ' ਪ੍ਰਾਚੀਨ ਯੂਨਾਨੀ ਆਇਆ ਸ਼ਬਦ ਹੈ, ਜਿਸ ਦਾ ਅਰਥ ਹੈ: ਬੇਇੰਤਹਾ ਹੰਕਾਰੀ, ਬੇਵਕੂਫ਼, ਤੁਅੱਸਬੀ, ਗੁੱਸੇਖ਼ੋਰਾ ਜਾਂ ਆਪਣੇ ਆਪ 'ਤੇ ਖ਼ਤਰਨਾਕ ਹੱਦ ਤੋਂ ਵੀ ਵੱਧ ਯਕੀਨ ਕਰਨ ਵਰਗੇ ਲੱਛਣਾਂ ਵਾਲ਼ਾ ਵਿਅਕਤੀ-ਲੇਖਕ) ਵਾਘੇਲਾ ਨੇ ਭਾਜਪਾ ਦੇ ਇਕ ਧੜੇ ਦੇ ਨੇਤਾ ਹੋਣ ਦੇ ਨਾਤੇ 47 ਸਥਾਨਕ ਚੁਣੇ ਹੋਏ ਆਪਣੇ ਵਫ਼ਾਦਾਰ ਅਧਿਕਾਰੀਆਂ ਨੂੰ ਨਾਲ ਲੈ ਕੇ ਦੋਫਾੜ ਕਰ ਦਿੱਤਾ। ਭਾਜਪਾ ਸਰਕਾਰ ਢਹਿ ਢੇਰੀ ਹੋ ਗਈ ਅਤੇ ਵਾਘੇਲਾ ਕਾਂਗਰਸ ਦੇ ਸਮਰਥਨ ਨਾਲ ਮੁੱਖ ਮੰਤਰੀ ਬਣ ਗਿਆ। ਇਸ ਅਸਫ਼ਲਤਾ ਨੇ ਭਾਜਪਾ ਹਾਈਕਮਾਨ ਨੂੰ ਮੋਦੀ ਨੂੰ ਗੁਜਰਾਤੋਂ ਬਾਹਰ ਕੱਢਣ ਲਈ ਮਜਬੂਰ ਕੀਤਾ। ਨਵੰਬਰ 1995 ਵਿਚ ਉਸ ਨੂੰ ਹਿਮਾਚਲ ਪ੍ਰਦੇਸ਼ ਦੇ ਰਾਸ਼ਟਰੀ ਭਾਜਪਾ ਸਕੱਤਰ ਦੇ ਤੌਰ 'ਤੇ ਦਿੱਲੀ ਚੋਣ ਦੰਗਲ ਵਿਚ ਉਤਾਰਿਆ ਗਿਆ। 1998 ਵਿਚ, ਭਾਜਪਾ ਦੇ ਪ੍ਰਧਾਨ ਦੀ ਤਬਦੀਲੀ ਦੇ ਕਾਰਨ, ਮੋਦੀ ਨੂੰ ਪਾਰਟੀ ਦੇ ਸਕੱਤਰ-ਜਨਰਲ ਵਜੋਂ ਤਰੱਕੀ ਦਿੱਤੀ ਗਈ। ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ ਅਤੇ ਚੰਡੀਗੜ੍ਹ ਰਾਜਾਂ ਨੂੰ ਉਸ ਦੇ ਪੋਰਟਫੋਲੀਉ ਵਿਚ ਸ਼ਾਮਲ ਕੀਤਾ ਗਿਆ ਅਤੇ ਉਸ ਨੂੰ ਭਾਜਪਾ ਯੂਥ ਵਿੰਗ, ਭਾਰਤੀ ਜਨਤਾ ਯੁਵਾ ਮੋਰਚਾ ਦਾ ਇੰਚਾਰਜ ਵੀ ਬਣਾਇਆ ਗਿਆ।

ਮੋਦੀ ਨੇ ਸਿਆਸਤਦਾਨ ਨਾਲੋਂ ਇੱਕ ਪ੍ਰਬੰਧਕ ਦੇ ਤੌਰ 'ਤੇ ਆਪਣੀ ਪ੍ਰਤਿਭਾ ਨੂੰ ਅੱਗੇ ਵਧਾਉਣਾ ਜਾਰੀ ਰੱਖਿਆ, ਅਤੇ ਜਦੋਂ ਅਟਲ ਬਿਹਾਰੀ ਵਾਜਪਾਈ ਨੇ ਕੇਸ਼ੂ ਭਾਈ ਪਟੇਲ ਦੀ ਥਾਂ ਲੈਣ ਦੀ ਪੇਸ਼ਕਸ਼ ਕੀਤੀ, ਤਾਂ ਥੋੜੀ ਨਾਂਹ-ਨੁੱਕਰ ਤੋਂ ਬਾਅਦ ਉਹ 2001 ਵਿਚ ਪਟੇਲ ਦੀ ਥਾਂ ਗੁਜਰਾਤ ਦਾ ਮੁੱਖ ਮੰਤਰੀ ਬਣਨ ਲਈ ਸਹਿਮਤ ਹੋ ਗਿਆ। ਜਦੋਂ ਉਹ ਆਪਣੇ ਗ੍ਰਹਿ ਰਾਜ ਵਾਪਸ ਪਰਤਿਆ ਤਾਂ ਗੁਜਰਾਤ ਵਿੱਚ ਭਾਜਪਾ ਦੀ ਹਾਲਤ ਪਤਲੀ ਸੀ। ਪਾਰਟੀ 2000 ਦੀਆਂ ਮਿਉਂਸਪਲ ਚੋਣਾਂ ਹਾਰ ਗਈ ਸੀ ਅਤੇ ਫਰਵਰੀ 2003 ਵਿੱਚ ਹੋਣ ਵਾਲੀਆਂ ਖੇਤਰੀ ਚੋਣਾਂ ਤੋਂ ਡਰ ਰਹੀ ਸੀ। ਅਹੁਦਾ ਸੰਭਾਲਦਿਆਂ ਹੀ ਉਸ ਨੇ ਐਲਾਨ ਕੀਤਾ, "ਸਾਡੇ ਕੋਲ ਰਾਜ ਵਿਧਾਨ ਸਭਾ ਲਈ ਅਗਲੀਆਂ ਚੋਣਾਂ ਤੋਂ ਸਿਰਫ਼ 500 ਦਿਨ ਅਤੇ 12,000 ਘੰਟੇ ਪਹਿਲਾਂ ਹਨ।"ਸਾਲ ਬਾਅਦ, ਭਾਜਪਾ ਮੋਦੀ ਦੀ ਬਦੌਲਤ ਹੈਰਾਨੀਜਨਕ ਬਹੁਮਤ ਨਾਲ ਚੋਣਾਂ ਜਿੱਤੀ। ਇਸ ਤਰ੍ਹਾਂ, 1947 ਦੀ ਵੰਡ ਤੋਂ ਬਾਅਦ ਗੁਜਰਾਤ ਦੇ ਮੁਸਲਿਮ ਭਾਈਚਾਰੇ ਦੇ ਸਭ ਤੋਂ ਹਿੰਸਕ ਕਤਲੇਆਮ ਦੇ ਮੱਦੇਨਜ਼ਰ ਉਹ ਹਿੰਦੂ ਦਿਲਾਂ ਦਾ ਸਮਰਾਟ ਬਣ ਗਿਆ ਸੀ!

(3*) 2002 ਦੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਹਿੰਸਾ ਤੋਂ ਬਾਅਦ ਮੋਦੀ ਨੂੰ ਸੂਬੇ ਦੇ ਅੰਦਰੋਂ ਅਤੇ ਬਾਹਰੋਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਵਿਆਪਕ ਮੰਗ ਕੀਤੀ ਗਈ ਸੀ, ਪਰ ਮੋਦੀ ਨੇ ਆਪਣੀ ਮੁਹਿੰਮ ਦੌਰਾਨ ਮੁਸਲਿਮ ਵਿਰੋਧੀ ਬਿਆਨਬਾਜ਼ੀ ਦੀ ਮਹੱਤਵਪੂਰਨ ਵਰਤੋਂ ਕੀਤੀ ਅਤੇ ਭਾਜਪਾ ਨੂੰ ਵੋਟਰਾਂ ਵਿੱਚ ਧਾਰਮਿਕ ਧਰੁਵੀਕਰਨ ਕਰ ਕੇ ਲਾਭ ਹੋਇਆ। ਮੋਦੀ ਨੇ ਦੰਗਾਕਾਰੀਆਂ ਨੂੰ ਆਪਣੇ ਖੰਭਾਂ ਹੇਠ ਲੁਕੋਂਦਿਆਂ ਕਿਹਾ ਸੀ: "ਕਿਰਿਆ ਪ੍ਰਤੀਕਿਆ ਕੀ ਚੇਨ ਚਲ ਰਹੀ ਹੈ। ਹਮ ਚਾਹਤੇ ਹੈਂ ਕੀ ਨ ਕਿਰਿਆ ਹੋ ਔਰ ਨ ਪ੍ਰਤੀਕਰੀਆ।" ਅਜਿਹਾ ਹੀ ਤਾਂ ਇੰਦਰਾ ਗਾਂਧੀ ਦੀ ਮੌਤ ਉਪਰੰਤ 1984 ਦੇ ਸਿੱਖ ਕਤਲੇਆਮ ਨੂੰ 'ਜਾਇਜ਼' ਠਹਿਰਾਉਂਦਿਆਂ ਰਾਜੀਵ ਗਾਂਧੀ ਨੇ ਕਿਹਾ ਸੀ "ਜਦ ਵੱਡਾ ਦਰਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ।" ਮੋਦੀ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਆਪਣੀ ਸਰਕਾਰ ਦੀ ਆਲੋਚਨਾ ਨੂੰ ਗੁਜਰਾਤੀ ਗੌਰਵ ਉੱਤੇ ਹਮਲੇ ਵਜੋਂ ਤਿਆਰ ਕੀਤਾ, ਸਿੱਟੇ ਵਜੋਂ ਭਾਜਪਾ ਨੇ ਰਾਜ ਵਿਧਾਨ ਸਭਾ ਵਿੱਚ ਦੋ-ਤਿਹਾਈ 182 ਵਿੱਚੋਂ 127 ਸੀਟਾਂ ਜਿੱਤੀਆਂ।

ਸਪੱਸ਼ਟ ਹਿੰਦੂਤਵ ਤੋਂ ਭਾਜਪਾ ਦੇ ਹਟਣ ਦੇ ਬਾਵਜੂਦ, 2007 ਅਤੇ 2012 ਵਿਚ ਮੋਦੀ ਦੀ ਚੋਣ ਮੁਹਿੰਮ ਵਿਚ ਹਿੰਦੂ ਰਾਸ਼ਟਰਵਾਦ ਦੇ ਅੰਸ਼ ਸ਼ਾਮਲ ਸਨ। ਉਸ ਦੀ ਮੁਹਿੰਮ ਵਿੱਚ ਧਾਰਮਿਕ ਧਰੁਵੀਕਰਨ ਲਈ ਜਾਣੇ ਜਾਂਦੇ ਮੁੱਦਿਆਂ ਦੇ ਹਵਾਲੇ ਸ਼ਾਮਲ ਸਨ, ਜਿਸ ਵਿੱਚ ਅਫਜ਼ਲ ਗੁਰੂ ਅਤੇ ਸੋਹਰਾਬੂਦੀਨ ਸ਼ੇਖ਼ ਦੀ ਹੱਤਿਆ ਸ਼ਾਮਲ ਹੈ। ਭਾਜਪਾ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਲਈ ਕਿਸੇ ਵੀ ਮੁਸਲਿਮ ਉਮੀਦਵਾਰ ਨੂੰ ਨਾਮਜ਼ਦ ਨਹੀਂ ਕੀਤਾ ਸੀ। ਮੋਦੀ ਨੂੰ 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਲਈ ਭਾਜਪਾ ਦਾ ਉਮੀਦਵਾਰ ਨਾਮਜ਼ਦ ਕੀਤਾ ਗਿਆ ਸੀ। 2001 ਤੋਂ 2014 ਤੱਕ ਨਰਿੰਦਰ ਮੋਦੀ ਚਾਰ ਵਾਰ ਗੁਜਰਾਤ ਦਾ ਮੁੱਖ ਮੰਤਰੀ ਬਣਿਆ ਤੇ 2014 ਤੇ ਫਿਰ 2019 ਵਿੱਚ ਪ੍ਰਧਾਨ ਮੰਤਰੀ ਬਣਿਆ। ਭਾਜਪਾ ਦੇ ਐਲ. ਕੇ. ਅਡਵਾਨੀ ਵਰਗੇ ਵੱਡੇ ਦਿਗਜ ਵੇਖਦੇ ਹੀ ਰਹਿ ਗਏ। ਮੁਹਿੰਮ ਦੌਰਾਨ, ਮੋਦੀ ਨੇ ਪਿਛਲੀ ਆਈ.ਐਨ.ਸੀ. ਸਰਕਾਰ ਦੇ ਅਧੀਨ ਭ੍ਰਿਸ਼ਟਾਚਾਰ ਦੇ ਘੁਟਾਲਿਆਂ 'ਤੇ ਧਿਆਨ ਕੇਂਦਰਿਤ ਕੀਤਾ, ਅਤੇ ਇੱਕ ਸਿਆਸਤਦਾਨ ਵਜੋਂ ਆਪਣੇ ਅਕਸ 'ਤੇ ਖੇਡਿਆ। ਮੋਦੀ ਨੇ ਆਪਣੇ ਆਪ ਨੂੰ ਇੱਕ ਅਜਿਹੇ ਵਿਅਕਤੀ ਵਜੋਂ ਪੇਸ਼ ਕੀਤਾ ਜੋ ਕਿਸੇ ਵਿਸ਼ੇਸ਼ ਨੀਤੀਆਂ 'ਤੇ ਧਿਆਨ ਕੇਂਦਰਿਤ ਕੀਤੇ ਬਗ਼ੈਰ, "ਵਿਕਾਸ" ਲਿਆ ਸਕਦਾ ਸੀ। ਉਸ ਦੇ ਸੰਦੇਸ਼ ਨੂੰ ਨੌਜਵਾਨ ਅਤੇ ਮੱਧ-ਵਰਗੀ ਨਾਗਰਿਕਾਂ ਵਿੱਚ ਸਮਰਥਨ ਮਿਲ਼ਿਆ। ਚੋਣਾਂ ਤੋਂ ਪਹਿਲਾਂ ਮੀਡੀਆ ਵਿੱਚ ਮੋਦੀ ਦਾ ਅਕਸ 2002 ਦੇ ਗੁਜਰਾਤ ਦੰਗਿਆਂ ਵਿੱਚ ਉਸ ਦੀ ਭੂਮਿਕਾ ਦੁਆਲ਼ੇ ਕੇਂਦਰਿਤ ਸੀ, ਪਰ ਮੁਹਿੰਮ ਦੌਰਾਨ ਭਾਜਪਾ ਇਸ ਨੂੰ ਮੋਦੀ ਦੀ ਨਵ-ਉਦਾਰਵਾਦੀ ਵਿਚਾਰਧਾਰਾ ਅਤੇ ਵਿਕਾਸ ਦੇ ਗੁਜਰਾਤ ਮਾਡਲ 'ਤੇ ਧਿਆਨ ਕੇਂਦਰਿਤ

ਕਰਨ ਵਿੱਚ ਸਫ਼ਲ ਰਹੀ। ਭਾਜਪਾ ਨੇਤਾਵਾਂ ਨੇ ਕਈ ਰਾਜਾਂ ਵਿੱਚ ਹਿੰਦੁਤਵ ਦੇ ਅਧਾਰ 'ਤੇ ਬਿਆਨਬਾਜ਼ੀ ਦੀ ਵਰਤੋਂ ਕੀਤੀ। ਖ਼ਾਸ ਕਰਕੇ ਉੱਤਰ ਪ੍ਰਦੇਸ਼ ਅਤੇ ਉੱਤਰ-ਪੂਰਬੀ ਭਾਰਤ ਦੇ ਰਾਜਾਂ ਵਿੱਚ ਫ਼ਿਰਕੂ ਤਣਾਅ ਵਾਲਾ ਪੱਤਾ ਖੇਡਿਆ ਗਿਆ। ਵਿਵਾਦਪੂਰਨ "ਯੂਨੀਫਾਰਮ ਸਿਵਲ ਕੋਡ" ਦੀ ਤਜਵੀਜ਼ ਭਾਜਪਾ ਦੇ ਚੋਣ ਮੈਨੀਫੈਸਟੋ ਦਾ ਹਿੱਸਾ ਸੀ। ਭਾਜਪਾ ਦੀ ਮੁਹਿੰਮ ਨੂੰ ਮੀਡੀਆ ਵਿਚ ਇਸ ਦੇ ਵਿਆਪਕ ਪ੍ਰਭਾਵ ਨਾਲ ਸਹਾਇਤਾ ਮਿਲੀ। ਭਾਜਪਾ ਤੇ ਮੋਦੀ ਦੀ ਇਸ ਲਗਭਗ 50 ਬਿਲੀਅਨ ਡਾਲਰ (630 ਮਿਲੀਅਨ ਅਮਰੀਕੀ ਡਾਲਰ) ਵਾਲੀ ਤਾਬੜਤੋੜ ਮੁਹਿੰਮ ਨੂੰ ਕਾਰਪੋਰੇਟਾਂ ਤੋਂ ਵਿਆਪਕ ਵਿੱਤੀ ਸਹਾਇਤਾ ਮਿਲੀ। ਇਥੇ ਇਹ ਸਮਝਣਾ ਜ਼ਰੂਰੀ ਹੈ ਕਿ ਦੂਜੇ ਵਿਸ਼ਵ-ਯੁੱਧ ਦੌਰਾਨ ਜਦੋਂ ਇਟਲੀ ਅਤੇ ਜਰਮਨੀ ਨੂੰ ਗੰਭੀਰ ਆਰਥਕ ਸੰਕਟ ਦਾ ਸਾਹਮਣਾ ਕਰਨਾ ਪਿਆ ਤਾਂ ਸਰਮਾਏਦਾਰ ਤਾਕਤਾਂ ਨੇ ਮੁਸੋਲਿਨੀ ਅਤੇ ਹਿਟਲਰ ਨੂੰ ਬਾਗ਼ੀ ਕਿਰਤੀ ਲੋਕਾਂ ਨੂੰ ਕੁਚਲਣ ਅਤੇ ਸਰਮਾਏਦਾਰੀ ਨੂੰ ਬਚਾਉਣ ਲਈ ਸੱਤਾ ਵਿਚ ਲਿਆਂਦਾ। ਇਸੇ ਤਰ੍ਹਾਂ ਕਾਰਪੋਰੇਟ-ਮਲਟੀਨੈਸ਼ਨਲ ਕੰਪਨੀਆਂ ਦੀ ਲਾਬੀ ਦੀ ਅਗਵਾਈ ਵਾਲੀ ਭਾਰਤੀ ਸ਼ਾਸਕ ਪ੍ਰਣਾਲੀ ਹੁਣ ਗੰਭੀਰ ਸਿਆਸੀ-ਆਰਥਿਕ ਸੰਕਟ ਵਿੱਚ ਘਿਰੀ ਹੋਈ ਹੈ। ਇਸ ਲਈ, ਇਹ ਲਾਬੀ ਸੰਘ ਪਰਿਵਾਰ ਦੇ ਗੈਰ-ਸਰਕਾਰੀ ਸੰਗਠਨਾਂ ਅਤੇ ਭਾਜਪਾ ਨੂੰ ਭਾਰਤੀ ਕੰਮਕਾਜੀ ਜਨਤਾ ਨੂੰ ਦਬਾਉਣ ਅਤੇ ਕੁਚਲਣ ਲਈ ਉਨ੍ਹਾਂ ਨੂੰ ਹਥਿਆਰ ਵਜੋਂ ਵਰਤਣ ਲਈ ਬਹੁਤ ਵੱਡੇ ਫੰਡ ਪ੍ਰਦਾਨ ਕਰ ਰਹੀ ਹੈ। ਨਵ-ਉਦਾਰਵਾਦੀ ਆਰਥਕ ਸੁਧਾਰ ਹਾਕਮ ਸਰਮਾਏਦਾਰ ਜਮਾਤ ਦੀ ਲਾਬੀ ਲਈ ਹਨ ਅਤੇ ਮਜ਼ਦੂਰਾਂ, ਕਰਮਚਾਰੀਆਂ, ਕਿਸਾਨਾਂ/ ਕਿਸਾਨਾਂ, ਮੱਧ ਵਰਗ ਅਤੇ ਛੋਟੇ ਕਾਰੋਬਾਰਾਂ ਦੇ ਸ਼ੋਸ਼ਣ ਨੂੰ ਹੋਰ ਤੇਜ਼ ਕਰਨ ਲਈ ਹਨ। ਇਸ ਲਈ, ਲੋਕਾਂ ਨੂੰ ਵੰਡਣ ਲਈ ਅਤੇ ਸਾਰਿਆਂ ਨੂੰ ਚੁੱਪ ਰਹਿਣ ਲਈ ਧਮਕਾਉਣ ਲਈ, ਮੋਦੀ ਵਰਗਾ ਜ਼ਾਲਮ ਅੱਤਿਆਚਾਰੀ ਬਹੁ-ਰਾਸ਼ਟਰੀ ਕੰਪਨੀਆਂ- ਕਾਰਪੋਰੇਟ ਲੁਟੇਰਿਆਂ ਦੇ ਜਿਉਂਦੇ ਰਹਿਣ ਲਈ ਜ਼ਰੂਰੀ ਹੈ।

**(4*) ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐੱਸ. ਐੱਸ.):** ਆਰ. ਐੱਸ. ਐੱਸ. ਭਾਰਤ-ਅਧਾਰਤ ਸੰਗਠਨ 'ਸੰਘ ਪਰਿਵਾਰ' ਦੇ ਨਾਂ ਨਾਲ ਜਾਣੀਆਂ ਜਾਂਦੀਆਂ ਸੰਸਥਾਵਾਂ ਦੇ ਨੈਟਵਰਕ ਦਾ ਧੁਰਾ ਹੈ ਜੋ ਭਾਰਤ ਨੂੰ ਇਕ ਅਜਿਹੇ ਦੇਸ਼ ਵਿਚ ਬਦਲਣਾ ਚਾਹੁੰਦਾ ਹੈ ਜੋ ਦੇਸ਼ ਦੇ ਬਹੁਤ ਸਾਰੇ ਘੱਟ-ਗਿਣਤੀ ਸਮੂਹਾਂ ਦੀ ਕੀਮਤ 'ਤੇ ਪ੍ਰਥਮ ਹਿੰਦੂਆਂ ਦੁਆਰਾ ਅਤੇ ਉਨ੍ਹਾਂ ਲਈ ਚਲਾਇਆ ਜਾ ਰਿਹਾ ਹੈ। ਆਰ. ਐੱਸ. ਐੱਸ. ਦੀ ਫਾਸ਼ੀਵਾਦੀ ਵਿਚਾਰਧਾਰਾ ਇਟਲੀ ਦੇ ਫ਼ਾਸ਼ਿਸਟ ਮੁਸੋਲਿਨੀ ਅਤੇ ਨਾਜ਼ੀ ਹਿਟਲਰ ਦੋਵਾਂ ਤੋਂ ਪ੍ਰੇਰਿਤ ਹੈ। 1920 ਤੱਕ, ਜਦ ਇਟਲੀ ਵਿਚ ਫ਼ਾਸ਼ੀਵਾਦ ਵਧ ਰਿਹਾ ਸੀ, ਮੁਸੋਲਿਨੀ ਦੁਨੀਆ ਭਰ ਵਿਚ ਇਕ ਜਾਣੀ-ਪਛਾਣੀ ਹਸਤੀ ਬਣ ਗਈ ਸੀ, ਉਸ ਸਮੇਂ ਆਰ. ਐਸ. ਐਸ. ਨੇਤਾ ਮੁੰਜੇ ਨੇ ਇਟਲੀ ਦਾ ਦੌਰਾ ਕੀਤਾ ਸੀ ਅਤੇ ਮੁਸੋਲਿਨੀ ਨਾਲ ਵਿਚਾਰ ਵਟਾਂਦਰੇ ਕੀਤੇ ਸਨ। ਆਰ. ਐਸ.ਐਸ. ਨੇ ਇਟਾਲਵੀ ਫਾਸ਼ੀਵਾਦੀਆਂ ਦੀ ਵਰਦੀ ਅਤੇ ਕੁਝ ਸੰਗਠਨਾਤਮਕ ਵਿਚਾਰਾਂ ਦੀ ਨਕਲ ਕੀਤੀ ਸੀ। ਆਰ. ਐੱਸ. ਐੱਸ. ਦੇ ਭਾਰਤੀ ਅਤੇ ਅੰਤਰਰਾਸ਼ਟਰੀ ਅੰਗ ਹਨ ਜੋ ਰਾਜਨੀਤਿਕ ਤਾਕਤ 'ਤੇ ਕਬਜ਼ਾ ਕਰਦੇ ਹਨ, ਇਸ ਦੀਆਂ ਸਰਬੋਤਮਵਾਦੀ ਵਿਚਾਰਧਾਰਾਵਾਂ ਨੂੰ ਸਥਾਈ ਬਣਾਉਂਦੇ ਹਨ, ਅਤੇ ਫ਼ਿਰਕੂ ਹਿੰਸਾ ਵਿਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਇਸ ਨਜ਼ਰੀਏ ਨੂੰ ਆਮ ਤੌਰ 'ਤੇ "ਹਿੰਦੁਤਵ" ਕਿਹਾ ਜਾਂਦਾ ਹੈ। 'ਹਿੰਦੂਤਵਾ' (5*) ਦਾ ਇਹ ਲੇਖਕ ਵਿਨਾਇਕ ਦਾਮੋਦਰ ਸਾਵਰਕਰ (1883-1966) ਜਿਸ ਨੂੰ ਮੋਦੀ 'ਵੀਰ ਸਾਵਰਕਰ', 'ਭਾਰਤ ਮਾਤਾ ਦਾ ਸੱਚਾ ਪੁੱਤਰ ਅਤੇ ਬਹੁਤ ਸਾਰੇ ਲੋਕਾਂ ਲਈ ਪ੍ਰੇਰਣਾ' ਕਹਿ ਕੇ ਸੋਹਲੇ ਗਾ ਰਿਹਾ ਹੈ, ਨੇ ਨਾ ਸਿਰਫ਼ ਆਜ਼ਾਦੀ ਦੇ ਸੰਘਰਸ਼ ਵਿੱਚ ਹਿੱਸਾ ਲੈਣ ਤੋਂ ਗੁਰੇਜ਼ ਕੀਤਾ ਜਦੋਂ ਅੰਗਰੇਜ਼ਾਂ ਨੇ ਉਸ ਨੂੰ ਰਹਿਮ ਦੀਆਂ ਅਣਗਿਣਤ ਪਟੀਸ਼ਨਾਂ ਦੇ ਕਾਰਨ ਜੇਲ੍ਹ ਤੋਂ ਰਿਹਾਅ ਕਰ ਦਿੱਤਾ, ਸਗੋਂ ਉਸ ਨੇ ਅੰਗ੍ਰੇਜ਼ ਸ਼ਾਸਕਾਂ ਨਾਲ ਵੀ ਸਰਗਰਮੀ ਨਾਲ ਵਫ਼ਾਦਾਰੀ ਅਤੇ ਸਹਿਯੋਗ ਦਾ ਐਲਾਨ ਕੀਤਾ। ਜਿਸ ਸਮੇਂ ਸੁਭਾਸ਼ ਚੰਦਰ ਬੋਸ ਭਾਰਤ ਵਿੱਚ ਅੰਗਰੇਜ਼ਾਂ ਦਾ ਮੁਕਾਬਲਾ ਕਰਨ ਲਈ ਇੰਡੀਅਨ ਨੈਸ਼ਨਲ ਆਰਮੀ ਨੂੰ ਲਾਮਬੰਦ ਕਰ ਰਹੇ ਸਨ, ਸਾਵਰਕਰ ਨੇ ਬਸਤੀਵਾਦੀ ਸਰਕਾਰ ਨੂੰ ਲੱਖਾਂ ਭਾਰਤੀਆਂ ਨੂੰ ਆਪਣੀਆਂ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਕਰਨ ਵਿੱਚ ਮਦਦ ਕੀਤੀ। ਉਸ ਨੇ ਆਪਣੀ ਹਿੰਦੂਤਵੀ ਵਿਚਾਰਧਾਰਾ ਨੂੰ ਅੱਗੇ ਵਧਾ ਕੇ ਆਜ਼ਾਦੀ ਦੇ ਅੰਦੋਲਨ ਨੂੰ ਹੋਰ ਅਸਥਿਰ ਕਰ ਦਿੱਤਾ, ਜਿਸ ਨੇ ਉਸ ਸਮੇਂ ਫ਼ਿਰਕੂ ਪਾੜੇ ਨੂੰ ਹੋਰ ਡੂੰਘਾ ਕਰ ਦਿੱਤਾ ਜਦੋਂ ਬਸਤੀਵਾਦੀ ਰਾਜ ਵਿਰੁੱਧ ਇੱਕ ਸਾਂਝੇ ਮੋਰਚੇ ਦੀ ਲੋੜ ਸੀ।

ਪਰ ਇਹ ਯਾਦ ਰੱਖਣਾ ਬਹੁਤ ਜ਼ਰੂਰੀ ਹੈ ਕਿ ਆਰ. ਐਸ. ਐਸ. ਦਾ ਹਜ਼ਾਰਾਂ ਸਾਲਾਂ ਦੇ ਹਿੰਦੂ ਅਮਲ ਅਤੇ ਚਿੰਤਨ ਦਾ ਆਧੁਨਿਕਤਾਵਾਦੀ ਅਤੇ ਵਿਚਾਰਧਾਰਕ ਜੋੜ ਕਿਸੇ ਵੀ ਤਰ੍ਹਾਂ ਉਨ੍ਹਾਂ ਲੱਖਾਂ-ਕਰੋੜਾਂ ਹਿੰਦੂਆਂ ਦੀ ਵਿਭਿੰਨਤਾ ਦੀ ਨੁਮਾਇੰਦਗੀ ਨਹੀਂ ਕਰਦਾ, ਜਿਨ੍ਹਾਂ ਦਾ ਹਿੰਦੂਤਵੀ ਵਿਚਾਰਧਾਰਾ ਨਾਲ਼ ਕੋਈ ਲੈਣਾ ਦੇਣਾ ਨਹੀਂ ਹੈ। ਆਰ. ਐੱਸ. ਐੱਸ. ਜੋ ਆਪਣੇ ਆਪ ਨੂੰ ਹਿੰਦੂਆਂ ਦੀ ਪ੍ਰਮਾਣਿਕ ਇਕਮੁੱਠ ਆਵਾਜ਼ ਦੇ ਤੌਰ 'ਤੇ ਪੇਸ਼ ਕਰਦੀ ਹੈ, ਸਿਰਫ਼ ਇਕ ਕੱਟੜਪੰਥੀ ਸਮੂਹ ਹੈ ਜੋ ਭਾਰਤ ਦੇ ਘੱਟ-ਗਿਣਤੀ ਸਮੂਹਾਂ ਵਿਰੁੱਧ ਆਪਣੀ ਅਲਹਿਦਗੀ ਵਾਲੀ ਦ੍ਰਿਸ਼ਟੀ ਅਤੇ ਫ਼ਿਰਕੂ ਹਿੰਸਾ ਨੂੰ ਜਾਇਜ਼ ਠਹਿਰਾਉਣਾ ਚਾਹੁੰਦੀ ਹੈ। ਇਹ ਅਲਹਿਦਗੀ ਦ੍ਰਿਸ਼ਟੀਕੋਣ ਕੇਸ਼ਵ ਬਾਲਿਰਾਮ ਹੈਡਗੇਵਾਰ, ਵਿਨਾਇਕ ਦਾਮੋਦਰ ਸਾਵਰਕਰ ਅਤੇ ਮਾਧਵਰਾਓ ਸਾਦਸ਼ੀਵਰਾਓ ਗੋਵਲਕਰ ਵਰਗੀਆਂ ਆਰ. ਐੱਸ. ਐੱਸ. ਦੀਆਂ ਸੰਸਥਾਪਕ ਹਸਤੀਆਂ ਦੁਆਰਾ ਪ੍ਰਚਾਰੇ ਗਏ ਵਿਚਾਰਧਾਰਕ ਢਾਂਚੇ 'ਤੇ ਅਧਾਰਿਤ ਹੈ, ਜਿਨ੍ਹਾਂ ਦੀਆਂ ਰਚਨਾਵਾਂ ਵਿੱਚ ਨਾਜ਼ੀ ਜਰਮਨੀ ਨੂੰ ਇੱਕ ਅਭਿਲਾਸ਼ੀ ਉਦਾਹਰਣ ਵਜੋਂ ਦਰਸਾਇਆ ਗਿਆ ਹੈ:

"ਜੇ ਭਾਰਤ ਵਿਚ ਅਸੀਂ ਹਿੰਦੂ ਹੋਰ ਮਜ਼ਬੂਤ ਹੁੰਦੇ ਹਾਂ, ਤਾਂ ਸਮੇਂ ਦੇ ਨਾਲ਼ ਲੀਗ ਦੇ ਇਨ੍ਹਾਂ ਮੁਸਲਮਾਨ ਦੋਸਤਾਂ ਨੂੰ ਜਰਮਨ-ਯਹੂਦੀਆਂ ਦੀ ਭੂਮਿਕਾ ਨਿਭਾਉਣੀ ਪਵੇਗੀ।"- ਵੀ. ਡੀ. ਸਾਵਰਕਰ (5*)

"ਨਸਲ ਅਤੇ ਇਸ ਦੇ ਸਭਿਆਚਾਰ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਲਈ, ਜਰਮਨੀ ਨੇ ਸੈਮੀਟਿਕ ਨਸਲਾਂ-ਯਹੂਦੀਆਂ ਦੇ ਦੇਸ਼ ਨੂੰ ਸਾਫ਼ ਕਰਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਨਸਲ ਦੇ ਮਾਣ ਨੂੰ ਇਸ ਦੇ ਸਭ ਤੋਂ ਉੱਚੇ ਪੱਧਰ 'ਤੇ ਇੱਥੇ ਮਨੀਫੈਸਟ ਕੀਤਾ ਗਿਆ ਹੈ। ਜਰਮਨੀ ਨੇ ਇਹ ਵੀ ਦਰਸਾਇਆ ਹੈ ਕਿ ਨਸਲਾਂ ਅਤੇ ਸੰਸਕ੍ਰਿਤੀਆਂ ਲਈ, ਜਿਨ੍ਹਾਂ ਵਿਚ ਮਤਭੇਦ ਜੜ੍ਹ ਤਕ ਜਾ ਪੁਜੇ ਹਨ, ਨੂੰ ਇਕ ਸੰਯੁਕਤ ਸਮੁੱਚ ਵਿਚ ਅਭੇਦ ਕਰ ਲਿਆ ਜਾਣਾ, ਹਿੰਦੁਸਤਾਨ ਵਿਚ ਸਾਡੇ ਲਈ ਸਿੱਖਣ ਅਤੇ ਇਸ ਤੋਂ ਲਾਹਾ ਲੈਣ ਲਈ ਇਕ ਚੰਗਾ ਸਬਕ ਹੈ।"- ਐਮ. ਐੱਸ. ਗੋਲਵਰਕਰ (6*)

ਗੋਲਵਲਕਰ ਦਾ ਹਮੇਸ਼ਾ ਵਿਸ਼ਵਾਸ ਰਿਹਾ ਹੈ ਕਿ "ਜਾਤੀਵਾਦ ਨਾਜ਼ੁਕ ਸਮਿਆਂ ਵਿੱਚ ਇੱਕ ਮਹਾਨ ਉਦੇਸ਼ ਦੀ ਪੂਰਤੀ ਕਰਦਾ ਹੈ। ਉਸ ਨੇ ਮਨੂੰ ਨੂੰ "ਮਨੁੱਖਤਾ ਦਾ ਪਹਿਲਾ, ਸਭ ਤੋਂ ਵੱਡਾ ਅਤੇ ਸਭ ਤੋਂ ਬੁੱਧੀਮਾਨ ਕਾਨੂੰਨਦਾਨ" ਕਿਹਾ ਕਿ "ਸੈਮੀਟਿਕ ਧਰਮਾਂ (ਮੁਸਲਮਾਨਾਂ ਅਤੇ ਈਸਾਈਆਂ) ਦੀ ਪਾਲਣਾ ਕਰਨ ਵਾਲੇ ਲੋਕਾਂ ਨੂੰ ਭਾਰਤੀ ਹੋਣ ਤੋਂ ਰੋਕਿਆ ਜਾਣਾ ਚਾਹੀਦਾ ਹੈ। ਉਹ ਸਿਰਫ ਬਹੁਗਿਣਤੀ ਹਿੰਦੂ ਭਾਈਚਾਰੇ ਦੇ ਰਹਿਮ 'ਤੇ ਹੀ ਰਹਿ ਸਕਦੇ ਸਨ।" ਅਤੇ .."ਜਿਸ ਮਨਹੂਸ ਦਿਨ ਮੁਸਲਮਾਨ ਪਹਿਲੀ ਵਾਰ ਹਿੰਦੋਸਤਾਨ ਵਿਚ ਆਏ, ਉਦੋਂ ਤੋਂ ਲੈ ਕੇ ਹੁਣ ਤੱਕ ਹਿੰਦੂ ਰਾਸ਼ਟਰ ਮੁਸੀਬਤਾਂ ਦਾ ਮੁਕਾਬਲਾ ਕਰਨ ਲਈ ਬਹਾਦਰੀ ਨਾਲ ਲੜਦਾ ਰਿਹਾ ਹੈ ਤੇ ਕੌਮੀ ਰੂਹ ਜਾਗਦੀ ਰਹੀ ਹੈ। ਹਿੰਦੁਸਤਾਨ- ਹਿੰਦੂਆਂ ਦੀ ਭੂਮੀ ਹਿੰਦੂ ਰਾਸ਼ਟਰ ਵਿੱਚ ਵਸਦੀ ਹੈ ਅਤੇ ਵਸਣੀ ਚਾਹੀਦੀ ਹੈ। ਬਾਕੀ ਸਾਰੇ ਦੇਸ਼ ਧ੍ਰੋਹੀ ਅਤੇ ਕੌਮ ਦੇ ਦੁਸ਼ਮਣ ਹਨ ਜਾਂ ਪਰਉਪਕਾਰੀ ਦ੍ਰਿਸ਼ਟੀਕੋਣ ਰੱਖਣ ਵਾਲੇ ਮੂਰਖ ਹਨ। ਹਿੰਦੁਸਤਾਨ ਵਿੱਚ ਵਿਦੇਸ਼ੀ ਨਸਲਾਂ ਨੂੰ ਹਿੰਦੂ ਸੰਸਕ੍ਰਿਤੀ ਅਤੇ ਭਾਸ਼ਾ ਨੂੰ ਅਪਣਾਉਣਾ ਚਾਹੀਦਾ ਹੈ, ਹਿੰਦੂ ਧਰਮ ਦਾ ਆਦਰ ਕਰਨਾ ਅਤੇ ਸਤਿਕਾਰ ਵਿੱਚ ਰਹਿਣਾ ਸਿੱਖਣਾ ਚਾਹੀਦਾ ਹੈ, ਹਿੰਦੂ ਨਸਲ ਅਤੇ ਸੰਸਕ੍ਰਿਤੀ ਦੀ ਵਡਿਆਈ ਕਰਨ ਤੋਂ ਇਲਾਵਾ ਹੋਰ ਕੋਈ ਵਿਚਾਰ ਨਹੀਂ ਰੱਖਣਾ ਚਾਹੀਦਾ ਹੈ। ਵਿਦੇਸ਼ੀ ਨਸਲਾਂ ਇਸ ਦੇਸ਼ ਵਿੱਚ ਪੂਰੀ ਤਰ੍ਹਾਂ ਹਿੰਦੂ ਰਾਸ਼ਟਰ ਦੇ ਅਧੀਨ ਰਹਿ ਸਕਦੀਆਂ ਹਨ, ਉਹ ਕੁਝ ਵੀ ਦਾਅਵਾ ਨਹੀਂ ਕਰ ਸਕਦੀਆਂ, ਕਿਸੇ ਵਿਸ਼ੇਸ਼ ਅਧਿਕਾਰ ਦੀਆਂ ਹੱਕਦਾਰ ਨਹੀਂ ਹਨ, ਕਿਸੇ ਵੀ ਤਰਜੀਹੀ ਵਿਵਹਾਰ ਦੀਆਂ ਹੱਕਦਾਰ ਨਹੀਂ ਹਨ - ਇੱਥੋਂ ਤੱਕ ਕਿ ਨਾਗਰਿਕਤਾ ਦੇ ਅਧਿਕਾਰ ਵੀ ਨਹੀਂ।" (6*)

ਭਾਵੇਂ ਕਿ ਭਾਰਤ ਵਿਚ ਸਭ ਤੋਂ ਵੱਡੀ ਧਾਰਮਿਕ ਘੱਟ ਗਿਣਤੀ ਮੁਸਲਮਾਨਾਂ ਦੀ ਹੈ, ਆਰ. ਐੱਸ. ਐੱਸ. ਨੇ ਦਲਿਤ ਭਾਈਚਾਰੇ ("ਅਛੂਤਾਂ") ਸਮੇਤ ਸਿੱਖਾਂ ਅਤੇ ਈਸਾਈਆਂ ਵਰਗੇ ਕਈ ਹੋਰ ਗ਼ੈਰ-ਹਿੰਦੂ ਭਾਈਚਾਰਿਆਂ ਨੂੰ ਵੀ ਆਪਣਾ ਸ਼ਿਕਾਰ ਬਣਾਇਆ ਹੈ। ਆਰ. ਐੱਸ. ਐੱਸ. ਦਰਜਨਾਂ ਸੰਗਠਨਾਂ ਦੇ ਨੈੱਟਵਰਕ ਦਾ ਮੁੱਖ ਮੈਂਬਰ ਹੈ ਜੋ ਹਿੰਦੁਤਵ ਦਾ ਸਮਰਥਨ ਕਰਦੇ ਹਨ, ਜਿਸਦੀ ਵਿਚਾਰਧਾਰਾ ਦੀਆਂ ਜੜ੍ਹਾਂ ਆਰ. ਐੱਸ. ਐੱਸ. ਵਿੱਚ ਹਨ। ਇਸ ਨੈੱਟਵਰਕ ਵਿਚ ਹਿੰਦੂ ਸਵੈਮਸੇਵਕ ਸੰਘ (ਐਚ.ਐਸ.ਐਸ.), ਵਿਸ਼ਵ ਹਿੰਦੂ ਪਰਿਸ਼ਦ (ਵੀ.ਐੱਚ.ਪੀ.), ਸੇਵਾ ਭਾਰਤੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਰਗੀਆਂ ਮੁਕਾਬਲਤਨ ਜਾਣੀਆਂ-ਪਛਾਣੀਆਂ ਸੰਸਥਾਵਾਂ ਸ਼ਾਮਲ ਹਨ- ਜਿਨ੍ਹਾਂ ਵਿਚੋਂ ਹਰੇਕ ਸਰਗਰਮੀ ਦੇ ਇਕ ਵੱਖਰੇ ਖੇਤਰ 'ਤੇ ਕੇਂਦ੍ਰਿਤ ਹੈ। ਸਮੂਹਿਕ ਤੌਰ 'ਤੇ ਆਰ. ਐੱਸ. ਐੱਸ. ਅਤੇ ਇਨ੍ਹਾਂ ਸਹਿਯੋਗੀ ਸੰਗਠਨਾਂ ਨੂੰ "ਸੰਘ ਪਰਿਵਾਰ" ਵਜੋਂ ਜਾਣਿਆ ਜਾਂਦਾ ਹੈ। ਇਸ ਦੇ ਜ਼ਰੀਏ ਆਰ. ਐੱਸ. ਐੱਸ. ਆਪਣੀ ਸਰਬੋਤਮਵਾਦੀ ਵਿਚਾਰਧਾਰਾ ਨਾਲ਼ ਦੇਸ਼-ਵਿਦੇਸ਼ ਦੇ ਲੱਖਾਂ ਭਾਰਤੀਆਂ ਨੂੰ ਭਰਤੀ, ਸੰਗਠਿਤ, ਸਿਖਲਾਈ ਦਿੰਦੀ ਹੈ ਅਤੇ ਪ੍ਰੇਰਿਤ ਕਰਦੀ ਹੈ, ਅਤੇ ਇਨ੍ਹਾਂ ਨੂੰ ਘੱਟ-ਗਿਣਤੀਆਂ 'ਤੇ ਅਲਹਿਦਗੀ ਅਤੇ ਅਕਸਰ ਹਿੰਸਕ ਹਮਲਿਆਂ ਨੂੰ ਲਾਮਬੰਦ ਕਰਨ ਅਤੇ ਲਾਗੂ ਕਰਨ ਦੇ ਯੋਗ ਬਣਾਉਂਦੀ ਹੈ। 2002 ਦੇ ਗੁਜਰਾਤ ਦੇ ਮੁਸਲਿਮ-ਵਿਰੋਧੀ ਕਤਲੇਆਮ ਇਸ ਖ਼ੌਫ਼ਨਾਕ ਹਕੀਕਤ ਦੀ ਤਰਜ਼ਮਾਨੀ ਕਰਦੇ ਹਨ। 2003 ਵਿਚ ਹਿਊਮਨ ਰਾਈਟਸ ਵਾਚ ਦੁਆਰਾ ਤਿਆਰ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਸੰਘ ਪਰਿਵਾਰ ਦੇ ਵੱਖ-ਵੱਖ ਸਮੂਹਾਂ ਨੇ ਜਨਤਕ ਹਿੰਸਾ ਨੂੰ ਭੜਕਾਇਆ ਅਤੇ ਅੰਜਾਮ ਦਿਤਾ: "ਸਿਖਲਾਈ ਕੈਂਪ ਬਜਰੰਗ ਦਲ ਅਤੇ ਵੀ.ਐੱਚ.ਪੀ. ਵਲੋਂ ਲਗਾਏ ਜਾਂਦੇ ਸਨ, ਜਿਨ੍ਹਾਂ ਨੂੰ ਆਰ. ਐੱਸ. ਐੱਸ. ਦੀ ਹਮਾਇਤ ਹਾਸਲ ਸੀ ਅਤੇ ਸੱਤਾਧਾਰੀ ਭਾਜਪਾ ਦੇ ਜਮਹੂਰੀ ਢੰਗ ਨਾਲ ਚੁਣੇ ਹੋਏ ਨੁਮਾਇੰਦਿਆਂ ਦੀ ਹਮਾਇਤ ਹਾਸਲ ਸੀ। ਇਹ ਕੈਂਪ ਅਕਸਰ ਮੰਦਰਾਂ ਵਿੱਚ ਲਗਾਏ ਜਾਂਦੇ ਸਨ। ਇਸ ਦਾ ਉਦੇਸ਼ 'ਦੁਸ਼ਮਣ' ਦੇ ਰੂਪ ਵਿਚ ਗਰਦਾਨੇ ਗਏ ਮੁਸਲਮਾਨਾਂ ਵਿਰੁੱਧ ਤਿੱਖੀ ਨਫ਼ਰਤ ਪੈਦਾ ਕਰਨਾ ਸੀ, ਜਿਸ ਕਾਰਨ ਤ੍ਰਿਸ਼ੂਲਾਂ ਅਤੇ ਤਲਵਾਰਾਂ ਦੀ ਵੰਡ ਰਾਹੀਂ ਹਿੰਸਾ ਦੀ ਵਡਿਆਈ ਕੀਤੀ ਗਈ ਸੀ, ਅਤੇ ਸਵੈ-ਰੱਖਿਆ ਦੇ ਸਾਧਨਾਂ ਵਜੋਂ ਜਾਇਜ਼ ਠਹਿਰਾਇਆ ਗਿਆ ਸੀ।" ਐਚ.ਐਸ.ਐਸ., ਵੀ.ਐਚ.ਪੀ. ਅਤੇ ਹੋਰ ਵੱਖ-ਵੱਖ ਸੰਸਥਾਵਾਂ ਜਿਨ੍ਹਾਂ ਦੇ ਸੰਘ ਪਰਿਵਾਰ ਨਾਲ ਸਬੰਧ ਹਨ, ਇਸ ਵੇਲੇ ਕੈਨੇਡਾ ਅਮਰੀਕਾ ਵਿਚ ਵੀ ਪੈਰ ਪਸਾਰ ਰਹੀਆਂ ਹਨ। ਆਰ. ਐੱਸ. ਐੱਸ. ਦੇ ਲਗਭਗ 5 ਮਿਲੀਅਨ ਸਰਗਰਮ ਮੈਂਬਰ ਹਨ ਅਤੇ ਲਗਭਗ 50,000 ਸ਼ਾਖਾਵਾਂ ਦੇਸ਼ ਭਰ ਵਿੱਚ ਮੌਜੂਦ ਹਨ। 100 ਤੋਂ ਵੱਧ ਸਹਿਯੋਗੀ ਸੰਸਥਾਵਾਂ ਹਨ, ਭਾਰਤੀ ਰਾਜਨੀਤੀ ਵਿੱਚ ਆਰ. ਐੱਸ. ਐੱਸ. ਇੱਕ ਵੱਡੀ ਤਾਕਤ ਹੈ। ਸੰਘ ਪਰਿਵਾਰ ਦੇ ਨਾਂ ਨਾਲ ਜਾਣੇ ਜਾਂਦੇ ਆਰ. ਐੱਸ. ਐੱਸ. ਦੀ ਅਗਵਾਈ ਵਾਲੇ ਹਿੰਦੂਤਵੀ ਨੈੱਟਵਰਕ ਦੇ ਸੰਗਠਨਾਂ ਤੇ ਉਨ੍ਹਾਂ ਦੀ ਭੂਮਿਕਾ ਦੀ ਅੰਸ਼ਕ ਸੂਚੀ ਹੇਠਾਂ ਦਿਤੀ ਗਈ ਹੈ: (7*)

- ਅਖਿਲ ਭਾਰਤੀ ਇਤਿਹਾਸ ਸੰਕਲਨ ਯੋਜਨਾ (ABISY): ਇਤਿਹਾਸਕਾਰਾਂ ਦੀ ਇੱਕ ਸੰਸਥਾ ਹੈ ਜਿਸਦਾ ਉਦੇਸ਼ ਇੱਕ ਹਿੰਦੂ ਰਾਸ਼ਟਰਵਾਦੀ ਬਿਰਤਾਂਤ ਦੇ ਅਨੁਸਾਰ ਭਾਰਤੀ ਇਤਿਹਾਸ ਨੂੰ ਦੁਬਾਰਾ ਲਿਖਣਾ ਹੈ;
- ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.): ਏ.ਬੀ.ਵੀ.ਪੀ., ਆਰ. ਐੱਸ. ਐੱਸ. ਦਾ ਯੂਨੀਵਰਸਿਟੀ ਵਿਦਿਆਰਥੀ ਸਮੂਹ ਹੈ। ਇਸ ਦੀਆਂ ਸ਼ਾਖ਼ਾਵਾਂ ਕੈਂਪਸਾਂ ਵਿਚ ਹਿੰਸਾ ਵਿਚ ਸਰਗਰਮੀ ਨਾਲ ਸ਼ਾਮਲ ਹੁੰਦੀਆਂ ਹਨ, ਖ਼ਾਸ ਕਰਕੇ ਸੂਖ਼ਮ ਕਲਾ ਦੀਆਂ ਯੂਨੀਵਰਸਿਟੀਆਂ ਵਿਚ, ਜਿਨ੍ਹਾਂ ਨੂੰ ਹਿੰਦੂ ਸੱਜੇਪੱਖੀਆਂ ਦੁਆਰਾ ਨਿੰਦਿਆ ਜਾਂਦਾ ਹੈ, ਜਿਵੇਂ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.);
- ਬਜਰੰਗ ਦਲ: ਬਜਰੰਗ ਦਲ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਯੂਥ ਅਤਿਵਾਦੀ ਵਿੰਗ ਹੈ। ਇਹ ਸਭ ਤੋਂ ਹਿੰਸਕ ਸਮੂਹ ਹੈ ਜੋ ਸਿੱਧੇ ਤੌਰ 'ਤੇ ਸੰਘ ਪਰਿਵਾਰ ਨਾਲ ਜੁੜਿਆ ਹੋਇਆ ਹੈ;
- ਭਾਰਤੀ ਜਨਤਾ ਪਾਰਟੀ (ਭਾਜਪਾ): ਭਾਜਪਾ ਆਰ. ਐੱਸ. ਐੱਸ. ਦਾ ਸਿਆਸੀ ਚਿਹਰਾ ਹੈ। ਹੁਣ ਇਹ ਭਾਰਤ ਵਿੱਚ ਰਾਸ਼ਟਰੀ ਪੱਧਰ 'ਤੇ ਪ੍ਰਮੁੱਖ ਸੱਤਾਧਾਰੀ ਰਾਜਨੀਤਿਕ ਪਾਰਟੀ ਹੈ;
- ਭਾਰਤੀ ਕਿਸਾਨ ਸੰਘ: ਕਿਸਾਨ ਜਥੇਬੰਦੀ;
- ਭਾਰਤੀ ਮਜ਼ਦੂਰ ਸੰਘ: ਲੇਬਰ ਯੂਨੀਅਨ;
- ਹਿੰਦੂ ਸਵੈਮਸੇਵਕ ਸੰਘ (ਐਚ. ਐਸ. ਐਸ.): ਐਚ. ਐਸ. ਐਸ., ਆਰ. ਐੱਸ. ਐੱਸ. ਦੇ ਅੰਤਰਰਾਸ਼ਟਰੀ ਵਿੰਗ ਵਜੋਂ ਕੰਮ ਕਰਦਾ ਹੈ। ਇਸ ਦੀਆਂ ਸ਼ਾਖਾਵਾਂ ਪੂਰੇ ਪੱਛਮ ਵਿੱਚ ਹਨ, ਜਿਸ ਵਿੱਚ ਸੰਯੁਕਤ ਰਾਜ ਅਮਰੀਕਾ ਤੇ ਕੈਨੇਡਾ ਵੀ ਸ਼ਾਮਲ ਹੈ;
- ਇੰਡੀਆ ਫਾਊਂਡੇਸ਼ਨ: ਥਿੰਕ ਟੈਂਕ;
- ਇੰਡੀਆ ਪਾਲਿਸੀ ਫਾਊਂਡੇਸ਼ਨ: ਥਿੰਕ ਟੈਂਕ;
- ਰਾਸ਼ਟਰ ਸੇਵਿਕਾ ਸਮਿਤੀ: ਮਹਿਲਾ ਸੰਗਠਨ;
- ਵਨਵਾਸੀ ਕਲਿਆਣ ਆਸ਼ਰਮ: ਕਬਾਇਲੀ ਆਊਟਰੀਚ ਸੰਸਥਾ;
- ਵਿਦਿਆ ਭਾਰਤੀ: ਪ੍ਰਾਇਮਰੀ ਅਤੇ ਸੈਕੰਡਰੀ ਸਿੱਖਿਆ ਸਕੂਲ ਨੈੱਟਵਰਕ;
- ਵਿਸ਼ਵ ਸੰਵਾਦ ਕੇਂਦਰ: ਕਮਿਊਨੀਕੇਸ਼ਨਜ਼/ਮੀਡੀਆ;
- ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ: ਥਿੰਕ ਟੈਂਕ;
- **ਵਿਸ਼ਵ ਹਿੰਦੂ ਪਰਿਸ਼ਦ (ਵੀ.ਐੱਚ.ਪੀ.):** ਥਿੰਕ ਟੈਂਕ ਵੀ.ਐੱਚ.ਪੀ. ਆਪਣੇ ਆਪ ਨੂੰ ਹਿੰਦੂਆਂ ਦੀ ਵਿਸ਼ਵ ਪਰਿਸ਼ਦ ਦੇ ਰੂਪ ਵਿਚ ਪੇਸ਼ ਕਰਦੀ ਹੈ। ਯੂ.ਐੱਸ.ਏ. ਤੇ ਕੈਨੇਡਾ ਸਮੇਤ ਵੀ.ਐੱਚ.ਪੀ. ਦੀਆਂ ਜੜ੍ਹਾਂ ਸੰਸਾਰ ਭਰ ਵਿੱਚ ਫੈਲੀਆਂ ਹੋਈਆਂ ਹਨ। ਇਹ ਆਰ. ਐੱਸ. ਐੱਸ. ਦੀ ਧਾਰਮਿਕ ਅਤੇ ਸਭਿਆਚਾਰਕ ਵਿੰਗ ਵਜੋਂ ਕੰਮ ਕਰਦੀ ਹੈ। 1992 'ਚ ਬਾਬਰੀ ਮਸਜਿਦ ਢਾਹੁਣ ਦੀ ਮੁਹਿੰਮ ਅਤੇ ਉਸ ਤੋਂ ਬਾਅਦ ਹੋਏ ਦੰਗਿਆਂ 'ਚ ਵੀ.ਐੱਚ.ਪੀ. ਦਾ ਵੱਡਾ ਹੱਥ ਸੀ;
- **ਕੈਨੇਡਾ ਵਿੱਚ ਆਰ.ਐੱਸ.ਐੱਸ (8*):** ਨੈਸ਼ਨਲ ਕੌਂਸਲ ਆਫ਼ ਕੈਨੇਡੀਅਨ ਮੁਸਲਿਮ (ਐਨ.ਸੀ.ਸੀ.ਐਮ.) ਅਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂ.ਐੱਸ.ਓ.) ਨੇ ਇੱਕ ਵਿਸ਼ੇਸ਼ ਰਿਪੋਰਟ ਜਾਰੀ ਕੀਤੀ ਹੈ— 'ਕੈਨੇਡਾ ਵਿੱਚ ਆਰ. ਐੱਸ. ਐੱਸ. ਨੈਟਵਰਕ' (10*) ਜਿਸ ਵਿਚ ਕਿਹਾ ਗਿਆ ਹੈ ਕਿ "ਆਰ.ਐੱਸ.ਐੱਸ. ਆਪਣੇ ਆਪ ਨੂੰ ਉੱਚਾ ਸਮਝਣ ਤੇ ਦੂਸਰੇ ਨੂੰ ਘਟੀਆ ਸਮਝਣ ਦੀ ਵਿਚਾਰਧਾਰਾ ਹੈ। ਆਰ.ਐੱਸ.ਐੱਸ ਦੀਆਂ ਕੈਨੇਡਾ ਵਿੱਚ ਸਰਗਰਮੀਆਂ, ਨੈੱਟਵਰਕ ਦੇ ਸਹਿਯੋਗੀਆਂ ਅਤੇ ਸਮੂਹਾਂ, ਉਹਨਾਂ ਦੇ ਕੰਮ, ਅਤੇ ਤਾਣੇ ਬਾਣੇ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ। ਆਰ.ਐੱਸ.ਐੱਸ ਦੀ ਮੌਜੂਦਗੀ ਅਤੇ ਇਸਦੇ ਕੰਮ ਕੈਨੇਡਾ ਦੀ ਸਹਿਣਸ਼ੀਲਤਾ, ਮਲਟੀਕਲਚਰ ਅਤੇ ਉਦਾਰਵਾਦੀ ਲੋਕਤੰਤਰ ਲਈ ਇੱਕ ਖ਼ਤਰਾ ਹੈ। ਆਰ.ਐੱਸ.ਐੱਸ ਦੀ ਸਥਾਪਨਾ 1925 ਵਿੱਚ ਭਾਰਤ ਨੂੰ ਇੱਕ ਹਿੰਦੂ ਦੇਸ਼ ਦਾ ਰੂਪ ਦੇਣ ਦੇ ਉਦੇਸ਼ ਨਾਲ ਕੀਤੀ ਗਈ ਸੀ। ਹਿੰਦੂ ਰਾਸ਼ਟਰਵਾਦ ਦੀ ਇਹ ਸੱਜੇ-ਪੱਖੀ ਵਿਚਾਰਧਾਰਾ, ਜਿਸ ਨੂੰ ਹਿੰਦੁਤਵ ਕਿਹਾ ਜਾਂਦਾ ਹੈ, ਦਾ ਮੁੱਖ ਉਦੇਸ਼ ਹਿੰਦੂ ਰਾਸ਼ਟਰ ਜਾਂ ਹਿੰਦੂ ਰਾਜ ਦੀ ਸਥਾਪਨਾ ਹੈ। ਇਹ ਇੱਕ ਅਸਹਿਣਸ਼ੀਲ ਵਿਚਾਰਧਾਰਾ ਹੈ ਜੋ ਭਾਰਤ ਦੀਆਂ ਵੱਖ-ਵੱਖ ਘੱਟ ਗਿਣਤੀਆਂ, ਮੁਸਲਮਾਨਾਂ, ਦਲਿਤਾਂ, ਈਸਾਈਆਂ, ਸਿੱਖਾਂ, ਬੋਧੀਆਂ, ਜੈਨੀਆਂ ਨੂੰ ਘਟੀਆ ਦਰਜੇ ਦੇ ਸਮਝਦੀ ਹੈ। ਆਰ. ਐੱਸ. ਐੱਸ. ਦੇ ਸ਼ੁਰੂਆਤੀ ਵਿਚਾਰਧਾਰਕ ਹਿਟਲਰ ਅਤੇ ਨਾਜ਼ੀ ਵਿਚਾਰਧਾਰਾ ਤੋਂ ਪ੍ਰੇਰਿਤ ਸਨ। ਆਰ.ਐੱਸ.ਐੱਸ ਸਮੂਹਾਂ ਨੇ ਭਾਰਤ ਵਿੱਚ ਵਿਆਪਕ ਹਿੰਸਾ ਨੂੰ ਅੰਜਾਮ ਦੇਣ ਵਿੱਚ ਮਦਦ ਕੀਤੀ ਹੈ, ਜਿਸ ਵਿੱਚ 2002 ਦਾ ਗੁਜਰਾਤ ਕਤਲੇਆਮ ਵੀ ਸ਼ਾਮਲ ਹੈ ਜਿਸ ਵਿੱਚ ਹਜ਼ਾਰਾਂ ਮੁਸਲਮਾਨ ਮਾਰੇ ਗਏ ਸਨ। ਆਰ.ਐੱਸ. ਐੱਸ. ਦਾ ਦ੍ਰਿਸ਼ਟੀਕੋਣ ਭਾਰਤ ਦੀਆਂ ਸਾਰੀਆਂ ਘੱਟ ਗਿਣਤੀਆਂ ਨੂੰ ਗੁਲਾਮੀ ਵਿੱਚ ਧੱਕਣ ਵਲਾ ਹੈ। ਆਰ. ਐੱਸ. ਐੱਸ. ਮਨੁੱਖਤਾ ਨੂੰ "ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਵਿਚ ਵੰਡਣ ਦੀ ਵਕਾਲਤ ਕਰਦੀ ਹੈ। ਆਰ. ਐੱਸ. ਐੱਸ. ਦੀ ਮਨੁੱਖਤਾ ਨੂੰ ਦਰਜਾਬੰਦੀ ਵੱਲ ਧੱਕਣ ਵਾਲੀ ਬਿਆਨਬਾਜ਼ੀ ਅਤੇ ਵਿਚਾਰ ਕੈਨੇਡਾ ਦੀ ਸਿਵਲ ਸੁਸਾਇਟੀ ਅਤੇ ਸੰਸਥਾਵਾਂ ਲਈ ਖ਼ਤਰਾ ਹਨ। ਆਰ. ਐੱਸ. ਐੱਸ. ਧਰਮ ਨੂੰ ਇੱਕ ਵਿਚਾਰਧਾਰਾ ਵਿੱਚ ਬਦਲ ਰਿਹਾ ਹੈ ਜੋ ਭਾਰਤ ਦੇ ਘੱਟ ਗਿਣਤੀ ਸਮੂਹਾਂ ਨੂੰ ਹਾਸ਼ੀਏ 'ਤੇ ਪਹੁੰਚਾ ਰਿਹਾ ਹੈ। ਆਰ. ਐੱਸ. ਐੱਸ. ਨੈੱਟਵਰਕ ਲੰਬੇ ਸਮੇਂ ਤੋਂ ਕੈਨੇਡੀਅਨ ਸਮਾਜ ਦੇ ਹਿੱਸੇ ਵਜੋਂ ਇੰਡੋ-ਕੈਨੇਡੀਅਨ ਡਾਇਸਪੋਰਾ ਨੂੰ ਸੰਗਠਿਤ ਕਰਨ, ਅਤੇ ਇੱਥੋਂ ਤੱਕ ਕਿ ਕੈਨੇਡੀਅਨ ਸੰਸਥਾਵਾਂ ਅਤੇ ਭਾਈਚਾਰਿਆਂ ਵਿੱਚ ਦਖ਼ਲ-ਅੰਦਾਜ਼ੀ ਕਰ ਰਿਹਾ ਹੈ।

**ਸਿੱਖਾਂ ਪ੍ਰਤੀ ਆਰ. ਐੱਸ. ਐੱਸ. ਦਾ ਨਜ਼ਰੀਆ:** ਆਰ. ਐੱਸ. ਐੱਸ. ਵੱਲੋਂ ਮੁਸਲਿਮ ਭਾਈਚਾਰੇ ਨੂੰ ਮੁੱਖ ਟਾਰਗਿਟ ਕਰਨ ਤੋਂ ਅਗਲਾ ਨਿਸ਼ਾਨਾ ਸਿੱਖ ਤੇ ਬਾਕੀ ਘੱਟ ਗਿਣਤੀਆਂ ਹੋਣਗੀਆਂ। ਇਸਦੀ ਨਿਸ਼ਾਨਦੇਹੀ ਵੀ.ਡੀ. ਸਾਵਰਕਰ ਦੀ 1923 ਵਿਚ ਛਪੀ "ਹਿੰਦੂਤਵਾ" (5*) ਪੁਸਤਕ ਵਿਚ ਕੀਤੀ ਗਈ ਹੈ, ਜਿਸ ਦੇ ਸੰਖੇਪ ਅੰਸ਼ ਇਹ ਹਨ: "ਅਸਲ ਵਿਚ ਜੇ ਭਾਰਤ ਵਿਚ ਕੋਈ ਭਾਈਚਾਰਾ ਹਿੰਦੂ ਹੈ, ਤਾਂ ਉਹ ਪੰਜਾਬ ਵਿਚ ਸਾਡਾ ਸਿੱਖ ਭਾਈਚਾਰਾ ਹੈ, ਜੋ ਸਪਤਸਿੰਧੂ ਦੀ ਧਰਤੀ ਦੇ ਲਗਭਗ ਖ਼ੁਦਮੁਖ਼ਤਿਆਰ ਵਸਨੀਕ ਹਨ ਅਤੇ ਸਿੰਧੂ ਜਾਂ ਹਿੰਦੂ ਲੋਕਾਂ ਦੇ ਸਿੱਧੇ ਵੰਸ਼ਜ ਹਨ। ਅੱਜ ਦਾ ਸਿੱਖ ਕੱਲ੍ਹ ਦਾ ਹਿੰਦੂ ਹੈ ਅਤੇ ਅੱਜ ਦਾ ਹਿੰਦੂ ਕੱਲ੍ਹ ਦਾ ਸਿੱਖ ਹੋ ਸਕਦਾ ਹੈ। ਲਿਬਾਸ, ਰੀਤੀ- ਰਿਵਾਜ, ਜਾਂ ਤਰਜ਼ੇ-ਜ਼ਿੰਦਗੀ ਦਾ ਵੇਰਵਾ ਬਦਲਣਾ ਖ਼ੂਨ ਜਾਂ ਵੰਸ਼ਜ ਨੂੰ ਨਹੀਂ ਬਦਲ ਸਕਦਾ, ਨਾ ਹੀ ਇਤਿਹਾਸ ਨੂੰ ਮਿਟਾ ਸਕਦਾ ਹੈ ਅਤੇ ਆਪਣੇ ਆਪ ਨੂੰ ਧੁੰਦਲਾ ਕਰ ਸਕਦਾ ਹੈ।...

"...ਸਾਡੇ ਲੱਖਾਂ ਸਿੱਖ ਭਰਾਵਾਂ ਲਈ ਉਨ੍ਹਾਂ ਦਾ ਹਿੰਦੂਤਵ ਆਪੇ ਹੀ ਪ੍ਰਤੱਖ ਹੈ। ਸਹਿਜਧਾਰੀ, ਉਦਾਸੀ, ਨਿਰਮਲ, ਗਹਿਰਗੰਭੀਰ ਅਤੇ ਸਿੰਧੀ ਸਿੱਖਾਂ ਨੂੰ ਨਸਲ ਅਤੇ ਕੌਮੀਅਤ ਦੁਆਰਾ ਹਿੰਦੂ ਹੋਣ ਦਾ ਮਾਣ ਹੈ। ਕਿਉਂਕਿ ਉਨ੍ਹਾਂ ਦੇ ਗੁਰੂ ਆਪ ਹਿੰਦੂਆਂ ਦੀ ਔਲਾਦ ਸਨ, ਇਸ ਲਈ ਉਹ ਇਹ ਸਮਝਣ ਵਿੱਚ ਅਸਫ਼ਲ ਰਹਿਣਗੇ ਕਿ ਜੇ ਉਨ੍ਹਾਂ ਨੂੰ ਗ਼ੈਰ-ਹਿੰਦੂਆਂ ਵਜੋਂ ਸ਼੍ਰੇਣੀਬੱਧ ਕਰਨ ਦੀ ਅਜਿਹੀ ਕਿਸੇ ਵੀ ਕੋਸ਼ਿਸ਼ ਦਾ ਵਿਰੋਧ ਨਾ ਕੀਤਾ ਜਾਵੇ

"...ਸਿੱਖ ਹਿੰਦੂਤਵ ਦੀ ਸਾਡੀ ਪਰਿਭਾਸ਼ਾ ਦੇ ਅਰਥਾਂ ਵਿੱਚ ਹਿੰਦੂ ਹਨ ਨਾ ਕਿ ਕਿਸੇ ਵੀ ਧਾਰਮਿਕ ਅਰਥਾਂ ਵਿੱਚ। ਧਾਰਮਿਕ ਤੌਰ 'ਤੇ ਉਹ ਸਿੱਖ ਹਨ ਕਿਉਂਕਿ ਜੈਨ ਜੈਨ ਹਨ, ਲਿੰਗਾਇਤ ਲਿੰਗਾਇਤ ਹਨ, ਵੈਸ਼ਨਵ ਵੈਸ਼ਨਵ ਹਨ; ਪਰ ਅਸੀਂ ਸਾਰੇ ਨਸਲੀ ਅਤੇ ਰਾਸ਼ਟਰੀ ਅਤੇ ਸਭਿਆਚਾਰਕ ਤੌਰ 'ਤੇ ਇੱਕ ਰਾਜਨੀਤੀ ਅਤੇ ਇੱਕ ਹਾਂ, ਇੱਕ ਅਤੇ ਅਟੁੱਟ, ਸਭ ਤੋਂ ਢੁਕਵੇਂ, ਜਿਸ ਨੂੰ ਪ੍ਰਾਚੀਨ ਕਾਲ ਤੋਂ ਹਿੰਦੂ ਕਿਹਾ ਜਾਂਦਾ ਹੈ।

"...ਸਿੱਖਾਂ, ਜੈਨੀਆਂ, ਲਿੰਗਾਇਤਾਂ, ਗ਼ੈਰ-ਬ੍ਰਾਹਮਣਾਂ ਅਤੇ ਇਥੋਂ ਤਕ ਕਿ, ਇਸ ਮਾਮਲੇ ਵਿਚ, ਬ੍ਰਾਹਮਣਾਂ ਨੂੰ ਵਿਸ਼ੇਸ਼ ਅਤੇ ਫ਼ਿਰਕੂ ਨੁਮਾਇੰਦਗੀ ਦੇ ਹੱਕ ਲਈ ਦਬਾਅ ਪਾਉਣਾ ਚਾਹੀਦਾ ਹੈ ਅਤੇ ਲੜਨਾ ਚਾਹੀਦਾ ਹੈ, ਜੇ ਉਹ ਈਮਾਨਦਾਰੀ ਨਾਲ ਇਸ ਨੂੰ ਆਪਣੇ ਫ਼ਿਰਕੂ ਵਿਕਾਸ ਲਈ ਲਾਜ਼ਮੀ ਮੰਨਦੇ ਹਨ। ਕਿਉਂਕਿ ਉਨ੍ਹਾਂ ਦਾ

ਵਿਕਾਸ ਸਮੁੱਚੇ ਹਿੰਦੂ-ਸਮਾਜ ਦਾ ਵਿਕਾਸ ਹੈ। ਇਥੋਂ ਤਕ ਕਿ ਪ੍ਰਾਚੀਨ ਸਮਿਆਂ ਵਿਚ ਵੀ ਸਾਡੀਆਂ ਚਾਰ ਮੁੱਖ ਜਾਤਾਂ ਨੂੰ ਰਾਜ ਦੀਆਂ ਪਰਿਸ਼ਦਾਂ ਅਤੇ ਸਥਾਨਕ ਸੰਸਥਾਵਾਂ ਵਿਚ ਫ਼ਿਰਕੂ ਆਧਾਰ 'ਤੇ ਇਕ ਕਿਸਮ ਦੀ ਵਿਸ਼ੇਸ਼ ਨੁਮਾਇੰਦਗੀ ਪ੍ਰਾਪਤ ਸੀ। ਉਹ ਅਜਿਹਾ ਕਰ ਸਕਦੇ ਸਨ, ਵੱਡੇ ਸਮੁੱਚ ਵਿਚ ਉਲਝਣ ਤੋਂ ਇਨਕਾਰ ਕੀਤੇ ਬਗ਼ੈਰ ਅਤੇ ਹਿੰਦੂਤਵ ਦੇ ਵਿਆਪਕ ਸਾਧਾਰਨੀਕਰਨ ਵਿਚ ਸ਼ਾਮਲ ਕੀਤੇ ਬਗ਼ੈਰ, ਸਿੱਖਾਂ ਨੂੰ ਧਾਰਮਿਕ ਤੌਰ 'ਤੇ ਸਿੱਖਾਂ ਵਜੋਂ ਸ਼੍ਰੇਣੀਬੱਧ ਕੀਤਾ ਜਾਵੇ, ਪਰ ਨਸਲੀ ਅਤੇ ਸਭਿਆਚਾਰਕ ਤੌਰ 'ਤੇ ਹਿੰਦੂਆਂ ਵਜੋਂ ਸ਼੍ਰੇਣੀਬੱਧ ਕੀਤਾ ਜਾਵੇ।

**ਆਰ. ਐੱਸ. ਐੱਸ. ਵੱਲੋਂ ਭਾਰਤ ਵਿਚ ਮੁਸਲਮਾਨਾਂ ਵਿਰੁੱਧ ਫ਼ਾਸ਼ੀ ਘਟਨਾਵਾਂ ਦੀ ਫ਼ਿਰਿਸਤ ਬਹੁਤ ਲੰਬੀ ਹੈ, ਪਰ ਵੱਡੀਆਂ ਘਟਨਾਵਾਂ ਦੀ ਲਿਸਟ ਇਸ ਪ੍ਰਕਾਰ ਹੈ:** 1948 ਹੈਦਰਾਬਾਦ ਕਤਲੇਆਮ; 1969 ਦੇ ਗੁਜਰਾਤ ਦੰਗੇ; 1970 ਦੇ ਭਿਵੰਡੀ ਦੰਗੇ; 1980 ਦੇ ਮੁਰਾਦਾਬਾਦ ਦੰਗੇ; 1983 ਨੈਲੀ ਕਤਲੇਆਮ; 1985 ਦੇ ਗੁਜਰਾਤ ਦੰਗੇ; 1987 ਹਾਸ਼ਿਮਪੁਰਾ ਕਤਲੇਆਮ; 1989 ਭਾਗਲਪੁਰ ਹਿੰਸਾ; 1992 ਦੇ ਬੰਬਈ ਦੰਗੇ; 1993 ਪੰਗਾਲ ਕਤਲੇਆਮ; 2002 ਦੇ ਗੁਜਰਾਤ ਦੰਗੇ; 2006 ਵਿੱਚ ਮਾਲੇਗਾਂਓ ਬੰਬ ਧਮਾਕੇ; 2013 ਦੇ ਮੁਜ਼ੱਫਰਨਗਰ ਦੰਗੇ; 2014 ਅਸਾਮ ਹਿੰਸਾ; 2020 ਦੇ ਦਿੱਲੀ ਦੰਗੇ। ਮੋਦੀ ਦੇ ਰਾਜ-ਕਾਲ ਦੌਰਾਨ ਹੋਈਆਂ ਫ਼ਾਸ਼ੀ ਘਟਨਾਵਾਂ ਦਾ ਸੰਖੇਪ ਹੇਠਾਂ ਦਿੱਤਾ ਗਿਆ ਹੈ।

(9*) ਬਾਬਰੀ ਮਸਜਿਦ ਨੂੰ ਢਾਹੁਣਾ: 1980ਵਿਆਂ ਵਿਚ, ਮੁੱਖ ਧਾਰਾ ਦੇ ਹਿੰਦੂ ਰਾਸ਼ਟਰਵਾਦੀ ਸੰਘ ਪਰਿਵਾਰ ਨਾਲ ਸਬੰਧਤ ਵਿਸ਼ਵ ਹਿੰਦੂ ਪਰਿਸ਼ਦ (ਵੀ.ਐੱਚ.ਪੀ.) ਨੇ ਹਿੰਦੂਆਂ ਲਈ ਅਯੁੱਧਿਆ ਸਥਿਤ ਇਸ ਅਸਥਾਨ ਨੂੰ "ਮੁੜ-ਹਥਿਆਉਣ" ਅਤੇ ਇਸ ਥਾਂ 'ਤੇ ਬਾਲ ਰਾਮ (ਰਾਮਲਾਲਾ) ਨੂੰ ਸਮਰਪਿਤ ਇਕ ਮੰਦਰ ਬਣਾਉਣ ਲਈ ਇਕ ਨਵੀਂ ਲਹਿਰ ਸ਼ੁਰੂ ਕੀਤੀ। ਜਨਸੰਘ ਦੇ ਰਹਿੰਦ-ਖੂੰਹਦ ਤੋਂ 1980 ਵਿਚ ਬਣੀ ਭਾਰਤੀ ਜਨਤਾ ਪਾਰਟੀ (ਭਾਜਪਾ) ਇਸ ਮੁਹਿਮ ਦਾ ਸਿਆਸੀ ਚਿਹਰਾ ਬਣ ਗਈ। 1986 ਵਿੱਚ, ਇੱਕ ਜ਼ਿਲ੍ਹਾ ਜੱਜ ਨੇ ਫ਼ੈਸਲਾ ਸੁਣਾਇਆ ਕਿ ਗੇਟਾਂ ਨੂੰ ਦੁਬਾਰਾ ਖੋਲ੍ਹਿਆ ਜਾਵੇਗਾ ਅਤੇ ਹਿੰਦੂਆਂ ਨੂੰ ਅੰਦਰ ਪੂਜਾ ਕਰਨ ਦੀ ਆਗਿਆ ਦਿੱਤੀ ਜਾਵੇਗੀ, ਜਿਸ ਨਾਲ ਅੰਦੋਲਨ ਨੂੰ ਵੱਡਾ ਹੁਲਾਰਾ ਮਿਲਿਆ। ਸਤੰਬਰ 1990 ਵਿੱਚ, ਭਾਜਪਾ ਨੇਤਾ ਐਲ. ਕੇ. ਅਡਵਾਨੀ ਨੇ ਅੰਦੋਲਨ ਲਈ ਸਮਰਥਨ ਪੈਦਾ ਕਰਨ ਲਈ ਅਯੁੱਧਿਆ ਲਈ ਇੱਕ "ਰਥ ਯਾਤਰਾ" ਸ਼ੁਰੂ ਕੀਤੀ, ਜਿਸ ਦੇ ਨਤੀਜੇ ਵਜੋਂ ਕਈ ਸ਼ਹਿਰਾਂ ਵਿੱਚ ਫ਼ਿਰਕੂ ਦੰਗੇ ਹੋਏ, ਜਿਸ ਕਾਰਨ ਬਿਹਾਰ ਦੀ ਸਰਕਾਰ ਨੂੰ ਅਡਵਾਨੀ ਨੂੰ ਗ੍ਰਿਫ਼ਤਾਰ ਕਰਨਾ ਪਿਆ। ਇਸ ਦੇ ਬਾਵਜੂਦ ਵੱਡੀ ਗਿਣਤੀ ਵਿਚ 'ਕਾਰ ਸੇਵਕ' ਜਾਂ ਸੰਘ ਪਰਿਵਾਰ ਦੇ ਭੂਤਰੇ ਕਾਰਕੁੰਨ ਅਯੁੱਧਿਆ ਪਹੁੰਚੇ ਅਤੇ ਬਾਬਰੀ ਮਸਜਿਦ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਉੱਤਰ ਪ੍ਰਦੇਸ਼ ਪੁਲਿਸ ਅਤੇ ਨੀਮ ਫ਼ੌਜੀ ਬਲਾਂ ਨੇ ਉਨ੍ਹਾਂ ਨੂੰ ਰੋਕਿਆ, ਜਿਸ ਦੇ ਸਿੱਟੇ ਵਜੋਂ ਤਿੱਖੀ ਲੜਾਈ ਸ਼ੁਰੂ ਹੋ ਗਈ, ਜਿਸ ਵਿਚ ਕਈ ਕਾਰ ਸੇਵਕ ਮਾਰੇ ਗਏ। ਵੀ.ਪੀ. ਸਿੰਘ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਕਮਜ਼ੋਰ ਹੋਣ ਦਾ ਦੋਸ਼ ਲਗਾਉਂਦੇ ਹੋਏ, ਭਾਜਪਾ ਨੇ ਆਪਣਾ ਸਮਰਥਨ ਵਾਪਸ ਲੈ ਲਿਆ, ਜਿਸ ਨਾਲ ਨਵੀਆਂ ਚੋਣਾਂ ਦੀ ਲੋੜ ਪਈ। ਇਨ੍ਹਾਂ ਚੋਣਾਂ ਵਿਚ ਭਾਜਪਾ ਨੇ ਉੱਤਰ ਪ੍ਰਦੇਸ਼ ਵਿਧਾਨ ਸਭਾ ਵਿਚ ਬਹੁਮਤ ਹਾਸਲ ਕਰਕੇ ਲੋਕ ਸਭਾ ਵਿਚ ਸੀਟਾਂ ਦੀ ਆਪਣੀ ਹਿੱਸੇਦਾਰੀ ਵਧਾ ਦਿੱਤੀ। 6 ਦਸੰਬਰ 1992 ਨੂੰ ਵੀ.ਐੱਚ.ਪੀ. ਅਤੇ ਭਾਜਪਾ ਸਮੇਤ ਇਸ ਦੇ ਸਾਥੀਆਂ ਨੇ ਮਸਜਿਦ ਵਾਲੀ ਥਾਂ 'ਤੇ ਇਕ ਵੱਡੀ ਰੈਲੀ ਦਾ ਆਯੋਜਨ ਕੀਤਾ ਜਿਸ ਵਿਚ ਵੀ.ਐੱਚ.ਪੀ. ਅਤੇ ਭਾਜਪਾ ਦੇ 1,50,000 ਕਾਰਸੇਵਕ ਸ਼ਾਮਲ ਸਨ। ਇਨ੍ਹਾਂ ਰੈਲੀਆਂ ਵਿਚ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਅਤੇ ਉਮਾ ਭਾਰਤੀ ਵਰਗੇ ਭਾਜਪਾ ਨੇਤਾਵਾਂ ਦੇ ਭਾਸ਼ਣ ਸ਼ਾਮਲ ਸਨ। ਭਾਸ਼ਣਾਂ ਦੇ ਸਮੇਂ ਦੌਰਾਨ ਭੀੜ ਬੇਚੈਨ ਹੋ ਗਈ, ਅਤੇ ਬਾਅਦ ਦੁਪਹਿਰ ਮਸਜਿਦ 'ਤੇ ਹਮਲਾ ਕਰ ਦਿੱਤਾ। ਮਸਜਿਦ ਦੀ ਰੱਖਿਆ ਲਈ ਉਥੇ ਰੱਖੀ ਗਈ ਪੁਲਿਸ ਦੀ ਘੇਰਾਬੰਦੀ ਬਹੁਤ ਜ਼ਿਆਦਾ ਸੀ। ਮਸਜਿਦ 'ਤੇ ਬਹੁਤ ਸਾਰੇ ਸੰਗੀਨ ਹਥਿਆਰਾਂ ਨਾਲ ਹਮਲਾ ਕੀਤਾ ਗਿਆ ਸੀ, ਅਤੇ ਕੁਝ ਹੀ ਘੰਟਿਆਂ ਵਿੱਚ ਢਹਿ-ਢੇਰੀ ਕਰ ਦਿਤਾ ਗਿਆ ਸੀ। ਇਹ ਰਾਜ ਸਰਕਾਰ ਵੱਲੋਂ ਭਾਰਤੀ ਸੁਪਰੀਮ ਕੋਰਟ ਨਾਲ ਕੀਤੀ ਗਈ ਵਚਨਬੱਧਤਾ ਦੇ ਬਾਵਜੂਦ ਵਾਪਰਿਆ ਕਿ ਮਸਜਿਦ ਨੂੰ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ। ਢਾਹੁਣ ਤੋਂ ਬਾਅਦ ਹੋਏ ਦੰਗਿਆਂ ਵਿੱਚ 2000 ਤੋਂ ਵੱਧ ਲੋਕ ਮਾਰੇ ਗਏ ਸਨ। ਮੁੰਬਈ, ਭੋਪਾਲ, ਦਿੱਲੀ ਅਤੇ ਹੈਦਰਾਬਾਦ ਸਮੇਤ ਭਾਰਤ ਦੇ ਕਈ ਵੱਡੇ ਸ਼ਹਿਰਾਂ ਵਿੱਚ ਦੰਗੇ ਭੜਕ ਉੱਠੇ। 16 ਦਸੰਬਰ 1992 ਨੂੰ ਭਾਰਤ ਸਰਕਾਰ ਨੇ ਉਨ੍ਹਾਂ ਹਾਲਾਤਾਂ ਦੀ ਜਾਂਚ ਲਈ ਲਿਬਰਹਾਨ ਕਮਿਸ਼ਨ ਦਾ ਗਠਨ ਕੀਤਾ ਸੀ ਜਿਨ੍ਹਾਂ ਕਾਰਨ ਬਾਬਰੀ ਮਸਜਿਦ ਢਾਹੀ ਗਈ ਸੀ। ਇਹ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਲੰਬਾ ਚੱਲਣ ਵਾਲਾ ਕਮਿਸ਼ਨ ਸੀ ਜਿਸ ਵਿੱਚ ਵੱਖ-ਵੱਖ ਸਰਕਾਰਾਂ ਦੁਆਰਾ ਕਈ ਵਿਸਥਾਰ ਦਿੱਤੇ ਗਏ ਸਨ। ਰਿਪੋਰਟ ਵਿਚ ਕਈ ਲੋਕਾਂ ਨੂੰ ਦੋਸ਼ੀ ਪਾਇਆ ਗਿਆ, ਜਿਨ੍ਹਾਂ ਵਿਚ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਉੱਤਰ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ ਕਲਿਆਣ ਸਿੰਘ, ਪ੍ਰਮੋਦ ਮਹਾਜਨ, ਉਮਾ ਭਾਰਤੀ ਅਤੇ ਵਿਜੇਰਾਜੇ ਸਿੰਧੀਆ ਵਰਗੇ ਭਾਜਪਾ ਨੇਤਾ ਅਤੇ ਗਿਰੀਰਾਜ ਕਿਸ਼ੋਰ ਅਤੇ ਅਸ਼ੋਕ ਸਿੰਘਲ ਵਰਗੇ ਵੀ.ਐੱਚ.ਪੀ. ਨੇਤਾ ਸ਼ਾਮਲ ਸਨ। ਕਮਿਸ਼ਨ ਵੱਲੋਂ ਦੋਸ਼ੀ ਠਹਿਰਾਏ ਗਏ ਹੋਰ ਪ੍ਰਮੁੱਖ ਰਾਜਨੀਤਿਕ ਨੇਤਾਵਾਂ ਵਿੱਚ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਅਤੇ ਆਰ. ਐੱਸ. ਐੱਸ. ਦੇ ਸਾਬਕਾ ਨੇਤਾ ਕੇ ਐਨ ਗੋਵਿੰਦਾਚਾਰੀਆ ਸ਼ਾਮਲ ਹਨ। ਕਈ ਚਸ਼ਮਦੀਦ ਗਵਾਹਾਂ ਦੀਆਂ ਗਵਾਹੀਆਂ 'ਤੇ ਭਰੋਸਾ ਕਰਦੇ ਹੋਏ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਨੇਤਾਵਾਂ ਨੇ ਰੈਲੀ ਵਿੱਚ ਭੜਕਾਊ ਭਾਸ਼ਣ ਦਿੱਤੇ ਸਨ ਜਿਸ ਨੇ ਢਾਹੁਣ ਨੂੰ ਉਕਸਾਇਆ ਸੀ। ਬਾਬਰੀ ਮਸਜਿਦ ਵਿਵਾਦ ਬਾਰੇ ਸੁਪਰੀਮ ਕੋਰਟ (ਐਸ.ਸੀ.) ਨੇ 6 ਅਗਸਤ 2019 ਤੋਂ 16 ਅਕਤੂਬਰ 2019 ਤੱਕ ਇਸ ਕੇਸ ਦੀ ਅੰਤਮ ਸੁਣਵਾਈ ਕੀਤੀ। ਅੰਤਮ ਫ਼ੈਸਲਾ 9 ਨਵੰਬਰ 2019 ਨੂੰ ਘੋਸ਼ਿਤ ਕੀਤਾ ਗਿਆ ਸੀ। ਸੁਪਰੀਮ ਕੋਰਟ ਨੇ ਹਿੰਦੂ ਮੰਦਰ ਬਣਾਉਣ ਲਈ ਜ਼ਮੀਨ ਨੂੰ ਇੱਕ ਟਰਸਟ ਨੂੰ ਸੌਂਪਣ ਦਾ ਹੁਕਮ ਦਿੱਤਾ। ਇਸ ਦੇ ਨਾਲ ਹੀ ਸਰਕਾਰ ਨੂੰ ਮਸਜਿਦ ਬਣਾਉਣ ਦੇ ਮਕਸਦ ਨਾਲ ਉੱਤਰ ਪ੍ਰਦੇਸ਼ ਸੁੰਨੀ ਸੈਂਟਰਲ ਵਕਫ਼ ਬੋਰਡ ਨੂੰ ਮੁਆਵਜ਼ੇ ਵਿਚ 5 ਏਕੜ ਜ਼ਮੀਨ ਦੇਣ ਦਾ ਵੀ ਹੁਕਮ ਦਿੱਤਾ।

**2002 ਦੇ ਗੁਜਰਾਤ ਦੰਗੇ** (3*): ਜਿਸ ਨੂੰ 2002 ਦੀ ਗੁਜਰਾਤ ਹਿੰਸਾ ਵੀ ਕਿਹਾ ਜਾਂਦਾ ਹੈ, ਪੱਛਮੀ ਭਾਰਤ ਦੇ ਰਾਜ ਗੁਜਰਾਤ ਵਿੱਚ ਅੰਤਰ-ਫ਼ਿਰਕੂ ਹਿੰਸਾ ਦਾ ਤਿੰਨ ਦਿਨਾਂ ਦਾ ਸਮਾਂ ਸੀ। 27 ਫਰਵਰੀ 2002 ਨੂੰ ਗੋਧਰਾ ਵਿਚ ਇਕ ਰੇਲ ਗੱਡੀ ਨੂੰ ਅੱਗ ਲਾ ਦਿੱਤੀ ਗਈ ਸੀ, ਜਿਸ ਕਾਰਨ ਅਯੁੱਧਿਆ ਤੋਂ ਵਾਪਸ ਆ ਰਹੇ 58 ਹਿੰਦੂ ਤੀਰਥ ਯਾਤਰੀਆਂ ਅਤੇ ਕਾਰਸੇਵਕਾਂ ਦੀ ਮੌਤ ਹੋ ਗਈ ਸੀ। ਦੰਗਿਆਂ ਤੋਂ ਬਾਅਦ, ਅਹਿਮਦਾਬਾਦ ਵਿੱਚ ਤਿੰਨ ਮਹੀਨਿਆਂ ਲਈ ਹਿੰਸਾ ਦੇ ਹੋਰ ਪ੍ਰਕੋਪ ਹੋਏ; ਰਾਜ ਭਰ ਵਿੱਚ, ਅਗਲੇ ਸਾਲ ਲਈ ਗੁਜਰਾਤ ਦੀ ਘੱਟ ਗਿਣਤੀ ਮੁਸਲਿਮ ਭਾਈਚਾਰੇ ਖ਼ਿਲਾਫ਼ ਹਿੰਸਕ ਸਾਜ਼ਸ਼ਤੀ ਜਾਰੀ ਰਹੀ।

ਸਰਕਾਰੀ ਅੰਕੜਿਆਂ ਅਨੁਸਾਰ ਇਨ੍ਹਾਂ ਫ਼ਿਰਕੂ ਦੰਗਿਆਂ ਵਿਚ 1,044 ਲੋਕਾਂ ਦੀ ਮੌਤ, 223 ਲਾਪਤਾ ਅਤੇ 2,500 ਜ਼ਖ਼ਮੀਆਂ ਨਾਲ ਖ਼ਤਮ ਹੋਏ। ਮਰਨ ਵਾਲਿਆਂ ਵਿਚੋਂ 790 ਮੁਸਲਮਾਨ ਅਤੇ 254 ਹਿੰਦੂ ਸਨ। ਸਬੰਧਤ ਨਾਗਰਿਕ ਟ੍ਰਿਬਿਊਨਲ ਰਿਪੋਰਟ, ਨੇ ਅਨੁਮਾਨ ਲਗਾਇਆ ਕਿ 1,926 ਲੋਕ ਮਾਰੇ ਗਏ ਹੋ ਸਕਦੇ ਹਨ। ਹੋਰ ਸਰੋਤਾਂ ਨੇ 2,000 ਤੋਂ ਵੱਧ ਮੌਤਾਂ ਦੀ ਗਿਣਤੀ ਦਾ ਅਨੁਮਾਨ ਲਗਾਇਆ। ਬਹੁਤ ਸਾਰੇ ਬੇਰਹਿਮ ਕਤਲਾਂ ਅਤੇ ਬਲਾਤਕਾਰਾਂ ਦੇ ਨਾਲ-ਨਾਲ ਵਿਆਪਕ ਲੁੱਟ-ਖਸੁੱਟ ਅਤੇ ਜਾਇਦਾਦ ਦੀ ਤਬਾਹੀ ਦੀ ਰਿਪੋਰਟ ਕੀਤੀ ਗਈ ਸੀ। ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਅਤੇ ਬਾਅਦ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਪਰ ਹਿੰਸਾ ਨੂੰ ਅੰਜਾਮ ਦੇਣ ਦਾ ਇਲਜ਼ਾਮ ਲਾਇਆ ਗਿਆ ਸੀ, ਜਿਵੇਂ ਕਿ ਪੁਲਿਸ ਅਤੇ ਸਰਕਾਰੀ ਅਧਿਕਾਰੀ ਵੀ ਸਨ ਜਿਨ੍ਹਾਂ ਨੇ ਕਥਿਤ ਤੌਰ 'ਤੇ ਦੰਗਾਕਾਰੀਆਂ ਨੂੰ ਨਿਰਦੇਸ਼ ਦਿੱਤੇ ਸਨ ਅਤੇ ਉਨ੍ਹਾਂ ਨੂੰ ਮੁਸਲਮਾਨਾਂ ਦੀ ਮਲਕੀਅਤ ਵਾਲੀਆਂ ਜਾਇਦਾਦਾਂ ਦੀਆਂ ਸੂਚੀਆਂ ਦਿੱਤੀਆਂ ਸਨ।

2012 ਵਿਚ ਮੋਦੀ ਨੂੰ ਭਾਰਤ ਦੀ ਸੁਪਰੀਮ ਕੋਰਟ ਵਲੋਂ ਨਿਯੁਕਤ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਹਿੰਸਾ ਵਿਚ ਮਿਲੀਭੁਗਤ ਤੋਂ ਬਰੀ ਕਰ ਦਿੱਤਾ ਸੀ। ਮੁਸਲਿਮ ਭਾਈਚਾਰੇ ਨੇ ਗੁੱਸੇ ਅਤੇ ਅਵਿਸ਼ਵਾਸ ਨਾਲ ਪ੍ਰਤੀਕ੍ਰਿਆ ਕਰਨ ਦੀ ਰਿਪੋਰਟ ਕੀਤੀ ਸੀ। ਜੁਲਾਈ 2013 ਵਿੱਚ, ਦੋਸ਼ ਲਗਾਏ ਗਏ ਸਨ ਕਿ ਐਸਆਈਟੀ ਨੇ ਸਬੂਤਾਂ ਨੂੰ ਦਬਾ ਦਿੱਤਾ ਸੀ। ਅਪ੍ਰੈਲ 2014 ਵਿੱਚ, ਸੁਪਰੀਮ ਕੋਰਟ ਨੇ ਹਿੰਸਾ ਨਾਲ ਸਬੰਧਤ ਨੌਂ ਮਾਮਲਿਆਂ ਵਿੱਚ ਐਸਆਈਟੀ ਦੀ ਜਾਂਚ 'ਤੇ ਸੰਤੁਸ਼ਟੀ ਜ਼ਾਹਰ ਕੀਤੀ, ਅਤੇ ਐਸਆਈਟੀ ਦੀ ਰਿਪੋਰਟ ਨੂੰ "ਬੇਬੁਨਿਆਦ" ਕਰਾਰ ਦੇਣ ਵਾਲੀ ਪਟੀਸ਼ਨ ਨੂੰ ਰੱਦ ਕਰ ਦਿੱਤਾ।

ਭਾਵੇਂ ਇਸ ਨੂੰ ਇੱਕ ਫ਼ਿਰਕੂ ਦੰਗੇ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਪਰ ਬਹੁਤ ਸਾਰੇ ਵਿਦਵਾਨਾਂ ਦੁਆਰਾ ਇੱਕ ਕਤਲੇਆਮ ਵਜੋਂ ਦਰਸਾਇਆ ਗਿਆ ਹੈ, ਕੁਝ ਟਿੱਪਣੀਕਾਰਾਂ ਨੇ ਦੋਸ਼ ਲਾਇਆ ਹੈ ਕਿ ਹਮਲਿਆਂ ਦੀ ਯੋਜਨਾ ਬਣਾਈ ਗਈ ਸੀ, ਰੇਲ ਗੱਡੀ 'ਤੇ ਹਮਲਾ ਇੱਕ "ਸਟੇਜਡ ਟ੍ਰਿਗਰ"ਸੀ ਜੋ ਅਸਲ ਵਿੱਚ ਪੂਰਵ-ਅਨੁਮਾਨਿਤ ਹਿੰਸਾ ਸੀ। ਹੋਰ ਨਿਰੀਖਕਾਂ ਨੇ ਕਿਹਾ ਹੈ ਕਿ ਇਹ ਘਟਨਾਵਾਂ "ਨਸਲਕੁਸ਼ੀ ਦੀ ਕਾਨੂੰਨੀ ਪਰਿਭਾਸ਼ਾ" ਨੂੰ ਪੂਰਾ ਕਰਦੀਆਂ ਸਨ ਜਾਂ ਉਨ੍ਹਾਂ ਨੂੰ ਰਾਜ ਅੱਤਵਾਦ ਜਾਂ ਨਸਲੀ ਸਫ਼ਾਇਆ ਕਿਹਾ ਜਾਂਦਾ ਹੈ।

ਬੈਸਟ ਬੇਕਰੀ ਕੇਸ (10*) (ਜਿਸ ਨੂੰ ਤੁਲਸੀ ਬੇਕਰੀ ਕੇਸ ਵੀ ਕਿਹਾ ਜਾਂਦਾ ਹੈ) 1 ਮਾਰਚ 2002 ਨੂੰ ਫ਼ਿਰਕੂ ਹਿੰਦੂਤਵੀ ਹਜੂਮ ਵੱਲੋਂ ਗੁਜਰਾਤ ਦੇ ਵਡੋਦਰਾ ਸ਼ਹਿਰ ਵਿਚ ਹਨੂੰਮਾਨ ਟੇਕਰੀ ਇਲਾਕੇ ਵਿਚ ਸਥਿਤ ਇਕ ਛੋਟੀ ਜਿਹੀ ਦੁਕਾਨ 'ਬੈਸਟ ਬੇਕਰੀ' ਵਿਚ 14 ਲੋਕਾਂ ਨੂੰ ਜਿੰਦੇ ਸਾੜ ਦਿਤਾ ਗਿਆ। ਇਸ ਘਟਨਾ ਦੇ ਦੌਰਾਨ, ਹਿੰਦੂਤਵੀ ਹਿੰਸਕ ਭੀੜ ਨੇ ਸ਼ੇਖ ਪਰਵਾਰ ਨੂੰ ਨਿਸ਼ਾਨਾ ਬਣਾਇਆ ਜੋ ਬੇਕਰੀ ਚਲਾਉਂਦੇ ਸਨ ਅਤੇ ਅੰਦਰ ਪਨਾਹ ਲੈ ਚੁੱਕੇ ਸਨ, ਜਿਸ ਦੇ ਨਤੀਜੇ ਵਜੋਂ 14 ਲੋਕਾਂ ਦੀ ਮੌਤ ਹੋ ਗਈ (ਬੇਕਰੀ ਦੇ ਪਰਵਾਰਕ ਮੈਂਬਰਾਂ ਅਤੇ 3 ਹਿੰਦੂ ਕਰਮਚਾਰੀਆਂ ਸਮੇਤ 11 ਮੁਸਲਮਾਨ)। ਇਹ ਮਾਮਲਾ 2002 ਦੇ ਗੁਜਰਾਤ ਦੰਗਿਆਂ ਦੇ ਕਤਲੇਆਮ ਦਾ ਪ੍ਰਤੀਕ ਬਣ ਗਿਆ ਹੈ ਜੋ ਗੋਧਰਾ ਰੇਲ ਕਾਂਡ ਤੋਂ ਬਾਦ ਵਾਪਰਿਆ ਸੀ। ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ ਹੈ ਕਿ ਗੁਜਰਾਤ ਹਿੰਸਾ ਦੇ ਕਈ ਮਾਮਲਿਆਂ ਵਿਚ ਪੁਲਿਸ ਨੇ ਨੁਕਸਦਾਰ ਢੰਗ ਨਾਲ ਸ਼ਿਕਾਇਤਾਂ ਦਰਜ ਕੀਤੀਆਂ, ਗਵਾਹਾਂ ਦੇ ਬਿਆਨਾਂ ਦੇ ਨਾਲ-ਨਾਲ ਤਸਦੀਕ ਕਰਨ ਵਾਲੇ ਸਬੂਤ ਇਕੱਠੇ ਕਰਨ ਵਿਚ ਅਸਫ਼ਲ ਰਹੀ ਅਤੇ ਉੱਘੇ ਸ਼ੱਕੀਆਂ ਦੀ ਜ਼ਿੰਮੇਵਾਰੀ ਦੀ ਜਾਂਚ ਨਹੀਂ ਕੀਤੀ। ਬੈਸਟ ਬੇਕਰੀ ਮਾਮਲੇ ਨੂੰ ਭਾਰਤ ਵਿੱਚ ਮਨੁੱਖੀ ਅਧਿਕਾਰ ਸੰਗਠਨਾਂ ਦੁਆਰਾ ਇੱਕ ਟੈਸਟ ਕੇਸ ਵਜੋਂ ਦੇਖਿਆ ਗਿਆ ਸੀ ਕਿਉਂਕਿ ਐਮਨੈਸਟੀ ਕੋਲ ਮੁਲਜ਼ਮਾਂ ਦੇ ਖਿਲਾਫ਼ "ਮਜ਼ਬੂਤ ਸਬੂਤ" ਉਹ ਮੌਜੂਦ ਸਨ, ਪਰ ਪੀੜਤਾਂ ਨੂੰ ਕੋਈ ਨਿਆਂ ਨਹੀਂ ਮਿਲਿਆ।

**ਗੁਲਬਰਗ ਸੋਸਾਇਟੀ ਕਤਲੇਆਮ (11*):** ਗੁਲਬਰਗ ਸੋਸਾਇਟੀ ਕਤਲੇਆਮ 28 ਫਰਵਰੀ 2002 ਨੂੰ 2002 ਦੇ ਗੁਜਰਾਤ ਦੰਗਿਆਂ ਦੌਰਾਨ ਵਾਪਰਿਆ ਸੀ, ਜਦੋਂ ਅਹਿਮਦਾਬਾਦ ਦੇ ਚਮਨਪੁਰਾ ਦੇ ਪੂਰਬੀ ਹਿੱਸੇ ਵਿਚ ਇਕ ਮੁਸਲਿਮ ਨੇਬਰਹੁੱਡ 'ਗੁਲਬਰਗ ਸੋਸਾਇਟੀ' ਉੱਪਰ ਆਰ. ਐੱਸ. ਐੱਸ ਦੇ ਹਜੂਮ ਨੇ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ ਸੀ। ਜ਼ਿਆਦਾਤਰ ਘਰਾਂ ਨੂੰ ਸਾੜ ਦਿੱਤਾ ਗਿਆ ਸੀ, ਅਤੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਅਹਿਸਾਨ ਜਾਫ਼ਰੀ ਸਮੇਤ ਘੱਟੋ ਘੱਟ 35 ਪੀੜਤਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ, ਜਦਕਿ 31 ਹੋਰ ਲੋਕ ਇਸ ਘਟਨਾ ਤੋਂ ਬਾਅਦ ਲਾਪਤਾ ਕਰ ਦਿਤੇ ਗਏ ਸਨ, ਬਾਅਦ ਵਿੱਚ ਮ੍ਰਿਤਕ ਮੰਨ ਲਿਆ ਗਿਆ ਸੀ, ਜਿਸ ਨਾਲ ਕੁੱਲ ਮੌਤਾਂ ਦੀ ਗਿਣਤੀ 69 ਹੋ ਗਈ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਉਸ ਸਮੇਂ ਸੂਬੇ ਦੇ ਮੁੱਖ ਮੰਤਰੀ ਸਨ, ਦੇ ਆਲੋਚਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਫ਼ਸਾਦਾਂ ਨੂੰ ਰੋਕਣ ਲਈ ਕੁਝ ਨਹੀਂ ਕੀਤਾ। ਸੁਸਾਇਟੀ ਵਿਚਲੇ ਬੰਗਲੇ ਅਤੇ ਫਲੈਟ ਲੁੱਟੇ ਗਏ ਅਤੇ ਸਾੜ ਦਿੱਤੇ ਗਏ ਕਤਲੇਆਮ ਦੇ ਸਬੰਧ ਵਿੱਚ 66 ਲੋਕਾਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਆਪਣੇ 2004-5 ਦੇ ਅਹਿਮਦਾਬਾਦ ਵਿਚ ਟੋਲ ਹਾਈਵੇ ਪ੍ਰਾਜੈਕਟ ਸਮੇਂ ਲੇਖਕ ਨੇ ਮੁਸਲਮਾਨ ਭਾਈਚਾਰੇ ਵਾਲੇ ਇਨ੍ਹਾਂ ਇਲਾਕਿਆਂ ਦਾ ਦੌਰਾ ਵੀ ਕੀਤਾ ਸੀ ਅਤੇ ਸਥਾਨਕ ਲੋਕਾਂ ਨਾਲ ਗੱਲਬਾਤ ਵੀ ਕੀਤੀ ਸੀ। ਭਾਰਤ ਦੇ ਬਾਕੀ ਹਿੱਸਿਆਂ ਵਾਂਗ ਅਹਿਮਦਾਬਾਦ ਵਿਚ ਵੀ ਮੁਸਲਮਾਨ ਭਾਈਚਾਰੇ ਤੇ ਹਿੰਦੂ ਭਾਈਚਾਰੇ ਵਿਚ 'ਅਪਾਰਥਾਈਡ' ਵਰਗਾ ਮਾਹੌਲ ਦੇਖਣ ਨੂੰ ਮਿਲਿਆ, ਇਥੋਂ ਤੱਕ ਕਿ ਕੋਈ ਹਿੰਦੂ ਟੈਕਸੀ ਜਾਂ ਆਟੋਰਿਕਸ਼ਾ ਵਾਲਾ ਵੀ ਛੇਤੀ 'ਲਾਲ ਦਰਵਾਜ਼ਾ' ਵਰਗੇ ਮੁਸਲਮਾਨ ਇਲਾਕੇ ਵਿਚ ਜਾਣ ਲਈ ਰਜ਼ਾਮੰਦ ਨਹੀਂ ਹੁੰਦਾ।

2004 ਵਿੱਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਵੀ ਐਨ ਖਰੇ ਨੇ ਦੋਸ਼ ਲਾਇਆ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਮਿਲੀਭੁਗਤ ਤੋਂ ਬਿਨਾਂ ਕਤਲੇਆਮ ਨਹੀਂ ਹੋ ਸਕਦਾ ਸੀ। ਖਰੇ ਨੇ ਕਿਹਾ ਹੈ ਕਿ ਉਨ੍ਹਾਂ ਦੀ ਰਾਏ ਵਿੱਚ ਨਰਿੰਦਰ ਮੋਦੀ 'ਤੇ ਗੁਲਬਰਗ ਸੁਸਾਇਟੀ ਕਤਲੇਆਮ ਲਈ ਨਸਲਕੁਸ਼ੀ ਅਤੇ ਕਤਲੇਆਮ ਲਈ ਅਪਰਾਧਿਕ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਮੋਦੀ ਨੇ ਹਮੇਸ਼ਾਂ ਵਾਂਗ ਦੰਗਿਆਂ ਲਈ ਮੁਆਫ਼ੀ ਨਹੀਂ ਮੰਗੀ ਹੈ। ਸੁਪਰੀਮ ਕੋਰਟ ਦੇ ਇੱਕ ਪੈਨਲ ਨੇ ਵੀ 2013 ਵਿੱਚ ਨਾਕਾਫ਼ੀ ਸਬੂਤਾਂ ਦਾ ਹਵਾਲਾ ਦਿੰਦੇ ਹੋਏ ਉਸ 'ਤੇ ਮੁਕੱਦਮਾ ਚਲਾਉਣ ਤੋਂ ਇਨਕਾਰ ਕਰ ਦਿੱਤਾ ਸੀ। 2002 ਦੇ ਦੰਗੇ ਭਾਰਤ ਦੇ ਹੁਣ ਤੱਕ ਦੇ ਸਭ ਤੋਂ ਭੈੜੇ ਦੰਗਿਆਂ ਵਿੱਚੋਂ ਕੁਝ ਸਨ। ਹਿੰਸਾ ਦੀ ਜਾਂਚ ਸ਼ੁਰੂ ਵਿਚ ਗੁਜਰਾਤ ਪੁਲਿਸ ਨੇ ਕੀਤੀ ਸੀ ਅਤੇ ਬਾਦ ਵਿਚ 2008 ਵਿਚ ਸੁਪਰੀਮ ਕੋਰਟ ਵਲੋਂ ਨਿਯੁਕਤ ਕੀਤੀ ਗਈ ਇਕ ਆਜ਼ਾਦ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਵਲੋਂ ਕੀਤੀ ਗਈ ਸੀ। ਗੁਲਬਰਗ ਕਤਲੇਆਮ ਉਨ੍ਹਾਂ ਦੰਗਿਆਂ ਦੀਆਂ 10 ਮੁੱਖ ਘਟਨਾਵਾਂ ਵਿੱਚੋਂ ਇੱਕ ਸੀ ਜਿਨ੍ਹਾਂ ਦੀ ਜਾਂਚ ਐਸਆਈਟੀ ਦੁਆਰਾ ਕੀਤੀ ਜਾ ਰਹੀ ਸੀ। ਇਨ੍ਹਾਂ ਵਿੱਚੋਂ ਕੁਝ ਮਾਮਲਿਆਂ ਵਿੱਚ ਦੋਸ਼ ਸਿੱਧ ਹੋਏ ਹਨ। ਅਗਸਤ 2012 ਵਿਚ, ਇਕ ਅਦਾਲਤ ਨੇ ਅਹਿਮਦਾਬਾਦ ਦੇ ਸਬਅਰਬ ਨਰੋਦਾ ਪਾਟੀਆ ਵਿਚ 97 ਲੋਕਾਂ ਨੂੰ ਕਤਲ ਕਰਨ ਵਿਚ ਆਪਣੀ ਭੂਮਿਕਾ ਨਿਭਾਉਣ ਲਈ ਸਾਬਕਾ ਮੰਤਰੀ ਅਤੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਸਹਿਯੋਗੀ ਮਾਇਆ ਕੋਡਨਾਨੀ ਸਮੇਤ 31 ਲੋਕਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

**ਨਾਗਰਿਕਤਾ ਸੋਧ ਐਕਟ, 2019** (12*): ਨਾਗਰਿਕਤਾ ਸੋਧ ਐਕਟ, 2019 ਨੂੰ 11 ਦਸੰਬਰ 2019 ਨੂੰ ਭਾਰਤ ਦੀ ਸੰਸਦ ਦੁਆਰਾ ਪਾਸ ਕੀਤਾ ਗਿਆ ਸੀ। ਇਸ ਨੇ ਅਫ਼ਗਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਦੀਆਂ ਧਾਰਮਿਕ ਘੱਟ ਗਿਣਤੀਆਂ ਜੋ ਹਿੰਦੂ, ਸਿੱਖ, ਬੋਧੀ, ਜੈਨ, ਪਾਰਸੀ ਜਾਂ ਈਸਾਈ ਹਨ, ਲਈ ਭਾਰਤੀ ਨਾਗਰਿਕਤਾ ਲਈ ਰਸਤਾ ਖੋਲ੍ਹ ਕੇ ਨਾਗਰਿਕਤਾ ਐਕਟ, 1955 ਵਿੱਚ ਸੋਧ ਕੀਤੀ ਜਿਸ ਤਹਿਤ ਦਸੰਬਰ 2014 ਦੇ ਅੰਤ ਤੋਂ ਪਹਿਲਾਂ ਭਾਰਤ ਪਹੁੰਚ ਗਏ। ਨਾਗਰਿਕਤਾ ਸੋਧ ਐਕਟ ਇਨ੍ਹਾਂ ਦੇਸ਼ਾਂ ਦੇ ਮੁਸਲਮਾਨਾਂ ਨੂੰ ਅਜਿਹੀ ਯੋਗਤਾ ਪ੍ਰਦਾਨ ਨਹੀਂ ਕਰਦਾ। ਇਸ ਕਾਨੂੰਨ ਵਿਚ ਪਹਿਲੀ ਵਾਰ ਧਰਮ ਨੂੰ ਭਾਰਤੀ ਕਾਨੂੰਨ ਦੇ ਤਹਿਤ ਨਾਗਰਿਕਤਾ ਦੇ ਮਾਪਦੰਡ ਵਜੋਂ ਵਰਤਿਆ ਗਿਆ ਸੀ, ਜਿਹੜੀ ਵਿਸ਼ਵਵਿਆਪੀ ਆਲੋਚਨਾ ਨੂੰ ਕੇਂਦਰ ਬਣੀ। ਇਸ ਸੋਧ ਦੀ ਆਲੋਚਨਾ ਧਰਮ ਦੇ ਆਧਾਰ 'ਤੇ ਵਿਤਕਰਾ ਕਰਨ ਵਜੋਂ ਕੀਤੀ ਗਈ ਹੈ, ਪ੍ਰਤੱਖ ਤੌਰ 'ਤੇ ਮੁਸਲਮਾਨਾਂ ਨੂੰ ਬਾਹਰ ਰੱਖਣ ਲਈ। ਮਨੁੱਖੀ ਅਧਿਕਾਰਾਂ ਲਈ ਸੰਯੁਕਤ ਰਾਸ਼ਟਰ ਨੇ ਇਸ ਨੂੰ "ਬੁਨਿਆਦੀ ਤੌਰ 'ਤੇ ਪੱਖਪਾਤੀ" ਕਿਹਾ, ਕਿ ਜਦੋਂ ਕਿ ਭਾਰਤ ਦੇ "ਸਤਾਏ ਗਏ ਸਮੂਹਾਂ ਦੀ ਰੱਖਿਆ ਕਰਨ ਦੇ ਟੀਚੇ ਦਾ ਸਵਾਗਤ ਹੈ, ਇਸ ਨੂੰ ਇੱਕ ਗ਼ੈਰ-ਪੱਖਪਾਤੀ "ਮਜ਼ਬੂਤ ਰਾਸ਼ਟਰੀ ਪਨਾਹ ਪ੍ਰਣਾਲੀ" ਰਾਹੀਂ ਪੂਰਾ ਕੀਤਾ ਜਾਣਾ ਚਾਹੀਦਾ ਹੈ। ਆਲੋਚਕ ਚਿੰਤਾਵਾਂ ਜ਼ਾਹਰ ਕਰਦੇ ਹਨ ਕਿ ਬਿੱਲ ਦੀ ਵਰਤੋਂ, ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐਨ.ਆਰ.ਸੀ.) ਦੇ ਨਾਲ, ਬਹੁਤ ਸਾਰੇ ਮੁਸਲਿਮ ਨਾਗਰਿਕਾਂ ਨੂੰ ਰਾਜ-ਰਹਿਤ ਬਣਾਉਣ ਲਈ ਕੀਤੀ ਜਾਏਗੀ, ਕਿਉਂਕਿ ਉਹ ਜਨਮ ਜਾਂ ਪਛਾਣ ਦੇ ਪੁਖ਼ਤਾ ਸਬੂਤਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੋ ਸਕਦੇ ਹਨ।

ਧਾਰਾ 370 (13*): ਧਾਰਾ 370 ਨੂੰ ਸਮਝਣ ਲਈ ਪਹਿਲਾਂ ਬੀਜੇਪੀ ਦੇ 2019 ਦੇ ਚੋਣ ਮੈਨੀਫ਼ਿਸਟੋ (14*) ਵਿਚ ਧਾਰਾ 370 ਬਾਰੇ ਫ਼ੁਰਮਾਣ ਦੇਖੋ ਕਿ ਇਸ ਵਿਚ ਕਿਸ ਕੂਟਨੀਤਕ ਢੰਗ ਨਾਲ ਮੁਸਲਿਮ ਭਾਈਚਾਰੇ ਨੂੰ ਅਲਹਿਦਾ ਕੀਤਾ ਗਿਆ ਹੈ। "ਅਸੀਂ ਗੁਆਂਢੀ ਦੇਸ਼ਾਂ ਦੇ ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਦੇ ਵਿਅਕਤੀਆਂ ਦੀ ਸੁਰੱਖਿਆ ਲਈ ਨਾਗਰਿਕਤਾ ਸੋਧ ਬਿੱਲ ਨੂੰ ਲਾਗੂ ਕਰਨ ਲਈ ਵਚਨਬੱਧ ਹਾਂ ਜੋ ਅੱਤਿਆਚਾਰ ਤੋਂ ਬਚ ਕੇ ਨਿਕਲਣਾ ਚਾਹੁੰਦੇ ਹਨ। ਅਸੀਂ ਉੱਤਰ-ਪੂਰਬੀ ਰਾਜਾਂ ਦੀ ਆਬਾਦੀ ਦੇ ਉਨ੍ਹਾਂ ਵਰਗਾਂ ਨੂੰ ਮੁੱਦਿਆਂ ਨੂੰ ਸਪੱਸ਼ਟ ਕਰਨ ਲਈ ਸਾਰੀਆਂ ਕੋਸ਼ਿਸ਼ਾਂ ਕਰਾਂਗੇ ਜਿਨ੍ਹਾਂ ਨੇ ਕਾਨੂੰਨ ਬਾਰੇ ਸ਼ੰਕੇ ਜ਼ਾਹਰ ਕੀਤੇ ਹਨ। ਅਸੀਂ ਉੱਤਰ-ਪੂਰਬ ਦੇ ਲੋਕਾਂ ਦੀ ਭਾਸ਼ਾਈ, ਸੱਭਿਆਚਾਰਕ ਅਤੇ ਸਮਾਜਕ ਪਛਾਣ ਦੀ ਰੱਖਿਆ ਕਰਨ ਦੀ ਆਪਣੀ ਪ੍ਰਤੀਬੱਧਤਾ ਨੂੰ ਦੁਹਰਾਉਂਦੇ ਹਾਂ। ਭਾਰਤ ਦੇ ਗੁਆਂਢੀ ਦੇਸ਼ਾਂ ਤੋਂ ਅੱਤਿਆਚਾਰ ਤੋਂ ਬਚ ਕੇ ਨਿਕਲਣ ਵਾਲੇ ਹਿੰਦੂਆਂ, ਜੈਨੀਆਂ, ਬੋਧੀਆਂ ਅਤੇ ਸਿੱਖਾਂ ਨੂੰ ਭਾਰਤ ਵਿੱਚ ਨਾਗਰਿਕਤਾ ਦਿੱਤੀ ਜਾਵੇਗੀ।

ਭਾਰਤ ਅਤੇ ਪਾਕਿਸਤਾਨ ਦੀ ਧਾਰਮਿਕ ਲੀਹਾਂ 'ਤੇ ਵੰਡ ਤੋਂ ਬਾਅਦ ਭਾਰਤ ਦੀਆਂ ਹਿੰਦੂਤਵੀ ਜਥੇਬੰਦੀਆਂ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ। ਭਾਰਤੀ ਸੰਸਦ ਦੇ ਹੇਠਲੇ ਸਦਨ ਲੋਕ ਸਭਾ ਵਿਚ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਨੇ ਭਾਰੀ ਬਹੁਮਤ ਹਾਸਲ ਕੀਤਾ। 5 ਅਗਸਤ 2019 ਨੂੰ, ਭਾਰਤ ਨੇ 1954 ਦੇ ਉਸ ਆਦੇਸ਼ ਦੀ ਥਾਂ ਰਾਸ਼ਟਰਪਤੀ ਦਾ ਆਦੇਸ਼ ਜਾਰੀ ਕੀਤਾ ਜਿਸ ਵਿੱਚ ਭਾਰਤੀ ਸੰਵਿਧਾਨ ਦੇ ਸਾਰੇ ਪ੍ਰਬੰਧਾਂ ਨੂੰ ਜੰਮੂ-ਕਸ਼ਮੀਰ 'ਤੇ ਲਾਗੂ ਕੀਤਾ ਗਿਆ ਸੀ। ਸੰਸਦ ਦੇ ਦੋਵਾਂ ਸਦਨਾਂ ਵਿੱਚ ਪਾਸ ਕੀਤੇ ਮਤਿਆਂ ਤੋਂ ਬਾਅਦ, ਭਾਰਤ ਦੇ ਰਾਸ਼ਟਰਪਤੀ ਨੇ 6 ਅਗਸਤ ਨੂੰ ਇੱਕ ਹੋਰ ਆਦੇਸ਼ ਜਾਰੀ ਕੀਤਾ ਜਿਸ ਵਿੱਚ ਧਾਰਾ 1 ਨੂੰ ਛੱਡ ਕੇ ਧਾਰਾ 370 ਦੀਆਂ ਸਾਰੀਆਂ ਧਾਰਾਵਾਂ ਨੂੰ ਅਯੋਗ ਘੋਸ਼ਿਤ ਕੀਤਾ ਗਿਆ ਸੀ।

ਇਸ ਧਾਰਾ ਨੂੰ ਰੱਦ ਕਰਨ ਦਾ ਸਮਰਥਨ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਤੋਂ ਇਲਾਵਾ, ਬਹੁਜਨ ਸਮਾਜ ਪਾਰਟੀ, ਆਮ ਆਦਮੀ ਪਾਰਟੀ, ਏ.ਆਈ.ਏ.ਡੀ.ਐਮ.ਕੇ., ਤੇਲਗੂ ਦੇਸ਼ਮ ਪਾਰਟੀ, ਵਾਈ.ਐਸ.ਆਰ. ਕਾਂਗਰਸ ਪਾਰਟੀ, ਬੀ.ਜੇ.ਡੀ. ਅਤੇ ਸ਼ਿਵ ਸੈਨਾ ਇਸ ਸ਼ਰਮਨਾਕ ਕਰਤੂਤ ਵਿਚ ਸ਼ਾਮਲ ਸੀ। ਇੰਡੀਅਨ ਨੈਸ਼ਨਲ ਕਾਂਗਰਸ, ਜੰਮੂ-ਕਸ਼ਮੀਰ ਨੈਸ਼ਨਲ ਕਾਨਫਰੰਸ, ਜੰਮੂ-ਕਸ਼ਮੀਰ ਪੀਪਲਜ਼ ਡੈਮੋਕ੍ਰੇਟਿਕ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ), ਭਾਰਤੀ ਕਮਿਊਨਿਸਟ ਪਾਰਟੀ, ਤ੍ਰਿਣਮੂਲ ਕਾਂਗਰਸ, ਜਨਤਾ ਦਲ (ਯੂਨਾਈਟਿਡ) ਅਤੇ ਡੀ.ਐਮ.ਕੇ. ਨੇ ਇਸ ਦਾ ਵਿਰੋਧ ਕੀਤਾ।

ਕਨੂੰਨੀ ਨੁਕਤਾ-ਨਜ਼ਰ: ਭਾਰਤ ਦੇ ਸੰਵਿਧਾਨ ਦੀ ਧਾਰਾ 370 17 ਅਕਤੂਬਰ 1949 ਨੂੰ ਸ਼ਾਮਲ ਕੀਤੀ ਗਈ ਇੱਕ 'ਅਸਥਾਈ ਵਿਵਸਥਾ' ਸੀ ਜਿਸ ਨੇ ਜੰਮੂ ਅਤੇ ਕਸ਼ਮੀਰ ਰਾਜ ਨੂੰ ਵਿਸ਼ੇਸ਼ ਸ਼ਕਤੀਆਂ ਦਿੱਤੀਆਂ, ਕਾਨੂੰਨੀ ਤੌਰ 'ਤੇ ਇਸ ਨੂੰ ਆਪਣਾ ਸੰਵਿਧਾਨ ਬਣਾਉਣ ਦਾ

ਅਧਿਕਾਰ ਦਿੱਤਾ। ਇਸ ਅਨੁਸਾਰ, ਭਾਰਤੀ ਸੰਵਿਧਾਨ ਦੀ ਧਾਰਾ 1 ਅਤੇ ਧਾਰਾ 370 ਦੇ ਉਪਬੰਧ ਰਾਜ ਤੇ ਲਾਗੂ ਹੁੰਦੇ ਸਨ। ਇਸ ਲਈ, ਕੇਂਦਰ ਸਰਕਾਰ ਨੂੰ ਇੰਸਟਰੂਮੈਂਟ ਆਫ ਐਕਸੇਸ਼ਨ (ਆਈ.ਓ.ਏ.) ਵਿੱਚ ਸ਼ਾਮਲ ਵਿਸ਼ਿਆਂ ’ਤੇ ਰਾਜ ਨੂੰ ਇੱਕ ਕੇਂਦਰੀ ਕਾਨੂੰਨ ਦੀ ਕਵਰੇਜ ਦਾ ਵਿਸਤਾਰ ਕਰਨ ਲਈ, ਇਸ ਨੂੰ “ਸਲਾਹ-ਮਸ਼ਵਰੇ”ਦੀ ਲੋੜ ਸੀ ਜਦੋਂ ਕਿ ਹੋਰ ਵਿਸ਼ਿਆਂ ’ਤੇ ਕਾਨੂੰਨਾਂ ਦੀ ਕਵਰੇਜ ਨੂੰ ਵਧਾਉਣ ਲਈ, ਇਸ ਨੂੰ ਰਾਜ ਸਰਕਾਰ ਦੀ “ਸਹਿਮਤੀ” ਦੀ ਲੋੜ ਸੀ। ਇਸੇ ਤਰ੍ਹਾਂ, ਭਾਰਤ ਦੇ ਸੰਵਿਧਾਨ ਦੀ ਧਾਰਾ 35 ਏ, ਜੋ 1954 ਵਿੱਚ ਇੱਕ ਸੰਵਿਧਾਨਕ ਆਦੇਸ਼ ਰਾਹੀਂ ਪੇਸ਼ ਕੀਤੀ ਗਈ ਸੀ, ਨੇ ਰਾਜ ਵਿਧਾਨ ਸਭਾ ਨੂੰ ‘ਸਥਾਈ ਵਸਨੀਕਾਂ’ ਨੂੰ ਪਰਿਭਾਸ਼ਿਤ ਕਰਨ ਦਾ ਅਧਿਕਾਰ ਦਿੱਤਾ। ਸਥਾਈ ਵਸਨੀਕਾਂ ਵਜੋਂ ਪਰਿਭਾਸ਼ਿਤ ਕੀਤੇ ਗਏ ਲੋਕ ਰਾਜ ਵਿੱਚ ਜਾਇਦਾਦ ਦੇ ਅਧਿਕਾਰਾਂ, ਰੁਜ਼ਗਾਰ, ਵਜ਼ੀਫਿਆਂ ਅਤੇ ਹੋਰ ਸਮਾਜਿਕ ਲਾਭਾਂ ਦੇ ਹੱਕਦਾਰ ਸਨ। 1954 ਦੇ ਹੁਕਮ ਤੋਂ ਬਾਅਦ, 11 ਫਰਵਰੀ 1956 ਤੋਂ 19 ਫਰਵਰੀ 1994 ਦੇ ਵਿਚਕਾਰ 47 ਰਾਸ਼ਟਰਪਤੀ ਦੇ ਹੁਕਮ ਜਾਰੀ ਕੀਤੇ ਗਏ ਸਨ, ਜਿਸ ਨਾਲ ਭਾਰਤ ਦੇ ਸੰਵਿਧਾਨ ਦੀਆਂ ਕਈ ਹੋਰ ਵਿਵਸਥਾਵਾਂ ਜੰਮੂ-ਕਸ਼ਮੀਰ ’ਤੇ ਲਾਗੂ ਹੋ ਗਈਆਂ ਸਨ। ਇਹ ਸਾਰੇ ਹੁਕਮ ਬਿਨਾਂ ਕਿਸੇ ਸੰਵਿਧਾਨ ਸਭਾ ਦੇ ‘ਰਾਜ ਸਰਕਾਰ ਦੀ ਸਹਿਮਤੀ’ ਨਾਲ ਜਾਰੀ ਕੀਤੇ ਗਏ ਸਨ। ਇਨ੍ਹਾਂ ਵਿੱਚੋਂ ਕੁਝ ਰਾਸ਼ਟਰਪਤੀ ਆਦੇਸ਼ ਉਦੋਂ ਜਾਰੀ ਕੀਤੇ ਗਏ ਸਨ ਜਦੋਂ ਰਾਜ ਰਾਸ਼ਟਰਪਤੀ ਸ਼ਾਸਨ ਦੇ ਅਧੀਨ ਸੀ। 1954 ਅਤੇ 1994 ਦੇ ਵਿਚਕਾਰ ਜਾਰੀ ਕੀਤੇ ਗਏ ਰਾਸ਼ਟਰਪਤੀ ਦੇ ਆਦੇਸ਼ਾਂ ਦਾ ਪ੍ਰਭਾਵ ਕੇਂਦਰੀ ਸੂਚੀ ਵਿੱਚ 97 ਵਿਸ਼ਿਆਂ ਵਿੱਚੋਂ 94 ਨੂੰ (ਕੇਂਦਰ ਸਰਕਾਰ ਦੀਆਂ ਸ਼ਕਤੀਆਂ) ਅਤੇ ਭਾਰਤ ਦੇ ਸੰਵਿਧਾਨ ਦੀਆਂ 395 ਧਾਰਾਵਾਂ ਵਿੱਚੋਂ 260 ਨੂੰ ਜੰਮੂ ਅਤੇ ਕਸ਼ਮੀਰ ਰਾਜ ਤੱਕ ਵਧਾਉਣਾ ਸੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜਿਸ ਸਿਲਸਿਲੇਵਾਰ ਢੰਗ ਨਾਲ ਫਾਸ਼ਿਜ਼ਮ, ਜੋ ਆਰ. ਐੱਸ. ਐੱਸ. ਤੇ ਮੋਦੀ ਦੀ ਬੀ ਜੇ ਪੀ ਸਰਕਾਰ ਸਮੁੱਚੇ ਭਾਰਤ ’ਤੇ ਮੜ੍ਹਨਾ ਚਾਹੁੰਦੀ ਹੈ, ਉਹ ਹੈ ਭਾਰਤੀ ਸਮਾਜ ਵਿਚਲੀ ਵਿਸ਼ਾਲਤਾ, ਵੰਨ-ਸੁਵੰਨਤਾ ਨੂੰ ਖ਼ਤਮ ਕਰਕੇ ਸਮੁੱਚੇ ਭਾਰਤ ਨੂੰ ਇੱਕੋ ਕੌਮ ਦੇ ਰੱਸੇ ਨਾਲ ਨਰੜਨਾ, ਭਾਵ ਆਰ. ਐੱਸ. ਐੱਸ. ਦੇ ਭਗਵੇਂ ਰੰਗ ਦੇ ਕੜਾਹੇ ਵਿੱਚ ਡੁਬੋਣਾ। ਆਰ. ਐੱਸ. ਐੱਸ. ਦੇ ਇਸ ਏਜੰਡੇ ਨੂੰ ਮੋਦੀ ਦੇ ਰਾਜਕਾਲ ਵਿੱਚ ਇਸ ਦਾ ਸਾਰਾ ਜ਼ੋਰ ਦੇਸ਼ ਨੂੰ ਇਕ ਦੇਸ਼, ਇਕ ਇਲੈਕਸ਼ਨ, ਇਕ ਬੋਲੀ, ਇਕ ਆਧਾਰ ਕਾਰਡ, ਇਕ ਮੰਡੀ, ਇੱਕੋ ਰੰਗ, ਇੱਕੋ ਧਰਮ, ਇੱਕੋ ਖਾਣਾ, ਇੱਕੋ ਵੇਸ ਵਿੱਚ ਤਬਦੀਲ ਕਰਨ ’ਤੇ ਲੱਗਾ ਹੋਇਆ ਹੈ। ਭਾਵ ਦੇਸ਼ ਦੇ ਬਸ਼ਿੰਦਿਆਂ ਦੀ ਬਹੁ-ਕੌਮੀ ਵਿਰਸੇ ਦੀ ਵੰਨ-ਸਵੰਨਤਾ ਤੇ ਵਿਸ਼ਾਲਤਾ ’ਤੇ ਸੁਹਾਗਾ ਫੇਰ ਪੱਧਰਾ ਕਰਕੇ uniformity ਜਾਂ ਇਕਸਾਰਤਾ ਲਿਆਉਣੀ। ਉਹ ਸਾਡੀ ਧਰਤ ਨੂੰ ਖੋਹ ਕੇ ਕਿਵੇਂ ਸਾਡੀ ਅਣਖ ਤੇ ਸਵੈਮਾਣ ਦੀ ਸ਼ਾਹਰਗ ’ਤੇ ਗੋਡਾ ਰੱਖਣਾ ਚਾਹੁੰਦਾ ਹੈ। ਤੇ ਗੱਲ ਇੱਥੇ ਨਹੀਂ ਰੁਕਣੀ। ਆਪਾਂ ਦੇਖਿਆ ਹੈ ਕਿ ਕਿਵੇਂ 2002 ਵਿਚ ਗੁਜਰਾਤ ਵਿੱਚ ਗੋਦਰਾ ਸ਼ਹਿਰ ਦੇ ਘੱਟ-ਗਿਣਤੀ ਮੁਸਲਮਾਨ ਭਾਈਚਾਰੇ ਦੇ ਕਤਲ-ਕਾਂਡ, ਵਿਦੋਦਰਾ ਸ਼ਹਿਰ ਵਿਚਲੇ Best Bakery ਕਤਲ-ਕਾਂਡ, ਫਿਰ ਅਹਿਮਦਾਬਾਦ ਵਿਚ ਲਗਾਤਾਰ ਤਿੰਨ ਮਹੀਨੇ ਘੱਟ-ਗਿਣਤੀ ਮੁਸਲਮਾਨ ਭਾਈਚਾਰੇ ਉੱਪਰ ਅੱਤਿਆਚਾਰ; 2019 ਵਿਚ ਕਸ਼ਮੀਰ ਵਿੱਚ ਧਾਰਾ 370 ਖ਼ਤਮ ਕਰਕੇ, ਸਿਟੀਜ਼ਨਸ਼ਿਪ ਅਮੈਂਡਮੈਂਟ ਐਕਟ (311) ਵਿੱਚ ਸੋਧ ਕਰਕੇ ਅਤੇ ਅਯੁੱਧਿਆ ਵਿੱਚ ਬਾਬਰੀ ਮਸਜਿਦ ਨੂੰ ਢਾਹ ਕੇ ਰਾਮ-ਮੰਦਰ ਦੀ ਉਸਾਰੀ ਵਰਗੀਆਂ ਫ਼ਾਸ਼ੀ ਕਰਤੂਤਾਂ ਨਾਲ? ਉਸਦੇ ਹੌਸਲੇ ਹੋਰ ਬੁਲੰਦ ਹੋਏ ਹਨ, ਉਸਦਾ ਤੁਅੱਸਬ ਹੋਰ ਵਧਿਆ ਹੈ। ਆਰ. ਐੱਸ. ਐੱਸ. ਦੇ ਥਾਪੜੇ ਅਤੇ ਹਕੂਮਤੀ ਤਾਕਤ ਦੇ ਘੁਮੰਡ ਕਰਕੇ ਉਹ ਪੰਜਾਬ ਵਿੱਚ ਕਦੇ ਵੀ ਉਸ ਤਰ੍ਹਾਂ ਦਾ ਕਾਰਾ ਕਰਨ ਲਈ ਪੱਬਾਂ ਭਾਰ ਹੋਇਆ ਬੈਠਾ ਹੈ। ਕਿਰਤੀ ਲੋਕਾਂ ਨੂੰ ਕੁਚਲਣ ਅਤੇ ਅਡਾਨੀ ਅੰਬਾਨੀ ਵਰਗੀਆਂ ਸਰਮਾਏਦਾਰ ਧਿਰਾਂ ਨੂੰ ਬਚਾਉਣ ਲਈ ਚਹੇਤਾ ਚਿਹਰਾ ਮੋਦੀ ਹੈ। ਉਸ ਦੇ ਮੂੰਹ ਨੂੰ ਖ਼ੂਨ ਲੱਗ ਚੁੱਕਾ ਹੈ। ਉਹ ਮੁਕੰਮਲ ਰੂਪ ਵਿਚ ਫ਼ਾਸ਼ਿਸਟ ਬਣ ਚੁੱਕਾ ਹੈ। ਤਾਕਤ ਦੇ ਨਸ਼ੇ ਵਿਚ ਉਹ ਭੁੱਲ ਗਿਆ ਹੈ ਕਿ ਇਟਲੀ ਦੇ ਫਾਸ਼ੀਵਾਦੀ ਤਾਨਾਸ਼ਾਹ ਮੁਸੋਲਿਨੀ ਤੇ ਜਰਮਨੀ ਦੇ ਚਾਂਸਲਰ ਅਤੇ ਤਾਨਾਸ਼ਾਹ ਅਡੌਲਫ ਹਿਟਲਰ ਦਾ ਹਸ਼ਰ ਕਿਵੇਂ ਹੋਇਆ ਸੀ।

2024 ਦੀਆਂ ਲੋਕ ਸਭਾ ਚੋਣਾਂ ਸਿਰ ’ਤੇ ਹਨ। ਇਸ ਵਿਚ ਬੀਜੇਪੀ ਦੇ ਚੋਣ ਮੈਨੀਫਿਸਟੋ ਵਿਚ ਮੁਸਲਮਾਨ ਤੇ ਬਾਕੀ ਘੱਟ ਗਿਣਤੀ ਭਾਈਚਾਰਿਆਂ ’ਤੇ ਕਿਹੜੇ ਹੋਰ ਜਬਰ ਢਾਹੇ ਜਾਣੇ ਹਨ? ਮੋਦੀ ਵੱਲੋਂ ਜ਼ੁਲਮ-ਜਬਰ ਦਾ ਕਿਹੜਾ ਨਵਾਂ ਤਾਂਡਵ ਨਾਚ ਨੱਚਿਆ ਜਾਣਾ ਹੈ? ਇਸ ਨੂੰ ਸਮਝਣ ਤੇ ਮੁਕਾਬਲਾ ਕਰਨ ਲਈ ਵਿਸ਼ਾਲ ਸੈਕੂਲਰ ਹਿੰਦੂ ਭਾਈਚਾਰੇ, ਮੁਸਲਮਾਨ ਭਾਈਚਾਰੇ ਸਮੇਤ ਸਾਰੀਆਂ ਘੱਟ-ਗਿਣਤੀਆਂ ਤੇ ਸਭ ਸੁਹਿਰਦ ਧਿਰਾਂ ਨੂੰ ਸਿਰ ਜੋੜਨ ਦੀ ਲੋੜ ਹੈ।


**ਰੈਫ਼ਰੈਂਸ / ਧੰਨਵਾਦ ਸਹਿਤ ਹਵਾਲੇ:**

(1*) BBC Documentary TIndia: The Modi Question”; Released AG January, 2023;

(2*) https://thewire.in/politics/narendra-modi-rss-pracharak-politician: Excerpts from Christophe Jaffrelot’s book Modi’s India: Hindu Nationalism and The Rise of Ethnic Democracy

(3*) en.wikipedia.org › wiki › 2002_Gujarat_riots2002;

(4*) Wikipedia Rashtriya Swayamsevak Sangh;

(5*) Excerpts from Hindutva, V D Savarkar, Fifth Edition, May 28, 1969;

(6*) We or Our Nationhood Defined, M S Galwalkar, Fourth Edition 1947;

(7*) Wikipedia, Sangh Parivar;

(8*) Rashtriya Swayamsevak Sangh (RSS) Network In Canada, National Council of Canadian Muslims, March 1, 2023;

(9*) https://en.wikipedia.org/wiki/Ayodhya_dispute;

(10*) https://en.wikipedia.org/wiki/Best_Bakery_case;

(11*) en.wikipedia.org › wiki › Gulbarg_Society_massacre;

(12*) From Wikipedia, the free encyclopedia Citizenship Amendment Act, 2019;

(13*) https://en.wikipedia.org/wiki/Revocation_ of_ the_ special_ status_ of_ Jammu_ and_ Kashmir; and

(14*) Bhatratiya Janata Party Sankalp Patra, Lok Sabha 2019


# ਪੰਜਾਬ, ਖ਼ਾਲਿਸਤਾਨ ਦਾ ਹਊਆ ਅਤੇ ਰਾਜਕੀ ਦਹਿਸ਼ਤਵਾਦ

(ਸਫ਼ਾ 2 ਦੀ ਬਾਕੀ)

ਵਿਰੋਧੀ ਤਾਕਤਾਂ ਨੂੰ ਵੀ ਇਸ ਘਟਨਾਕ੍ਰਮ ਦਾ ਲਾਹਾ ਲੈ ਕੇ ਆਪਣੀ ਸਾਖ਼ ਬਣਾਉਣ ਲਈ ਹੱਥ-ਪੈਰ ਮਾਰਨ ਦਾ ਮੌਕਾ ਮਿਲ ਗਿਆ ਹੈ।

ਭਗਵੰਤ ਮਾਨ ਸਰਕਾਰ ਮਾਮੂਲੀ ਜੁਰਮਾਂ ਨੂੰ ਰੋਕਣ ਅਤੇ ਪੰਜਾਬ ਦੇ ਹਿਤਾਂ ਦੀ ਰਾਖੀ ਕਰਨ ਪੱਖੋਂ ਵਾਰ-ਵਾਰ ਬੇਹੱਦ ਨਖਿੱਧ ਸਰਕਾਰ ਸਾਬਤ ਹੋ ਰਹੀ ਹੈ। ਪੰਜਾਬ ਵਿਚ 50 ਕਿਲੋਮੀਟਰ ਦਾ ਸਰਹੱਦੀ ਖੇਤਰ ਪਹਿਲਾਂ ਹੀ ਬੀ.ਐੱਸ.ਐੱਫ. ਦੇ ਅਧਿਕਾਰ ਹੇਠ ਹੈ। ਇਸ ਦੇ ਬਾਵਜੂਦ ਭਗਵੰਤ ਮਾਨ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਕੇ ਪੰਜਾਬ ਵਿਚ ਢਾਈ ਹਜ਼ਾਰ ਦੇ ਕਰੀਬ ਕੇਂਦਰੀ ਨੀਮ-ਫ਼ੌਜੀ ਤਾਕਤਾਂ ਭੇਜਣ ਨੂੰ ਸਹਿਮਤੀ ਦੇ ਦਿੱਤੀ। ਪੰਜਾਬ ਪੁਲਿਸ ਦੀ ਐਨੀ ਵੱਡੀ ਨਫ਼ਰੀ ਕਾਹਦੇ ਲਈ ਹੈ, ਕੀ ਇਹ ਜੀ-20 ਮੀਟਿੰਗ ਜਾਂ ਹੋਲੇ-ਮੁਹੱਲੇ ਦੇ ਇਕੱਠ ਸਮੇਂ ਸੁਰੱਖਿਆ ਦੀ ਜ਼ਿੰਮੇਵਾਰੀ ਵੀ ਨਹੀਂ ਨਿਭਾ ਸਕਦੀ? ਪਹਿਲਾਂ ਹੀ 3 ਲੱਖ ਕਰੋੜ ਦੇ ਕਰਜ਼ੇ ਹੇਠ ਪਿਸ ਰਹੇ ਪੰਜਾਬ ਉੱਪਰ ਨੀਮ-ਫ਼ੌਜੀ ਤਾਕਤਾਂ ਦਾ ਨਵਾਂ ਬੋਝ ਕਾਹਦੇ ਲਈ ਪਾਇਆ ਗਿਆ? ਕੀ ਮੁੱਠੀ ਭਰ ਫਿਰਕਾਪ੍ਰਸਤਾਂ ਨੂੰ ਕਾਬੂ ਕਰਨ ਲਈ ਕੇਂਦਰੀ ਨੀਮ-ਫ਼ੌਜੀ ਦਸਤਿਆਂ ਦੀ ਤਾਇਨਾਤੀ ਇਸ ਬਹਾਨੇ ਕੇਂਦਰ ਦਾ ਦਖ਼ਲ ਵਧਾਉਣ ਦੀ ਚਾਲ ਨਹੀਂ ਹੈ? ਦਰਅਸਲ, ਸਰਕਾਰ ਨੂੰ ਤਾਂ ਕਰੋੜਾਂ ਰੁਪਏ ਇਸ਼ਤਿਹਾਰਬਾਜ਼ੀ ਉੱਪਰ ਖ਼ਰਚਕੇ ਆਪਣੀਆਂ ‘ਪ੍ਰਾਪਤੀਆਂ’ ਦਾ ਪ੍ਰਚਾਰ ਕਰਨ ਤੋਂ ਹੀ ਵਿਹਲ ਨਹੀਂ ਹੈ। ਪੂਰਾ ਸੂਹੀਆ ਤੰਤਰ ਅਤੇ ਪੁਲਿਸ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਧਰਨਿਆਂ ਅਤੇ ਵਿਰੋਧ ਪ੍ਰਦਰਸ਼ਨਾਂ ਨੂੰ ਕੁਚਲਣ ਅਤੇ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਰੋਕਣ ਦੇ ਕੰਮ ’ਚ ਲਾ ਰੱਖੇ ਹਨ। ਇਸ ਨੇ ਕੇਂਦਰ ਸਰਕਾਰ ਦੇ ਪੰਜਾਬ ਵਿਚ ਦਖ਼ਲਅੰਦਾਜ਼ੀ ਵਧਾਉਣ ਦੇ ਦਬਾਅ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ ਖ਼ਾਲਸਤਾਨੀ ਸਰਗਰਮੀਆਂ ਦੇ ਬਹਾਨੇ ਕੌਮੀ ਜਾਂਚ ਏਜੰਸੀ ਪੈਰ ਪਸਾਰ ਰਹੀ ਹੈ। ਇਹ ਸਭ ਲੋਕ ਹਿਤਾਂ ਅਤੇ ਪੰਜਾਬ ਦੇ ਹਿਤਾਂ ਨੂੰ ਦਾਅ ’ਤੇ ਲਾ ਕੇ ਕੀਤਾ ਜਾ ਰਿਹਾ ਹੈ।

ਦਰਅਸਲ, ਇਸ ਪਾਰਟੀ ’ਚ ਐਸੀ ਰਾਜਨੀਤਕ ਇੱਛਾ ਸ਼ਕਤੀ ਹੈ ਹੀ ਨਹੀਂ ਕਿ ਇਹ ਕੇਂਦਰ ਸਰਕਾਰ ਦੇ ਫਾਸ਼ੀਵਾਦੀ ਕੇਂਦਰੀਕਰਨ ਦੀ ਧੁਸ ਅੱਗੇ ਖੜ੍ਹ ਅਤੇ ਅੜ ਸਕੇ ਅਤੇ ਪੰਜਾਬ ਦੇ ਹਿਤਾਂ ਦੀ ਰਾਖੀ ਕਰ ਸਕੇ। ਰਾਸ਼ਟਰਵਾਦ ਅਤੇ ਸੱਤਾ ਦੇ ਕੇਂਦਰੀਕਰਨ ਦੇ ਮਾਮਲੇ ’ਚ ਇਹ ਭਾਜਪਾ ਦੀ ਬੀ ਟੀਮ ਹੀ ਹੈ। ਚੰਡੀਗੜ੍ਹ ਦੇ ਪ੍ਰਸ਼ਾਸਨਿਕ ਮਾਮਲਿਆਂ ’ਚ ਕੇਂਦਰ ਦੀ ਦਖ਼ਲਅੰਦਾਜ਼ੀ, ਚੰਡੀਗੜ੍ਹ ਉੱਪਰ ਹਰਿਆਣਾ ਸਰਕਾਰ ਦੀ ਹਾਲੀਆ ਦਾਅਵੇਦਾਰੀ, ਦਰਿਆਈ ਪਾਣੀਆਂ ਦੀ ਰਾਖੀ, ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੀ ਮੈਂਬਰੀ ਖ਼ਤਮ ਕੀਤੇ ਜਾਣ, ਪੰਜਾਬ ਯੂਨੀਵਰਸਿਟੀ ਨੂੰ ਕੇਂਦਰ ਅਧਿਕਾਰ ’ਚ ਲਿਆਉਣ ਦੀ ਕੋਸ਼ਿਸ਼ ਵਰਗੇ ਕਿਸੇ ਵੀ ਸਵਾਲ ਉੱਪਰ ਭਗਵੰਤ ਮਾਨ ਸਰਕਾਰ ਨੇ ਦ੍ਰਿੜਤਾ ਨਹੀਂ ਦਿਖਾਈ।

ਇਹ ਸਰਕਾਰ ਸ਼ਾਇਦ ਸੱਤਾ ਦੇ ਗ਼ਰੂਰ ’ਚ ਇਸ ਹਕੀਕਤ ਨੂੰ ਵੀ ਮਨੋ ਵਿਸਾਰ ਚੁੱਕੀ ਹੈ ਕਿ 1980ਵਿਆਂ ਦੇ ਦਹਾਕੇ ’ਚ ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਪੰਜਾਬ ’ਚ ਅਪਣਾਈ ‘ਅਮਨ-ਕਾਨੂੰਨ’ ਦੀ ਜਾਬਰ ਨੀਤੀ ਦਾ ਨਤੀਜਾ ਕਿਸ ਤਰ੍ਹਾਂ ਦੀ ਕਤਲੋਗ਼ਾਰਤ ’ਚ ਨਿੱਕਲਿਆ ਸੀ। ਪੰਜਾਬ ਦੇ ਸਿਆਸੀ ਮਸਲਿਆਂ ਨੂੰ ਰਾਜਨੀਤਕ ਪਹੁੰਚ ਨਾਲ ਹੱਲ ਕਰਨ ਦੀ ਬਜਾਏ ਕਾਂਗਰਸ ਵੱਲੋਂ ਵੋਟ ਸਿਆਸਤ ਦੀਆਂ ਗਿਣਤੀਆਂ-ਮਿਣਤੀਆਂ ’ਚੋਂ ਉਲਝਾ ਕੇ ਤੇ ਲਟਕਾ ਕੇ ਰੱਖਣ ਅਤੇ ਰਾਜਨੀਤਕ ਮਸਲੇ ਨੂੰ ਅਮਨ-ਕਾਨੂੰਨ ਦਾ ਮਸਲਾ ਬਣਾ ਕੇ ਨਜਿੱਠਣ ਅਤੇ ਰਾਜਕੀ ਦਹਿਸ਼ਤਵਾਦ ਰਾਹੀਂ ਪੰਜਾਬ ਦੀ ਜਵਾਨੀ ਦਾ ਘਾਣ ਕਰਨ ਦੇ ਜ਼ਖ਼ਮ ਅਜੇ ਵੀ ਅੱਲੇ ਹਨ। ਘੱਟਗਿਣਤੀ ਸਿੱਖ ਭਾਈਚਾਰੇ ਦੇ ਮਨਾਂ ’ਚ ਪੰਜਾਬ ਨਾਲ ਭਾਰਤੀ ਹੁਕਮਰਾਨ ਜਮਾਤ ਦੀਆਂ ਮਨਮਾਨੀਆਂ, ਵਧੀਕੀਆਂ, ਬੇਇਨਸਾਫ਼ੀਆਂ ਅਤੇ ਵਿਤਕਰਿਆਂ ਕਾਰਨ ਬੇਗਾਨਗੀ ਦੀ ਭਾਵਨਾ ਅੱਜ ਵੀ ਕਿਸੇ ਨਾ ਕਿਸੇ ਰੂਪ ’ਚ ਮੌਜੂਦ ਹੈ। ਅੰਮ੍ਰਿਤਪਾਲ ਸਿੰਘ ਦੀਆਂ ਸਰਗਰਮੀਆਂ ਨੂੰ ਰੋਕਣ ਦੇ ਬਹਾਨੇ ਸਿੱਖ ਨੌਜਵਾਨਾਂ ਦੀਆਂ ਅੰਧਾਧੁੰਦ ਗ੍ਰਿਫ਼ਤਾਰੀਆਂ ਅਤੇ ਜਾਬਰ ਕਾਨੂੰਨਾਂ ਤਹਿਤ ਨਜ਼ਰਬੰਦੀ ਨਾਲ ਬੇਗਾਨਗੀ ਦੀ ਇਹ ਭਾਵਨਾ ਮਜ਼ਬੂਤ ਹੀ ਹੋਵੇਗੀ। ਭਾਵੇਂ ਵੱਖਰਾ ਖ਼ਾਲਸਤਾਨ ਬਣਾਉਣ ਦੀ ਮੰਗ ਆਮ ਸਿੱਖ ਭਾਈਚਾਰੇ ਦੀ ਮੰਗ ਨਹੀਂ ਹੈ ਪਰ ਕੇਂਦਰੀ ਹੁਕਮਰਾਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਨੀਤੀਗਤ ਧੱਕੇਸ਼ਾਹੀਆਂ ਅਤੇ ਬਹੁਗਿਣਤੀਵਾਦੀ ਧੌਂਸ ਘੱਟਗਿਣਤੀ ਦੇ ਸੰਸਿਆਂ ਅਤੇ ਤੌਖਲਿਆਂ ਨੂੰ ਬੇਗਾਨਗੀ ਦੇ ਅਹਿਸਾਸ ਵੱਲ ਧੱਕਣ ਅਤੇ ‘ਸਿੱਖਾਂ ਦਾ ਰਾਜ’ ਮੁੜ ਕਾਇਮ ਕਰਨ ਦੀ ਸੋਚ ਵੱਲ ਉਲਾਰ ਹੋਣ ਲਈ ਕਾਫ਼ੀ ਹਨ। ਇਹ ਤਾਂ ਪੰਜਾਬ ਦੇ ਲੋਕਾਂ ’ਚ ਪਿਛਲੇ ਦਹਾਕਿਆਂ ਦੇ ਸੰਤਾਪ ਅਤੇ ਸੰਘਰਸ਼ਾਂ ’ਚੋਂ ਵਿਕਸਤ ਹੋਈ ਸੂਝ-ਸਿਆਣਪ ਹੈ ਕਿ ਉਹ ਭੜਕਾਹਟ ’ਚ ਨਹੀਂ ਆਏ, ਪਰ ਕੇਂਦਰ ਅਤੇ ਪੰਜਾਬ ਸਰਕਾਰ ਨੇ ਤਾਂ ਪੰਜਾਬ ਨੂੰ ਬਲ਼ਦੀ ਦੇ ਬੂਥੇ ਦੇਣ ’ਚ ਕੋਈ ਕਸਰ ਨਹੀਂ ਛੱਡੀ।

ਲਿਹਾਜ਼ਾ, ਇਹ ਜ਼ਰੂਰੀ ਹੈ ਕਿ ਪੰਜਾਬ ਦੇ ਲੋਕ ਸੰਘ ਬਰਗੇਡ ਵੱਲੋਂ ਖੇਡੀ ਜਾ ਰਹੀ ਖ਼ਤਰਨਾਕ ਸਾਜ਼ਿਸ਼ ਬਾਰੇ ਵੀ ਚੌਕਸ ਹੋਣ ਅਤੇ ਸਿੱਖੀ ਦੇ ਨਾਂ ’ਤੇ ਫਿਰਕੂ ਸੌੜੀ ਸਿਆਸਤ ਨਾਲ ਪੰਜਾਬ ਦੇ ਹੋ ਰਹੇ ਨੁਕਸਾਨ ਨੂੰ ਵੀ ਸਮਝਣ। ਪੰਜਾਬ ਸਰਕਾਰ ਤੋਂ ਇਸ ਸਭ ਕਾਸੇ ਦਾ ਜਵਾਬ ਮੰਗਣਾ ਬਹੁਤ ਜ਼ਰੂਰੀ ਹੈ। ਪੰਜਾਬ ਦੀ ਜਵਾਨੀ ਨੂੰ ਵੀ ਨਾਇਕ-ਪੂਜਾ ਚੋਂ ਬਾਹਰ ਆ ਕੇ ਅਤੇ ਪੰਜਾਬ ਦੇ ਹਿਤਾਂ ਲਈ ਜਮਹੂਰੀ ਰਾਜਨੀਤਕ ਲੜਾਈ ਦਾ ਮਹੱਤਵ ਆਤਮਸਾਤ ਕਰਕੇ ਆਪਣੀ ਰਾਜਨੀਤਕ ਸੂਝ ਬਣਾਉਣੀ ਚਾਹੀਦੀ ਹੈ ਅਤੇ ਧਾਰਮਿਕ ਭਾਵਨਾਵਾਂ ’ਚ ਵਹਿਣ ਦੀ ਬਜਾਏ ਆਪਣੀ ਤਾਕਤ ਜਮਹੂਰੀ ਸੰਘਰਸ਼ਾਂ ’ਚ ਲਾਉਣ ਵੱਲ ਤੁਰਨਾ ਚਾਹੀਦਾ ਹੈ।

ਪੰਜਾਬ ’ਚੋਂ ਇਹ ਜਮਹੂਰੀ ਮੰਗ ਪੁਰਜ਼ੋਰ ਤਰੀਕੇ ਨਾਲ ਉੱਠਣੀ ਚਾਹੀਦੀ ਹੈ ਕਿ ਪੰਜਾਬ ਸਰਕਾਰ ਮਾਮਲੇ ਨੂੰ ਸਨਸਨੀਖ਼ੇਜ਼ ਬਣਾਉਣਾ ਬੰਦ ਕਰੇ ਅਤੇ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਬਾਰੇ ਸਥਿਤੀ ਤੁਰੰਤ ਸਪਸ਼ਟ ਕਰੇ। ਗ੍ਰਿਫ਼ਤਾਰ ਕੀਤੇ ਸਾਰੇ ਹੀ ਨੌਜਵਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਹਿੰਸਾ ਦੇ ਮਾਮਲਿਆਂ ਦੀ ਨਿਰਪੱਖ ਜੁਡੀਸ਼ੀਅਲ ਜਾਂਚ ਕਰਵਾ ਕੇ ਹੀ ਅਜਨਾਲਾ ਜਾਂ ਹੋਰ ਕੇਸਾਂ ’ਚ ਕਾਨੂੰਨੀ ਕਾਰਵਾਈ ਕੀਤੀ ਜਾਵੇ। ਕਾਲੇ ਕਾਨੂੰਨ ਐੱਨ.ਐੱਸ.ਏ., ਯੂ.ਏ.ਪੀ.ਏ. ਲਾਉਣੇ ਬੰਦ ਕੀਤੇ ਜਾਣ ਅਤੇ ਇਹ ਕਾਨੂੰਨ ਵਾਪਸ ਲਏ ਜਾਣ। ਪੰਜਾਬ ਵਿੱਚੋਂ ਕੇਂਦਰੀ ਫੋਰਸਾਂ ਤੁਰੰਤ ਹਟਾਈਆਂ ਜਾਣ, ਕੌਮੀ ਜਾਂਚ ਏਜੰਸੀ ਦੀ ਦਖ਼ਲਅੰਦਾਜ਼ੀ ਬੰਦ ਕੀਤੀ ਜਾਵੇ ਅਤੇ ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ 50 ਕਿਲੋਮੀਟਰ ਤੱਕ ਵਧਾਉਣ ਦਾ ਕੇਂਦਰੀ ਫ਼ਰਮਾਨ ਵਾਪਸ ਲਿਆ ਜਾਵੇ। ਪੱਤਰਕਾਰਾਂ ਨੂੰ ਪ੍ਰੇਸ਼ਾਨ ਕਰਨਾ ਅਤੇ ਆਲੋਚਕ ਆਵਾਜ਼ਾਂ ਦੇ ਟਵਿੱਟਰ ਤੇ ਹੋਰ ਸੋਸ਼ਲ ਮੀਡੀਆ ਦੇ ਅਕਾਊਂਟ ਬੰਦ ਕਰਨ ਦਾ ਤਾਨਾਸ਼ਾਹ ਦਸਤੂਰ ਬੰਦ ਕੀਤਾ ਜਾਵੇ। ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰ ਕੀਤੇ ਸਿੱਖ ਬੰਦੀਆਂ ਨੂੰ ਤੁਰੰਤ ਜ਼ਮਾਨਤ ਦਿੱਤੀ ਜਾਵੇ ਅਤੇ ਮਹਿਜ਼ ਵਿਚਾਰਾਂ ਦੇ ਆਧਾਰ ’ਤੇ ਗ੍ਰਿਫ਼ਤਾਰੀਆਂ ਬੰਦ ਕੀਤੀਆਂ ਜਾਣ। ਪੰਜਾਬ ਸਰਕਾਰ ਰਾਸ਼ਟਰੀ ਸੁਰੱਖਿਆ ਦਾ ਰਾਗ ਅਲਾਪਣਾ ਬੰਦ ਕਰੇ ਅਤੇ ਰਾਜਾਂ ਦੇ ਅਧਿਕਾਰਾਂ, ਚੰਡੀਗੜ੍ਹ, ਐੱਸ.ਵਾਈ.ਐੱਲ., ਪੰਜਾਬ ਦੇ ਪਾਣੀਆਂ, ਭਾਖੜਾ-ਬਿਆਸ ਮੈਨੇਜਮੈਂਟ ਆਦਿ ਸਵਾਲਾਂ ਉੱਪਰ ਪੰਜਾਬ ਦੇ ਹਿਤ ’ਚ ਸਪਸ਼ਟ ਸਟੈਂਡ ਲਵੇ। ਸੰਘਰਸ਼ਾਂ ਉੱਪਰ ਜਬਰ ਅਤੇ ਟਾਲਮਟੋਲ ਦੀ ਲਟਕਾਊ ਨੀਤੀ ਬੰਦ ਕੀਤੀ ਜਾਵੇ ਅਤੇ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਤਬਕਿਆਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਨਾਲ ਸੰਜੀਦਗੀ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਜਾਣ। ਹਾਈਕੋਰਟ ’ਚ ਲਿਫ਼ਾਫ਼ਾਬੰਦ ਨਸ਼ਿਆਂ ਦੀ ਰਿਪੋਰਟ ਜਨਤਕ ਕੀਤੀ ਜਾਵੇ ਅਤੇ ਵੱਡੇ ਨਸ਼ਾ ਤਸਕਰਾ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਇਹ ਅਤੇ ਅਜਿਹੇ ਕਦਮ ਹੀ ਪੰਜਾਬ ਵਿਚ ਸਥਾਈ ਅਮਨ-ਅਮਾਨ ਲਿਆ ਸਕਦੇ ਹਨ।

# ‘ਸਕੂਲਜ਼ ਆਫ ਐਮੀਨੈਂਸ, ਪੀ.ਐਮ. ਸ਼੍ਰੀ’ ਸਕੀਮ-ਕੌਮੀ ਸਿੱਖਿਆ ਨੀਤੀ-2020 ਦੇ ਝਰੋਖੇ ’ਚੋਂ

(ਸ਼ਫ਼ਾ 13 ਦੀ ਬਾਕੀ)

ਬਣੇਗਾ। ਸਮਾਜਿਕ ਸਰੋਕਾਰਾਂ ਪ੍ਰਤੀ ਸੰਵੇਦਨਸ਼ੀਲ ਮਨੁੱਖ/ਨਾਗਰਿਕ ਦੇ ਨਿਰਮਾਣ ਦਾ ਕਿਤੇ ਵੀ ਜਿਕਰ ਨਹੀਂ ਹੈ, ਇਸ ਨੀਤੀ ਦਸਤਾਵੇਜ਼ ’ਚ।

‘ਐਮੀਨੈਂਸ ਸਕੂਲ’ ਨੀਤੀ ਦਸਤਾਵੇਜ਼ ਦੀ ਧਾਰਾ (4.0): ਕਹਿੰਦੀ ਹੈ ਕਿ ਇਹ ਸਕੂਲ ਕਿਸੇ ’ਆਮ ਸਾਧਾਰਨ’ ਸਕੂਲ ਨਾਲੋਂ ਨਿਵੇਕਲਾ ਹੋਵੇਗਾ। ਇਹ ਤਕਨਾਲੌਜੀ ਆਧਾਰਿਤ ਪੜ੍ਹਾਈ-ਸਿਖਲਾਈ ਵਾਲੀ ਸੰਸਥਾ ਹੋਵੇਗੀ ਜਿਹੜੀ ਬੱਚਿਆਂ ਨੂੰ ਸੂਚਨਾ-ਗਿਆਨ ਲਈ ਤਿਆਰ ਕਰੇਗੀ ਭਾਵ ਸਮੁੱਚੀ ਪੜ੍ਹਾਈ-ਸਿਖਲਾਈ ਆਨ-ਲਾਈਨ ਹੀ ਹੋਵੇਗੀ ਤੇ NEP-2020 ਦੀ ਵੀ ਇਹੋ ਦਿਸ਼ਾ-ਸੇਧ ਹੈ।

ਧਾਰਾ (4.4) :ਅਨੁਸਾਰ ਇਨ੍ਹਾਂ ‘ਐਮੀਨੈਂਸ’ ਸਕੂਲਾਂ ’ਚ ਸਾਰੀਆਂ ਸਿੱਖਿਆ ਸ਼ਾਖਾਵਾਂ (Streams) ਉਪਲੱਬਧ ਹੋਣਗੀਆਂ, ਮਤਲਬ ਦੂਜੇ ‘ਸਾਧਾਰਨ’ ਸਕੂਲ ਇਸ ਸਹੂਲਤ ਤੋਂ ਵਾਂਝੇ ਰਹਿਣਗੇ।

**ਧਾਰਾ** (4.3): ਮੁਤਾਬਕ ਚੁਣੇ ਜਾਣ ਵਾਲੇ ਇਨ੍ਹਾਂ ‘ਐਮੀਨੈਂਸ’ ਸਕੂਲਾਂ ਨੂੰ ਵਾਧੂ ਸਾਧਨ ਮੁਹੱਈਆ ਕਰਵਾਏ ਜਾਣਗੇ। ਹਰ ਪੱਖੋਂ ਵਿਤਕਰਾ। ਇਹ ਕਿਸ ਕਿਸਮ ਦੀ ‘ਸਰਵਜਨਕ ਸਮਾਨ ਸਿੱਖਿਆ’ ਹੈ ਜਿਸ ਦਾ ਮੁਲਕ ਦੇ ਸੰਵਿਧਾਨ ’ਚ ਜ਼ਿਕਰ ਹੈ। ਕੇਵਲ ਕਾਰਪੋਰੇਟ-ਮੰਡੀ ਦੇ ਮੁਆਫ਼ਕ ਤੇ ਚੋਣ ਪ੍ਰਚਾਰ ਲਈ ਸਹਾਇਕ।

**ਧਾਰਾ**(5.4): ’ਚ ਬੱਚਿਆਂ ਦੇ ਮਨਾਂ ਅੰਦਰ ਸੰਵਿਧਾਨਿਕ ਕਦਰਾਂ-ਕੀਮਤਾਂ ਭਰਨ ਬਾਰੇ ਜਿੱਥੇ NEP-2020 ਵਾਂਗ ਸਮਾਨਤਾ, ਆਜ਼ਾਦੀ, ਭਾਈਚਾਰੇ ਦਾ ਤਾਂ ਜਿਕਰ ਹੈ ਪਰ ਧਰਮ-ਨਿਰਲੇਪਤਾ (Secularism) ਸ਼ਬਦ ਗਾਇਬ ਹੈ ਜੋ ਸੰਵਿਧਾਨ ਦੀ ਮੂਲ ਭਾਵਨਾ ਹੈ।

**ਧਾਰਾ**(5.5): 21ਵੀਂ ਸਦੀ ਦੇ ਨਾਗਰਿਕ ਬਣਾਉਣ ਲਈ ਵਿਦਿਆਰਥੀਆਂ ਨੂੰ, 21ਵੀਂ ਸਦੀ ਦੇ ਹੁਨਰਾਂ (Skills) ਰਾਹੀਂ ਉਨ੍ਹਾਂ ਦੇ ਸੋਚਣ, ਸਿੱਖਣ ਕੰਮ-ਕਾਰ ਤੇ ਰਹਿਣ-ਸਹਿਣ ਦੇ ਤੌਰ-ਤਰੀਕੇ ਸੋਧਣ ਦੇ ਯੋਗ ਬਣਾਉਣ ਦੀ ਗੱਲ ਕਰਦੀ ਹੈ। ਮਤਲਬ, ਫਿਰ ਉਹੀ ਕਿ ਕਾਰਪੋਰੇਟ ਪੂੰਜੀ ਦੀ ਸੇਵਾ ’ਚ ਭੁਗਤਣ ਵਾਲੇ ਪੁਰਜੇ। ਵੱਡੇ ਕਾਰਪੋਰੇਟ ਘਰਾਣਿਆਂ ਦੀ ਮਾਲਕੀ ਵਾਲੇ ‘ਮਾਡਰਨ’ ਪ੍ਰਾਈਵੇਟ ਸਕੂਲਾਂ ਦੀ ਨਕਲ।

**ਧਾਰਾ** (6.0): ਅੰਦਰ ਇਹ ਸਪਸ਼ਟ ਹੀ ਦਰਜ ਹੈ ਕਿ ਇਨ੍ਹਾਂ ਸਕੂਲਾਂ ਦੇ ਸੁਧਾਰ ਦੇ ਪੈਮਾਨੇ, ਢਾਂਚਾ, ਪਾਠਕ੍ਰਮ ਪ੍ਰਣਾਲੀ ਆਦਿ NEP-2020 ਦੇ ਮੇਚਵੇਂ ਹੀ ਹੋਣਗੇ।

ਭਾਵੇਂ ਸਾਰੇ ਨੀਤੀ ਦਸਤਾਵੇਜ਼ ਅੰਦਰ ਮਾਤ-ਭਾਸ਼ਾ ਦਾ ਕਿਤੇ ਜ਼ਿਕਰ ਨਹੀਂ ਹੈ ਕਿ ਉਹ ਪੜ੍ਹਾਈ ਜਾਵੇਗੀ ਜਾਂ ਨਹੀਂ ਅਤੇ ਪੜ੍ਹਾਈ ਦਾ ਮਾਧਿਅਮ ਕੀ ਹੋਵੇਗਾ ਪਰ ਧਾਰਾ (6.23): ਇਹ ਕਹਿੰਦੀ ਹੈ ਕਿ ਇਨ੍ਹਾਂ ’ਐਮੀਨੈਂਸ’ ਸਕੂਲਾਂ ’ਚ ਰੁਜ਼ਗਾਰ ਯੋਗਤਾ ਲਈ ਅੰਗਰੇਜ਼ੀ ਦੇ ਕੋਰਸਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਇਸ ਤੋਂ ਬਿਨਾਂ NEET, JEE, NDA, CA ਆਦਿ ਦਾਖਲਾ ਪ੍ਰੀਖਿਆ ਦੀ ਕੋਚਿੰਗ ਵੀ ਮੁਹੱਈਆ ਕਰਵਾਈ ਜਾਵੇਗੀ।

**ਧਾਰਾ** (6.3): ਅੰਦਰ ਭਾਵੇਂ ਇਹ ਤਾਂ ਕਿਹਾ ਗਿਆ ਹੈ ਕਿ ਸਕੂਲ ਦੀ ਨਿਰਵਿਘਨ ਕਾਰਵਾਈ ਚਲਣ ਲਈ ਲੋੜੀਂਦਾ ‘ਟੀਚਿੰਗ ਤੇ ਨਾਨ ਟੀਚਿੰਗ’ ਸਟਾਫ ਹੋਵੇਗਾ ਪਰੰਤੂ ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਦੀ ਭਰਤੀ ਕਿਵੇਂ ਹੋਵੇਗੀ, ਰੈਗੂਲਰ ਜਾਂ ਠੇਕਾ ਭਰਤੀ। ਉਂਝ ਪੰਜਾਬ ਦੀ ‘ਆਪ’ ਸਰਕਾਰ ਵੱਲੋਂ ਅਧਿਆਪਕਾਂ ਦੀ ਹੁਣ ਤੱਕ ਜਿੰਨੀ ਕੁ ਵੀ ਭਰਤੀ ਕੀਤੀ ਗਈ ਹੈ ਉਹ ਪਿਛਲੀਆਂ ਸਰਕਾਰਾਂ ਵਾਂਗ ਠੇਕਾ/ਪ੍ਰੋਬੇਸ਼ਨ ਭਰਤੀ ਹੀ ਕੀਤੀ ਗਈ ਹੈ। ਇਸ ਤੋਂ ਬਿਨਾਂ ਸਰਕਾਰ ਵੱਲੋਂ ਸਤੰਬਰ,2022 ’ਚ ਨਾਨ-ਟੀਚਿੰਗ ਅਮਲੇ (ਚੌਕੀਦਾਰ, ਮਾਲੀ-ਪੀਅਨ, ਸਫਾਈ ਸੇਵਕ, ਕੈਂਪਸ ਮੈਨੇਜਰ, ਸਕਿਓਰਿਟੀ ਗਾਰਡ) ਦੀ ਬੱਝਵੀਂ ਠੇਕਾ ਭਰਤੀ ਕਰਨ ਲਈ ਸੈਕੰਡਰੀ ਸਕੂਲਾਂ ਨੂੰ ਕੁੱਝ ਗਰਾਂਟ ਵੀ ਜਾਰੀ ਕੀਤੀ ਗਈ ਸੀ।ਇਨ੍ਹਾਂ ’ਐਮੀਨੈਂਸ’ ਸਕੂਲਾਂ ’ਚ ਵੀ ਇਸੇ ਨੀਤੀ ਦੇ ਲਾਗੂ ਹੋਣ ਦੀ ਸੰਭਾਵਨਾ/ਖਦਸ਼ਾ ਹੈ।

**ਧਾਰਾ** (9.4): ਅੰਦਰ, ਲੋੜੀਂਦੇ ਵਾਧੂ ਵਿਸ਼ਿਆਂ ਲਈ ਤਾਂ ਬਾਹਰੋਂ ’ਮਹਿਮਾਨ ਮਾਹਿਰਾਂ’ ਨੂੰ ਮਾਣ-ਭੱਤਾ ਦੇਕੇ ਭਾੜੇ ’ਤੇ ਰੱਖਣ ਦੀ ਵਿਵਸਥਾ ਕੀਤੀ ਹੀ ਗਈ ਹੈ। ਇਹ ਵੀ ਹੂਬਹੂ NEP-2020 ਦੀ ਨੀਤੀ ਨਾਲ ਮੇਲ ਖਾਂਦੀ ਹੈ।

ਵੈਸੇ ਇਹ ਇਕੱਲੀ NEP-2020 ਸਿੱਖਿਆ ਨੀਤੀ ਹੀ ਨਹੀਂ ਸਗੋਂ ਚੋਣ-ਰਣਨੀਤੀ ਦੇ ਕੁੱਝ ਦਾਅ-ਪੇਚਾਂ ਨੂੰ ਛੱਡ ਕੇ, ਲਗਭਗ ਸਭਨਾਂ ਕੌਮੀ-ਕੌਮਾਂਤਰੀ ਮੁੱਦਿਆਂ/ਨੀਤੀਆਂ-ਕੌਮੀ ਸੁਰੱਖਿਆ, ਰਾਸ਼ਟਰਵਾਦ, ਵਿਕਾਸ ਮਾਡਲ, ਕਸ਼ਮੀਰ ਮੁੱਦਾ, ਵਿਦੇਸ਼ ਨੀਤੀ ਆਦਿ ਬਾਰੇ ਆਮ ਆਦਮੀ ਪਾਰਟੀ ਦੀ ਸੁਰ ਕੇਂਦਰ ਦੀ ਹਕੂਮਤੀ ਪਾਰਟੀ ਬੀ.ਜੇ.ਪੀ. ਦੀ ਸੁਰ ਨਾਲ ਮਿਲਦੀ ਹੈ।

# ਪ੍ਰੈੱਸ ਦੀ ਆਜ਼ਾਦੀ ਉੱਪਰ ਮੋਦੀ ਦਾ ਆਖ਼ਰੀ ਹਮਲਾ ਸ਼ੁਰੂ ਹੋ ਚੁੱਕਾ ਹੈ

-ਅਨੁਰਾਧਾ ਭਸੀਨ
ਅਨੁ. : ਬੂਟਾ ਸਿੰਘ ਮਹਿਮੂਦਪੁਰ

*[ਹਾਲ ਹੀ ਵਿਚ ਦੁਨੀਆ ਦੇ ਉੱਘੇ ਅਖ਼ਬਾਰ ਨਿਊ ਯਾਰਕ ਟਾਈਮਜ਼ ਨੇ ਆਪਣੇ 8 ਮਾਰਚ ਦੇ ਅੰਕ ਵਿਚ ਮਸ਼ਹੂਰ ਕਸ਼ਮੀਰੀ ਪੱਤਰਕਾਰ ਅਨੁਰਾਧਾ ਭਸੀਨ ਦਾ ਇਕ ਲੇਖ ਛਾਪਿਆ ਹੈ ਜਿਸ ਨੇ ਫਾਸ਼ੀਵਾਦੀ ਮੋਦੀ ਸਰਕਾਰ ਦੀਆਂ ਪ੍ਰੇਸ਼ਾਨੀਆਂ ਹੋਰ ਵਧਾ ਦਿੱਤੀਆਂ ਹਨ। ਅਨੁਰਾਧਾ ਭਸੀਨ ਕਸ਼ਮੀਰ ਟਾਈਮਜ਼ ਦੀ ਕਾਰਜਕਾਰੀ ਸੰਪਾਦਕ ਹੈ ਅਤੇ ''ਅ ਡਿਸਮੈਂਟਲਡ ਸਟੇਟ: ਦਿ ਅਨਟੋਲਡ ਸਟੋਰੀ ਆਫ ਕਸ਼ਮੀਰ ਆਫ 370'' ਦੀ ਲੇਖਿਕਾ ਅਤੇ ਦਲੇਰ ਪੱਤਰਕਾਰ ਹੈ ਜੋ ਕਸ਼ਮੀਰ ਵਿਚ ਫ਼ੌਜੀ ਰਾਜ ਵਿਰੁੱਧ ਡਟੀ ਹੋਈ ਹੈ। ਅਜੇ ਕੁਝ ਦਿਨ ਪਹਿਲਾਂ ਹੀ ਅਮਰੀਕੀ ਸਰਕਾਰ ਦੀ ਸਰਪ੍ਰਸਤੀ ਵਾਲੇ ਥਿੰਕ ਟੈਂਕ 'ਫਰੀਡਮ ਹਾਊਸ' ਨੇ ਆਪਣੀ ਰਿਪੋਰਟ 'ਫਰੀਡਮ ਇਨ ਦ ਵਰਲਡ' 2023 'ਚ ਭਾਰਤ ਨੂੰ ਸੌ ਵਿੱਚੋਂ 66 ਅੰਕ ਦਿੱਤੇ ਸਨ ਅਤੇ 'ਅੰਸ਼ਕ ਰੂਪ 'ਚ ਸੁਤੰਤਰ ਮੁਲਕ' ਦਾ ਦਰਜਾ ਦਿੱਤਾ ਸੀ। ਇਸ ਸੱਚ ਨੂੰ 'ਝੂਠਾ ਪ੍ਰਚਾਰ' ਕਹਿ ਕੇ ਰੱਦ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਭਗਵੇਂ ਬੁਲਾਰੇ ਮੋਦੀ ਦਾ ਅਕਸ ਬਚਾਉਣ 'ਚ ਅਸਮਰੱਥ ਮਹਿਸੂਸ ਕਰ ਰਹੇ ਹਨ। ਪਾਠਕਾਂ ਦੀ ਜਾਣਕਾਰੀ ਲਈ ਲੇਖ ਦਾ ਅਨੁਵਾਦ ਪੇਸ਼ ਹੈ।-ਸੰਪਾਦਕ]*

19 ਅਕਤੂਬਰ 2020 ਦੀ ਸ਼ਾਮ ਨੂੰ ਜਦੋਂ ਕਸ਼ਮੀਰ ਟਾਈਮਜ਼ ਦੇ ਰਿਪੋਰਟਰ ਅਤੇ ਫੋਟੋਗ੍ਰਾਫ਼ਰ ਆਪਣੇ ਜ਼ਿੰਮੇ ਲੱਗੇ ਕੰਮ ਨੂੰ ਨਿਪਟਾਉਣ ਲਈ ਨਿੱਕਲੇ, ਉਸੇ ਸਮੇਂ ਸਰਕਾਰੀ ਅਧਿਕਾਰੀ ਅਤੇ ਪੁਲਿਸ ਸ੍ਰੀਨਗਰ ਸ਼ਹਿਰ ਵਿਚ ਅਖ਼ਬਾਰ ਦੇ ਦਫ਼ਤਰ ਵਿਚ ਘੁਸ ਗਏ ਅਤੇ ਸਟਾਫ਼ ਨੂੰ ਬਾਹਰ ਕੱਢ ਕੇ ਦਰਵਾਜ਼ੇ ਨੂੰ ਜੰਦਰਾ ਲਗਾ ਦਿੱਤਾ ਜੋ ਹੁਣ ਤੱਕ ਲੱਗਿਆ ਹੋਇਆ ਹੈ।

ਇਹ ਛਾਪਾ ਮੈਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ 'ਤੇ ਸਵਾਲ ਚੁੱਕਣ ਦੀ ਹਿੰਮਤ ਕਰਨ ਦੀ ਸਜ਼ਾ ਸੀ। ਇਹ ਅਖ਼ਬਾਰ, ਜਿਸ ਦੀ ਸਥਾਪਨਾ ਮੇਰੇ ਪਿਤਾ ਜੀ ਨੇ 1954 'ਚ ਕੀਤੀ ਸੀ ਅਤੇ ਹੁਣ ਮੈਂ ਕਾਰਜਕਾਰੀ ਸੰਪਾਦਕ ਹਾਂ, ਜੰਮੂ-ਕਸ਼ਮੀਰ ਰਾਜ ਵਿਚ ਕਈ ਦਹਾਕਿਆਂ ਤੋਂ ਯੁੱਧ ਅਤੇ ਫ਼ੌਜੀ ਕਬਜ਼ੇ ਦਾ ਸਾਹਮਣਾ ਕਰਦੇ ਹੋਏ ਇਕ ਸੁਤੰਤਰ ਆਵਾਜ਼ ਬਣਿਆ ਹੋਇਆ ਹੈ। ਪਰ ਇਹ ਸ਼ਾਇਦ ਮਿਸਟਰ ਮੋਦੀ ਦੇ ਹਮਲੇ 'ਚ ਬਚ ਨਹੀਂ ਸਕੇਗਾ। ਉਸ ਦੀਆਂ ਮੀਡੀਆ ਨੂੰ ਕੁਚਲਣ ਦੀਆਂ ਨੀਤੀਆਂ ਕਸ਼ਮੀਰੀ ਪੱਤਰਕਾਰੀ ਨੂੰ ਤਬਾਹ ਕਰ ਰਹੀਆਂ ਹਨ, ਮੀਡੀਆ ਸੰਸਥਾਵਾਂ ਦੀ ਬਾਂਹ ਮਰੋੜ ਕੇ ਉਨ੍ਹਾਂ ਨੂੰ ਸਰਕਾਰੀ ਧੁਤੂ ਬਣਨ ਲਈ ਮਜਬੂਰ ਕਰ ਰਹੀਆਂ ਹਨ ਅਤੇ ਸਾਡੇ ਲੱਗਭੱਗ 1 ਕਰੋੜ 30 ਲੱਖ ਲੋਕਾਂ ਵਾਲੇ ਖੇਤਰ ਵਿਚ ਸੂਚਨਾ ਦੀ ਅਣਹੋਂਦ ਦਾ ਮਾਹੌਲ ਬਣਾ ਰਹੀਆਂ ਹਨ।

ਹੁਣ ਮਿਸਟਰ ਮੋਦੀ ਵੱਲੋਂ ਅਜਿਹੇ ਕਦਮ ਚੁੱਕੇ ਜਾ ਰਹੇ ਹਨ ਜਿਨ੍ਹਾਂ ਨਾਲ ਇਹ ਪ੍ਰੇਸ਼ਾਨ ਕਰਨ ਵਾਲਾ ਮਾਡਲ ਰਾਸ਼ਟਰੀ ਪੱਧਰ 'ਤੇ ਦੁਹਰਾਇਆ ਜਾ ਸਕਦਾ ਹੈ। ਉਸ ਦੀ ਹਿੰਦੂ-ਹੰਕਾਰਵਾਦੀ ਮੁਹਿੰਮ, ਜਿਸ ਨੇ ਭਾਰਤੀ ਮੁਸਲਮਾਨਾਂ ਵਿਰੁੱਧ ਅਸਹਿਣਸ਼ੀਲਤਾ ਅਤੇ ਹਿੰਸਾ ਨੂੰ ਆਮ ਬਣਾ ਦਿੱਤਾ ਹੈ, ਨਾਲ ਪਹਿਲਾਂ ਹੀ ਭਾਰਤ ਦੀ ਪ੍ਰੈੱਸ ਉੱਪਰ ਸਖ਼ਤ ਦਬਾਅ ਹੈ ਜੋ ਇਕ ਸਮੇਂ ਕਿਸੇ ਦੇ ਦਬਾਅ ਹੇਠ ਨਹੀਂ ਸੀ। ਪੱਤਰਕਾਰਾਂ ਉੱਪਰ ਨਜ਼ਰ ਰੱਖੀ ਜਾ ਰਹੀ ਹੈ, ਉਨ੍ਹਾਂ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ ਅਤੇ ਸਰਕਾਰ ਆਪਣੇ ਹੱਕ 'ਚ ਰਿਪੋਰਟਿੰਗ ਯਕੀਨੀ ਬਣਾਉਣ ਲਈ ਮੀਡੀਆ ਸੰਸਥਾਵਾਂ ਨੂੰ ਝੁਕਾਉਣ ਲਈ ਤਾਕਤ ਅਤੇ ਹਿੰਸਾ ਦਾ ਸਹਾਰਾ ਲੈ ਰਹੀ ਹੈ। ਜਨਵਰੀ ਮਹੀਨੇ 'ਚ ਡਿਜੀਟਲ ਮੀਡੀਆ ਲਈ ਦਿਸ਼ਾ-ਨਿਰਦੇਸ਼ਾਂ 'ਚ ਸੋਧਾਂ ਦਾ ਜੋ ਖਰੜਾ ਪੇਸ਼ ਕੀਤਾ ਗਿਆ ਹੈ ਉਹ ਸਰਕਾਰ ਨੂੰ ਕਿਸੇ ਵੀ ਅਜਿਹੀ ਸਮੱਗਰੀ ਨੂੰ ਰੋਕਣ ਦਾ ਅਧਿਕਾਰ ਦਿੰਦਾ ਜੋ ਉਸਨੂੰ ਪਸੰਦ ਨਾ ਹੋਵੇ।

ਦੂਜੇ ਸ਼ਬਦਾਂ 'ਚ, ਬਾਕੀ ਭਾਰਤ ਵੀ ਉਸੇ ਤਰ੍ਹਾਂ ਦਾ ਨਜ਼ਰ ਆਉਣਾ ਸ਼ੁਰੂ ਹੋ ਜਾਵੇਗਾ ਜੋ ਹਾਲਾਤ ਹੁਣ ਕਸ਼ਮੀਰ ਦੇ ਹਨ।

2019 'ਚ ਮਿਸਟਰ ਮੋਦੀ ਦੀ ਸਰਕਾਰ ਨੇ ਰਾਜ ਦੇ ਲੋਕਾਂ ਦੀ ਰਾਇ ਲਏ ਤੋਂ ਬਿਨਾਂ ਹੀ ਅਚਾਨਕ ਕਸ਼ਮੀਰ ਦਾ ਖ਼ੁਦਮੁਖਤਿਆਰੀ ਦਾ ਦਰਜਾ ਰੱਦ ਕਰ ਦਿੱਤਾ ਸੀ, ਆਪਣਾ ਫ਼ੈਸਲਾ ਥੋਪਣ ਲਈ ਹਜ਼ਾਰਾਂ ਹੋਰ ਫ਼ੌਜੀ ਦਸਤੇ ਭੇਜ ਦਿੱਤੇ ਸਨ ਅਤੇ ਇੰਟਰਨੈੱਟ ਸੇਵਾਵਾਂ ਠੱਪ ਕਰ ਦਿੱਤੀਆਂ ਗਈਆਂ ਸਨ। ਸਰਕਾਰ ਵੱਲੋਂ ਥੋਪਿਆ ਇਹ ਬੰਦ ਲੱਗਭੱਗ ਛੇ ਮਹੀਨੇ ਤੱਕ ਚੱਲਿਆ ਅਤੇ ਸੈਂਕੜੇ ਪੱਤਰਕਾਰਾਂ ਨੂੰ ਆਪਣੀਆਂ ਖ਼ਬਰਾਂ ਭੇਜਣ ਲਈ ਸਰਕਾਰ ਵੱਲੋਂ ਤੈਅ ਕੀਤੀ ਇਕਲੌਤੀ ਜਗ੍ਹਾ ਉੱਪਰ ਘੰਟਿਆਂਬੱਧੀ ਲਾਈਨ ਵਿਚ ਲੱਗੇ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ ਜਿੱਥੇ ਇੰਟਰਨੈੱਟ ਪਹੁੰਚ ਮੁਹੱਈਆ



ਕਰਾਈ ਗਈ ਸੀ। ਹਰ ਪੱਤਰਕਾਰ ਨੂੰ ਖ਼ਬਰਾਂ ਭੇਜਣ ਲਈ ਸਿਰਫ਼ 15 ਮਿੰਟ ਦਿੱਤੇ ਜਾਂਦੇ ਸਨ। ਉਦੋਂ ਤੋਂ ਹੀ ਇੰਟਰਨੈੱਟ ਦੀ ਸਪੀਡ ਬਹੁਤ ਹੀ ਹੌਲੀ ਹੈ ਅਤੇ ਕੰਮ ਕਰਨ 'ਚ ਬਹੁਤ ਮੁਸ਼ਕਲ ਆਉਂਦੀ ਹੈ।

ਅਗਲੇ ਸਾਲ ਨਵੇਂ ਨਿਯਮ ਲਾਗੂ ਕਰ ਗਏ ਜਦੋਂ ਸਰਕਾਰੀ ਅਧਿਕਾਰੀਆਂ ਨੂੰ ਕਸ਼ਮੀਰ ਵਿਚ ਮੀਡੀਆ ਸਮੱਗਰੀ ਉੱਪਰ "ਜਾਅਲੀ ਖ਼ਬਰਾਂ, ਸਾਹਿਤਕ ਚੋਰੀ ਅਤੇ ਅਨੈਤਿਕ ਜਾਂ ਰਾਸ਼ਟਰ ਵਿਰੋਧੀ" ਦਾ ਠੱਪਾ ਲਾਉਣ ਅਤੇ ਪੱਤਰਕਾਰਾਂ ਅਤੇ ਪ੍ਰਕਾਸ਼ਨਾਵਾਂ ਨੂੰ ਸਜ਼ਾ ਦੇਣ ਦਾ ਅਧਿਕਾਰ ਦਿੰਦੇ ਸਨ। ਵਿਡੰਬਨਾ ਦੇਖੋ, ਇਨ੍ਹਾਂ ਨਿਯਮਾਂ ਦਾ ਉਦੇਸ਼ "ਪੱਤਰਕਾਰੀ ਦੇ ਉੱਚੇ ਮਿਆਰ ਨੂੰ ਉਤਸ਼ਾਹਤ ਕਰਨਾ" ਦੱਸਿਆ ਗਿਆ।

ਪੱਤਰਕਾਰਾਂ ਨੂੰ ਪੁਲਿਸ ਵੱਲੋਂ ਪੁੱਛਗਿੱਛ ਲਈ ਬੁਲਾਉਣਾ, ਪੁੱਛਗਿੱਛ ਕਰਨਾ ਅਤੇ ਆਮਦਨ ਕਰ ਦੀ ਉਲੰਘਣਾ ਜਾਂ ਅੱਤਵਾਦ ਜਾਂ ਵੱਖਵਾਦ ਵਰਗੇ ਦੋਸ਼ਾਂ ਤਹਿਤ ਪਰਚੇ ਦਰਜ ਕਰਨ ਦੀ ਧਮਕੀ ਦੇਣਾ ਆਮ ਹੋ ਗਿਆ ਹੈ। ਕਈ ਪ੍ਰਮੁੱਖ ਪੱਤਰਕਾਰਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ ਜਾਂ ਕੈਦ ਦੀ ਸਜ਼ਾ ਦੇ ਕੇ ਜੇਲ੍ਹ ਭੇਜਿਆ ਗਿਆ ਹੈ।

ਅਸੀਂ ਡਰ ਦੇ ਸਾਏ ਹੇਠ ਕੰਮ ਕਰ ਰਹੇ ਹਾਂ। 2021 ਦੇ ਅਖ਼ੀਰ 'ਚ ਮੈਂ ਨੌਜਵਾਨ ਪੱਤਰਕਾਰ ਸਜਾਦ ਗੁਲ ਨਾਲ ਗੱਲ ਕੀਤੀ ਜਿਸਨੂੰ ਉਸਦੀ ਰਿਪੋਰਟਿੰਗ ਕਾਰਨ ਪਰੇਸ਼ਾਨ ਕੀਤਾ ਜਾ ਰਿਹਾ ਸੀ। ਉਸਨੇ ਮੈਨੂੰ ਦੱਸਿਆ ਕਿ ਗ੍ਰਿਫ਼ਤਾਰੀ ਦੇ ਡਰੋਂ ਉਹ ਰਾਤ ਨੂੰ ਵੀ ਸਾਰੇ ਕੱਪੜੇ ਪਾ ਕੇ ਸੌਂਦਾ ਹੈ ਅਤੇ ਆਪਣੀ ਜੁੱਤੀ ਵੀ ਬਿਸਤਰੇ ਦੇ ਕੋਲ ਹੀ ਰੱਖਦਾ ਹੈ ਤਾਂ ਜੁ ਜੇ ਉਸ ਨੂੰ ਅਚਾਨਕ ਨਿਕਲਣਾ ਪਿਆ ਤਾਂ ਫਟਾਫਟ ਘਰੋਂ ਨਿਕਲ ਸਕੇ। ਕਸ਼ਮੀਰ ਵਿਚ ਇਹ ਅਸਾਧਾਰਨ ਗੱਲ ਹੈ ਜਿੱਥੇ ਰਵਾਇਤ ਇਹ ਹੈ ਕਿ ਘਰ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਜੁੱਤੀ ਬਾਹਰ ਲਾਹ ਦਿੱਤੀ ਜਾਂਦੀ ਹੈ। ਉਸ ਨੂੰ ਪਿਛਲੇ ਸਾਲ ਜਨਵਰੀ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਹੁਣ ਵੀ ਹਿਰਾਸਤ 'ਚ ਹੈ। ਬਹੁਤ ਸਾਰੇ ਪੱਤਰਕਾਰ ਆਪਣੇ ਉੱਪਰ ਸਵੈ-ਸੈਂਸਰ ਲਗਾ ਕੇ ਰੱਖਦੇ ਹਨ ਜਾਂ ਪੱਤਰਕਾਰੀ ਹੀ ਛੱਡ ਦਿੰਦੇ ਹਨ। ਗ੍ਰਿਫ਼ਤਾਰੀ ਦੇ ਡਰੋਂ ਕੁਝ ਬਦੇਸ਼ ਭੱਜ ਗਏ ਹਨ। ਭਾਰਤ ਸਰਕਾਰ ਨੇ ਘੱਟੋ-ਘੱਟ 20 ਹੋਰ ਪੱਤਰਕਾਰਾਂ ਦੇ ਬਦੇਸ਼ ਜਾਣ ਉੱਪਰ ਰੋਕ ਲਗਾਈ ਹੋਈ ਹੈ ਤਾਂ ਜੁ ਉਹ ਦੇਸ਼ ਤੋਂ ਬਾਹਰ ਨਾ ਜਾ ਸਕਣ।

ਕਸ਼ਮੀਰ ਵਿਚ ਪੱਤਰਕਾਰੀ ਹਮੇਸ਼ਾ ਹੀ ਜਾਨ ਜ਼ੋਖ਼ਮ 'ਚ ਪਾਉਣ ਵਾਲਾ ਕੰਮ ਰਹੀ ਹੈ। ਭਾਰਤ ਅਤੇ ਪਾਕਿਸਤਾਨ ਦੋਵੇਂ ਹੀ ਇਸ ਪਹਾੜੀ ਖੇਤਰ ਉੱਪਰ ਦਾਅਵਾ ਕਰਦੇ ਹਨ ਜੋ ਦਹਾਕਿਆਂ ਤੋਂ ਯੁੱਧ ਅਤੇ ਵੱਖਵਾਦੀ ਬਗ਼ਾਵਤ 'ਚ ਗ੍ਰਸਤ ਹੈ। ਪੱਤਰਕਾਰ ਦੋ ਪੁੜਾਂ ਵਿਚਾਲੇ ਪਿਸ ਰਹੇ ਹਨ ਇਕ ਪਾਸੇ ਉਨ੍ਹਾਂ ਨੂੰ ਭਾਰਤੀ ਫ਼ੌਜ/ਨੀਮ-ਫ਼ੌਜੀ ਤਾਕਤਾਂ ਵੱਲੋਂ ਡਰਾਇਆ ਧਮਕਾਇਆ ਜਾ ਰਿਹਾ ਹੈ ਦੂਜੇ ਪਾਸੇ ਖਾੜਕੂਆਂ ਵੱਲੋਂ। ਦੋਵੇਂ ਹੀ ਖ਼ਬਰਾਂ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ। 1990 ਤੋਂ 2018 ਦਰਮਿਆਨ ਕਸ਼ਮੀਰ ਵਿਚ ਘੱਟੋ-ਘੱਟ 19 ਪੱਤਰਕਾਰ ਮਾਰੇ ਗਏ ਸਨ।

ਫਿਰ ਵੀ ਕਸ਼ਮੀਰ ਵਿਚ ਪੱਤਰਕਾਰੀ ਵਧਦੀ-ਫੁੱਲਦੀ ਰਹੀ। ਅਖ਼ਬਾਰਾਂ ਅਤੇ ਨਿਊਜ਼ ਵੈੱਬਸਾਈਟਾਂ ਦਾ ਵਧਾਰਾ-ਪਸਾਰਾ ਹੋਇਆ, ਅਤੇ ਪ੍ਰਤਿਭਾਸ਼ਾਲੀ ਨੌਜਵਾਨ ਖੋਜੀ ਪੱਤਰਕਾਰਾਂ ਦੀ ਇਕ ਨਵੀਂ ਪੀੜ੍ਹੀ ਨੇ ਜਨ-ਹਿਤ 'ਚ ਬਖ਼ੂਬੀ ਖੋਜ ਭਰਪੂਰ ਰਿਪੋਰਟਿੰਗ ਨਾਲ ਕਸ਼ਮੀਰ ਦੇ ਮਸਲਿਆਂ ਨੂੰ ਦੇਖਣ ਦਾ ਨਵਾਂ ਰਚਨਾਤਮਕ ਨਜ਼ਰੀਆ ਪੇਸ਼ ਕੀਤਾ ਜੋ ਅਕਸਰ ਸਰਕਾਰ ਨੂੰ ਸਚਾਈ ਦਾ ਸ਼ੀਸ਼ਾ ਦਿਖਾਉਂਦੀ ਹੈ।

ਮੋਦੀ ਦੀ ਸਰਕਾਰ ਦੇ ਅਧੀਨ ਇਹ ਸਭ ਗ਼ਾਇਬ ਹੋ ਗਿਆ ਜਿਸ ਦਾ ਇੱਕੋ-ਇਕ ਨਿਸ਼ਾਨਾ ਕਸ਼ਮੀਰ ਵਿਚ ਕਿਸੇ ਵੀ ਐਸੀ ਆਵਾਜ਼ ਨੂੰ ਚੁੱਪ ਕਰਾਉਣਾ ਹੈ ਜੋ ਵੱਖਵਾਦ ਦੀ ਜਾਂ ਸੁਲ੍ਹਾ-ਸਫ਼ਾਈ ਦੀ ਜਾਂ ਗੱਲਬਾਤ ਰਾਹੀਂ ਸਮਝੌਤੇ ਦੀ ਵਕਾਲਤ ਕਰਦੇ ਹਨ। ਕਸ਼ਮੀਰੀ ਅਖ਼ਬਾਰ ਸਰਕਾਰੀ ਇਸ਼ਤਿਹਾਰਬਾਜ਼ੀ ਅਤੇ ਮੀਡੀਆ ਸਬਸਿਡੀਆਂ ਉੱਪਰ ਬਹੁਤ ਜ਼ਿਆਦਾ ਨਿਰਭਰ ਹਨ, ਅਤੇ ਸਰਕਾਰ ਇਹ ਯਕੀਨੀ ਬਣਾਉਣ ਲਈ ਇਸ ਦਾ ਫ਼ਾਇਦਾ ਉਠਾਉਂਦੀ ਹੈ ਕਿ ਅਖ਼ਬਾਰ ਘਟਨਾਵਾਂ ਦਾ ਸਰਕਾਰੀ ਤੌਰ 'ਤੇ ਪ੍ਰਵਾਨਤ ਰੂਪ ਹੀ ਪੇਸ਼ ਕਰਨ। ਅੱਜ, ਕਸ਼ਮੀਰ ਦੀਆਂ ਕੁਝ ਕੁ ਨਿਊਜ਼ ਸੰਸਥਾਵਾਂ ਹੀ ਸਰਕਾਰੀ ਨੀਤੀ 'ਤੇ ਸਵਾਲ ਉਠਾਉਣ ਦੀ ਹਿੰਮਤ ਕਰਦੀਆਂ ਹਨ ਅਤੇ ਜ਼ਿਆਦਾਤਰ ਤਾਂ ਬਸ ਆਪਣਾ ਕਾਰੋਬਾਰ ਚੱਲਦਾ ਰੱਖਣ ਲਈ ਘ੍ਰਿਣਤ ਸਰਕਾਰੀ ਧੁਤੂ ਬਣ ਚੁੱਕੀਆਂ ਹਨ।

ਮੇਰਾ ਆਪਣਾ ਅਖ਼ਬਾਰ ਮਸ਼ਕਲ ਨਾਲ ਹੀ ਬਚਿਆ ਹੋਇਆ ਹੈ। 2019 ਵਿਚ ਮੈਂ ਇੰਟਰਨੈੱਟ ਸ਼ੱਟ-ਡਾਊਨ ਨੂੰ ਚੁਣੌਤੀ ਦੇਣ ਲਈ ਅਦਾਲਤ ਦਾ ਦਰਵਾਜ਼ਾ ਖੜਕਾਇਆ। ਜਵਾਬੀ ਕਾਰਵਾਈ ਵਿਚ ਸਰਕਾਰ ਨੇ ਸਾਡਾ ਸ੍ਰੀਨਗਰ ਦਫ਼ਤਰ ਸੀਲ ਕਰ ਦਿੱਤਾ। ਸਾਡੇ ਬਹੁਤ ਸਾਰੇ ਪੱਤਰਕਾਰ ਛੱਡ ਕੇ ਚਲੇ ਗਏ ਹਨ ਅਤੇ ਸਾਡਾ ਕੰਮਕਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਹੁਣ ਜਦੋਂ ਮੈਂ ਸੁਝਾਅ ਦਿੰਦੀ ਹਾਂ ਕਿ ਸਾਨੂੰ ਜਨਤਕ ਮੁੱਦਿਆਂ 'ਤੇ ਧੜੱਲੇ ਨਾਲ ਖ਼ਬਰਾਂ ਦੇਣੀਆਂ ਚਾਹੀਦੀਆਂ ਹਨ ਤਾਂ ਮੈਨੂੰ ਆਪਣੇ ਬਚੇ-ਖੁਚੇ ਸਟਾਫ਼ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਬਹੁਤ ਸੰਭਲ ਕੇ ਚੱਲ ਰਿਹਾ ਹੈ ਅਤੇ ਬਹੁਤ ਥੋੜ੍ਹਾ ਰਹਿ ਗਿਆ ਹੈ।

ਕਸ਼ਮੀਰ ਵਿਚ ਸੂਚਨਾ ਦਾ ਖ਼ਲਾਅ ਬਣਿਆ ਹੋਇਆ ਹੈ। ਇਸ ਖੇਤਰ 'ਚ ਜੋ ਹੋ ਰਿਹਾ ਹੈ ਉਸ ਦੀ ਅਵਾਮ ਨੂੰ ਜਾਂ ਤਾਂ ਬਹੁਤ ਘੱਟ ਜਾਣਕਾਰੀ ਹੈ ਜਾਂ ਗ਼ਲਤ ਜਾਣਕਾਰੀ ਦਿੱਤੀ ਜਾ ਰਹੀ ਹੈ। ਮਹੱਤਵਪੂਰਨ ਖ਼ਬਰਾਂ ਨੂੰ ਦਬਾਇਆ ਜਾਂਦਾ ਹੈ, ਜਾਂ ਸਰਕਾਰੀ ਦੇ ਹਿਤਾਂ ਅਨੁਸਾਰ ਉਨ੍ਹਾਂ ਦੀ ਅਹਿਮੀਅਤ ਘਟਾ ਦਿੱਤੀ ਜਾਂਦੀ ਹੈ ਜਾਂ ਤੋੜ-ਮਰੋੜ ਕੇ ਪੇਸ਼ ਕੀਤੀਆਂ ਜਾਂਦੀਆਂ ਹਨ।

ਜਦੋਂ 2021 'ਚ ਵੱਖਵਾਦੀ ਲਹਿਰ ਦੀ ਸਿਰਮੌਰ ਹਸਤੀ ਸਈਅਦ ਅਲੀ ਸ਼ਾਹ ਗਿਲਾਨੀ ਚਲਾਣਾ ਕਰ ਗਏ ਤਾਂ ਕਸ਼ਮੀਰ ਵਿਚ ਖ਼ਬਰਾਂ ਨੂੰ ਜਾਂ ਤਾਂ ਬਲੈਕ ਆਊਟ ਕਰ ਦਿੱਤਾ ਗਿਆ ਜਾਂ ਸਿਰਫ ਸੰਖੇਪ ਜਿਹਾ ਜ਼ਿਕਰ ਕਰਕੇ ਗੱਲ ਨਿਬੇੜ ਦਿੱਤੀ ਗਈ। ਪਿਛਲੇ ਮਹੀਨੇ ਸਰਕਾਰ ਨੇ ਹਜ਼ਾਰਾਂ ਘਰਾਂ ਨੂੰ ਢਾਹੁਣ ਦੀ ਮੁਹਿੰਮ ਸ਼ੁਰੂ ਕੀਤੀ ਜੋ ਸਰਕਾਰੀ ਅਧਿਕਾਰੀਆਂ ਅਨੁਸਾਰ ਸਰਕਾਰੀ ਜ਼ਮੀਨ ਉੱਪਰ ਗ਼ੈਰ-ਕਾਨੂੰਨੀ ਤੌਰ 'ਤੇ ਬਣਾਏ ਗਏ ਹਨ। ਕਸ਼ਮੀਰ ਦੀ ਇਕ ਪ੍ਰਮੁੱਖ ਅਖ਼ਬਾਰੀ ਸੰਸਥਾ ਨੇ ਇਸਨੂੰ ਜ਼ਮੀਨ ਹੜੱਪ ਕਰਨ ਵਾਲੇ ਰਸੂਖ਼ਵਾਨ ਲੋਕਾਂ" ਵਿਰੁੱਧ ਸਖ਼ਤ ਕਾਰਵਾਈ ਵਜੋਂ ਪੇਸ਼ ਕੀਤਾ। ਉਨ੍ਹਾਂ ਗ਼ਰੀਬ ਕਸ਼ਮੀਰੀਆਂ ਬਾਰੇ ਇਕ ਸ਼ਬਦ ਤੱਕ ਨਹੀਂ ਬੋਲਿਆ ਗਿਆ ਜੋ ਅਚਾਨਕ ਬੇਘਰੇ ਬਣਾ ਦਿੱਤੇ ਗਏ ਅਤੇ ਨਾ ਉਨ੍ਹਾਂ ਬਾਸ਼ਿੰਦਿਆਂ ਬਾਰੇ ਜਿਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਕੋਲ ਆਪਣੀ ਮਾਲਕੀ ਨੂੰ ਸਾਬਤ ਕਰਨ ਲਈ ਜਾਇਜ਼ ਦਸਤਾਵੇਜ਼ ਹਨ।

ਬੇਖ਼ਬਰ ਅਵਾਮ ਅਤੇ ਜਾਂਚ ਅਤੇ ਜਵਾਬਦੇਹੀ ਤੋਂ ਮੁਕਤ ਸਰਕਾਰ ਲੋਕਤੰਤਰ ਲਈ ਖ਼ਤਰਾ ਹਨ। ਪਰ ਮਿਸਟਰ ਮੋਦੀ ਇਸ ਨੂੰ ਪੂਰੇ ਭਾਰਤ ਵਿਚ ਦੁਹਰਾਉਣਾ ਚਾਹੁੰਦਾ ਹੈ। ਇਸ ਸਾਲ ਜਨਵਰੀ ਮਹੀਨੇ 'ਚ ਡਿਜੀਟਲ ਮੀਡੀਆ ਲਈ ਜੋ ਪ੍ਰਸਤਾਵਿਤ ਸੋਧਾਂ ਲਿਆਂਦੀਆਂ ਗਈਆਂ, ਉਹ ਉਨ੍ਹਾਂ ਦਿਸ਼ਾ-ਨਿਰਦੇਸ਼ਾਂ ਨਾਲ ਮਿਲਦੀਆਂ-ਜੁਲਦੀਆਂ ਹਨ ਜੋ ਕਸ਼ਮੀਰ ਉੱਪਰ ਥੋਪੀਆਂ ਗਈਆਂ ਹਨ। ਇਹ ਸੋਧਾਂ ਸਰਕਾਰ ਵੱਲੋਂ ਥਾਪੇ ਤੱਥਾਂ ਦੀ ਜਾਂਚ ਕਰਨ ਵਾਲਿਆਂ ਨੂੰ ਔਨਲਾਈਨ ਸਮੱਗਰੀ ਉੱਪਰ "ਜਾਅਲੀ ਜਾਂ ਝੂਠੀ" ਹੋਣ ਦਾ ਠੱਪਾ ਲਗਾਉਣ ਦਾ ਅਧਿਕਾਰ ਦਿੰਦੇ ਹਨ। ਇਨ੍ਹਾਂ ਤਬਦੀਲੀਆਂ ਦਾ ਐਲਾਨ ਕੀਤੇ ਜਾਣ ਤੋਂ ਕੁਝ ਦਿਨ ਬਾਦ ਹੀ ਸਰਕਾਰ ਨੇ ਔਨਲਾਈਨ ਪਲੇਟਫਾਰਮਾਂ ਨੂੰ ਪ੍ਰਧਾਨ ਮੰਤਰੀ ਦੀ ਆਲੋਚਨਾ ਕਰਨ ਵਾਲੀ ਬੀਬੀਸੀ ਦਸਤਾਵੇਜ਼ੀ "ਇੰਡੀਆ: ਦ ਮੋਦੀ ਕਵੱਸਚਨ" ਦੇ ਲਿੰਕਾਂ ਨੂੰ ਬਲੌਕ ਕਰਨ ਦਾ ਆਦੇਸ਼ ਦੇ ਦਿੱਤਾ। ਫਿਰ ਭਾਰਤ ਦੇ ਟੈਕਸ ਵਿਭਾਗ ਦੇ ਅਧਿਕਾਰੀਆਂ ਨੇ ਭਾਰਤ ਵਿਚ ਬ੍ਰਿਟਿਸ਼ ਬ੍ਰੌਡਕਾਸਟਰ (ਬੀਬੀਸੀ) ਦੇ ਦਫ਼ਤਰਾਂ ਉੱਪਰ ਛਾਪੇ ਮਾਰੇ। ਅਜਿਹੇ ਛਾਪਿਆਂ ਦੀ ਵਰਤੋਂ ਮੀਡੀਆ ਦੀਆਂ ਆਲੋਚਨਾਤਮਕ ਆਵਾਜ਼ਾਂ ਨੂੰ ਦਬਾਉਣ ਲਈ ਵਾਰ-ਵਾਰ ਕੀਤੀ ਜਾਂਦੀ ਹੈ। 2014 'ਚ ਜਦੋਂ ਤੋਂ ਮੋਦੀ ਸੱਤਾ 'ਚ ਆਇਆ ਹੈ, ਉਸ ਨੇ ਅਦਾਲਤੀ ਪ੍ਰਣਾਲੀ ਅਤੇ ਹੋਰ ਸਰਕਾਰੀ ਤੰਤਰ ਦਾ ਮਨਮਰਜ਼ੀ ਨਾਲ ਯੋਜਨਾਬੱਧ ਤਰੀਕੇ ਨਾਲ ਇਸਤੇਮਾਲ ਕਰਕੇ ਭਾਰਤ ਦੇ ਜਮਹੂਰੀ ਆਦਰਸ਼ਾਂ ਨੂੰ ਬੇਹੱਦ ਢਾਹ ਲਾਈ ਹੈ।

ਮੀਡੀਆ ਉਨ੍ਹਾਂ ਆਖ਼ਰੀ ਬਾਕੀ ਸੰਸਥਾਵਾਂ ਵਿੱਚੋਂ ਇਕ ਹੈ ਜੋ ਭਾਰਤ ਨੂੰ ਤਾਨਾਸ਼ਾਹੀ ਵਿਚ ਬਦਲੇ ਜਾਣ ਤੋਂ ਬਚਾ ਸਕਦੇ ਹਨ। ਪਰ ਜੇਕਰ ਮਿਸਟਰ ਮੋਦੀ ਸੂਚਨਾ ਨੂੰ ਕੰਟਰੋਲ ਕਰਨ ਦੇ ਕਸ਼ਮੀਰ ਮਾਡਲ ਨੂੰ ਮੁਲਕ ਦੇ ਬਾਕੀ ਹਿੱਸਿਆਂ ਵਿਚ ਸ਼ੁਰੂ ਕਰਨ ਵਿਚ ਸਫ਼ਲ ਹੋ ਜਾਂਦਾ ਹੈ ਤਾਂ ਇਹ ਸਿਰਫ਼ ਪ੍ਰੈਸ ਦੀ ਆਜ਼ਾਦੀ ਲਈ ਹੀ ਨਹੀਂ ਸਗੋਂ ਖ਼ੁਦ ਭਾਰਤ ਦਾ ਲੋਕਤੰਤਰ ਹੀ ਖ਼ਤਰੇ 'ਚ ਪੈ ਜਾਵੇਗਾ।



-ਸੁਖਦੇਵ ਸਲੇਮਪੁਰੀ
09780620233

# ਭਾਰਤ 'ਚ ਖੁਦਕੁਸ਼ੀ ਕਰਨ ਵਾਲਿਆਂ 'ਚ ਸ਼ਾਮਲ ਹਰੇਕ ਚੌਥਾ ਵਿਅਕਤੀ ਦਿਹਾੜੀਦਾਰ ਮਜਦੂਰ ਹੈ !



*ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਤਾਜ਼ਾ ਰਿਪੋਰਟ ਅਨੁਸਾਰ ਸਾਲ 2021 ਵਿੱਚ ਕੁੱਲ 42,004 ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕਸ਼ੀ ਕੀਤੀ ਹੈ, ਇਨ੍ਹਾਂ ਵਿੱਚ 4,246 ਔਰਤਾਂ ਵੀ ਸ਼ਾਮਲ ਸਨ । ਇਸ ਦੇ ਨਾਲ ਹੀ ਖੁਦਕਸ਼ੀ ਕਰਨ ਵਾਲੇ ਵਿਅਕਤੀਆਂ ਦਾ ਇੱਕ ਵੱਡਾ ਵਰਗ ਉਹ ਸੀ ਜੋ ਸਵੈ-ਰੁਜ਼ਗਾਰ ਸਨ, ਯਾਨੀ ਕਿ ਜਿਨ੍ਹਾਂ ਦਾ ਆਪਣਾ ਰੁਜ਼ਗਾਰ ਸੀ ।*

ਹਰ ਰੋਜ ਅਖਬਾਰਾਂ ਰਾਹੀਂ, ਟੀ. ਵੀ. ਚੈਨਲਾਂ ਰਾਹੀਂ ਤੇ ਸੋਸ਼ਲ ਮੀਡੀਆ ਰਾਹੀਂ ਅਕਸਰ ਪੜ੍ਹਨ ਨੂੰ, ਸੁਣਨ ਨੂੰ ਮਿਲਦਾ ਹੈ ਕਿ ਦੇਸ਼ ਵਿਚ ਕਿਸਾਨ ਦੀ ਆਰਥਿਕ ਹਾਲਤ ਦਿਨ-ਬ-ਦਿਨ ਨਿਘਰਦੀ ਜਾ ਰਹੀ ਹੈ, ਕਿਸਾਨ ਕਰਜੇ ਦੀ ਮਾਰ ਹੇਠ ਆਉਣ ਕਰਕੇ ਖੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ। ਖਾਦਾਂ, ਤੇਲ, ਪਾਣੀ, ਕੀਟਨਾਸ਼ਕ ਦਵਾਈਆਂ, ਬੀਜ ਬਹੁਤ ਮਹਿੰਗੇ ਭਾਅ ਦੇ ਹਨ, ਪਰ ਹੱਡ-ਭੰਨਵੀਂ ਮਿਹਨਤ ਤੋਂ ਬਾਅਦ ਕਿਸਾਨ ਨੂੰ ਫਸਲ ਦਾ ਪੂਰਾ ਭਾਅ ਨਹੀਂ ਮਿਲਦਾ। ਫਸਲਾਂ ਕੁਦਰਤੀ ਮਾਰ ਹੇਠ ਆਉਣ ਕਰਕੇ ਤਬਾਹ ਹੋ ਜਾਂਦੀਆਂ ਹਨ, ਕਦੀ ਸੋਕੇ ਦੀ ਮਾਰ, ਕਦੀ ਹੜ੍ਹਾਂ ਦੀ ਮਾਰ, ਕਦੀ ਟਿੱਡੀਦਲ ਦੀ ਮਾਰ, ਕਦੀ ਕੋਈ ਸੁੰਢੀ ਆ ਜਾਂਦੀ ਹੈ, ਕਦੀ ਕੋਈ ਬਿਮਾਰੀ ਆਣ ਟੱਪਕਦੀ ਹੈ। ਪੂਰਾ ਭਾਅ ਨਾ ਮਿਲਣ ਕਾਰਨ ਫਸਲਾਂ ਸੜਕਾਂ 'ਤੇ ਰੁਲਦੀਆਂ ਹਨ। ਇਹ ਸੱਭ ਕਾਰਨ ਕਿਸਾਨਾਂ ਲਈ ਖੁਦਕੁਸ਼ੀ ਲਈ ਜਿੰਮੇਵਾਰ ਹਨ। ਅਸੀਂ ਹਰ ਰੋਜ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਦੀ ਗੱਲ ਤਾਂ ਅਕਸਰ ਕਰਦੇ ਹਾਂ, ਪਰ ਖੇਤ ਕਾਮਿਆਂ, ਦਿਹਾੜੀਦਾਰ ਮਜਦੂਰਾਂ ਦੀ ਤਰਸਯੋਗ ਹਾਲਤ ਬਾਰੇ ਅਸੀਂ ਅਕਸਰ ਗੱਲ ਕਰਨ ਤੋਂ ਮੂੰਹ ਬੰਦ ਕਰ ਲੈਂਦੇ ਹਾਂ, ਮੀਡੀਆ ਚੁੱਪ ਵੱਟੀ ਰੱਖਦਾ ਹੈ, ਆਪਣੇ ਆਪ ਨੂੰ ਬੁੱਧੀਜੀਵੀ ਕਹਾਉਣ ਵਾਲਿਆਂ ਅਤੇ ਲੇਖਕਾਂ ਦੀਆਂ ਕਲਮਾਂ ਨੂੰ ਸੱਪ ਸੁੰਘ ਜਾਂਦਾ ਹੈ। ਲੀਡਰਾਂ ਨੂੰ ਸਿਰਫ ਚੋਣਾਂ ਵੇਲੇ ਮਜਦੂਰ ਯਾਦ ਆਉਂਦੇ ਹਨ। ਦਿਨ-ਰਾਤ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੋ ਕੇ ਕਿਸਾਨ ਨਾਲ ਕੰਮ ਕਰਨ ਵਾਲੇ ਖੇਤ ਕਾਮਿਆਂ ਦੀ ਨਾ ਤਾਂ ਕਿਸਾਨ ਸਾਰ ਲੈਂਦਾ ਹੈ ਅਤੇ ਨਾ ਹੀ ਸਰਕਾਰ ਨੇ ਕਦੀ ਉਨ੍ਹਾਂ ਦਾ ਦਰਦ ਘਟਾਉਣ ਲਈ ਬਾਂਹ ਫੜੀ ਹੈ। ਪੀੜ੍ਹੀ-ਦਰ-ਪੀੜ੍ਹੀ ਸੀਰੀਪੁਣੇ ਦੀ ਲੜੀ ਚੱਲਦੀ ਰਹਿੰਦੀ ਹੈ, ਜੁਆਕਾਂ ਦੀਆਂ ਨਲੀਆਂ ਲਮਕਦੀਆਂ ਰਹਿੰਦੀਆਂ ਹਨ, ਔਰਤਾਂ ਸਾਰਾ ਦਿਨ ਬਾਲਣ ਚੁੱਗਦੀਆਂ ਰਹਿੰਦੀਆਂ ਹਨ, ਕਿਸਾਨਾਂ ਦੇ ਘਰਾਂ ਵਿਚ ਪਸ਼ੂਆਂ ਦਾ ਗੋਹਾ ਕੂੜਾ ਚੁੱਕਦਿਆਂ ਚੁੱਕਦਿਆਂ ਬੁੱਢੀਆਂ ਹੋ ਜਾਂਦੀਆਂ ਹਨ, ਭਾਂਡੇ ਮਾਂਜਦਿਆਂ ਮਾਂਜਦਿਆਂ ਹੱਥਾਂ ਦੀ ਚਮੜੀ ਲਹਿਣ ਲੱਗ ਜਾਂਦੀ ਹੈ। ਸੀਰੀਆਂ ਦੇ ਹੱਥਾਂ-ਪੈਰਾਂ ਦੀਆਂ ਬਿਆਈਆਂ ਫਟੀਆਂ ਰਹਿੰਦੀਆਂ ਹਨ, ਖੂਨ ਰਿਸਣ ਲੱਗ ਜਾਂਦਾ ਹੈ, ਚਿਹਰੇ ਧੁਆਂਖੇ ਹੋਏ ਬਣ ਜਾਂਦੇ ਹਨ, ਕੰਮ ਕਰਦਿਆਂ-ਕਰਦਿਆਂ ਲੱਤਾਂ-ਬਾਹਾਂ ਦੀਆਂ ਨਾੜਾਂ ਫੁੱਲਣ ਲੱਗ ਜਾਂਦੀਆਂ ਹਨ ਪਰ ਘਰਾਂ ਦੀ ਹਾਲਤ ਹਮੇਸ਼ਾ ਤਰਸਯੋਗ ਬਣੀ ਰਹਿੰਦੀ ਹੈ, ਬਿਮਾਰੀ-ਠੁਮਾਰੀ ਵੇਲੇ, ਕੁੜੀਆਂ-ਮੁੰਡਿਆਂ ਦੇ ਸ਼ਗਨ ਵਿਹਾਰ ਕਰਨ ਵੇਲੇ, ਜਣੇਪੇ ਵੇਲੇ, ਮਰਗ ਦੇ ਭੋਗ ਵੇਲੇ ਕਿਸਾਨ ਕੋਲੋਂ ਲਿਆ ਕਰਜਾ ਪੀੜ੍ਹੀ ਦਰ ਪੀੜ੍ਹੀ ਚੱਲਦਾ ਰਹਿੰਦਾ ਹੈ, ਜੋ ਕਾਮਿਆਂ ਲਈ ਖੁਦਕੁਸ਼ੀਆਂ ਦੀ ਘੰਟੀ ਬਣਦਾ ਹੈ। ਕਰਜ਼ੇ ਦੀ ਮਾਰ ਹੇਠ ਆਉਣ ਕਰਕੇ ਸੀਰੀ ਕੁੱਟ ਮਾਰ ਦਾ ਅਕਸਰ ਸ਼ਿਕਾਰ ਹੁੰਦਾ ਹੈ। ਆਰਥਿਕ ਅਤੇ ਸਮਾਜਿਕ ਪੱਖ ਤੋਂ ਜਲੀਲ ਹੋਣ ਕਰਕੇ ਉਹ ਖੁਦਕੁਸ਼ੀ ਕਰਨ ਲਈ ਮਜਬੂਰ ਹੁੰਦਾ ਹੈ। ਫੈਕਟਰੀਆਂ ਦੇ ਮਜਦੂਰਾਂ ਨੂੰ ਬਿਨਾਂ ਕਿਸੇ ਕਾਰਨ ਤੋਂ ਕੰਮ ਤੋਂ ਹਟਾ ਦਿੱਤਾ ਜਾਂਦਾ ਹੈ, ਪੂਰਾ ਮਿਹਨਤਾਨਾ ਨਹੀਂ ਦਿੱਤਾ ਜਾਂਦਾ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਤੋਂ ਵਾਂਝਿਆ ਰੱਖਿਆ ਜਾਂਦਾ ਹੈ। ਦੇਸ਼ ਵਿਚ ਜਿੰਨੇ ਵੀ ਵਿਅਕਤੀ ਖੁਦਕੁਸ਼ੀਆਂ ਕਰਦੇ ਹਨ, ਉਨ੍ਹਾਂ ਵਿਚ ਮਜਦੂਰਾਂ ਦੀ ਗਿਣਤੀ ਦਾ ਅੰਕੜਾ ਸੱਭ ਤੋਂ ਵੱਡਾ ਹੈ।

ਸਰਕਾਰ ਭਾਵੇਂ ਦਿਹਾੜੀਦਾਰ ਮਜ਼ਦੂਰਾਂ ਅਤੇ ਗਰੀਬਾਂ ਲਈ ਕਈ ਸਕੀਮਾਂ ਚਲਾ ਰਹੀ ਹੈ। ਪਰ ਸ਼ਾਇਦ ਉਨ੍ਹਾਂ ਦੀ ਆਰਥਿਕ ਹਾਲਤ ਜ਼ਿਆਦਾ ਸੁਧਰ ਨਹੀਂ ਰਹੀ ਹੈ। ਮਹਿੰਗਾਈ ਦੀ ਸਭ ਤੋਂ ਵੱਧ ਮਾਰ ਇਨ੍ਹਾਂ ਗਰੀਬ ਵਰਗਾਂ 'ਤੇ ਪੈਂਦੀ ਹੈ।

ਕੇਂਦਰ ਸਰਕਾਰ ਵਲੋਂ ਲੋਕ ਸਭਾ 'ਚ ਪੇਸ਼ ਕੀਤੇ ਅੰਕੜਿਆਂ ਅਨੁਸਾਰ ਪਿਛਲੇ 7 ਸਾਲਾਂ ਵਿੱਚ ਦਿਹਾੜੀਦਾਰ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ, ਜੋ ਬਹੁਤ ਹੀ ਚਿੰਤਾਜਨਕ ਰੁਝਾਨ ਹੈ, ਹਾਲਾਂਕਿ ਖੁਦਕੁਸ਼ੀਆਂ ਦੇ ਕਾਰਨਾਂ ਬਾਰੇ ਕੁਝ ਨਹੀਂ ਕਿਹਾ ਗਿਆ ਹੈ। ਦਿਹਾੜੀਦਾਰ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਮਾਮਲੇ ਵਿੱਚ ਗ੍ਰਹਿ ਮੰਤਰਾਲੇ ਵਲੋਂ ਪੇਸ਼ ਕੀਤੇ ਅੰਕੜਿਆਂ ਅਨੁਸਾਰ ਪਿਛਲੇ ਸੱਤ ਸਾਲਾਂ ਵਿੱਚ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਮਾਮਲਿਆਂ ਵਿੱਚ ਤਕਰੀਬਨ ਤਿੰਨ ਗੁਣਾ ਵਾਧਾ ਹੋਇਆ ਹੈ। ਗ੍ਰਹਿ ਮੰਤਰਾਲਾ ਅਨੁਸਾਰ ਸਾਲ 2014 ਤੋਂ ਲੈ ਕੇ ਸਾਲ 2021 ਤੱਕ ਦੇ ਦਰਮਿਆਨ ਦਿਹਾੜੀਦਾਰ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੀ ਗਿਣਤੀ ਲਗਭਗ ਤਿੰਨ ਗੁਣਾ ਵਧੀ ਹੈ। ਸਾਲ 2014 'ਚ ਜਿੱਥੇ 15,735 ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ, ਉੱਥੇ ਹੀ 2021 'ਚ ਇਹ ਅੰਕੜਾ ਵਧ ਕੇ 42004 ਹੋ ਗਿਆ।

ਅੰਕੜਿਆਂ ਅਨੁਸਾਰ ਜਿੱਥੇ ਸਾਲ 2014 ਵਿੱਚ ਰੋਜਾਨਾ 43 ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ, ਉੱਥੇ ਹੀ 2021 ਵਿੱਚ ਇਹ ਅੰਕੜਾ ਇੱਕ ਵੱਡੀ ਛਲਾਂਗ ਮਾਰ ਗਿਆ, ਜਿਸ ਮੁਤਾਬਕ ਰੋਜ਼ਾਨਾ 115 ਦਿਹਾੜੀਦਾਰ ਮਜ਼ਦੂਰ ਖੁਦਕੁਸ਼ੀ ਕਰਨ ਦੇ ਰਾਹ ਤੁਰ ਪਏ।

ਗ੍ਰਹਿ ਮੰਤਰਾਲਾ ਅਨੁਸਾਰ ਦੇਸ਼ ਦੇ ਜਿਹੜੇ 5 ਰਾਜਾਂ ਵਿੱਚ ਸਾਲ 2014-2021 ਦਰਮਿਆਨ ਸਭ ਤੋਂ ਵੱਧ ਵਾਧਾ ਹੋਇਆ ਹੈ, ਉਨ੍ਹਾਂ ਵਿੱਚ ਤਾਮਿਲਨਾਡੂ, ਮਹਾਰਾਸ਼ਟਰ, ਮੱਧ ਪ੍ਰਦੇਸ਼, ਤੇਲੰਗਾਨਾ ਅਤੇ ਗੁਜਰਾਤ ਸ਼ਾਮਲ ਹਨ। ਤਾਮਿਲਨਾਡੂ 'ਚ 2014 'ਚ 3880 ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ, ਜਦਕਿ 2021 'ਚ ਖੁਦਕੁਸ਼ੀ ਕਰਨ ਵਾਲੇ ਮਜ਼ਦੂਰਾਂ ਅੰਕੜਾ ਵੱਧ ਕੇ 7673 ਤੱਕ ਪਹੁੰਚ ਗਿਆ। ਇਸੇ ਤਰ੍ਹਾਂ ਮਹਾਰਾਸ਼ਟਰ ਵਿੱਚ ਜਿੱਥੇ 2014 ਵਿੱਚ 2239 ਦਿਹਾੜੀਦਾਰ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਸੀ, ਉੱਥੇ 2021 ਵਿੱਚ ਇਹ ਗਿਣਤੀ ਵੱਧ ਕੇ 5270 ਹੋ ਗਈ।


ਇਕੱਠੇ ਕੀਤੇ ਅੰਕੜਿਆਂ ਅਨੁਸਾਰ ਦੇਸ਼ ਵਿਚ ਹੋਈਆਂ ਕੁਲ 42, 004 ਖੁਦਕੁਸ਼ੀਆਂ ਵਿੱਚੋਂ ਸਭ ਤੋਂ ਵੱਧ ਤਾਮਿਲਨਾਡੂ ਵਿਚ 7673, ਮਹਾਰਾਸ਼ਟਰ ਵਿਚ 5270, ਮੱਧ ਪ੍ਰਦੇਸ਼ ਵਿਚ 4657, ਤੇਲੰਗਾਨਾ ਵਿਚ 4223, ਕੇਰਲ ਵਿਚ 3345 ਅਤੇ ਗੁਜਰਾਤ ਵਿਚ 3206 ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕਰਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਸੀ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਤਾਜਾ ਰਿਪੋਰਟ ਅਨੁਸਾਰ ਇਹ ਖੁਲਾਸਾ ਹੋਇਆ ਹੈ ਕਿ 2021 ਵਿੱਚ ਖੁਦਕੁਸ਼ੀ ਕਰਨ ਵਾਲੇ ਸਭ ਤੋਂ ਵੱਧ ਲੋਕ ਦਿਹਾੜੀਦਾਰ ਮਜ਼ਦੂਰ ਸਨ। ਦਿਹਾੜੀਦਾਰ ਮਜ਼ਦੂਰਾਂ ਦੀ ਖੁਦਕੁਸ਼ੀ ਦਰ ਸਾਲ 2020 ਦੇ ਮੁਕਾਬਲੇ ਜ਼ਿਆਦਾ ਵਧੀ ਹੈ। ਹੁਣ ਸਵਾਲ ਇਹ ਹੈ ਕਿ ਉਹ ਕਿਹੜੇ ਕਾਰਨ ਸਨ ਜਿਨ੍ਹਾਂ ਨੇ ਦਿਹਾੜੀਦਾਰ ਮਜ਼ਦੂਰਾਂ ਦੀ ਖੁਦਕੁਸ਼ੀ ਦਰ ਵਿੱਚ ਵਾਧਾ ਕੀਤਾ, ਜਿਨ੍ਹਾਂ ਦਾ ਦੇਸ਼ ਦੀ ਕੁੱਲ ਕਾਰਜ ਸ਼ਕਤੀ ਵਿੱਚ ਵੱਡਾ ਹਿੱਸਾ ਹੈ?

ਸਾਲ 2021 ਵਿੱਚ, 'ਖੇਤੀ ਵਿੱਚ ਲੱਗੇ ਵਿਅਕਤੀਆਂ' ਦੀ ਸ਼੍ਰੇਣੀ ਵਿੱਚ 10,881 ਲੋਕਾਂ ਨੇ ਖੁਦਕੁਸ਼ੀ ਕੀਤੀ, ਇਨ੍ਹਾਂ ਵਿੱਚੋਂ 5,318 ਕਿਸਾਨ ਅਤੇ 5,563 ਖੇਤ ਮਜ਼ਦੂਰ ਸਨ।

ਸਾਲ 2021 ਵਿੱਚ ਭਾਰਤ ਵਿੱਚ ਖੁਦਕੁਸ਼ੀ ਕਰਨ ਵਾਲੇ 1,64,033 ਵਿਅਕਤੀਆਂ ਵਿੱਚੋਂ, 25.6 ਫੀਸਦੀ ਦਿਹਾੜੀਦਾਰ ਮਜ਼ਦੂਰ ਸਨ, ਜੋ ਦੇਸ਼ ਵਿਚ ਹੋਈਆਂ ਕੁਲ ਖੁਦਕੁਸ਼ੀਆਂ ਦਾ ਚੌਥਾ ਹਿੱਸਾ ਬਣਦਾ ਹੈ ਭਾਵ ਖੁਦਕੁਸ਼ੀ ਕਰਨ ਵਾਲੇ ਵਿਅਕਤੀਆਂ ਵਿਚੋਂ ਖੁਦਕੁਸ਼ੀ ਕਰਨ ਵਾਲਾ ਹਰੇਕ ਚੌਥਾ ਵਿਅਕਤੀ ਦਿਹਾੜੀਦਾਰ ਮਜਦੂਰ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਤਾਜ਼ਾ ਰਿਪੋਰਟ ਅਨੁਸਾਰ ਸਾਲ 2021 ਵਿੱਚ ਕੁੱਲ 42,004 ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ ਹੈ, ਇਨ੍ਹਾਂ ਵਿੱਚ 4,246 ਔਰਤਾਂ ਵੀ ਸ਼ਾਮਲ ਸਨ। ਇਸ ਦੇ ਨਾਲ ਹੀ ਖੁਦਕੁਸ਼ੀ ਕਰਨ ਵਾਲੇ ਵਿਅਕਤੀਆਂ ਦਾ ਇੱਕ ਵੱਡਾ ਵਰਗ ਉਹ ਸੀ ਜੋ ਸਵੈ-ਰੁਜ਼ਗਾਰ ਸਨ, ਯਾਨੀ ਕਿ ਜਿਨ੍ਹਾਂ ਦਾ ਆਪਣਾ ਰੁਜ਼ਗਾਰ ਸੀ। ਇਸ ਸ਼੍ਰੇਣੀ ਵਿੱਚ ਕੁੱਲ 20,231 ਲੋਕਾਂ ਨੇ ਖੁਦਕੁਸ਼ੀ ਕੀਤੀ, ਜੋ ਕੁੱਲ ਖੁਦਕੁਸ਼ੀ ਦੀਆਂ ਘਟਨਾਵਾਂ ਦਾ 12.3 ਫੀਸਦੀ ਹੈ। ਇਨ੍ਹਾਂ 20,231 ਵਿਅਕਤੀਆਂ ਵਿੱਚੋਂ 12,055 ਵਿਅਕਤੀ ਆਪਣਾ ਕਾਰੋਬਾਰ ਚਲਾਉਂਦੇ ਸਨ ਅਤੇ 8,176 ਵਿਅਕਤੀ ਹੋਰ ਕਿਸਮ ਦੇ ਸਵੈ-ਰੁਜ਼ਗਾਰ ਨਾਲ ਜੁੜੇ ਹੋਏ ਸਨ। ਵਰਨਣਯੋਗ ਹੈ ਕਿ ਇਸ ਰਿਪੋਰਟ ਵਿੱਚ ਖੇਤੀ ਮਜ਼ਦੂਰਾਂ ਨੂੰ ਦਿਹਾੜੀਦਾਰ ਮਜ਼ਦੂਰਾਂ

(ਬਾਕੀ ਸਫ਼ਾ 24'ਤੇ)

HOMELIFE HIGHER STANDARDS
HOMELIFE SILVERCITY REALTY INC.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call
Call: 416.209.6363



Hardeep Atwal
Sr. Financial Advisor

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਪਿੰਡ ਰਾਮਗੜ੍ਹ 'ਚ ਵਿਰਾਸਤ ਆਰਟ ਗੈਲਰੀ ਲੋਕ ਅਰਪਣ

**ਲਿਓ ਟਾਲਸਟਾਏ, ਬਾਬਾ ਬੁੱਲ੍ਹੇ ਸ਼ਾਹ, ਸਾਵਿਤਰੀ ਬਾਈ ਫੂਲੇ, ਗੁਰਸ਼ਰਨ ਸਿੰਘ, ਬਾਬਾ ਨਜਮੀ, ਗ਼ਦਰੀ ਗੁਲਾਬ ਕੌਰ, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ ਤੇ ਸ਼ਹੀਦ ਭਗਤ ਸਿੰਘ ਦੇ ਬੁੱਤ ਲਗਾਏ**






ਭਦੌੜ/ਬਰਨਾਲਾ (ਬਲਜਿੰਦਰ ਸਿੰਘ) : ਬਰਨਾਲਾ ਦੇ ਪਿੰਡ ਰਾਮਗੜ੍ਹ ਦੇ ਐਨਆਰਆਈ, ਲਾਇਬ੍ਰੇਰੀ ਕਮੇਟੀ ਤੇ ਪੰਚਾਇਤ ਨੇ ਨਿਵੇਕਲੀ ਪਹਿਲ ਕਰਦਿਆਂ ਵਿਰਾਸਤ ਆਰਟ ਗੈਲਰੀ ਦਾ ਲੋਕ ਅਰਪਣ ਕੀਤਾ ਹੈ। ਜਿਸ ਵਿੱਚ ਰੂਸੀ ਲੇਖਕ ਲਿਓ ਟਾਲਸਟਾਏ, ਸੂਫ਼ੀ ਕਵੀ ਬਾਬਾ ਬੁੱਲ੍ਹੇ ਸ਼ਾਹ, ਪ੍ਰਥਮ ਮਹਿਲਾ ਅਧਿਆਪਕਾ ਸਾਵਿਤਰੀ ਬਾਈ ਫੂਲੇ, ਉੱਘੇ ਰੰਗ ਕਰਮੀ ਗੁਰਸ਼ਰਨ ਸਿੰਘ, ਲਹਿੰਦੇ ਪੰਜਾਬ ਦੇ ਕ੍ਰਾਂਤੀਕਾਰੀ ਸ਼ਾਇਰ ਬਾਬਾ ਨਜਮੀ, ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਸ਼ਹੀਦ ਭਗਤ ਸਿੰਘ ਦੀਆਂ ਬੁੱਤ ਰੂਪੀ ਕਲਾ ਕ੍ਰਿਤੀਆਂ ਲਗਾਈਆਂ ਗਈਆਂ।

ਇਸ ਵਿਰਾਸਤੀ ਆਰਟ ਗੈਲਰੀ ਦਾ ਉਦਘਾਟਨ ਕਰਨ ਅਤੇ ਵਿਚਾਰ ਚਰਚਾ ਕਰਨ ਮੌਕੇ ਅਮੋਲਕ ਸਿੰਘ ਆਗੂ ਪਲਸ ਮੰਚ, ਓਮ ਪ੍ਰਕਾਸ਼ ਗਾਸੋ ਉੱਘੇ ਸਾਹਿਤਕਾਰ, ਬਲਦੇਵ ਸੜਕਨਾਮਾ ਉੱਘੇ ਨਾਵਲਕਾਰ, ਇਕਬਾਲ ਉਦਾਸੀ ਆਗੂ ਕੁੱਲ ਹਿੰਦ ਪ੍ਰਗਤੀਸੀਲ ਇਸਤਰੀ ਸਭਾ, ਰਾਜਿੰਦਰ ਭਦੌੜ ਆਗੂ ਤਰਕਸ਼ੀਲ ਸੁਸਾਇਟੀ, ਨੀਲ ਕਮਲ ਸੀਨੀਅਰ ਪੱਤਰਕਾਰ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ।

ਆਗੂਆਂ ਆਪਣੇ ਸੰਬੋਧਨ ਚ ਕਿਹਾ ਕਿ ਜਦੋਂ ਅੰਨ੍ਹੇ ਕੌਮੀਂ ਜਨੂੰਨ ਦੀ ਪੁੱਠ ਚਾੜ੍ਹਕੇ ਮੁਲਕ ਅੰਦਰ ਫਿਰਕੂ ਹਨੇਰੀ ਵਗਾਈ ਜਾ ਰਹੀ ਹੈ। ਜਦੋਂ ਪੰਜਾਬ ਅੰਦਰ ਮੁੜ ਫਿਰਕੂ ਅਤੇ ਹਕੂਮਤੀ ਦਹਿਸਤਗਰਦੀ ਦੇ ਝੱਖੜ ਝੁਲਾਉਣ ਲਈ ਸ਼ਾਤਰਾਨਾ ਚਾਲਾਂ ਚੱਲੀਆਂ ਜਾ ਰਹੀਆਂ ਹਨ ਇਸ ਮੌਕੇ ਰਾਮਗੜ੍ਹ ਵਾਸੀਆਂ ਨੇ ਨਿਵੇਕਲੀ ਪਹਿਲ ਕਰਦਿਆਂ ਹੱਦਾਂ ਸਰਹੱਦਾਂ, ਜਾਤ ਪਾਤ, ਬੋਲੀ, ਭਾਸ਼ਾ ਤੋਂ ਪਾਰ ਜਾ ਕੇ ਇਹ ਇਤਿਹਾਸਕ, ਵਿਰਾਸਤੀ ਆਰਟ ਗੈਲਰੀ ਬਣਾ ਕੇ ਪ੍ਰੇਰਨਾਦਾਇਕ ਕਾਰਜ ਕੀਤਾ ਹੈ। ਬੁਲਾਰਿਆਂ ਨੇ ਕਿਹਾ ਕਿ ਇਸ ਆਰਟ ਗੈਲਰੀ ਬਣਾਉਣ ਦਾ ਮਹੱਤਵ ਅੱਜ ਹੀ ਨਹੀਂ, ਆਉਣ ਵਾਲੇ ਕੱਲ੍ਹ ਲਈ ਵੀ ਇਹਦੀ ਵਧੇਰੇ ਪ੍ਰਸੰਗਕਿਤਾ ਅਤੇ ਸਾਰਥਕਤਾ ਬਣੀ ਰਹੇਗੀ। ਉਨ੍ਹਾਂ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਦਮ ਪਿੰਡ ਪਿੰਡ ਅਤੇ ਵਿਦਿਅਕ ਅਦਾਰਿਆਂ ਨੂੰ ਜੁਟਾਉਣ ਦੀ ਲੋੜ ਹੈ ਅਤੇ ਇਨ੍ਹਾਂ ਥਾਵਾਂ ਤੇ ਹਰ ਮਹੀਨੇ ਹੋਣ ਵਿਚਾਰ ਚਰਚਾਵਾਂ, ਗੀਤ ਸੰਗੀਤ, ਕਵੀ ਮਿਲਣੀਆਂ, ਚਿਤਰਕਲਾ ਅਤੇ ਰੰਗ ਮੰਚੀ ਸਰਗਰਮੀਆਂ ਲਗਾਤਾਰ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਨੌਜਵਾਨ ਤੇ ਨਵੀਂ ਪੀੜ੍ਹੀ ਆਪਣੀ ਅਸਲ ਵਿਰਾਸਤ ਤੋਂ ਜਾਣੂ ਹੋ ਸਕਣ ਅਤੇ ਸਾਡੀ ਨੌਜਵਾਨੀ ਨੂੰ ਹਥਿਆਰਾਂ, ਨਸ਼ਿਆਂ ਤੇ ਗੁੰਡਾਗਰਦੀ ਦੀ ਪੁੱਠ ਚਾੜ੍ਹਦੀ ਗਾਇਕੀ ਤੋਂ ਜਾਗਰੂਕ ਕੀਤਾ ਜਾ ਸਕੇ। ਆਰਟ ਗੈਲਰੀ ਚ ਬੁੱਤ ਬਣਾਉਣ ਵਾਲੇ ਪਿੰਡ ਦੇ ਹੀ ਆਰਟਿਸਟ ਜਨਕ ਸਿੰਘ ਨੇ ਇਸ ਕਲਾ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਉਂਦਿਆਂ ਇਸਦੀ ਜੀਵਨ 'ਚ ਲੋੜ ਨੂੰ ਬਾਖ਼ੂਬੀ ਬਿਆਨਿਆਂ।

ਲਾਇਬ੍ਰੇਰੀ ਕਮੇਟੀ ਦੇ ਪ੍ਰਧਾਨ ਜੀਵਨ ਸ਼ਰਮਾ ਨੇ ਮੰਚ ਸੰਚਾਲਨ ਕਰਦਿਆਂ ਉਮੀਦ ਜਤਾਈ ਕਿ ਵਿਰਾਸਤੀ ਆਰਟ ਗੈਲਰੀ ਦਾ ਉੱਦਮ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਕ ਦਾ ਕੰਮ ਕਰੇਗਾ। ਇਸ ਮੌਕੇ ਸਰਪੰਚ ਰਾਜਵਿੰਦਰ ਸਿੰਘ ਨੇ ਧੰਨਵਾਦੀ ਸ਼ਬਦਾਂ ਉਪਰੰਤ ਆਰਟ ਗੈਲਰੀ ਲਈ ਦਿੱਤੀ ਥਾਂ ਸਬੰਧੀ ਮਤਾ ਵੀ ਲੋਕ ਅਰਪਣ ਕੀਤਾ। ਇਸ ਮੌਕੇ ਪਿੰਡ ਦੇ ਐਨ ਆਰ ਆਈਜ ਅਮਰਜੀਤ ਸਿੰਘ ਚਹਿਲ, ਗੋਗੀ ਸੰਧੂ, ਜੀਵਨ ਰਾਮਗੜ੍ਹ, ਮੇਜਰ ਸਿੰਘ ਤੋਂ ਇਲਾਵਾ ਵਰਿੰਦਰ ਦੀਵਾਨਾ, ਸਰਪੰਚ ਰਾਜਵਿੰਦਰ ਸਿੰਘ, ਸਰਪੰਚ ਸੁਖਵਿੰਦਰ ਕਲਕੱਤਾ, ਸਰਪੰਚ ਤਰਨਜੀਤ ਦੁੱਗਲ, ਸਰਪੰਚ ਜੱਸਾ ਸਿੰਘ, ਪੰਮਾ ਚਹਿਲ, ਗਾਂਧੀ ਘਣਸ, ਸਤਨਾਮ ਸਿੰਘ, ਗੁਰਦੀਪ ਸਿੰਘ, ਮਾ. ਗੁਰਨਾਮ ਸਿੰਘ, ਸੰਦੀਪ ਸਿੰਘ, ਗੁਰਮੀਤ ਸਿੰਘ ਗੀਤਾ, ਗੁਰਦੀਪ ਸਿੰਘ ਮਾ. ਕੁਲਵਿੰਦਰ ਸਿੰਘ, ਪਿੰਦਾ ਕਹਿਲ, ਸ਼ਾਬਰ ਅਲੀ ਸਮੇਤ ਸਮੂਹ ਸਟਾਫ਼ ਨਗਰ ਪੰਚਾਇਤ ਤੇ ਪਤਵੰਤੇ ਹਾਜ਼ਰ ਸਨ।


ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਸਿੱਖ ਵਿਰਸਾ ਇੰਟਰਨੈਸ਼ਨਲ ਦੇ ਸਹਿਯੋਗ ਨਾਲ

Theatre: RCCG House of Praise, 5 Redstone Hts. NE Calgary AB T3N 0T6

ਸੋਹਣ ਮਾਨ ਯਾਦਗਾਰੀ 12ਵਾਂ ਸਲਾਨਾ ਅਗਾਂਹਵਧੂ ਸੱਭਿਆਚਾਰਕ ਦੋ ਰੋਜ਼ਾ ਨਾਟਕ ਸਮਾਗਮ

17-18 ਜੂਨ 2023

ਮਾਸਟਰ ਭਜਨ ਸਿੰਘ: 403-455-4220, ਹਰਚਰਨ ਸਿੰਘ ਪਰਹਾਰ: 403-681-8689

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Ajay pal Manager 604-653-7841
Jatinder Singh Manager 403-992-0004
Office : 416-644-8881
7270 106 Ave SE Calgary, AB T2C 4Y5

# ਪੰਜਾਬ 'ਚ ਸਿੱਖਿਆ ਅੰਦਰ ਨਵਾਂ ਖਿਆਲੀ ਤਜਰਬਾ ਸਕੂਲ ਆਫ ਐਮੀਨੈਂਸ ਬਨਾਮ ਟਾਪੂ ਸਕੂਲ

## ਸਿੱਖਿਆ ਨੂੰ ਸਭ ਲਈ ਦੇਣ ਦੀ ਥਾਂ ਕੁਝ ਲੋਕਾਂ ਤੱਕ ਸੀਮਤ ਕਰਨ ਦਾ ਏਜੰਡਾ ਪੰਜਾਬ ਦੇ ਸਿੱਖਿਆ ਸੰਕਟ ਨੂੰ ਹੋਰ ਗੰਭੀਰ ਕਰੇਗਾ : ਡਾ. ਕੁਲਦੀਪ ਸਿੰਘ








ਜਲੰਧਰ, (ਬਲਜਿੰਦਰ ਸਿੰਘ) : ਡੈਮੋਕੈਟਿਕ ਟੀਚਰਜ਼ ਫਰੰਟ ਪੰਜਾਬ ਵਲੋਂ ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ 2020 ਦਾ ਵਿਰੋਧ ਕਰਨ ਅਤੇ ਪੰਜਾਬ ਸਰਕਾਰ ਵਲੋਂ ਸਕੂਲ ਆਫ਼ ਐਮੀਨੈਂਸ ਸਕੀਮ ਨੂੰ ਸਮਝਣ ਅਤੇ ਇਸ ਨੂੰ ਰੱਦ ਕਰਨ ਲਈ ਸੂਬਾ ਪੱਧਰੀ ਚੇਤਨਾ ਸੈਮੀਨਾਰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿਚ 300 ਤੋਂ ਵੱਧ ਪੰਜਾਬ ਦੇ ਅਧਿਆਪਕਾਂ ਅਤੇ ਅਧਿਆਪਕਾਵਾਂ ਨੇ ਭਾਗ ਲਿਆ। ਇਸ ਸੈਮੀਨਾਰ ਦੇ ਮੁੱਖ ਵਕਤਾ ਡਾ. ਕੁਲਦੀਪ ਸਿੰਘ (ਸੇਵਾ ਮੁਕਤ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ, ਸਰਕਾਰੀ ਕਾਲਜ ਆਫ ਐਜੂਕੇਸ਼ਨ ਪਟਿਆਲਾ) ਨੇ ਵਿਚਾਰ ਪ੍ਰਦਾਨ ਕਰਦਿਆਂ ਕਿਹਾ ਕਿ ਵੱਖ-ਵੱਖ ਸਿੱਖਿਆ ਕਮਿਸ਼ਨਾਂ ਅਤੇ ਕਮੇਟੀਆਂ ਨੇ ਸੁਝਾਅ ਦਿੱਤੇ ਹਨ ਕਿ ਸਮਾਜ ਦੇ ਵਿਚ ਵੱਖ-ਵੱਖ ਵਰਗਾਂ ਲਈ ਸਾਂਝੇ ਸਕੂਲ ਹੀ ਹੋਣੇ ਚਾਹੀਦੇ ਹਨ ਜਿਨ੍ਹਾਂ ਵਿਚ ਵੱਖ-ਵੱਖ ਧਰਮਾਂ, ਮਜ਼੍ਹਬਾਂ, ਜਾਤਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਸ਼ਾਨਦਾਰ ਅਤੇ ਗੁਣਵਤਾ ਸਿੱਖਿਆ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਪਹਿਲੀ ਤੋਂ 12ਵੀਂ ਤੱਕ ਹਰੇਕ ਸਕੂਲ ਨੂੰ ਸਹੂਲਤਾਂ ਵਾਲਾ ਬਣਾਉਣ ਵਾਸਤੇ ਅਤੇ ਉੱਥੇ ਕਾਰਜਸ਼ੀਲ ਅਧਿਆਪਕਾਂ ਦੀ ਸ਼ਾਨਦਾਰ ਤਨਖਾਹਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਪ੍ਰੰਤੂ ਇਸ ਨੂੰ ਦਰਕਨਾਰ ਕਰਕੇ ਪੰਜਾਬ ਸਰਕਾਰ ਇਕ ਨਵਾਂ ਤਜਰਬਾ ਸਕੂਲ ਆਫ਼ ਐਮੀਨੈਂਸ ਦੇ ਨਾਂ ਹੇਠ ਕਰਨ ਜਾ ਰਹੀ ਹੈ ਜਿਸ ਲਈ 200 ਕਰੋੜ ਰੁਪਏ ਵੀ ਬਜਟ ਵਿਚ ਰੱਖੇ ਗਏ ਹਨ ਹਾਲਾਂਕਿ ਪਹਿਲਾਂ ਆਦਰਸ਼ ਸਕੂਲ ਅਤੇ ਮੈਟੋਰੀਅਸ ਸਕੂਲਾਂ ਦੇ ਤਜਰਬੇ ਫੇਲ੍ਹ ਹੋ ਚੁੱਕੇ ਹਨ। ਇਹ ਸਕੂਲ 40 ਕਿਲੋਮੀਟਰ ਦੇ ਘੇਰੇ ਵਿਚ ਇਕ ਟਾਪੂ ਕਿਸਮ ਦਾ ਮੈਟੋਰੀਅਸ ਟਾਪੂ ਸਕੂਲ ਸਥਾਪਤ ਕੀਤਾ ਜਾਵੇਗਾ ਜਿਸ ਵਿਚ 9ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀ ਸਿਰਫ਼ ਅੰਕਾਂ ਦੇ ਆਧਾਰ 'ਤੇ ਦਾਖਲ ਕੀਤੇ ਜਾਣਗੇ ਬਾਕੀ 6ਵੀਂ ਤੋਂ 8ਵੀਂ ਤੱਕ ਬੱਚਿਆਂ ਦਾ ਇਨ੍ਹਾਂ ਸਕੂਲਾਂ ਵਿਚ ਪ੍ਰਵੇਸ਼ ਬੰਦ ਹੋਵੇਗਾ ਅਤੇ 9ਵੀਂ ਤੋਂ 12ਵੀਂ ਤੱਕ ਜਿਨ੍ਹਾਂ ਦੇ ਅੰਕ ਘੱਟ ਹੋਣਗੇ ਉਨ੍ਹਾਂ ਨੂੰ ਇਨ੍ਹਾਂ ਸਕੂਲਾਂ ਵਿਚੋਂ ਬਾਹਰ ਕਰ ਦਿੱਤਾ ਜਾਵੇਗਾ। ਇਸ ਮੌਕੇ 'ਤੇ ਡੀ.ਟੀ.ਐਫ. ਦੇ ਪ੍ਰਧਾਨ ਵਿਰਕਮਦੇਵ ਸਿੰਘ ਅਤੇ ਹੋਰ ਸੂਬਾਈ ਆਗੂਆਂ ਨੇ ਸੰਬੋਧਨ ਕੀਤਾ ਅਤੇ ਸਿੱਖਿਆ ਦੇ ਨਿੱਜੀਕਰਨ ਖਿਲਾਫ਼ ਭਵਿੱਖ ਹੋਰ ਧਿਰਾਂ ਨਾਲ ਸਾਂਝੇ ਰੂਪ ਵਿਚ ਸੰਘਰਸ਼ ਕਰਨ ਦੀ ਵਕਾਲਤ ਕੀਤੀ।












# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ 'ਪੰਜਾਬ ਸਟੂਡੈਂਟਸ ਯੂਨੀਅਨ' ਦੇ ਇਤਿਹਾਸ 'ਤੇ ਪ੍ਰੋ. ਅਜਾਇਬ ਸਿੰਘ ਟਿਵਾਣਾ ਦੀ ਪੁਸਤਕ ਰਿਲੀਜ਼




ਕੈਲਗਰੀ, (ਹਰਚਰਨ ਪਰਹਾਰ): ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ ਅੱਜ ਕੋਸੋ ਹਾਲ ਦੇ ਦਰਸ਼ਕਾਂ ਨਾਲ਼ ਭਰੇ ਹੋਏ ਹਾਲ ਅੰਦਰ ਹੋਈ ਮੀਟਿੰਗ ਵਿੱਚ ਪੰਜਾਬ ਦੇ ਵਿਦਿਆਰਥੀਆਂ ਦੀ ਇਨਕਲਾਬੀ ਜਥੇਬੰਦੀ 'ਪੰਜਾਬ ਸਟੂਡੈਂਟਸ ਯੂਨੀਅਨ' ਦੇ ਇਤਿਹਾਸ ਤੇ ਪ੍ਰੋ: ਅਜਾਇਬ ਸਿੰਘ ਟਿਵਾਣਾ ਦੀ ਵੱਡ ਅਕਾਰੀ ਪੁਸਤਕ 'ਪੰਜਾਬ ਸਟੂਡੈਂਟਸ ਯੂਨੀਅਨ (ਇਤਿਹਾਸ ਦੀਆਂ ਝਲਕਾਂ)' ਮਾਸਟਰ ਭਜਨ ਸਿੰਘ, ਹਰਚਰਨ ਸਿੰਘ ਪ੍ਰਹਾਰ, ਦਰਸ਼ਨ ਔਜਲਾ, ਕੁਲਦੀਪ ਸਿੰਘ, ਸੁੱਖਦੇਵ ਸਿੰਘ, ਪ੍ਰੋ ਗੋਪਾਲ ਜੱਸਲ, ਕਮਲਪ੍ਰੀਤ ਪੰਧੇਰ, ਮਿਸਿਜ ਮਾਨ, ਕੁਸੁਮ ਸ਼ਰਮਾ ਵਲੋਂ ਰਿਲੀਜ਼ ਕੀਤੀ ਗਈ। ਸੁਖਦੇਵ ਸਿੰਘ ਨੇ ਕਿਤਾਬ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਅਤੇ ਮਾਸਟਰ ਜੀ ਨੂੰ ਅਪੀਲ ਕੀਤੀ ਕਿ ਇਸ ਕਿਤਾਬ ਦੀਆਂ ਕਾਪੀਆਂ ਪਾਠਕਾਂ ਲਈ ਆਪਣੇ ਅਗਲੇ ਪੁਸਤਕ ਮੇਲੇ ਵਿੱਚ ਜ਼ਰੂਰ ਮੰਗਵਾਉਣ। ਇਸ ਮੌਕੇ 'ਤੇ ਮਾਸਟਰ ਭਜਨ ਸਿੰਘ ਨੇ ਪੀ ਐਸ ਯੂ ਦੇ ਪ੍ਰਮੁੱਖ ਲੀਡਰ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਦੇ ਜੀਵਨ ਤੇ ਚਾਨਣਾ ਪਾਇਆ ਕਿ ਕਿਵੇਂ ਉਸਨੇ ਨੌਜਵਾਨਾਂ ਨੂੰ ਲਾਮਬੰਦ ਕਰਕੇ ਲੋਕ ਸੰਘਰਸ਼ ਦੇ ਰਾਹ ਤੋਰਿਆ, ਪਰ ਰਾਜਸੀ ਲੋਕਾਂ ਨੇ ਉਸਦੀ ਚੜ੍ਹਤ ਤੋਂ ਘਬਰਾ ਕੇ ਉਸਦਾ ਕਤਲ ਕਰਵਾ ਦਿੱਤਾ ਸੀ।ਮਾਸਟਰ ਭਜਨ ਸਿੰਘ ਨੇ ਅੱਗੇ ਬੋਲਦੇ ਹੋਏ, ਜਿੱਥੇ 'ਇੰਟਰਨੈਸ਼ਨਲ ਵਿਮੈਨ ਡੇ' ਬਾਰੇ ਜਾਣਕਾਰੀ ਸਾਂਝੀ ਕੀਤੀ, ਉਥੇ 23 ਮਾਰਚ ਦੇ ਸ਼ਹੀਦਾਂ, ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀਆਂ ਸ਼ਹਾਦਤਾਂ ਨੂੰ ਯਾਦ ਕੀਤਾ।



ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਮੁੱਖ ਸੰਚਾਲਕ ਕਮਲਪ੍ਰੀਤ ਪੰਧੇਰ ਨੇ ਸਕੂਲਾਂ ਵਿੱਚ ਬੱਚਿਆਂ ਨਾਲ਼ ਹੋ ਰਹੀ ਬੁਲੀਇੰਗ (ਦੁਰ-ਵਿਵਹਾਰ) ਬਾਰੇ ਜਾਣਕਾਰੀ ਦਿੱਤੀ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਸਕੂਲੀ ਬੱਚਿਆਂ ਕੋਲ਼ ਰੋਜ਼ਾਨਾ ਕੁਝ ਮਿੰਟ ਬੈਠ ਕੇ ਜਾਣੋ ਕਿ ਉਨ੍ਹਾਂ ਨਾਲ਼ ਸਕੂਲਾਂ ਵਿੱਚ ਕਿਤੇ ਦੁਰ-ਵਿਵਹਾਰ ਤੇ ਨਹੀਂ ਹੋ ਰਿਹਾ। ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪ੍ਰਹਾਰ ਵਲੋਂ ਜਾਣਕਾਰੀ ਦਿੱਤੀ ਗਈ ਕਿ ਐਤਵਾਰ 12 ਮਾਰਚ ਨੂੰ ਉਘੀ ਥੀਏਟਰ ਕਲਾਕਾਰ ਅਤੇ ਪੰਜਾਬੀ ਫਿਲਮ ਅਭਿਨੇਤਰੀ ਅਨੀਤਾ ਸਬਦੀਸ਼ ਦਾ ਸੋਲੋ ਨਾਟਕ 'ਦਿੱਲੀ ਰੋਡ ਤੇ ਇਕ ਹਾਦਸਾ' ਕੈਲਗਰੀ ਡਾਊਨਟਾਊਨ ਸੈਂਟਰਲ ਲਾਇਬ੍ਰੇਰੀ ਦੇ ਥੀਏਟਰ ਵਿੱਚ 2 ਵਜੇ ਖੇਡਿਆ ਜਾਵੇਗਾ, ਥੀਏਟਰ ਦੇ ਡੋਰ 1:30 ਵਜੇ ਖੁੱਲਣਗੇ। ਇਹ ਥੀਏਟਰ ਕੈਲਗਰੀ ਸਿਟੀ ਹਾਲ ਦੇ ਬਿਲਕੁਲ ਪਿਛਲੇ ਪਾਸੇ ਹੈ। ਨਾਟਕ ਦੀ ਟਿਕਟ 10 ਡਾਲਰ ਹੋਵੇਗੀ ਅਤੇ ਮਾਸਟਰ ਭਜਨ ਸਿੰਘ ਜਾਂ ਹਰਚਰਨ ਸਿੰਘ ਪ੍ਰਹਾਰ ਤੋਂ ਟਿਕਟਾਂ ਲਈਆਂ ਜਾ ਸਕਦੀਆਂ ਹਨ। ਉਨ੍ਹਾਂ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਨਾਟਕ ਸਮਾਗਮ 'ਇੰਟਰਨੈਸ਼ਨਲ ਵਿਮੈਨ ਡੇ' ਨੂੰ ਸਮਰਪਿਤ ਹੋਵੇਗਾ ਅਤੇ ਡਾ. ਸੁਰਿੰਦਰ ਧੰਜਲ, ਕੈਮਲੂਪਸ (ਬੀ. ਸੀ.) ਤੋਂ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ। ਉਹ ਇਸ ਮੌਕੇ ਤੇ 'ਕੌਮਾਂਤਰੀ ਨਾਰੀ ਦਿਵਸ ਦੀ ਸੱਭਿਆਚਾਰਕ ਮਹੱਤਤਾ' ਵਿਸ਼ੇ ਤੇ ਲੈਕਚਰ ਕਰਨਗੇ।




ਇਸ ਮੌਕੇ ਤੇ ਸੁਖਵੀਰ ਗਰੇਵਾਲ ਵਲੋਂ ਬੱਚਿਆਂ ਨੂੰ ਪੰਜਾਬੀ ਤੇ ਖੇਡਾਂ ਨਾਲ਼ ਜੋੜਨ ਲਈ ਚਲਾਏ ਜਾ ਰਹੇ 'ਯੰਗਸਤਾਨ ਕੈਲਗਰੀ' ਦੇ ਬੱਚਿਆਂ ਵਲੋਂ ਵੱਖ-ਵੱਖ ਵਿਸ਼ਿਆਂ ਤੇ ਕਵਿਤਾਵਾਂ ਪੜ੍ਹੀਆਂ ਗਈਆਂ। ਮੀਟਿੰਗ ਦੌਰਾਨ ਸੁਖਵੀਰ ਗਰੇਵਾਲ, ਦਰਸ਼ਨ ਔਜਲਾ, ਰਾਜਵੰਤ ਕੌਰ ਮਾਨ ਵਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਅੰਤਰਰਾਸ਼ਟਰੀ ਵਿਮੈਨ ਡੇ ਬਾਰੇ ਬੋਲਦਿਆਂ ਰਾਜਵੰਤ ਕੌਰ ਮਾਨ ਨੇ ਇਤਿਹਾਸਕ ਪ੍ਰਸੰਗ ਵਿੱਚ ਔਰਤਾਂ ਦੇ ਰੋਲ, ਉਨ੍ਹਾਂ ਨਾਲ ਹੋਏ ਧੱਕਿਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ। ਮਾਸਟਰ ਭਜਨ ਸਿੰਘ ਨੇ ਸਟੇਜ ਸਕੱਤਰ ਦੀਆਂ ਸੇਵਾਵਾਂ ਨਿਭਾਉਂਦਿਆਂ ਜਾਣਕਾਰੀ ਦਿੱਤੀ ਕਿ 12 ਮਾਰਚ ਦੇ ਨਾਟਕ ਸਮਾਗਮ ਦੌਰਨ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ' ਵਲੋਂ ਨਵੀਂਆਂ ਤੇ ਪੁਰਾਣੀਆਂ ਪੁਸਤਕਾਂ ਦੇ ਮੇਲਾ ਵੀ ਲਗਾਇਆ ਜਾਵੇਗਾ, ਜਿੱਥੋਂ ਪਾਠਕ ਆਪਣੀ ਮਨਪਸੰਦ ਦੀਆਂ ਕਿਤਾਬਾਂ ਖਰੀਦ ਸਕਣਗੇ।

## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਸਿੱਖ ਵਿਰਸਾ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਸੈਮੀਨਾਰ

**16 ਅਪ੍ਰੈਲ 2023**

## ਮੁੱਖ ਬੁਲਾਰਾ: ਪ੍ਰੋ. ਚਮਨ ਲਾਲ

40 ਕਿਤਾਬਾਂ ਦੇ ਲੇਖਕ(ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ)

**ਐਤਵਾਰ ਨੂੰ**

**ਨੋਟ : ਦੁਪਹਿਰ 2.00 ਵਜੇ ਤੋਂ 4.00 ਵਜੇ ਤੱਕ ਐਕਸ ਸਰਵਿਸਮੈਨ ਸੁਸਾਇਟੀ (ਰੈੜ ਐਫਐਮ ਵਾਲੇ ਪਲਾਜ਼ੇ 'ਚ)**

**ਮਾਸਟਰ ਭਜਨ ਸਿੰਘ: 403-455-4220, ਹਰਚਰਨ ਸਿੰਘ ਪਰਹਾਰ: 403-681-8689**


**TAX & ACCOUNTING**

- Personal, Business & Corporate Tax
- Book Keeping & Accounting Service
- RSEP & Education Saving Plan (Get Goverment Grants upto 40%)
- RRSP, TFSA & RDSP
- Payroll & HST Service
- Business & GST Registration




Special Discounts for Groups & Seniors

**K.S.C. General SERVICES**

I will help you understand the product and provide trusted service to choose the product that fits your needs and life style. Give me a call for all your personal and business needs.



Kirpal Cheema

647-763-4862

www.kirpalcheema.com

**INSURANCE**

- Life Insurance (Permanent, Universal or Term)
- Disability & Critical Insurance (Money Back)
- Long Term Care Insurance
- Health, Dental & Drug Benefits
- Visitor & Super Visa Insurance (Monthly & Money Back Plan)
- Group Life, Health, Dental & Drug Plans

**MAROK LAW OFFICE**

*Always Taking You Forward*



- Corporate Law • Real Estate
- Wills • Affidavits • Power of Attorney

**VIPANDEEP SINGH MAROK**
M.A., LLB
Barrister, Solicitor & Notary Public

80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com

www.maroklaw.com

**KRAFTSMAN ELECTRIC LTD.**

ELECTRIC

Residential & Commercial

Licensed, Bonded & Insured

CERTIFIED ELECTRICIAN CERTIFIED

BBB ACCREDITED BUSINESS

www.kraftsmanelectric.ca
kelectric17@gmail.com

778-883-1313

# ਸ਼ੋਰ ਦਿਖਾਵੇ ਜ਼ੋਰ

ਡਾ. ਬਲਜਿੰਦਰ
94170-79720
singh.drbaljinder@gmail.com



ਮਕਬੂਲ ਸ਼ਾਇਰ, ਅਫਸਾਨਾਨਿਗਾਰ, ਫਿਲਮੀ ਹਦਾਇਤਕਾਰ ਗੁਲਜ਼ਾਰ ਦੀ ਇੱਕ ਫ਼ਿਲਮ ਸੱਤਰਵਿਆਂ 'ਚ ਆਈ ਸੀ। ਨਾਮ ਸੀ ਕੋਸ਼ਿਸ਼। ਮੀਆਂ-ਬੀਵੀ ਗੂੰਗੇ-ਬਹਿਰੇ ਹਨ। ਸਮੇਂ ਨਾਲ ਉਹਨਾਂ ਦੇ ਘਰ ਇੱਕ ਨੰਨ੍ਹਾ ਜਿਹਾ ਬਾਲਕ ਜਨਮ ਲੈਂਦਾ ਹੈ। ਹੁਣ ਉਹਨਾਂ ਦੋਹਾਂ ਨੂੰ ਹੀ ਇਹ ਫ਼ਿਕਰ ਵੱਢ-ਵੱਢ ਖਾਈ ਜਾਂਦਾ ਕਿ ਕਿਤੇ ਇਹ ਅੰਞਾਣਾ ਵੀ ਸਾਡੇ ਵਰਗਾ ਤਾਂ ਨਹੀਂ ਹੈ। ਉਹ ਆਪਣੇ ਹੀ ਢੰਗ ਨਾਲ ਉਸਦਾ ਟੈੱਸਟ ਕਰਦੇ ਹਨ। ਉਹ ਉਹਦੇ ਕੋਲ ਲਿਜਾ ਕੇ ਛੁਣਛੁਣਾ ਵੀ ਖੜਕਾਉਂਦੇ ਹਨ। ਪਰ ਨਿਆਣੇ 'ਤੇ ਕੋਈ ਅਸਰ ਨਹੀਂ ਹੁੰਦਾ। ਬੜੇ ਪਰੇਸ਼ਾਨ ਹਾਲਤ 'ਚ ਦੇਖਕੇ ਉਹਨਾਂ ਦਾ ਇੱਕ ਗੁਆਂਢੀ ਮਿੱਤਰ ਆਕੇ ਉਹਨਾਂ ਦੀ ਪਰੇਸ਼ਾਨੀ ਨੂੰ ਸਮਝਦਿਆਂ ਦੂਰ ਕਰਨ ਲਈ ਉਹਨਾਂ ਹੱਥੋਂ ਉਹ ਛੁਣਛੁਣਾ ਫੜ ਲੈਂਦਾ ਹੈ ਅਤੇ ਦੇਖਦਾ ਹੈ ਕਿ ਉਸ 'ਚ ਰੋੜ ਤਾਂ ਹੈ ਹੀ ਨਹੀਂ ਹਨ, ਜਿਹਨਾਂ ਨੇ ਆਵਾਜ਼ ਪੈਦਾ ਕਰਨੀ ਹੁੰਦੀ ਹੈ। ਇਓਂ ਉਹ ਉਹਨਾਂ ਦੀ ਤਕਲੀਫ ਦੂਰ ਕਰ ਦਿੰਦਾ ਹੈ।

ਐਨੀ ਲੰਮੀ ਵਾਰਤਾ ਕਹਿਣ ਦਾ ਮਤਲਬ ਇਹ ਦਰਸਾਉਣ ਲਈ ਹੈ ਕਿ ਸਾਡੀ ਆਮ ਜ਼ਿੰਦਗੀ 'ਚ ਆਵਾਜ਼ ਅਤੇ ਇਹਨੂੰ ਸੁਣਨ ਦੀ ਕਿੱਡੀ ਅਹਿਮੀਅਤ ਹੈ। ਅਗਰ ਨਾ ਬੋਲ ਸਕੇ ਤਾਂ ਮੁਸੀਬਤ ਅਤੇ ਜੇ ਸੁਣ ਵੀ ਨਾ ਸਕੇ ਤਾਂ ਫਿਰ ਮੁਸੀਬਤਾਂ ਦਾ ਪਹਾੜ। ਕਿਸੇ ਦੇ ਮਿੱਠੇ ਬੋਲਾਂ ਨੂੰ ਮਨ ਤਰਸਦਾ ਰਹਿੰਦਾ ਹੈ ਅਤੇ ਨਾਲ ਹੀ ਬਹੁਤ ਵਾਰੀ ਅਜਿਹੇ ਬੋਲ ਵੀ ਕੰਨੀਂ ਪੈਂਦੇ ਹਨ- ਕੰਨਾਂ ਦੇ ਕੀੜੇ ਨਾ ਕੱਢ, ਬੜਾ ਸਿਰ ਖਾਈ ਜਾਣਾਂ, ਕੰਨ ਪਾੜਵੇਂ ਗਾਣੇ ਬੰਦ ਕਰ ਦੇਹ ਆਦਿ। ਕਿਓਂ ਕੁਦਰਤੀ ਹੀ ਅਜਿਹੇ ਬੋਲ ਬੋਲਣ ਨੂੰ ਜੀਅ ਕਰ ਆਉਂਦੈ? ਕਾਰਨ ਇਹਦੇ ਫਰੋਲਦਿਆਂ ਪਤਾ ਲੱਗਦਾ ਹੈ ਕਿ ਮਨੁੱਖੀ ਕੰਨ ਧਵਨੀ ਦੀ ਇੱਕ ਹੱਦ ਨੂੰ ਬਰਦਾਸ਼ਤ ਕਰ ਸਕਦੇ ਹਨ ਅਤੇ ਉਸ ਤੋਂ ਵਧੇਰੇ ਹੋਣ ਨਾਲ ਉਹੀ ਬੋਲ ਕੰਨਾਂ ਨੂੰ ਖਾਣ (ਤੰਗ ਕਰਨ) ਵਾਲੇ ਬਣ ਜਾਂਦੇ ਹਨ।

ਧਵਨੀ ਅਸਲ 'ਚ ਊਰਜਾ ਦਾ ਹੀ ਇੱਕ ਰੂਪ ਹੈ। ਧਵਨੀ ਊਰਜਾ ਮਕੈਨੀਕਲ ਊਰਜਾ ਦੀ ਹੀ ਸ਼ਕਲ ਹੈ। ਲਹਿਰਾਂ ਦੇ ਰੂਪ 'ਚ ਇਹ ਹਵਾ ਦੇ ਮਾਧਿਅਮ ਰਾਹੀਂ ਆਪਣੇ ਸਰੋਤ ਤੋਂ ਆਪਣੇ ਆਲੇ-ਦੁਆਲੇ ਫੈਲਦੀ ਹੈ। ਇਸਨੂੰ ਮਾਪਣ ਲਈ ਕਈ ਤਰ੍ਹਾਂ ਦੇ ਹੋਰ ਪਸਾਰਾਂ ਨੂੰ ਧਿਆਨ 'ਚ ਰੱਖਣਾ ਪੈਂਦਾ ਹੈ। ਪਰ ਆਮ ਤੌਰ 'ਤੇ ਇਸ ਊਰਜਾ ਦੀ ਤੀਖਣਤਾ ਨੂੰ ਮਾਪਣ ਲਈ ਡੈਸੀਬਲ (dB) ਇਕਾਈ ਵਰਤੋਂ 'ਚ ਲਿਆਂਦੀ ਜਾਂਦੀ ਹੈ। ਆਮ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਆਮ ਰੂਪ 'ਚ ਇੱਕ ਕਮਰੇ 'ਚ ਇੱਕ ਮੀਟਰ ਦੂਰੀ 'ਤੇ ਬੈਠਿਆਂ ਕੋਈ ਜਣਾਂ ਕੋਈ ਗੱਲ ਕਰਦਾ ਹੈ ਤਾਂ ਅਗਰ ਉਸ ਮਾਹੌਲ 'ਚ ਯਾਨੀ ਕਿ ਕਮਰੇ 'ਚ 45 ਡੈਸੀਬਲ ਦੇ ਪੱਧਰ ਦੀ ਬੈਕਗਰਾਊਂਡ ਆਵਾਜ਼ 'ਚ ਵੀ ਕੀਤੀ ਜਾਣ ਵਾਲੀ ਗੱਲਬਾਤ ਸੌਖਿਆਂ ਹੀ ਸਮਝੀ ਜਾ ਸਕਦੀ ਹੈ ਅਤੇ ਅਗਰ ਬੈਕਗਰਾਊਂਡ ਧਵਨੀ ਦਾ ਇਹ ਪੱਧਰ ਕਿਤੇ 55 ਡੈਸੀਬਲ ਤੋਂ ਟੱਪ ਜਾਵੇ ਤਾਂ ਵੀ ਕੁੱਝ ਹੱਦ ਤੱਕ ਗੱਲਬਾਤ ਨੂੰ ਸਾਫ ਸੁਣਿਆ ਦਾ ਸਕਦਾ ਹੈ। ਇੱਥੇ ਇਹ ਸਮਝਣ ਦੀ ਜ਼ਰੂਰਤ ਹੈ ਕਿ ਸ਼ੋਰ ਦੇ ਪੱਧਰ 'ਤੇ 65 ਡੈਸੀਬਲ ਦੇ ਸ਼ੋਰ ਦੌਰਾਨ ਵੀ ਥੋੜ੍ਹੀ ਜਿਹੀ ਮੁਸ਼ਕਲ ਨਾਲ ਉੱਚੀ ਆਵਾਜ਼ (ਸੁਰ) 'ਚ ਕੀਤੀ ਗੱਲ ਵੀ ਸੁਣਾਈ ਦੇ ਜਾਂਦੀ ਹੈ। ਪਰ ਅਗਰ ਅਸੀਂ ਬਾਹਰ ਖੁੱਲ੍ਹੇ 'ਚ ਦੋ ਮੀਟਰ ਦੀ ਵਿੱਥ 'ਤੇ ਖੜ੍ਹੇ ਕਿਸੇ ਜਣੇ ਨਾਲ ਗੱਲ ਕਰਨੀ ਹੋਵੇ ਤਾਂ ਧਵਨੀ ਦੀ 6 ਡੈਸੀਬਲ ਦੀ ਊਰਜਾ ਹੀ ਸਾਡੇ ਦਰਮਿਆਨ ਸੰਚਾਰ ਲਈ ਕਾਫ਼ੀ ਜਾਣੀ ਜਾਂਦੀ ਹੈ। ਕਿਸੇ ਤੰਦਰੁਸਤ ਮਨੁੱਖ ਦੀ ਸੁਣਨ ਸ਼ਕਤੀ ਨੂੰ 20/20 ਦੇ ਪੈਮਾਨੇ ਮੁਤਾਬਕ ਮਾਪਿਆ ਜਾਂਦਾ ਹੈ, ਯਾਨੀ ਕਿ ਉਸ ਮਨੁੱਖ ਦੀ ਸੁਣਨ ਸ਼ਕਤੀ 0 ਤੋਂ 20dB ਤੱਕ ਦੀ ਧਵਨੀ ਨੂੰ ਸੁਣਨ ਦੇ ਕਾਬਲ ਹੈ। ਆਮ ਰੂਪ 'ਚ ਮਨੁੱਖ ਕਿੰਨੇ ਕੁ ਸ਼ਕਤੀ ਵਾਲੀ ਧਵਨੀ ਨੂੰ ਬਰਦਾਸ਼ਤ ਕਰ ਸਕਦਾ ਹੈ। ਭਾਵੇਂ ਕਿ ਇਹਦੇ ਬਾਰੇ ਕੋਈ ਘੜਿਆ-ਘੜਾਇਆ ਫ਼ਾਰਮੂਲਾ ਨਹੀਂ ਹੈ, ਕਿਉਂਕਿ ਇਸ ਨੂੰ ਨਿਰਧਾਰਤ ਕਰਨ ਵਾਲੇ ਕਈ ਸਾਰੇ ਪੱਖ ਹਨ ਜਿਹਨਾਂ ਨੂੰ ਸਾਹਮਣੇ ਰੱਖਿਆ ਜਾਂਦਾ ਹੈ, ਪਰ ਐਨੀ ਕੁ ਗੱਲ ਜ਼ਰੂਰ ਹੈ ਕਿ ਕੋਈ ਵੀ ਮਨੁੱਖ 20 ਤੋਂ 20000 ਹਰਟਜ਼ (Hz) ਜਾਂ ਫਿਰ 0 ਤੋਂ 180 dB ਦੀ ਸ਼ਕਤੀ ਵਾਲੀ ਧਵਨੀ ਨੂੰ ਸਹਿਣ ਕਰ ਸਕਦਾ ਹੈ। ਪਰ ਇਹ ਮਾਲੂਮ ਕੀਤਾ ਜਾ ਚੁੱਕਿਆ ਹੈ ਕਿ 85 dB ਤੋਂ ਉੱਚੀ ਧਵਨੀ ਮਨੁੱਖੀ ਸਰੀਰ ਲਈ ਨੁਕਸਾਨਦੇਹ ਹੈ।

**ਸ਼ੋਰ ਕੀ ਹੈ?**

ਪੰਛੀਆਂ ਦੀ ਕਲਕਲ, ਹਵਾ ਦੀ ਸਰਸਰਾਹਟ, ਪਾਣੀ ਦਾ ਵਗਣਾ, ਮਨਮੋਹਕ ਗੀਤ, ਪੇੜ-ਪੌਦਿਆਂ ਦੀ ਸਰਸਰਾਹਟ ਇੱਕ ਮਨਮੋਹਕ ਵਾਤਾਵਰਣ ਪੇਸ਼ ਕਰਦੀ ਹੈ। ਇਹੀ ਮਨਮੋਹਕ ਦ੍ਰਿਸ਼ ਕਦੋਂ ਮਨ ਨੂੰ ਪੀੜਾ ਪਹੁੰਚਾਉਣ ਵਾਲਾ ਅਤੇ ਸਰੀਰ ਨੂੰ ਤੰਗੀ ਦੇਣ ਵਾਲਾ ਬਣ ਜਾਂਦਾ ਹੈ- ਇਸ ਸਾਰੇ ਨੂੰ ਮਧੁਰਤਾ ਪ੍ਰਦਾਨ ਕਰਨ ਵਾਲੀ ਹਵਾ ਨਾਲ ਪੈਦਾ ਹੋਈ ਧਵਨੀ ਦੀ ਰਫ਼ਤਾਰ, ਉਹਦੇ ਵਗਣ ਦੀ ਤੀਬਰਤਾ ਆਦਿ ਅਜਿਹੇ ਕਾਰਕ ਹਨ ਜਿਹੜੇ ਮਿਲ ਕੇ ਮਨੁੱਖ ਲਈ ਔਖ ਦਾ ਸਬੱਬ ਬਣਦੇ ਹਨ।

ਇਹੀ ਹੈ ਫਰਕ-ਸ਼ੋਰ ਅਤੇ ਆਵਾਜ਼ (ਧ ?ਵਨੀ) ਦਰਮਿਆਨ। ਜਿੱਥੇ ਆਵਾਜ਼ ਸਾਡੇ ਲਈ ਜਿਓਣ ਦਾ ਜ਼ਰੀਆ ਹੈ ਉੱਥੇ ਸ਼ੋਰ ਬਿਮਾਰੀਆਂ ਦਾ ਸਬੱਬ ਹੈ ਅਤੇ ਮਨੁੱਖ ਨੂੰ ਮੌਤ ਦੇ ਨੇੜੇ ਲੈ ਜਾਂਦਾ ਹੈ। ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਪਚਾਸੀ ਡੈਸੀਬਲ ਤੋਂ ਉੱਚੀ ਧਵਨੀ ਸਾਡੇ ਸਰੀਰ ਲਈ ਨੁਕਸਾਨਦੇਹ ਹੈ। ਇਓਂ ਦੇਖਿਆਂ ਇਸ ਪੱਧਰ ਤੋਂ ਉੱਚੀ ਆਵਾਜ਼ ਸ਼ੋਰ ਹੀ ਕਹੀ ਜਾ ਸਕਦੀ ਹੈ। ਇਹ ਵੀ ਨੋਟ ਕੀਤਾ ਗਿਆ ਹੈ ਕਿ ਬਹੁਤ ਹਾਲਤਾਂ 'ਚ ਇਸ ਪੱਧਰ ਤੋਂ ਉੱਚੀ ਆਵਾਜ਼ ਵਾਲੇ ਵਾਤਾਵਰਣ ਅੰਦਰ ਅਗਰ ਥੋੜ੍ਹੀ ਦੇਰ ਲਈ ਰਿਹਾ ਜਾਵੇ ਤਾਂ ਇਹ ਕੋਈ ਗਿਣਨਯੋਗ ਮਾੜਾ ਪ੍ਰਭਾਵ ਨਹੀਂ ਪਾਉਂਦੀ। ਪਰ ਇਹ ਗੱਲ ਤਹਿ ਹੈ ਕਿ ਅਗਰ ਇਹੀ ਪੱਧਰ ਦੀ ਆਵਾਜ਼ ਦੇ ਵਾਤਾਵਰਣ ਅੰਦਰ ਇਨਸਾਨ ਬਹੁਤ ਦੇਰ ਤੱਕ ਅਤੇ ਬਹੁਤ ਅਰਸੇ ਤੱਕ ਰਹਿ ਰਿਹਾ ਹੁੰਦਾ ਹੈ ਤਾਂ ਉਸਦੇ ਸਰੀਰ 'ਤੇ ਇਸਦੇ ਬਹੁਤੇ ਪ੍ਰਭਾਵ ਪੈਣ ਦੀ ਸੰਭਾਵਨਾ ਹੋ ਜਾਂਦੀ ਹੈ।

ਸੱਭਿਅਤਾ ਦੇ ਵਿਕਾਸ ਨਾਲ ਅਤੇ ਖ਼ਾਸ ਕਰ ਸਨਅਤੀ ਵਿਕਾਸ ਨੇ ਜਿੱਥੇ ਵੀ ਅਤੇ ਜਦੋਂ ਵੀ ਕਦਮ ਧਰਿਆ ਹੈ ਤਾਂ ਇਸਨੇ ਸ਼ੋਰ ਨੂੰ ਵਧਾਇਆ ਹੀ ਹੈ। ਇਹਦਾ ਕਾਰਨ ਮਸ਼ੀਨਰੀ ਦੀ ਆਵਾਜ਼, ਆਵਾਜਾਈ ਦੇ ਸਾਧਨਾਂ ਦਾ ਵਿਕਾਸ ਹੋ ਜਾਣ ਨਾਲ ਆਵਾਜਾਈ ਦਾ ਵਧਣਾ ਅਤੇ ਸਿੱਟੇ ਵਜੋਂ ਸ਼ੋਰ ਅਤੇ ਸ਼ੋਰ ਪ੍ਰਦੂਸ਼ਣ ਦਾ ਵਧਣਾ ਲਾਜ਼ਮੀ ਹੈ। ਸਨਅਤੀ ਵਿਕਾਸ ਦਾ ਅਨਿੱਖੜਵਾਂ ਅੰਗ ਹੈ- ਸ਼ਹਿਰੀਕਰਨ। ਦੇਖਿਆ ਜਾਵੇ ਤਾਂ ਜਿਹਨਾਂ ਖੇਤਰਾਂ ਅੰਦਰ ਸਨਅਤਾਂ ਸਥਾਪਤ ਕੀਤੀਆਂ ਗਈਆਂ ਉਹਨਾਂ ਦੇ ਆਲੇ-ਦੁਆਲੇ ਹੀ ਇਹਨਾਂ ਸਨਅਤਾਂ ਅੰਦਰ ਕੰਮ ਕਰਨ ਵਾਲੇ ਲੋਕ ਰਹਿਣ ਲੱਗ ਪਏ। ਸ਼ਹਿਰੀਕਰਨ ਤੇ ਸਨਅਤੀਕਰਨ ਆਦਿ ਨੇ ਮਿਲਕੇ ਆਵਾਜ਼ ਜਾਂ ਧਵਨੀ ਪ੍ਰਦੂਸ਼ਣ ਨੂੰ ਪੈਦਾ ਕੀਤਾ।

**ਸ਼ੋਰ ਪ੍ਰਦੂਸ਼ਣ ਦੇ ਮਾਰੂ ਅਸਰ- ਉੱਚੀ ਸੁਣਨਾ ਯਾਨੀ ਕਿ ਬੋਲਾਪਣ**

ਮਸ਼ੀਨਰੀ ਦੀ ਖੜ-ਖੜ ਅਤੇ ਨਾਲ ਹੀ ਇੱਕ ਕਮਰੇ ਅੰਦਰ ਹੀ ਕੰਮ ਕਰਨ ਨਾਲ ਸ਼ੋਰ ਪ੍ਰਦੂਸ਼ਣ ਦਾ ਅਸਰ ਵਧੇਰੇ ਪੈਂਦਾ ਹੈ। ਆਲਮੀ ਸਿਹਤ ਸੰਸਥਾ (WHO) ਦੇ ਅੰਕੜਿਆਂ ਮੁਤਾਬਕ ਕਿ ਅਗਰ ਕੋਈ ਵਿਅਕਤੀ ਲਗਾਤਾਰਤਾ ਨਾਲ ਰੋਜ਼ਾਨਾ ਅੱਠ ਘੰਟੇ ਕੰਮ ਕਰਦਿਆਂ 85dB ਦੇ ਏੜ-ਗੇੜ ਵਾਲੀ ਸ਼ਕਤੀ ਵਾਲੀ ਧਵਨੀ ਵਾਲੇ ਖੇਤਰ ਅੰਦਰ ਬਿਤਾਉਂਦਾ ਹੈ ਤਾਂ ਉਸ ਦੇ ਅਜਿਹੇ ਸ਼ੋਰ ਪ੍ਰਦੂਸ਼ਣ ਤੋਂ ਅਸਰਅੰਦਾਜ਼ ਹੋਣ ਦੇ ਵਧੇਰੇ ਖਤਰੇ ਹਨ। ਇਹਦੇ ਨਾਲ ਇਹ ਵੀ ਕਿ ਆਵਾਜ਼ ਦੀ ਤੀਖਣਤਾ ਅਤੇ ਇਹਦੇ ਉਤਾਰ-ਚੜ੍ਹਾਅ ਵੀ ਮਨੁੱਖੀ ਸਰੀਰ ਉੱਪਰ ਅਲੱਗ-ਅਲੱਗ ਢੰਗ ਨਾਲ ਅਸਰਅੰਦਾਜ਼ ਹੁੰਦੇ ਹਨ। ਇਸੇ 'ਚੋਂ ਹੀ ਅਲੱਗ-ਅਲੱਗ ਮੁਲਕਾਂ ਨੇ ਸ਼ੋਰ ਪ੍ਰਦੂਸ਼ਣ ਸਬੰਧੀ ਆਪਣੇ ਕਾਨੂੰਨਾਂ ਅੰਦਰ ਧਵਨੀ ਦੇ ਅਲੱਗ-ਅਲੱਗ ਪੱਧਰ ਤਹਿ ਕੀਤੇ ਹੋਏ ਹਨ ਜਿਹਨਾਂ ਤੱਕ ਕਿ ਇਸ ਸ਼ੋਰ ਪੱਧਰ ਨੂੰ ਰਹਿਣਾ ਚਾਹੀਦਾ ਹੈ ਤਾਂ ਜੋ ਇਹ ਉੱਥੇ ਕੰਮ ਕਰਨ ਵਾਲਿਆਂ ਲਈ ਕੋਈ ਰੋਗ ਦਾ ਕਾਰਨ ਨਾ ਬਣੇ।

ਸ਼ੋਰ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਅਸਰ ਮਨੁੱਖੀ ਸਰੀਰ ਦੇ ਸੁਣਨ ਵਾਲੀਆਂ ਇੰਦਰੀਆਂ ਯਾਨੀ ਕਿ ਕੰਨਾਂ 'ਤੇ ਪੈਂਦਾ ਹੈ। ਸੁਣਨ ਦੇ ਕਾਬਲ ਨਾ ਰਹਿਣ ਦਾ ਅੰਦਾਜ਼ਾ ਕਿਸੇ ਵੀ ਮਨੁੱਖ ਦੇ ਉਸ ਦੀ ਰੋਜ਼ਮੱਰ੍ਹਾ ਦੀ ਜ਼ਿੰਦਗੀ ਬਿਤਾਉਣ 'ਚ ਆਉਣ ਵਾਲੀਆਂ ਅੜਚਨਾਂ ਤੋਂ ਦੇਖਿਆ ਜਾ ਸਕਦਾ ਹੈ। ਬੋਲਾ ਆਦਮੀ ਕਿਹੋ ਜਿਹੀ ਜ਼ਿੰਦਗੀ ਬਿਤਾਉਂਦਾ ਹੈ ਇਸ ਬਾਰੇ ਕੋਈ ਬਹੁਤੀ ਵਿਆਖਿਆ 'ਚ ਜਾਣ ਦੀ ਜ਼ਰੂਰਤ ਨਹੀ ਹੈ।

**ਨੀਂਦ 'ਚ ਖਲੱਲ੍ਹ**

ਅਕਸਰ ਹੀ ਅਸੀਂ ਮਹਿਸੂਸ ਕਰਦੇ ਹਾਂ ਕਿ ਮਾੜੇ ਜਿਹੇ ਖੜਾਕ ਨਾਲ ਹੀ ਰਾਤ ਨੂੰ ਨੀਂਦ ਖੁੱਲ੍ਹ ਜਾਂਦੀ ਹੈ। ਵਿਗਿਆਨੀਆਂ ਨੇ ਪਤਾ ਲਗਾਇਆ ਹੈ ਕਿ 35dB ਤੋਂ ਵੱਧ ਹੋਣ ਵਾਲਾ ਖੜਾਕ ਨੀਂਦ ਉਡਾ ਦਿੰਦਾ ਹੈ। ਖੋਜਾਂ ਦੌਰਾਨ ਪਤਾ ਲੱਗਿਆ ਹੈ ਕਿ 40dB ਦੀ ਧਵਨੀ ਨਾਲ ਕਿਸੇ ਵਿਅਕਤੀ ਦੇ ਜਾਗਣ ਦੀ ਸੰਭਾਵਨਾ 5% ਹੈ ਜਿਹੜੀ ਕਿ 70dB 'ਤੇ ਜਾਕੇ 30% ਹੋ ਜਾਂਦੀ ਹੈ। ਇਹ ਵੀ ਪਤਾ ਲਗਾਇਆ ਗਿਆ ਹੈ ਕਿ ਜਿਹੜੇ ਵਿਅਕਤੀ 35dB 'ਤੇ ਆਰਾਮ ਦੀ ਨੀਂਦ ਸੌਂਦੇ ਹਨ ਉਹਨਾਂ ਨੂੰ 50dB 'ਤੇ ਜਾਕੇ ਨੀਂਦ ਨਾ ਆਉਣੀ ਅਤੇ ਨੀਂਦ 'ਚ ਗੜਬੜੀ ਵਾਲੀ ਸ਼ਿਕਾਇਤ ਰਹਿੰਦੀ ਹੈ। ਕਈਆਂ 'ਚ ਤਾਂ 40dB 'ਤੇ ਹੀ ਅਜਿਹੀਆਂ ਅਲਾਮਤਾਂ ਨਜ਼ਰ ਆਉਣ ਲੱਗਦੀਆਂ ਹਨ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸ਼ੋਰ ਪੈਦਾ ਕਰਨ ਵਾਲੇ ਸਰੋਤਾਂ ਦੇ ਆਸ-ਪੜੋਸ 'ਚ ਰਹਿਣ ਵਾਲੇ ਲੋਕਾਂ ਦੀ ਸਰੀਰਕ ਤੇ ਮਾਨਸਕ ਹਾਲਤ ਕੀ ਹੋਊ? ਕਿਓਂਕਿ ਸੁੱਖ ਦੀ ਨੀਂਦ ਸੌਣ ਲਈ ਸਿਹਤ ਮਾਹਰ ਇਹ ਸੁਝਾਉਂਦੇ ਹਨ ਕਿ 35dB ਦੀ ਧਵਨੀ ਤੋਂ ਘੱਟ 'ਚ ਹੀ ਅੱਛੀ ਨੀਂਦ ਆ ਸਕਦੀ ਹੈ। ਇਹਦੇ ਨਾਲ ਹੀ ਬਹੁਤੀ ਸੰਘਣੀ ਵਸੋਂ ਵਾਲੇ ਸ਼ੋਰ-ਸ਼ਰਾਬੇ ਨਾਲ ਭਰਪੂਰ ਖੇਤਰਾਂ 'ਚ ਰਹਿਣ ਵਾਲੇ, ਖਾਸਕਰ ਏਅਰ ਪੋਰਟਾਂ ਦੇ ਨੇੜਲੇ ਇਲਾਕਿਆਂ 'ਚ ਵਾਸ ਕਰਨ ਵਾਲੇ ਲੋਕਾਂ ਦੇ ਖ਼ੂਨ ਦੇ ਪ੍ਰਵਾਹ ਅੰਦਰ ਵੀ ਤਬਦੀਲੀਆਂ ਨੋਟ ਕੀਤੀਆਂ ਗਈਆਂ ਹਨ-ਜਿਵੇਂ ਕਿ ਉਹਨਾਂ ਦੇ ਖ਼ੂਨ ਵਾਲੀਆਂ ਨਾਲੀਆਂ ਸੁੰਗੜ ਕੇ ਤੰਗ ਹੋ ਜਾਂਦੀਆਂ ਹਨ ਅਤੇ ਸ਼ੋਰ ਦੀ ਲਗਾਤਾਰਤਾ ਕਾਰਨ ਉਹਨਾਂ ਨਾਲੀਆਂ ਦੀ ਹਾਲਤ ਲਗਾਤਾਰਤਾ ਨਾਲ ਅਜਿਹੀ ਹੀ ਬਣੀ ਹੀ ਰਹਿੰਦੀ ਹੈ, ਸਿੱਟੋ ਵਜੋਂ ਉਹਨਾਂ ਨੂੰ ਬਲੱਡ ਪਰੈਸ਼ਰ ਦੇ ਲਗਾਤਾਰ ਹੀ ਨਾਰਮਲ ਨਾਲੋਂ ਵਧੇਰੇ ਰਹਿਣ ਦੀ ਸ਼ਿਕਾਇਤ ਰਹਿੰਦੀ ਹੀ ਰਹਿੰਦੀ ਹੈ। ਇਹੀ ਸ਼ਿਕਾਇਤ ਅੱਗੇ ਜਾ ਕੇ ਹਾਰਟ ਅਟੈਕ ਦਾ ਕਾਰਨ ਵੀ ਬਣ ਸਕਦੀ ਹੈ। ਅਗਰ ਸ਼ੋਰ ਦੀ ਹੱਦ 70dB ਤੋਂ ਵੱਧ ਰ੍ਹਵੇ ਤਾਂ ਇਸ ਨਾਲ ਅੱਖਾਂ ਦੀਆਂ ਪੁਤਲੀਆਂ ਦੇ ਟੱਡੇ ਰਹਿਣ, ਦਿਲ ਦੀ ਧੜਕਣ ਦਾ ਅਮੂਮਨ ਨਾਲੋਂ ਘੱਟ ਰਹਿਣਾ(ਬਰੈਡੀਕਾਰਡੀਆ), ਅਤੇ ਚਮੜੀ ਦੇ ਵਧੇਰੇ ਸੰਵੇਦਨਸ਼ੀਲ ਹੋਣ ਦੀ ਹਾਲਤ ਲਗਾਤਾਰ ਬਣੀ ਰਹਿੰਦੀ ਹੈ। ਇਹਨਾਂ ਤਕਲੀਫ਼ਾਂ ਤੋਂ ਇਲਾਵਾ ਮਨੁੱਖੀ ਭੋਜਨ ਪ੍ਰਣਾਲੀ ਦਾ ਅੰਗ ਬਣਦੀਆਂ ਆਂਦਰਾਂ (ਗੱਟ gut) ਦੀ ਗਤੀ ਅੰਦਰ ਵੀ ਤੇਜ਼ ਸ਼ੋਰ ਨਾਲ ਗੜਬੜੀ ਆਉਂਦੀ ਹੈ- ਜਿਸ ਨਾਲ ਤੇਜ਼ਾਬ ਦਾ ਵਧੇਰੇ ਬਣਨਾ ਨਤੀਜੇ ਵਜੋਂ ਮਿਹਦੇ ਅੰਦਰ ਜ਼ਖ਼ਮਾਂ ਦਾ ਹੋਣਾ(ਪੈੱਪਟਿਕ ਅਲਸਰ), ਪਤਲਾ ਪਾਖ਼ਾਨਾ ਬਾਰ-ਬਾਰ ਆਉਣਾ ਆਦਿ ਲੱਛਣਾਂ ਵਾਲੇ ਮਰੀਜ਼ ਸੁਣਨ ਸ਼ਕਤੀ ਦੇ ਕਮਜ਼ੋਰ ਹੋਣ ਦੇ ਵਧੇਰੇ ਕੇਸਾਂ ਦੇ ਨਾਲ-ਨਾਲ ਵੀ ਹੋ ਸਕਦੇ ਹਨ।

**ਚਿੜਚਿੜਾ ਸੁਭਾਅ**

ਵੱਖ-ਵੱਖ ਬੰਦਿਆਂ ਦੇ ਇੱਕੋ ਹੀ ਪੱਧਰ ਦੇ ਸ਼ੋਰ ਪ੍ਰਤੀ ਜ਼ਰੂਰੀ ਨਹੀਂ ਕਿ ਇੱਕੋ ਜਿਹੇ ਹੀ ਪ੍ਰਤੀਕਰਮ ਹੋਣ। ਹਵਾਈ ਅੱਡਿਆਂ ਦੇ ਨਜ਼ਦੀਕ ਤੇ ਸੜਕਾਂ ਕਿਨਾਰੇ ਘਰਾਂ 'ਚ ਰਹਿਣ ਵਾਲਿਆਂ ਨੂੰ ਲਗਾਤਾਰ ਵਧੇਰੇ ਉੱਚੀ ਆਵਾਜ਼ ਵਾਲੇ ਸ਼ੋਰ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਨਿਸ਼ਚਿਤ ਕੀਤਾ ਜਾ ਚੁੱਕਿਆ ਹੈ ਕਿ ਅਗਰ ਦਿਨ ਵੇਲੇ ਸ਼ੋਰ ਦਾ ਪੱਧਰ 55dB ਤੋਂ ਨੀਵੇਂ ਪੱਧਰ ਦਾ ਰਹਿੰਦਾ ਹੈ ਤਾਂ ਸ਼ੋਰ ਤੋਂ ਔਖੇ ਹੋਣ ਵਾਲੇ ਲੋਕਾਂ ਦੀ ਗਿਣਤੀ ਘੱਟ ਹੋਵੇਗੀ।

**ਕੰਮ ਨੂੰ ਸੁਚਾਰੂ ਰੂਪ 'ਚ ਕਰਨ 'ਤੇ ਅਸਰ**

ਸ਼ੋਰ ਮਨੁੱਖ ਨੂੰ ਉਸਦੇ ਕੰਮ ਤੋਂ ਪਾਸੇ ਭਟਕਾਉਂਦਾ ਹੈ। ਅਗਰ ਆਮ ਰੂਪ ਦੇ ਸ਼ੋਰ ਨਾਲੋਂ ਕੋਈ ਅੱਡਰੀ ਕਿਸਮ ਦਾ ਸ਼ੋਰ ਸੁਣਾਈ ਪੈਂਦਾ ਹੈ ਤਾਂ ਉਹ ਵੀ ਸਾਡਾ ਧਿਆਨ ਭਟਕਾਉਂਦਾ ਹੈ। ਸ਼ੋਰ ਮਨੁੱਖ ਦੀ ਇਕਾਗਰ ਹੋ ਕੇ ਕੰਮ ਕਰਨ ਦੀ ਸਮਰੱਥਾ 'ਤੇ ਅਸਰਅੰਦਾਜ਼ ਹੁੰਦਾ ਹੈ ਅਤੇ ਇਓਂ ਇਹ ਮਨੁੱਖੀ ਕਾਰਜਕੁਸ਼ਲਤਾ 'ਤੇ ਅਸਰ ਪਾਉਂਦਾ ਹੈ। ਚੌਕਸੀ, ਜਾਣਕਾਰੀ ਇਕੱਤਰ ਕਰਨਾ ਅਤੇ ਇਹਨਾਂ ਦਾ ਵਿਸ਼ਲੇਸ਼ਨਾਤਮਕ ਅਧਿਐਨ ਕਰਨ ਵਰਗੇ ਮਾਨਸਕ ਕੰਮਾਂ ਨੂੰ ਸ਼ੋਰ ਦਾ ਉੱਚਾ ਪੱਧਰ ਪ੍ਰਭਾਵਤ ਕਰਦਾ ਹੈ। ਅਤੇ ਇਸੇ 'ਚੋਂ ਹੀ ਇਹ ਪੁੱਖਤਾ ਕੀਤਾ ਜਾਂਦਾ ਹੈ ਕਿ ਕਾਰਖਾਨਿਆਂ ਅੰਦਰ ਸ਼ੋਰ ਦੇ ਪੱਧਰ ਨੂੰ ਨੀਵਾਂ ਰੱਖਕੇ ਦੁਰਘਟਨਾਵਾਂ ਤੋਂ ਬਚਿਆ ਜਾ ਸਕਦਾ ਹੈ। ਸ਼ੋਰ ਇੱਕ ਵਾਤਾਵਰਣਕ ਦਬਾਅ ਹੈ ਜਿਹੜਾ ਮਨੁੱਖੀ ਸਰੀਰ 'ਤੇ ਪੈਣ ਨਾਲ ਮਨੁੱਖੀ ਦਿਮਾਗ ਨੂੰ ਜਲਦੀ ਹੀ ਥਕਾ ਦਿੰਦਾ ਹੈ ਅਤੇ ਮਾਨਸਕ ਪ੍ਰੇਸ਼ਾਨੀ ਦਾ ਸਬੱਬ ਬਣਦਾ ਹੈ ਅਤੇ ਖਾਸਕਰ ਮਰਜ਼ ਨੂੰ ਅਜਿਹੇ (ਨਾਨ-ਸਪੈੱਸਫਿਕ) ਲੱਛਣਾਂ ਦੇ ਰੂਪ 'ਚ ਸਾਡੇ ਸਾਹਮਣੇ ਲਿਆਂਉਂਦਾ ਹੈ ਜਿਹੜੇ ਕਿਸੇ ਇੱਕ ਰੋਗ ਦੇ ਲਖਾਇਕ ਨਹੀਂ ਹੁੰਦੇ। ਆਮ ਰੂਪ 'ਚ ਜੇਕਰ ਸ਼ੋਰ ਦਾ ਪੱਧਰ 55dB ਤੋਂ ਘੱਟ ਰਹਿੰਦਾ ਹੈ ਤਾਂ ਇਹ ਮੁਹੱਲੇ ਆਦਿ ਰਿਹਾਇਸ਼ੀ ਇਲਾਕਿਆਂ ਲਈ ਕੋਈ ਬਹੁਤੀ ਗੜਬੜੀ ਪੈਦਾ ਨਹੀਂ ਕਰਦਾ।

**ਆਬੋਹਵਾ ਪਲੀਤ ਅਤੇ ਸਰਮਾਏਦਾਰਾਨਾ ਢਾਂਚਾ**

ਭਾਵੇਂ ਕਿ ਸ਼ੋਰ ਪ੍ਰਦੂਸ਼ਣ ਬਾਰੇ ਅਲੱਗ-ਅਲੱਗ ਮਾਹਰਾਂ ਦੇ ਖ਼ਿਆਲਾਤ ਇੱਕਮੱਤ ਨਹੀਂ ਹਨ ਕਿ ਕਿੰਨੇ dB ਦਾ ਸ਼ੋਰ ਪੱਧਰ ਮਨੁੱਖੀ ਸਰੀਰ ਲਈ ਠੀਕ ਰਹਿੰਦਾ ਹੈ। ਪਰ ਇੱਕ ਅਹਿਮ ਗੱਲ ਜਿਸ 'ਤੇ ਸਾਰੇ ਹੀ ਸਹਿਮਤ ਹਨ ਅਤੇ ਜਿਸ ਦਾ ਉਪਰਲੇ ਹਿੱਸੇ 'ਚ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ ਕਿ ਇਹ ਮਨੁੱਖਾ ਸਰੀਰ ਤੇ ਮਨ 'ਤੇ ਪ੍ਰਭਾਵ ਪਾਉਂਦਾ ਹੈ ਅਤੇ ਮਨੁੱਖ ਨੂੰ ਸਰੀਰਕ ਤੇ ਮਾਨਸਕ ਰੂਪ 'ਚ ਬਿਮਾਰ ਕਰਦਾ ਹੈ। ਅਤੇ ਮਨੁੱਖ ਦੀ ਸਮਰੱਥਾ 'ਤੇ ਅਸਰਅੰਦਾਜ਼ ਹੁੰਦਾ ਹੈ। ਜਿੱਥੇ ਆਮ ਲੋਕ ਇਸ ਦਾ ਖ਼ਮਿਆਜ਼ਾ ਭੁਗਤਦੇ ਹਨ ਉੱਥੇ ਇਸਦਾ ਸੱਭ ਤੋਂ ਵੱਧ ਪ੍ਰਭਾਵ ਕਿਰਤੀ ਜਮਾਤ 'ਤੇ ਪੈਂਦਾ ਹੈ ਜਿਹੜੀ ਕਿ ਹਰ ਸਮੇਂ ਹੀ ਉਸ ਸ਼ੋਰ ਪ੍ਰਦੂਸ਼ਣ ਵਾਲੇ ਖੇਤਰ 'ਚ ਲਗਾਤਾਰਤਾ ਨਾਲ ਕੰਮ ਕਰਦੀ ਹੈ ਅਤੇ ਉਹਨਾਂ ਦੀਆਂ ਰਿਹਾਇਸ਼ੀ ਥਾਵਾਂ (ਬਸਤੀਆਂ) ਵੀ ਉਹਨਾਂ ਹੀ ਸਨਅਤੀ ਖੇਤਰਾਂ ਦੇ ਅੰਦਰ ਹੀ ਸਥਿਤ ਹਨ।

ਇਹਦੇ ਨਾਲ ਹੀ ਇਹ ਗੱਲ ਵੀ ਧਿਆਨ 'ਚ ਰਹਿਣੀ ਚਾਹੀਦੀ ਹੈ ਕਿ ਸਨਅਤੀ ਵਿਕਾਸ ਨੇ ਸਾਡੇ ਚੌਗਿਰਦੇ ਨੂੰ ਪਲੀਤ ਕੀਤਾ ਹੈ- ਫਿਰ ਚਾਹੇ ਉਹ ਹਵਾ, ਪਾਣੀ ਜਾਂ ਜ਼ਮੀਨ ਹੋਵੇ। ਮਸਲਾ ਇਹ ਨਹੀਂ ਹੈ ਕਿ ਸਨਅਤਾਂ ਪ੍ਰਦੂਸ਼ਣ ਪੈਦਾ ਕਰਦੀਆਂ ਹਨ। ਅਗਰ ਵਿਗਿਆਨ ਤਰੱਕੀ ਕਰਦਾ ਹੈ ਅਤੇ ਸਾਨੂੰ ਨਵੇਂ-ਨਵੇਂ ਸਾਧਨ ਜੁਟਾਉਂਦਾ ਹੈ। ਨਾਲ ਹੀ ਵਿਗਿਆਨ ਇਹ ਵੀ ਦਿਖਾਉਂਦਾ ਹੈ ਕਿ ਇੱਕ ਖਾਸ ਦਿਸ਼ਾ 'ਚ ਚੱਲਦੇ ਜਾਣ ਨਾਲ ਇਹ ਇਹ ਅੜਚਨਾਂ ਆਉਣਗੀਆਂ ਅਤੇ ਉਹ ਉਹਨਾਂ ਅੜਚਨਾਂ ਨੂੰ ਵੀ ਹੱਲ ਕਰਨ ਦੇ ਢੰਗ-ਤਰੀਕੇ ਸੁਝਾਉਂਦਾ ਹੈ। ਪਰ ਕੈਪੀਟਿਲਿਸਟ ਭਾਵ ਸਨਅਤਕਾਰ-ਸਰਮਾਏਦਾਰ ਦੀ ਮਨਸ਼ਾ ਹਮੇਸ਼ਾ ਇਹੀ ਰਹਿੰਦੀ ਹੈ ਕਿ ਉਹ ਘੱਟ ਤੋਂ ਘੱਟ ਖ਼ਰਚਾ ਕਰਕੇ ਵੱਧ ਤੋਂ ਵੱਧ ਮੁਨਾਫਾ (ਵਾਫਰ ਕਦਰ) ਕਮਾ ਕੇ ਆਪਣੀ ਜੇਬ ਅੰਦਰ ਸੁੱਟੇ। ਇਸੇ 'ਚੋਂ ਹੀ ਉਹ ਹਰ ਉਸ ਖ਼ਰਚੇ ਦੀ ਕਟੌਤੀ ਕਰਨ ਲਈ ਅਹੁਲਦਾ ਹੈ, ਜਿੱਥੋਂ ਉਸ ਨੂੰ ਕੋਈ ਵੀ ਮੁਨਾਫਾ ਨਹੀਂ ਹੁੰਦਾ ਅਤੇ ਉਹ ਉਸਨੂੰ ਬੇਲੋੜਾ ਲੱਗਦਾ ਹੈ। ਜਿਵੇਂ ਸਨਅਤੀ ਕਾਰਜਾਂ ਅੰਦਰ ਪਾਣੀ ਦੀ ਵਰਤੋਂ ਕਰਕੇ ਉਸਨੂੰ ਬਾਅਦ

(ਬਾਕੀ ਸਫ਼ਾ 25 'ਤੇ)

# ਭਾਰਤ 'ਚ ਖ਼ੁਦਕੁਸ਼ੀ ਕਰਨ ਵਾਲਿਆਂ 'ਚ ਸ਼ਾਮਲ ਹਰੇਕ ਚੌਥਾ ਵਿਅਕਤੀ ਦਿਹਾੜੀਦਾਰ ਮਜ਼ਦੂਰ ਹੈ!

(ਸਫ਼ਾ 19 ਦੀ ਬਾਕੀ)

ਨਾਲੋਂ ਵੱਖਰੇ ਤੌਰ 'ਤੇ ਗਿਣਿਆ ਗਿਆ ਹੈ ਅਤੇ ਉਨ੍ਹਾਂ ਨੂੰ 'ਖੇਤੀ ਵਿੱਚ ਲੱਗੇ ਵਿਅਕਤੀਆਂ' ਦੀ ਸ਼੍ਰੇਣੀ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ। ਬਿਊਰੋ ਦੀ ਰਿਪੋਰਟ ਅਨੁਸਾਰ ਸਾਲ 2021 ਵਿੱਚ 1 ਲੱਖ 64 ਹਜ਼ਾਰ 33 ਤੋਂ ਵੱਧ ਵਿਅਕਤੀਆਂ ਨੇ ਖ਼ੁਦਕੁਸ਼ੀ ਕੀਤੀ ਹੈ, ਜਿਨ੍ਹਾਂ ਵਿੱਚੋਂ 42 ਹਜ਼ਾਰ 4 ਦਿਹਾੜੀਦਾਰ ਮਜ਼ਦੂਰ ਸਨ। ਚਿੰਤਾ ਦੀ ਗੱਲ ਹੈ ਕਿ ਸਾਲ 2014 ਤੋਂ ਲੈ ਕੇ ਹੁਣ ਤੱਕ ਦਿਹਾੜੀਦਾਰ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਮਾਮਲਿਆਂ ਵਿੱਚ ਲਗਾਤਾਰ ਵਾਧਾ ਹੋਇਆ ਹੈ। ਜੇਕਰ ਅਸੀਂ ਬਿਊਰੋ ਦੀਆਂ ਰਿਪੋਰਟਾਂ 'ਤੇ ਨਜ਼ਰ ਮਾਰੀਏ ਤਾਂ ਸਾਲ 2020 ਤੋਂ ਲੈ ਕੇ ਹੁਣ ਤੱਕ ਦਿਹਾੜੀਦਾਰ ਮਜ਼ਦੂਰ ਖ਼ੁਦਕੁਸ਼ੀ ਕਰਨ ਵਾਲਾ ਸਭ ਤੋਂ ਵੱਡਾ ਸਮੂਹ ਬਣ ਗਿਆ ਹੈ। ਸਾਲ 2020 'ਚ ਦੇਸ਼ ਭਰ 'ਚ ਖ਼ੁਦਕੁਸ਼ੀ ਦੇ 1 ਲੱਖ 53 ਹਜ਼ਾਰ 52 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ 'ਚੋਂ 37 ਹਜ਼ਾਰ 666 ਦਿਹਾੜੀਦਾਰ ਮਜ਼ਦੂਰ ਸਨ, ਯਾਨੀ ਕੁੱਲ ਖ਼ੁਦਕੁਸ਼ੀਆਂ 'ਚ ਦਿਹਾੜੀਦਾਰ ਮਜ਼ਦੂਰਾਂ ਦੀ ਗਿਣਤੀ ਚਿੰਤਾਜਨਕ ਤੌਰ 'ਤੇ 24.6 ਫੀਸਦੀ ਤੱਕ ਪਹੁੰਚ ਗਈ ਹੈ। ਹੁਣ ਇਹ ਚਿੰਤਾ ਦਾ ਵਿਸ਼ਾ ਹੈ ਕਿ ਦਿਹਾੜੀਦਾਰ ਮਜ਼ਦੂਰਾਂ ਵਿੱਚ ਖ਼ੁਦਕੁਸ਼ੀਆਂ ਦਾ ਰੁਝਾਨ ਕਿਉਂ ਵਧ ਰਿਹਾ ਹੈ? ਮਾਹਿਰਾਂ ਅਨੁਸਾਰ ਸਾਲ 2020 ਤੋਂ ਦਿਹਾੜੀਦਾਰ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਿੱਚ ਵਾਧੇ ਦਾ ਮੁੱਖ ਕਾਰਨ ਕੋਰੋਨਾ ਮਹਾਂਮਾਰੀ ਨੂੰ ਮੰਨਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਦਿਹਾੜੀਦਾਰ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਿੱਚ ਬਹੁਤ ਵੱਡਾ ਵਾਧਾ ਹੋਇਆ। ਸਾਲ 2020 ਵਿੱਚ ਕੁੱਲ 37666 ਦਿਹਾੜੀਦਾਰ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਇਸ ਸਾਲ ਇਸ ਸ਼੍ਰੇਣੀ ਵਿੱਚ ਖ਼ੁਦਕੁਸ਼ੀ ਦੀਆਂ ਘਟਨਾਵਾਂ ਵਿੱਚ ਕਰੀਬ 11 ਫੀਸਦੀ ਵਾਧਾ ਹੋਇਆ ਹੈ। ਇਸੇ ਤਰ੍ਹਾਂ ਜਿੱਥੇ ਸਾਲ 2020 ਵਿੱਚ ਖ਼ੁਦਕੁਸ਼ੀ ਕਰਨ ਵਾਲੇ ਲੋਕਾਂ ਦੀ ਗਿਣਤੀ 17332 ਸੀ, ਉੱਥੇ ਹੀ ਸਾਲ 2021 ਵਿੱਚ ਇਸ ਵਿੱਚ ਲਗਭਗ 17 ਫੀਸਦੀ ਦਾ ਵਾਧਾ ਹੋਇਆ ਹੈ। ਅੰਕੜਿਆਂ ਅਨੁਸਾਰ, ਇਕ ਸ਼੍ਰੇਣੀ ਜਿਸ ਵਿਚ ਖ਼ੁਦਕੁਸ਼ੀ ਕਰਨ ਵਾਲੇ ਲੋਕਾਂ ਦੀ ਪ੍ਰਤੀਸ਼ਤਤਾ ਘਟੀ ਹੈ, ਉਹ ਹੈ ਬੇਰੁਜ਼ਗਾਰਾਂ ਦੀ। ਬਿਊਰੋ ਦੀ ਰਿਪੋਰਟ ਅਨੁਸਾਰ ਜਿੱਥੇ ਸਾਲ 2020 ਵਿੱਚ ਖ਼ੁਦਕੁਸ਼ੀ ਕਰਨ ਵਾਲੇ ਬੇਰੁਜ਼ਗਾਰਾਂ ਦੀ ਗਿਣਤੀ 15652 ਸੀ, ਉੱਥੇ ਸਾਲ 2021 ਵਿੱਚ ਖ਼ੁਦਕੁਸ਼ੀ ਕਰਨ ਵਾਲੇ ਬੇਰੁਜ਼ਗਾਰਾਂ ਦੀ ਗਿਣਤੀ 13714 ਹੈ, ਜੋ ਲਗਭਗ 12 ਫੀਸਦੀ ਘੱਟ ਹੈ। ਸਾਲ 2020 ਦੇ ਅੰਕੜਿਆਂ ਵਿੱਚ ਵੀ ਦਿਹਾੜੀਦਾਰ ਮਜ਼ਦੂਰਾਂ ਵਿੱਚ ਖ਼ੁਦਕੁਸ਼ੀਆਂ ਦੀ ਸਭ ਤੋਂ ਵੱਧ ਗਿਣਤੀ ਸੀ। ਸਾਲ ਦਰ ਸਾਲ ਵੱਧ ਰਹੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀਆਂ ਰਿਪੋਰਟਾਂ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਖ਼ੁਦਕੁਸ਼ੀਆਂ ਦੇ ਸਾਲ-ਦਰ-ਸਾਲ ਅੰਕੜੇ ਪ੍ਰਕਾਸ਼ਿਤ ਕੀਤੇ ਗਏ। ਜਿਹੜੇ ਲੋਕ ਇਹਨਾਂ ਵਿੱਚੋਂ ਕਿਸੇ ਵੀ ਸ਼੍ਰੇਣੀ ਵਿੱਚ ਨਹੀਂ ਆਉਂਦੇ ਹਨ ਉਹਨਾਂ ਨੂੰ 'ਹੋਰ' ਨਾਮਕ ਸ਼੍ਰੇਣੀ ਵਿੱਚ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਇਸ ਸ਼੍ਰੇਣੀ ਵਿੱਚ 23547 ਲੋਕਾਂ ਨੇ ਖ਼ੁਦਕੁਸ਼ੀ ਕੀਤੀ ਹੈ। ਬਿਊਰੋ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਡਾਟਾ ਸਿਰਫ ਖ਼ੁਦਕੁਸ਼ੀ ਕਰਨ ਵਾਲਿਆਂ ਦੇ ਪੇਸ਼ੇ ਬਾਰੇ ਦੱਸਦਾ ਹੈ ਅਤੇ ਇਸ ਦਾ ਖ਼ੁਦਕੁਸ਼ੀ ਕਰਨ ਦੇ ਕਾਰਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇੱਕ ਹੋਰ ਜਾਣਕਾਰੀ ਅਨੁਸਾਰ ਦੇਸ਼ ਵਿਚ ਖ਼ੁਦਕੁਸ਼ੀਆਂ ਦੇ ਬਹੁਤ ਸਾਰੇ ਅਜਿਹੇ ਮਾਮਲਿਆਂ ਹਨ, ਜਿਨ੍ਹਾਂ ਨੂੰ ਲੁਕੋ ਲਿਆ ਜਾਂਦਾ ਹੈ ਅਤੇ ਚੁੱਪ-ਚੁਪੀਤੇ ਮ੍ਰਿਤਕ ਦਾ ਅੰਤਿਮ ਸਸਕਾਰ ਕਰਕੇ ਖ਼ੁਦਕੁਸ਼ੀ ਦੇ ਮਾਮਲੇ ਨੂੰ ਖਤਮ ਕਰ ਦਿੱਤਾ ਜਾਂਦਾ ਹੈ ਜਾਂ ਫਿਰ ਲੈਣ-ਦੇਣ ਕਰਕੇ ਮੁੱਦਾ ਖਤਮ ਕਰ ਦਿੱਤਾ ਹੈ, ਕਿਉਂਕਿ ਸਾਡੇ ਸਮਾਜ ਵਿਚ ਖ਼ੁਦਕੁਸ਼ੀ ਨੂੰ ਇੱਕ ਕਲੰਕ ਮੰਨਿਆ ਜਾਂਦਾ ਹੈ। ਲੋਕ ਆਪਣੀ ਬਦਨਾਮੀ ਤੋਂ ਡਰਦੇ ਮਾਰੇ, ਪੁਲਿਸ ਦੀ ਖਿੱਚ ਧੂਹ ਤੋਂ ਬਚਣ ਲਈ, ਅਦਾਲਤਾਂ ਦੇ ਚੱਕਰਾਂ ਅਤੇ ਜੇਲ੍ਹ ਦੀ ਹਵਾ ਖਾਣ ਤੋਂ ਬਚਣ ਲਈ ਖ਼ੁਦਕੁਸ਼ੀ ਦੇ ਮਾਮਲੇ ਨੂੰ ਦਬਾਉਣਾ ਹੀ ਬਿਹਤਰ ਸਮਝਦੇ ਹਨ। ਜਦੋਂ ਕਿਸੇ ਘਰ ਵਿਚੋਂ ਕੋਈ ਕਮਾਊ ਵਿਅਕਤੀ ਖ਼ੁਦਕੁਸ਼ੀ ਕਰਦਾ ਹੈ ਤਾਂ ਪਰਿਵਾਰ ਦੀ ਜ਼ਿੰਦਗੀ ਨਰਕ ਬਣਕੇ ਰਹਿ ਜਾਂਦਾ ਹੈ। ਉਂਝ ਖ਼ੁਦਕੁਸ਼ੀ ਕਰਨ ਲਈ ਕਿਸੇ ਵਿਅਕਤੀ ਦਾ ਦਿਲ ਨਹੀਂ ਕਰਦਾ ਹੁੰਦਾ, ਪਰ ਕਈ ਵਾਰ ਸਾਡੇ ਆਲੇ-ਦੁਆਲੇ ਅਜਿਹਾ ਮਾੜਾ ਵਾਤਾਵਰਣ ਪੈਦਾ ਹੋ ਜਾਂਦਾ ਹੈ, ਜੋ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰ ਦਿੰਦਾ ਹੈ। ਮਾੜੇ ਹਾਲਾਤ ਖ਼ੁਦਕੁਸ਼ੀ ਦਾ ਕਾਰਨ ਬਣਦੇ ਹਨ। ਇਨ੍ਹਾਂ ਵਿੱਚ ਆਰਥਿਕ, ਸਮਾਜਿਕ, ਪਰਿਵਾਰਕ, ਸਰੀਰਕ, ਮਾਨਸਿਕ, ਪ੍ਰਸ਼ਾਸਨਿਕ ਅਤੇ ਰਾਜਨੀਤਕ ਹਾਲਾਤਾਂ ਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦੇ ਕਾਰਨ ਸ਼ਾਮਲ ਹੁੰਦੇ ਹਨ। ਖ਼ੁਦਕੁਸ਼ੀਆਂ ਦੇ ਰੁਝਾਨ ਨੂੰ ਰੋਕਣ ਲਈ ਸਾਨੂੰ ਸਭ ਨੂੰ ਮਿਲਕੇ ਸਮਾਜ ਵਿਚ ਸਿਹਤਮੰਦ ਮਾਨਸਿਕ ਜਾਗਰੂਕਤਾ ਪੈਦਾ ਕਰਨ ਲਈ ਮੁਹਿੰਮ ਚਲਾਉਣੀ ਚਾਹੀਦਾ ਹੈ। ਸੰਵਿਧਾਨਿਕ ਤੌਰ 'ਤੇ ਸਰਕਾਰ ਦਾ ਫਰਜ ਬਣਦਾ ਹੈ ਕਿ ਉਹ ਖੇਤ ਮਜ਼ਦੂਰਾਂ/ ਦਿਹਾੜੀਦਾਰ ਮਜਦੂਰਾਂ ਦਾ ਜੀਵਨ ਪੱਧਰ ਉਪਰ ਚੁੱਕਣ ਲਈ ਠੋਸ ਅਤੇ ਪ੍ਰਭਾਵਸ਼ਾਲੀ ਯੋਜਨਾਵਾਂ ਦੀ ਵਿਉਂਤਬੰਦੀ ਕਰੇ ਤਾਂ ਜੋ ਖ਼ੁਦਕੁਸ਼ੀਆਂ ਦੇ ਰੁਝਾਨ ਨੂੰ ਠੱਲ੍ਹ ਪਾਈ ਜਾ ਸਕੇ। ਬੁੱਧੀਜੀਵੀ ਅਤੇ ਸਿਆਸੀ ਮਾਮਲਿਆਂ ਦੇ ਮਾਹਿਰ ਚਰਨਦਾਸ ਤਲਵੰਡੀ ਨੇ ਖ਼ੁਦਕੁਸ਼ੀਆਂ ਦੇ ਵੱਧ ਰਹੇ ਰੁਝਾਨ ਪ੍ਰਤੀ ਆਪਣੀ ਪ੍ਰਤੀਕਿਰਿਆ ਜਾਹਿਰ ਕਰਦਿਆਂ ਕਿਹਾ ਕਿ ਖੇਤ ਮਜ਼ਦੂਰਾਂ ਅਤੇ ਦਿਹਾੜੀ ਮਜਦੂਰਾਂ ਵਿਚ ਬਹੁ-ਗਿਣਤੀ ਮੂਲ-ਨਿਵਾਸੀਆਂ ਜਿਨ੍ਹਾਂ ਵਿਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਨਾਲ ਸਬੰਧਿਤ ਮਜਦੂਰ ਸ਼ਾਮਲ ਹਨ ਨੂੰ ਸਭ ਤੋਂ ਵੱਧ ਮਾਰ ਜਿਥੇ ਤਰਸਯੋਗ ਆਰਥਿਕਤਾ ਦੀ ਪੈ ਰਹੀ ਹੈ ਉਥੇ ਹੀ ਉਨ੍ਹਾਂ ਨੂੰ ਜਾਤੀ ਸਿਸਟਮ ਤਹਿਤ ਵੀ ਲਤਾੜੇ ਰੱਖਿਆ ਜਾ ਰਿਹਾ ਹੈ। ਬੁੱਧੀਜੀਵੀ ਤਲਵੰਡੀ ਨੇ ਇਸ ਗੱਲ ਦਾ ਖਦਸ਼ਾ ਵੀ ਜਾਹਿਰ ਕੀਤਾ ਹੈ ਕਿ ਜੇ ਸਰਕਾਰ ਨੇ ਮਜਦੂਰ ਵਰਗ ਦੇ ਕਲਿਆਣ ਲਈ ਕੋਈ ਉਪਰਾਲਾ ਨਾ ਕੀਤਾ ਤਾਂ ਉਹ ਦਿਨ ਦੂਰ ਨਹੀਂ ਹੋਣਗੇ ਜਦੋਂ ਹਰੇਕ ਮਜਦੂਰ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋਵੇਗਾ ਅਤੇ ਸਿਵਿਆਂ ਵਿਚ ਸਸਕਾਰ ਕਰਨ ਲਈ ਜਗ੍ਹਾ ਨਹੀਂ ਮਿਲੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਵਲੋਂ ਭਾਵੇਂ ਕਿਰਤੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਅਤੇ ਇਨਸਾਫ ਦੇਣ ਲਈ ਅਦਾਲਤਾਂ ਦਾ ਗਠਨ ਕੀਤਾ ਗਿਆ ਹੈ, ਪਰ ਉਥੇ ਵੀ ਉਨ੍ਹਾਂ ਨੂੰ ਅਕਸਰ ਨਿਰਾਸ਼ਾ ਦਾ ਮੂੰਹ ਹੀ ਵੇਖਣ ਲਈ ਮਜਬੂਰ ਹੋਣਾ ਪੈਂਦਾ ਹੈ, ਜਦਕਿ ਕੇਵਲ ਦੇਸ਼ ਦੇ ਵਿਕਾਸ ਲਈ ਹੀ ਨਹੀਂ ਬਲਕਿ ਸਮੁੱਚੇ ਸੰਸਾਰ ਦੀ ਤਰੱਕੀ ਲਈ ਮਜ਼ਦੂਰ ਰੀੜ੍ਹ ਦੀ ਹੱਡੀ ਹਨ। ਭੁੱਖੇ-ਨੰਗੇ ਰਹਿ ਕੇ, ਸੁੱਕੀਆਂ ਰੋਟੀਆਂ ਖਾ ਕੇ ਸਮਾਜ ਲਈ ਖ਼ੂਨ-ਪਸੀਨਾ ਇੱਕ ਕਰ ਰਹੇ ਹਨ। ਮੂੰਹ 'ਤੇ ਝੁਰੜੀਆਂ, ਕਾਲੇ ਸਿਆਹ ਚਿਹਰੇ, ਮਾੜਚੂ ਲੱਕ ਵਾਲੇ ਮਿਹਨਤਕਸ਼ ਲੋਕ ਸੂਰਜ ਦੀ ਟਿੱਕੀ ਚੜ੍ਹਨ ਤੋਂ ਪਹਿਲਾਂ ਹੀ ਤੁਰ ਪੈਂਦੇ ਨੇ ਮਜਦੂਰੀ ਕਰਨ ਲਈ ਅਖਬਾਰਾਂ ਦੇ ਟੁਕੜਿਆਂ ਤੇ ਪਲਾਸਟਿਕ ਦੇ ਲਿਫਾਫਿਆਂ ਵਿਚ ਬੇਹੀਆਂ-ਤਬੇਹੀਆਂ/ ਸੁੱਕੀਆਂ ਰੋਟੀਆਂ ਬਿਨਾਂ ਦਾਲ-ਸਬਜੀ ਤੋਂ ਅਚਾਰ ਜਾਂ ਲੂਣ ਮਿਰਚ ਦੀ ਚੱਟਣੀ ਰੱਖ ਕੇ ਤੁਰ ਪੈਂਦੇ ਨੇ ਦੇਸ਼ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਣ ਲਈ ਅਤੇ ਵਾਪਸ ਮੁੜਦੇ ਨੇ ਤਾਰਿਆਂ ਦੀ ਲੋਏ!

ਧਰਤੀ ਉਪਰ ਜੋ ਅਸੀਂ ਤਰੱਕੀ ਵੇਖਦੇ ਹਾਂ, ਸੱਭ ਮਜਦੂਰਾਂ ਦੀ ਦੇਣ ਹੈ।

ਅਖੀਰ ਵਿਚ ਇਹ ਕਹਿਣਾ ਉੱਚਿਤ ਹੋਵੇਗਾ ਕਿ –

"ਧਰਤੀ ਬਲਦਾਂ ਦੇ ਸਿੰਙਾਂ ਉਪਰ ਨਹੀਂ ਬਲਕਿ ਮਜਦੂਰਾਂ ਦੇ ਸਹਾਰੇ ਖੜ੍ਹੀ ਹੈ, ਮੋਟੀ ਗਰਦਨ ਉਪਰ ਹਦਵਾਣੇ ਜਿੱਡਾ ਸਿਰ ਅਤੇ ਢਿੱਡਲ ਧਰਤੀ ਉਪਰ ਬੋਝ ਹਨ!"

ਸੰਸਾਰ ਦੇ ਸਮੂਹ ਮਜਦੂਰਾਂ ਨੂੰ ਸਲਾਮ!

# ਸਮੇਂ ਨਾਲ ਕਦਮ ਮਿਲਾਉਂਦੀ ਹੈ ਰੰਜੀਵਨ ਸਿੰਘ ਦੀ ਕਵਿਤਾ




ਗੁਰਬਚਨ ਸਿੰਘ ਭੁੱਲਰ
8076363058

ਰੰਜੀਵਨ ਸਿੰਘ ਦੀਆਂ ਕਵਿਤਾਵਾਂ ਮੈਂ ਕਾਫ਼ੀ ਸਮੇਂ ਤੋਂ ਪੜ੍ਹਦਾ ਆਇਆ ਹਾਂ ਤੇ ਉਹਨਾਂ ਵਿਚੋਂ ਇਹਦੀ ਸੰਭਾਵਨਾ ਦੀ ਸੋਅ ਵੀ ਸੁਣਦਾ ਰਿਹਾ ਹਾਂ। ਹੁਣ ਜਦੋਂ ਮੈਂ ਪੁਸਤਕ 'ਸੁਰਖ਼ ਹਵਾਵਾਂ' ਦੇ ਰੂਪ ਵਿਚ ਉਹਨਾਂ ਨੂੰ ਵਾਚਿਆ ਤਾਂ ਮੇਰੀ ਸੋਚ ਲੇਖਕ ਦੀ ਕੁਦਰਤੀ ਸਮਰੱਥਾ ਅਤੇ ਉਹਦੀ ਮਿਹਨਤ ਦੇ ਅਨੁਪਾਤ ਵੱਲ ਤਾਂ ਜਾਣੀ ਹੀ ਸੀ, ਉਸ ਤੋਂ ਅੱਗੇ ਤੁਰ ਕੇ ਰਚਨਾਕਾਰੀ ਵਿਚ ਵਿਰਸੇ ਦੀ ਭੂਮਿਕਾ ਤੱਕ ਜਾ ਪਹੁੰਚੀ। ਕੀ ਕਿਸੇ ਪੂਰਵਲੇ ਲੇਖਕ ਦੀ ਲਿਖਣ-ਸਮਰੱਥਾ ਵੱਧ-ਘੱਟ ਹੱਦ ਤੱਕ ਉਹਦੇ ਵਾਰਿਸਾਂ ਵਿਚ ਵੀ ਜਾ ਪਹੁੰਚਦੀ ਹੈ? ਪੰਜਾਬੀ ਸਾਹਿਤ ਵਿਚ, ਹਰ ਸਾਹਿਤ ਵਾਂਗ, ਕਈ ਪਰਿਵਾਰ ਹਨ ਜੋ ਇਸ ਸਵਾਲ ਦਾ ਪੱਖ ਪੂਰਦੇ ਹਨ, ਪਰ ਬਹੁਤੇ ਪਰਿਵਾਰ ਅਜਿਹੇ ਹਨ ਜਿਨ੍ਹਾਂ ਵਿਚ ਲੇਖਕ ਦੀ ਕਲਮ ਫੜਨ ਵਾਲਾ ਦੂਜਾ ਕੋਈ ਸਾਹਮਣੇ ਨਹੀਂ ਆਇਆ। ਜੇ ਮੈਂ ਇਹ ਕਹਾਂ ਕਿ ਇਸ ਸਮੇਂ ਰੰਜੀਵਨ ਦਾ ਪਰਿਵਾਰ ਲੇਖਕਾਂ ਦੀ ਗਿਣਤੀ ਦੇ ਪੱਖੋਂ ਪੰਜਾਬੀ ਵਿਚ ਸਭ ਤੋਂ ਵੱਡਾ ਹੈ, ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਤੋਂ ਵੀ ਵਧ ਕੇ ਪਰਿਵਾਰ ਦੇ ਕੁਛ ਜੀਆਂ ਨੇ ਸਾਹਿਤ ਤੋਂ ਵੱਖਰੇ ਕਲਾ-ਖੇਤਰ ਵੀ ਚੁਣੇ।

ਮੁੱਢ ਬੱਝਿਆ ਗ਼ੁਲਾਮੀ ਦੇ ਦਰਦ ਤੇ ਆਜ਼ਾਦੀ ਦੀ ਤਾਂਘ ਦੀਆਂ ਕਵਿਤਾਵਾਂ ਲਿਖਣ ਵਾਲੇ ਲੋਕ-ਕਵੀ ਗਿਆਨੀ ਈਸ਼ਰ ਸਿੰਘ ਦਰਦ ਤੋਂ। ਉਹਨਾਂ ਨੇ ਕੋਈ-ਕੋਈ ਕਵਿਤਾ ਕਿਸੇ ਅਖ਼ਬਾਰ ਨੂੰ ਆਪਣੇ ਨਾਂ ਹੇਠ ਭੇਜਣ ਦੀ ਥਾਂ ਪਿਤਰੀ ਚਾਅ ਨਾਲ ਆਪਣੇ ਪੁੱਤਰ ਸੰਤੋਖ ਸਿੰਘ ਦੇ ਨਾਂ ਹੇਠ ਛਪਵਾ ਦੇਣੀ। ਪੁੱਤਰ ਦੇ ਕਵੀ ਹੋਣ ਦੀ ਆਪਣੀ ਰੀਝ ਨੂੰ ਹੋਰ ਬਲ ਦੇਣ ਵਾਸਤੇ ਉਹਨਾਂ ਨੇ ਓਦੋਂ ਤੱਕ ਅ-ਕਵੀ ਪੁੱਤਰ ਲਈ ਕਾਵਿਕ ਤਖ਼ੱਲਸ ਧੀਰ ਵੀ ਚੁਣ ਦਿੱਤਾ। ਇਸ ਨੂੰ ਤੁਸੀਂ ਪਿਤਾ ਦੀ ਰੀਝ ਦੀ ਸ਼ਕਤੀ ਕਹਿ ਲਵੋ ਜਾਂ ਪਿਤਾ ਦੀ ਰੀਝ ਉੱਤੇ ਫੁੱਲ ਚੜ੍ਹਾਉਣ ਦੀ ਪੁੱਤਰ ਦੀ ਦ੍ਰਿੜ੍ਹਤਾ, ਸੰਤੋਖ ਸਿੰਘ ਧੀਰ ਨੇ ਸਮੇਂ ਨਾਲ ਪ੍ਰਮੁੱਖ ਲੇਖਕਾਂ ਦੀ ਪੰਗਤ ਵਿਚ ਮਾਣਜੋਗ ਸਥਾਨ ਹਾਸਲ ਕਰ ਲਿਆ। ਵੱਡੇ ਵੀਰ ਦੇ ਪੈਰ-ਚਿੰਨ੍ਹਾਂ ਉੱਤੇ ਚਲਦਿਆਂ ਰਿਪੁਦਮਨ ਸਿੰਘ ਰੂਪ ਨੇ ਹੁਣ ਕਵੀ ਤੇ ਗਲਪਕਾਰ ਵਜੋਂ ਆਪਣਾ ਸਥਾਨ ਬਣਾਇਆ ਹੋਇਆ ਹੈ। ਇਹਨਾਂ ਦੋਵਾਂ ਦੇ ਵਿਚਕਾਰਲੇ ਭਰਾ, ਲੋਕ-ਕਲਾਕਾਰ ਮਹਿੰਦਰ ਸਿੰਘ ਰੰਗ ਨੇ, ਖਾਸ ਕਰ ਕੇ ਬੱਚਿਆਂ ਦੇ ਮਨ-ਪਰਚਾਉਣੇ ਕਲਾਕਾਰ ਵਜੋਂ ਆਪਣੀ ਵਾਹਵਾ ਜਾਣ-ਪਛਾਣ ਬਣਾ ਲਈ ਸੀ। ਛੋਟੇ ਭਰਾ ਗੁਰਬਖ਼ਸ਼ ਸਿੰਘ ਨੇ ਚਿੱਤਰ-ਕਲਾ ਵਿਚ ਪ੍ਰਵੇਸ਼ ਕਰਦਿਆਂ ਤੂਲਿਕਾ ਤੇ ਰੰਗਾਂ ਨੂੰ ਆਪਣਾ ਮਾਧਿਅਮ ਬਣਾਇਆ। ਤੀਜੀ ਪੀੜ੍ਹੀ ਵਿਚੋਂ ਧੀਰ ਜੀ ਦੇ ਪੁੱਤਰ ਨਵਰੀਤ ਵਿਚ ਮੰਚ-ਅਦਾਕਾਰ ਦੀਆਂ ਅਤੇ ਉਹਨਾਂ ਦੀ ਬੇਟੀ ਨਵਤੇਜ ਵਿਚ ਵਾਰਤਿਕ-ਲੇਖਕ ਦੀਆਂ ਚੰਗੀਆਂ ਸੰਭਾਵਨਾਵਾਂ ਸਨ ਜਿਨ੍ਹਾਂ ਨੂੰ ਉਹਨਾਂ ਦੋਵਾਂ ਨੇ ਹੀ, ਪਤਾ ਨਹੀਂ ਕਿਉਂ, ਗੰਭੀਰਤਾ ਨਾਲ ਅੱਗੇ ਨਹੀਂ ਵਧਾਇਆ। ਪਰ ਰੂਪ ਦੇ ਵਿਹੜੇ ਕਲਾ ਦੀ ਫੁਲਵਾੜੀ ਖ਼ੂਬ ਮਹਿਕੀ। ਵੱਡਾ ਪੁੱਤਰ ਸੰਜੀਵਨ ਸਿੰਘ, ਜੋ ਪੰਜਾਬ ਇਪਟਾ ਦਾ ਪ੍ਰਧਾਨ ਹੈ, ਲੇਖਕ ਵਜੋਂ ਨਾਟਕ ਲਿਖਦਾ ਵੀ ਹੈ, ਐਕਟਰ ਵਜੋਂ ਖੇਡਦਾ ਵੀ ਹੈ ਤੇ ਨਿਰਦੇਸ਼ਕ ਵਜੋਂ ਖਿਡਾਉਂਦਾ ਵੀ ਹੈ। ਛੋਟਾ ਰੰਜੀਵਨ ਸਿੰਘ, ਜਿਵੇਂ ਇਸ ਪੁਸਤਕ ਤੋਂ ਜ਼ਾਹਿਰ ਹੈ, ਚੰਗਾ ਕਵੀ ਤਾਂ ਹੈ ਹੀ, ਚੰਗਾ ਐਕਟਰ ਵੀ ਹੈ ਅਤੇ ਕਹਾਣੀਕਾਰ ਵੀ ਹੈ। ਪੇਸ਼ੇ ਵਜੋਂ ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿਚ ਵਕਾਲਤ ਕਰਦਾ ਹੈ। ਹੱਥਲੇ ਕਾਵਿ-ਸੰਗ੍ਰਹਿ ਤੋਂ ਪਹਿਲਾਂ ਉਹ ਧੀਰ ਜੀ ਦੀਆਂ 1975 ਵਿਚ ਇੰਗਲੈਂਡ ਤੋਂ ਰੂਪ ਨੂੰ ਲਿਖੀਆਂ ਚਿੱਠੀਆਂ ਦਾ 'ਜਿਵੇਂ ਰਾਮ ਨੂੰ ਲਛਮਣ ਸੀ' ਸਿਰਲੇਖ ਅਧੀਨ ਸੰਪਾਦਨ ਕਰ ਚੁੱਕਿਆ ਹੈ। ਮਹਿੰਦਰ ਸਿੰਘ ਰੰਗ ਦੇ ਪੁੱਤਰ ਕੰਵਲਜੀਤ ਸਿੰਘ ਨੇ ਗੁਆਂਢੀ ਦੇਸ ਬਾਰੇ ਆਪਣੇ ਪ੍ਰਭਾਵ ਸਫ਼ਰਨਾਮੇ 'ਮੇਰੀ ਪਾਕਿਸਤਾਨ ਯਾਤਰਾ' ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਏ ਹਨ।

ਦਿਲਚਸਪ ਗੱਲ ਇਹ ਹੈ ਕਿ ਹੁਣ ਚੌਥੀ ਪੀੜ੍ਹੀ ਆਪਣੀ ਹੋਣਹਾਰੀ ਉਜਾਗਰ ਕਰਨ ਲੱਗੀ ਹੈ। ਸੰਜੀਵਨ ਸਿੰਘ ਦੀ ਬੇਟੀ ਰਿਤੂ ਰਾਗ ਅੰਗਰੇਜ਼ੀ ਵਿਚ ਕਵਿਤਾ ਲਿਖਦੀ ਹੈ ਤੇ ਉਹਦਾ ਇਕ ਕਾਵਿ-ਸੰਗ੍ਰਹਿ 'ਯੂ ਐਂਡ ਆਈ' ਪ੍ਰਕਾਸ਼ਿਤ ਹੋ ਚੁੱਕਿਆ ਹੈ। ਰੰਜੀਵਨ ਸਿੰਘ ਦਾ ਬੇਟਾ ਰਿਸ਼ਮ ਰਾਗ ਸਿੰਘ ਪੰਜਾਬੀ ਗੀਤ ਲਿਖਦਾ ਹੈ ਜਿਸ ਦਾ ਪਲੇਠਾ ਗੀਤ-ਸੰਗ੍ਰਹਿ 'ਇਕਤਰਫ਼ਾ' ਪਿਛਲੇ ਦਿਨੀਂ ਪ੍ਰਕਾਸ਼ਿਤ ਹੋਇਆ ਹੈ। ਧੀਰ ਜੀ ਦਾ ਇਕ ਦੋਹਤਾ ਰੋਮੀ ਕੈਨੇਡਾ ਵਿਚ ਰੇਡੀਓ-ਪੱਤਰਕਾਰ ਹੈ। ਇਕ




ਧਾਰਨਾ ਹੈ ਕਿ ਨੈਣ-ਨਕਸ਼, ਆਦਤਾਂ, ਰੁਚੀਆਂ, ਆਦਿ ਵਾਂਗ ਸਾਹਿਤ ਸਮੇਤ ਕਲਾ ਵੀ ਵਿਰਸੇ ਵਿਚ ਆ ਜਾਂਦੀ ਹੈ। ਦੂਜੀ ਧਾਰਨਾ ਹੈ, ਘਰ ਦਾ ਸਾਹਿਤਕ-ਕਲਾਤਮਿਕ ਮਾਹੌਲ ਅਗਲੀ ਪੀੜ੍ਹੀ ਦੇ ਮਨ ਦੀ ਭੋਇੰ ਨੂੰ ਸਾਹਿਤ ਤੇ ਕਲਾ ਲਈ ਮੌਲਣਜੋਗ ਬਣਾ ਦਿੰਦਾ ਹੈ। ਧਾਰਨਾਵਾਂ ਦੋਵੇਂ ਹੀ ਆਪਣੀ ਆਪਣੀ ਥਾਂ ਠੀਕ ਹਨ। ਵਿਰਸਾ ਤੇ ਮਾਹੌਲ, ਦੋਵੇਂ ਹੀ ਮਿਲ ਕੇ ਮਨੁੱਖ ਦੀ ਹਸਤੀ ਨੂੰ ਡੌਲਦੇ ਹਨ।

ਹੁਣ ਜ਼ਿਕਰ ਕਰੀਏ ਸਾਹਿਤ ਦੇ ਇਸ ਬਹੁਸ਼ਾਖ਼ੀ ਬਿਰਖ ਦੇ ਸੱਜਰੇ ਫੁੱਲ ਰੰਜੀਵਨ ਸਿੰਘ ਦੀ ਕਵਿਤਾ ਦਾ! ਲੇਖਕ ਜਦੋਂ ਲਿਖਦਾ ਹੈ, ਉਹਦੇ ਲਈ ਜ਼ਰੂਰੀ ਹੈ ਕਿ ਉਹ ਵਿਧਾ ਦੇ ਕਲਾਵੇ ਬਾਰੇ ਵੀ ਸਚੇਤ ਹੋਵੇ ਤੇ ਉਹਦੀ ਵਿਸ਼ਾਲਤਾ ਦੀ ਥਾਹ ਪਾਉਣ ਦੇ ਵੀ ਜੋਗ ਹੋਵੇ। ਰੰਜੀਵਨ ਸਿੰਘ ਕਵਿਤਾ ਦਾ ਅਰਥ ਸਮਝਦਾ ਹੈ:

**ਭਾਵੇਂ ਬਗ਼ਾਵਤ ਹੋਵੇ**
**ਲੋਕ ਲਹਿਰ**
**ਜਾਂ ਨਾਹਰਿਆਂ ਦੀ ਗੂੰਜ ਹੋਵੇ**
**ਜਾਂ ਆਕ੍ਰੋਸ਼ ਮੌਨ ਦਾ**
**ਗੱਲ ਕਰੇ ਅਵਾਮ ਦੀ ਜੋ**
**ਉਹ ਕਵਿਤਾ ਹੈ!**
**ਵੇਦਨਾ ਤੋਂ ਜਾ ਕੇ ਪਾਰ**
**ਗੱਲ ਕਰੇ ਜੋ ਸੰਵੇਦਨਾ ਦੀ**
**ਉਹ ਕਵਿਤਾ ਹੈ! (ਕਵਿਤਾ)**

ਉਹ ਆਪਣੀ ਕਵਿਤਾ ਦੀ ਵਸਤੂ ਬਾਰੇ ਵੀ ਸਪੱਸ਼ਟ ਹੈ:

**ਗੱਲ ਕਰਦੀ ਹੈ ਮੇਰੀ ਰਚਨਾ**
**ਜਾਤ ਦੀ ਘੱਟ**
**ਜਮਾਤ ਦੀ ਜ਼ਿਆਦਾ**
**ਖਿੱਤੇ ਦੀ ਘੱਟ**
**ਕਾਇਨਾਤ ਦੀ ਜ਼ਿਆਦਾ! (ਮੇਰੀ ਰਚਨਾ)**

ਮਨੁੱਖੀ ਜੀਵਨ ਇਕਹਿਰੇ ਰੰਗ ਵਾਲਾ ਨਹੀਂ ਹੁੰਦਾ। ਇਹ ਖ਼ੁਸ਼ੀਆਂ-ਗ਼ਮੀਆਂ, ਦੁੱਖਾਂ-ਸੁਖਾਂ, ਪ੍ਰਾਪਤੀਆਂ-ਅਪਰਾਪਤੀਆਂ, ਤ੍ਰਿਪਤੀਆਂ-ਅਤ੍ਰਿਪਤੀਆਂ, ਸਫਲਤਾਵਾਂ-ਅਸਫਲਤਾਵਾਂ ਜਿਹੇ ਅਨੇਕ ਵਿਰੋਧੀ ਜੁੱਟਾਂ ਦਾ ਸਮੂਹ ਹੁੰਦਾ ਹੈ। ਸਭ ਤੋਂ ਸ਼ਕਤੀਸ਼ਾਲੀ ਜੁੱਟ ਹੈ ਜ਼ਿੰਦਗੀ-ਮੌਤ। ਮੌਤ ਨੂੰ ਜ਼ਿੰਦਗੀ ਦਾ ਅੰਤ ਮੰਨ ਕੇ 'ਆਖ਼ਰ' ਦਾ ਦਰਜਾ ਦਿੱਤਾ ਜਾਂਦਾ ਹੈ। ਕਵਿਤਾ ਵਿਚ ਆਮ ਸੂਝ-ਸਮਝ ਦੇ ਵਿਆਕਰਨ ਨੂੰ ਬਦਲ ਦੇਣ ਦੀ ਸੂਖਮਤਾ ਤੇ ਸ਼ਕਤੀ ਹੁੰਦੀ ਹੈ। ਉਹ ਮੌਤ ਨੂੰ ਨਹੀਂ, ਜ਼ਿੰਦਗੀ ਨੂੰ 'ਆਖ਼ਰ' ਦਾ ਦਰਜਾ ਦਿੰਦੀ ਹੈ:

**ਆਖ਼ਰ ਨੇ ਉਹ ਲੋਕ**
**ਜੋ ਕਰ ਦਾਹ-ਸੰਸਕਾਰ**
**ਪਰਤ ਜਾਂਦੇ ਨੇ**
**ਮੁੜ ਸੰਸਾਰ ਵਿਚ**
**ਜੀਵਨ ਅੱਗੇ ਤੋਰਨ ਲਈ। (ਆਖ਼ਰ)**

ਮਨੁੱਖੀ ਜੀਵਨ ਚਿੰਤਨ ਤੇ ਅਮਲ ਦੇ ਸਹਾਰੇ ਅੱਗੇ ਵਧਦਾ ਹੈ। ਚਿੰਤਨ ਉਸ ਰਾਹ-ਦਿਖਾਵੇ ਵਾਂਗ ਹੁੰਦਾ ਹੈ ਜੋ ਰਾਹੀ ਨੂੰ ਤਾਂ ਰਾਹ ਦਿਖਾ ਦਿੰਦਾ ਹੈ ਪਰ ਆਪ ਉਥੇ ਹੀ ਖਲੋਤਾ ਰਹਿੰਦਾ ਹੈ। ਉਹਦੇ ਦੱਸੇ ਹੋਏ ਰਾਹ ਉੱਤੇ ਤੁਰ ਕੇ ਅੱਗੇ ਰਾਹੀ ਨੇ ਹੀ ਵਧਣਾ ਹੁੰਦਾ ਹੈ। ਜੇ ਰਾਹ ਵਿਚ ਕੋਈ ਰੁਕਾਵਟ ਆਉਂਦੀ ਹੈ, ਉਹ ਰਾਹੀ ਨੇ ਆਪ ਦੂਰ ਕਰਨੀ ਹੁੰਦੀ ਹੈ। ਉਹਨੇ ਹੀ ਚਿੰਤਨ ਨੂੰ ਅਮਲ ਵਿਚ ਸਾਕਾਰ ਕਰਨਾ ਹੁੰਦਾ ਹੈ:

**ਚਿੰਤਨ ਹੋ ਚੁੱਕੇ ਨੇ ਬਹੁਤ**
**ਦਹਾਕਿਆਂ ਤੋਂ**
**ਸਦੀਆਂ ਤੋਂ**
**ਸਹਿਸਰ ਕਾਲਾਂ ਤੋਂ**
**ਸ਼ਾਂਤ ਨਹੀਂ ਹੈ ਆਤਮਾ ਕਿਸੇ ਦੀ**
**ਵੇਲਾ ਹੈ ਚਿੰਘਾੜਨ ਦਾ**
**ਦਹਾੜਨ ਦਾ**
**ਲਲਕਾਰਨ ਦਾ। (ਇਹ ਸਮਾਂ ਨਹੀਂ ਹੈ ਮੌਨਾਂ ਦਾ)**

ਇਸ ਜੱਦੋ-ਜਹਿਦ ਵਿਚ ਮਨੁੱਖ ਨੇ ਆਪਣੀ ਅਗਵਾਈ ਆਪ ਕਰਨੀ ਹੁੰਦੀ ਹੈ। ਕਵੀ ਮਨੁੱਖਜਾਤੀ ਦਾ ਕਲਿਆਣ ਕਰਨ ਲਈ ਤੇ ਸਰਬੱਤ ਦਾ ਭਲਾ ਕਰਨ ਲਈ ਨਾਨਕ, ਬੁੱਧ, ਈਸਾ, ਗੋਬਿੰਦ ਸਿੰਘ, ਰਾਮ, ਮੁਹੰਮਦ, ਮਹਾਤਮਾ ਗਾਂਧੀ ਤੇ ਭਗਤ ਸਿੰਘ ਨੂੰ ਉਡੀਕਣ ਵਾਲਿਆਂ ਨੂੰ ਮਿਹਣਾ ਵੀ ਮਾਰਦਾ ਹੈ ਤੇ ਵੰਗਾਰਦਾ ਵੀ ਹੈ:

**ਪਰਸ਼**
**ਉਹਨਾਂ ਤਾਂ ਨਹੀਂ ਸੀ ਉਡੀਕਿਆ ਕਿਸੇ ਨੂੰ**
**ਤਾਂ ਫਿਰ ਅਸੀਂ ਉਡੀਕ ਰਹੇ ਹਾਂ ਕਿਸ ਨੂੰ?**
**(ਉਡੀਕ ਰਹੇ ਹਾਂ ਕਿਸ ਨੂੰ?)**

ਉਹ ਇਤਿਹਾਸ ਦੀ ਥਾਂ ਮਿਥਿਹਾਸ ਦੇ ਅਤੇ ਯਥਾਰਥ ਦੀ ਥਾਂ ਚਿੰਨ੍ਹਾਂ ਦੇ ਸਹਾਰੇ ਦੇਸ ਚਲਾਉਣ ਵਾਸਤੇ ਧਰਮ-ਗੁਰੂਆਂ ਤੇ ਮਹਾਂਪੁਰਖਾਂ ਦੇ ਨਾਂ ਜੋੜ ਕੇ ਭਵਨ, ਮਸਜਿਦ, ਮੰਦਰ, ਗਿਰਜੇ, ਗੁਰਦੁਆਰੇ ਉਸਾਰਨ ਵਾਲਿਆਂ ਨੂੰ ਸਵਾਲ ਕਰਦਾ ਹੈ:

**ਕਿੱਥੇ ਹੈ ਅਹਿੰਸਾ?**
**ਕਿੱਥੇ ਹੈ ਕ੍ਰਾਂਤੀ?**
**ਕਿੱਥੇ ਹੈ ਸਾਂਝੀਵਾਲਤਾ?**
**ਕਿੱਥੇ ਹੈ ਬਰਾਬਰੀ?**
**ਕਿੱਥੇ ਹੈ ਸਰਬੱਤ ਦਾ ਭਲਾ?**
**ਭਵਨ ਰਹੇ ਨੇ ਉੱਸਰ**
**ਸੋਚ ਰਹੀ ਹੈ ਵਿੱਸਰ! (ਭਵਨ ਰਹੇ ਨੇ ਉੱਸਰ)**

ਜਗਤ-ਦਿਖਾਵੇ ਦੀ ਥਾਂ ਭਾਵਨਾ ਉੱਤੇ, ਤੱਤ-ਸਾਰ ਉੱਤੇ ਜ਼ੋਰ ਹੀ ਉਹਦੀ ਗੁਰਪੁਰਬ ਦੇ ਸੰਬੰਧ ਵਿਚ ਲਿਖੀ ਗਈ ਕਵਿਤਾ ਦੀ ਖਾਸੀਅਤ ਹੈ:

**ਗੁਰਪੁਰਬ ਮੌਕੇ ਮੈਂ**
**ਦੀਵਾ ਨਾ ਬਾਲਿਆ**
**ਲੜੀਆਂ ਨਾ ਟੰਗੀਆਂ**
**ਪਟਾਕੇ ਨਾ ਚਲਾਏਸ਼**
**ਪਰਸ਼**
**ਗੁਰਪੁਰਬ ਮੌਕੇ ਮੈਂ**
**ਰੂਬਰੂ ਹੋਇਆ ਬਾਣੀ ਦੇ**
**ਉਸ ਦੇ ਭਾਵਾਂ**
**ਉਸ ਦੇ ਅਰਥਾਂ ਦੇ! (ਗੁਰਪੁਰਬ ਮੌਕੇ)**

ਰੰਜੀਵਨ ਸਿੰਘ ਦੀ ਕਵਿਤਾ ਸਮਕਾਲ ਦੀ ਸਹੇਲੀ ਹੈ। ਉਹ ਅੰਨਾ ਹਜ਼ਾਰੇ ਨੂੰ ਖਰੀ ਗੱਲ ਆਖਦੀ ਹੈ। ਉਹ ਮਲਾਲਾ ਦੀ ਮਹਿਮਾ ਗਾਉਂਦੀ ਹੈ। ਉਹ ਬਲਾਤਕਾਰਾਂ, ਕਤਲਾਂ, ਭ੍ਰਿਸ਼ਟਾਚਾਰ, ਕਿਸਾਨੀ ਖ਼ੁਦਕੁਸ਼ੀਆਂ, ਆਦਿ ਦੇ ਮਾਹੌਲ ਵਿਚ ਡਰਦੀ-ਘਬਰਾਉਂਦੀ ਹੈ, ਪਰ ਫੇਰ ਉਹਦੀ ਸੁਰਤੀ ਇਸ ਮਾਹੌਲ ਵਿਚ ਵੀ ਹੋ ਰਹੇ ਵੰਨਸੁਵੰਨੇ ਮਾਨਵੀ ਕਾਰਜਾਂ ਵੱਲ ਮੁੜਦੀ ਹੈ ਤਾਂ ਮਨ ਦਾ ਸੰਸਾ ਦੂਰ ਹੋ ਕੇ ਜੀਵਨ-ਉਤਸਾਹ ਦਾ ਉਦੈ ਹੋ ਜਾਂਦਾ ਹੈ। ਉਹ ਬੋਰ ਵਿਚ ਡਿੱਗੇ ਫਤਿਹਵੀਰ ਲਈ ਤੜਫ਼ਦੀ ਹੈ। ਉਹ ਧਰਮਾਂ ਵਿਚਕਾਰ ਪਾਏ ਜਾ ਰਹੇ ਪਾੜ ਵਿਰੁੱਧ ਆਵਾਜ਼ ਬੁਲੰਦ ਕਰਦੀ ਹੈ। ਉਹ ਕਰੋਨਾ ਨੂੰ ਸੰਬੋਧਿਤ ਹੁੰਦੀ ਹੈ। ਉਹ ਬੁਲਡੋਜ਼ਰਾਂ ਦੇ ਅਸਲੀ ਨਿਸ਼ਾਨਿਆਂ ਦੀ ਨਿਸ਼ਾਨਦੇਹੀ ਕਰਦੀ ਹੈ। ਉਹ ਕਿਸਾਨੀ ਸੰਗਰਾਮ ਦਾ ਗੁਣਗਾਣ ਕਰਦੀ ਹੈ, ਰਾਕੇਸ਼ ਟਿਕੈਤ ਦੇ ਹੰਝੂਆਂ ਦਾ ਮੁੱਲ ਪਾਉਂਦੀ ਹੈ ਅਤੇ ਅੰਦੋਲਨਕਾਰਾਂ ਦੇ ਰਾਹ ਵਿਚ ਗੱਡੀਆਂ ਕਿੱਲਾਂ ਤੇ ਉਸਾਰੀਆਂ ਕੰਧਾਂ ਦੀ ਮਜਬੂਰੀ ਸਮਝਦੀ ਹੈ। ਜਿਹੜੀ ਕਵਿਤਾ ਅਤੀਤ ਦੇ ਦਾਨਿਆਂ ਨੂੰ ਤੂੜੀ ਤੋਂ ਵੱਖ ਕਰਦੀ ਹੈ, ਵਰਤਮਾਨ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਸਿੱਧੀ ਗੱਲ ਕਰਦੀ ਹੈ ਅਤੇ ਚੰਗੇਰੇ ਭਵਿੱਖ ਵੱਲ ਸੰਕੇਤ ਵੀ ਕਰਦੀ ਹੈ ਤੇ ਉਸ ਲਈ ਸੰਗਰਾਮ ਵੀ ਕਰਦੀ ਹੈ, ਉਹ ਬਿਨਾਂ-ਸ਼ੱਕ ਸਵਾਗਤ ਦੀ ਹੱਕਦਾਰ ਹੈ!

# ਵਿੱਦਿਅਕ ਅਦਾਰਿਆਂ 'ਚ ਦਲਿਤ ਵਿਦਿਆਰਥੀਆਂ ਨਾਲ ਹੋ ਰਿਹਾ ਵਿਤਕਰਾ



ਡਾ. ਗੁਰਤੇਜ ਸਿੰਘ
95173-96001





ਦਲਿਤ ਵਿਦਿਆਰਥੀ ਸਦਾ ਵਿਤਕਰੇ ਦਾ ਸ਼ਿਕਾਰ ਰਹੇ ਹਨ ਜੋ ਹਰ ਜਗ੍ਹਾ ਕੀਤਾ ਜਾਂਦਾ ਹੈ। ਪੁਰਾਤਨ ਯੁੱਗ ਵਿੱਚ ਏਕਲਵਯ ਨੂੰ ਦਲਿਤ ਹੋਣ ਕਾਰਨ ਆਪਣਾ ਅੰਗੂਠਾ ਵੱਢ ਕੇ ਆਪਣੇ ਗੁਰੂ ਨੂੰ ਦੇਣਾ ਪਿਆ ਸੀ। ਅਗਰ ਉਹ ਸਵਰਨ ਜਾਤੀ ਦਾ ਹੁੰਦਾ ਤਾਂ ਸ਼ਾਇਦ ਕਿਸੇ ਦੀ ਵੀ ਉਸ ਨਾਲ ਅਜਿਹਾ ਸਲੂਕ ਕਰਨ ਦੀ ਹਿੰਮਤ ਨਹੀ ਪੈਣੀ ਸੀ। ਅਫ਼ਸੋਸ ਅਜਿਹੀ ਨੀਵੀਂ ਮਾਨਸਿਕਤਾ ਵਾਲੇ ਗੁਰੂ ਦੇ ਨਾਮ 'ਤੇ ਭਾਰਤ ਸਰਕਾਰ ਨੇ ਇਨਾਮ ਸ਼ੁਰੂ ਕੀਤਾ ਹੋਇਆ ਹੈ। ਅਜੋਕੇ ਦੌਰ ਅੰਦਰ ਏਮਜ਼, ਆਈਆਈਟੀਜ਼ ਦੇ ਨਾਲ ਸਾਰੀਆਂ ਨਾਮੀ ਵਿੱਦਿਅਕ ਸੰਸਥਾਵਾਂ ਵਿੱਚ ਵਿਤਕਰਾ ਮੌਜੂਦ ਹੈ। ਇਸ ਤੋਂ ਸਾਫ ਜ਼ਾਹਿਰ ਹੈ ਕਿ ਅਸੀ ਭਾਰਤੀ ਇੰਨਾ ਪੜ੍ਹ ਲਿਖ ਕੇ ਵੀ ਆਪਣੀ ਸੌੜੀ ਮਾਨਸਿਕਤਾ ਨੂੰ ਨਹੀ ਤਿਆਗ ਸਕੇ ਹਾਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਧੀਨ ਚੱਲ ਰਹੇ ਗੁਰੂ ਰਾਮਦਾਸ ਮੈਡੀਕਲ ਕਾਲਜ ਵਿੱਚ ਐਮਬੀਬੀਐਸ ਕੋਰਸ ਦੀ ਇੰਟਰਨਸ਼ਿਪ ਕਰਦੀ ਲੜਕੀ ਨੂੰ ਆਪਣੇ ਦੋ ਪ੍ਰੋਫੈਸਰਾਂ ਅਤੇ ਸਾਥੀ ਡਾਕਟਰਾਂ ਦੁਆਰਾ ਜਾਤੀ ਵਿਤਕਰੇ ਤੋਂ ਤੰਗ ਆ ਕੇ ਬੀਤੀ ਅੱਠ ਮਾਰਚ 2023 ਨੂੰ ਆਪਣੇ ਹੋਸਟਲ ਦੇ ਕਮਰੇ ਵਿੱਚ ਫ਼ਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਲਈ ਮਜਬੂਰ ਹੋਣਾ ਪਿਆ ਉਹ ਵੀ ਉਸ ਦਿਨ ਜਦੋਂ ਸਮੁੱਚਾ ਸੰਸਾਰ ਕੌਮਾਂਤਰੀ ਔਰਤ ਦਿਵਸ ਮਨਾ ਰਿਹਾ ਸੀ।

27 ਮਈ 2019 ਨੂੰ ਮੁੰਬਈ ਸੈਂਟਰਲ ਦੇ ਸਰਕਾਰੀ ਬੀ ਵਾਈ ਐੱਲ ਨਾਇਰ ਹਸਪਤਾਲ ਦੇ ਹੋਸਟਲ ਵਿੱਚ ਪੋਸਟ ਗ੍ਰੈਜੂਏਸ਼ਨ (ਗਾਇਨੀਕਾਲੋਜੀ) ਦੀ ਵਿਦਿਆਰਥਣ ਡਾ. ਪਾਇਲ ਸਲਮਾਨ ਤੜਵੀ ਨੇ ਆਪਣੀਆਂ ਉੱਚ ਜਾਤੀ ਦੀਆਂ ਸੀਨੀਅਰ ਤੇ ਕੁਲੀਗ ਡਾਕਟਰਾਂ ਦੀ ਜਾਤਪਾਤੀ ਟਿੱਪਣੀਆਂ ਤੋਂ ਤੰਗ ਆਕੇ ਖੁਦਕੁਸ਼ੀ ਕੀਤੀ ਸੀ। ਉਹ ਹਮੇਸ਼ਾਂ ਉਸ ਨੂੰ ਰਾਖਵੇਂਕਰਨ ਕਾਰਨ ਪੜ੍ਹਾਈ 'ਚ ਮਿਲੇ ਮੌਕੇ ਦੇ ਤਾਅਨੇ ਦੇ ਕੇ ਉਸ ਨੂੰ ਨੀਚਾ ਦਿਖਾਉਣ ਦੀ ਕੋਸ਼ਿਸ਼ ਕਰਦੀਆਂ ਸਨ ਜੋ ਉਸ ਲਈ ਅਸਹਿ ਸੀ। ਛੂਤਛਾਤ ਦਾ ਵਿਤਕਰਾ ਉਸ ਨਾਲ ਆਮ ਕੀਤਾ ਜਾਂਦਾ ਸੀ, ਇੱਥੋਂ ਤੱਕ ਕਿ ਉਸ ਨੂੰ ਅਖੌਤੀ ਉੱਚ ਜਾਤੀ ਦੇ ਮਰੀਜ਼ਾਂ ਨੂੰ ਛੂਹਣ ਤੋਂ ਵਰਜਿਆ ਜਾਂਦਾ ਸੀ। ਸੰਨ 2010 ਵਿੱਚ ਦਿੱਲੀ ਦੇ ਵਰਧਮਾਨ ਮੈਡੀਕਲ ਕਾਲਜ 'ਚ 35 ਦਲਿਤ ਵਿਦਿਆਰਥੀਆਂ ਨੂੰ ਭੇਦਭਾਵ ਕਰਕੇ ਜਾਣਬੁੱਝ ਕੇ ਫ਼ੇਲ ਕੀਤਾ ਗਿਆ ਸੀ। ਸੰਨ 2008 ਵਿੱਚ ਦਲਿਤ ਵਿਦਿਆਰਥੀ ਜਸਪ੍ਰੀਤ ਸਿੰਘ ਨੇ ਇਸ ਭੇਦਭਾਵ ਤੋਂ ਤੰਗ ਆ ਕੇ ਖੁਦਕੁਸ਼ੀ ਕੀਤੀ ਸੀ। ਉਹ ਚੰਡੀਗੜ੍ਹ ਦੇ ਸਰਕਾਰੀ ਮੈਡੀਕਲ ਕਾਲਜ ਵਿੱਚ ਐਮਬੀਬੀਐਸ ਕੋਰਸ ਦੇ ਅਖ਼ੀਰਲੇ ਸਾਲ ਦੀ ਪੜ੍ਹਾਈ ਕਰ ਰਿਹਾ ਸੀ, ਉਸ ਦੇ ਕਮਿਊਨਟੀ ਮੈਡੀਸਨ ਦੇ ਤਿੰਨ ਪ੍ਰੋਫ਼ੈਸਰਾਂ ਨੇ ਉਸ ਨੂੰ ਉਸ ਵਿਸ਼ੇ 'ਚ ਦੋ ਵਾਰ ਜ਼ਬਰੀ ਫ਼ੇਲ ਕੀਤਾ ਗਿਆ ਸੀ ਅਤੇ ਅੱਗੇ ਵੀ ਫ਼ੇਲ ਕਰਨ ਦੀ ਧਮਕੀ ਦਿੱਤੀ ਸੀ। ਉਸ ਦੀ ਖ਼ੁਦਕੁਸ਼ੀ ਦੇ 7 ਮਹੀਨਿਆਂ ਬਾਅਦ ਜਦ ਉਸ ਦੀਆਂ ਉੱਤਰ ਪੱਤਰੀਆਂ ਦਾ ਦੁਬਾਰਾ ਮੁਲਾਂਕਣ ਕੀਤਾ ਗਿਆ ਤਾਂ ਉਹ ਹਰ ਵਾਰ ਪਾਸ ਸੀ। ਅਜਿਹੀਆਂ ਅਣਗਿਣਤ ਮੰਦਭਾਗੀਆਂ ਘਟਨਾਵਾਂ ਸਾਡੀ ਸਿੱਖਿਆ ਪ੍ਰਨਾਲੀ ਦੇ ਨਾਲ ਸਮਾਜਿਕ ਚਿਹਰੇ ਮੋਹਰੇ ਨੂੰ ਕਰੂਪ ਕਰਦੀਆਂ ਹਨ।

ਸੰਨ 2017 ਵਿੱਚ ਪੰਜਾਬ ਸੂਬੇ ਦੇ ਪਟਿਆਲਾ ਜ਼ਿਲ੍ਹੇ ਦੇ ਟੌਹੜਾ ਪਿੰਡ ਦੇ ਸਰਕਾਰੀ ਸਕੂਲ ਦੀ ਇੱਕ ਦਲਿਤ ਵਿਦਿਆਰਥਣ ਨਾਲ ਉੱਥੇ ਤਾਇਨਾਤ ਕੁਝ ਅਧਿਆਪਕਾਂ ਵੱਲੋਂ ਲੰਮੇ ਸਮੇ ਤੋਂ ਦੁਰਵਿਵਹਾਰ ਕਰਨ ਦੇ ਨਾਲ ਉਸ ਪ੍ਰਤੀ ਜਾਤੀਸੂਚਕ ਸ਼ਬਦਾਂ ਦੀ ਵਰਤੋਂ ਨੇ ਉਸ ਦੀ ਰੂਹ ਨੂੰ ਝੰਜੋੜ ਦਿੱਤਾ ਸੀ, ਜਿਸ ਦੇ ਖਿਲਾਫ਼ ਉਸ ਨੇ ਸੋਸ਼ਲ ਮੀਡੀਆ ਜਰੀਏ ਇਸ ਭੇਦਭਾਵ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਜੋ ਪੂਰੇ ਪੰਜਾਬ ਵਿੱਚ ਚਰਚਾ ਦਾ ਵਿਸ਼ਾ ਬਣੀ ਸੀ। ਉਸ ਅਨੁਸਾਰ ਸਕੂਲ ਦੇ ਪੰਜ ਲੋਕ ਇਸ ਅਣਮਨੁੱਖੀ ਵਰਤਾਰੇ 'ਚ ਸ਼ਾਮਿਲ ਸਨ। ਸਿੱਖਿਆ ਵਿਭਾਗ ਨੇ ਪੂਰੇ ਸਕੂਲ ਸਟਾਫ਼ ਨੂੰ ਬਦਲਣ ਦੇ ਨਿਰਦੇਸ਼ ਦਿੱਤੇ ਸਨ। ਇਸ ਹਾਲਤ 'ਚ ਉਕਤ ਵਿਦਿਆਰਥਣ ਨੇ ਫਿਰ ਆਵਾਜ਼ ਬੁਲੰਦ ਕਰਨ ਦੀ ਵੱਡੀ ਜੁਅਰਤ ਦਿਖਾਈ ਸੀ ਕਿ ਦੋਸ਼ੀ ਸਾਰੇ ਨਹੀ ਹਨ ਫਿਰ ਬਾਕੀਆਂ ਨੂੰ ਸਜਾ ਕਿਉਂ? ਸੋਚਣ ਦੀ ਗੱਲ ਹੈ ਅਜਿਹੀ ਗਿਰੀ ਹੋਈ ਸੋਚ ਦੇ ਮਾਲਕ ਲੋਕ ਅਧਿਆਪਕ ਕਿਵੇਂ ਹੋਏ। ਇਹ ਗੱਲ ਤਾਂ ਜਗ ਜ਼ਾਹਿਰ ਹੈ ਅਜੋਕੇ ਦੌਰ ਅੰਦਰ ਸਰਕਾਰੀ ਸਕੂਲਾਂ ਵਿੱਚ ਗਰੀਬ ਮਜ਼ਦੂਰਾਂ ਦੇ ਬੱਚੇ ਹੀ ਸਿੱਖਿਆ ਪ੍ਰਾਪਤ ਕਰ ਰਹੇ ਹਨ।

ਦਿੱਲੀ ਦੀ ਇਹ ਯੂਨੀਵਰਸਿਟੀ (ਜੇ.ਐੱਨ.ਯੂ) ਪਿਛਲੇ ਲੰਮੇ ਸਮੇ ਤੋਂ ਮੀਡੀਆ ਦੀ ਸੁਰਖੀ ਬਣੀ ਹੋਈ ਸੀ, ਇੱਥੋਂ ਦੇ ਰਿਸਰਚ ਸਕਾਲਰ ਉਮਰ ਖਾਲਿਦ ਅਤੇ ਕਨ੍ਹੱਈਆ ਕੁਮਾਰ ਨੂੰ ਲੈ ਕੇ ਇਹ ਸੰਸਥਾ ਵਿਵਾਦਾਂ 'ਚ ਰਹੀ ਹੈ। ਇਸ ਪੂਰੇ ਵਰਤਾਰੇ ਪਿੱਛੇ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਦਾ ਹੱਥ ਹੈ ਜਿਸ ਨੇ ਭੇਦਭਾਵ ਦੀ ਅਜਿਹੀ ਹਨੇਰੀ ਵਗਾ ਰੱਖੀ ਹੈ ਕਿ ਲੰਘੀ 12 ਮਾਰਚ 2017 ਨੂੰ ਜੇ.ਐੱਨ.ਯੂ. ਦੇ ਐੱਮ ਫ਼ਿਲ ਦੇ 27 ਸਾਲਾ ਦਲਿਤ ਵਿਦਿਆਰਥੀ ਕ੍ਰਿਸ਼ ਨੇ ਇਨ੍ਹਾਂ ਦੇ ਅੜੀਅਲ ਵਤੀਰੇ ਕਾਰਨ ਖੁਦਕੁਸ਼ੀ ਕੀਤੀ ਹੈ। ਇਹ ਆਤਮਹੱਤਿਆ ਪਹਿਲੀ ਨਹੀ ਹੈ ਤੇ ਸ਼ਾਇਦ ਆਖ਼ਰੀ ਵੀ ਨਹੀ ਹੋ ਸਕਦੀ, ਇਸ ਖੁਦਕੁਸ਼ੀ ਨੇ ਵਿਦਿਆਰਥੀਆਂ ਦੇ ਅੱਲੇ ਜ਼ਖਮ ਹਰੇ ਕਰ ਦਿੱਤੇ ਸਨ ਜੋ ਰੋਹਿਤ ਵੇਮੁਲਾ ਦੇ ਰੂਪ 'ਚ ਮਿਲੇ ਸਨ। ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਸੰਨ 2002 ਵਿੱਚ 10 ਦਲਿਤ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਮੁਅੱਤਲ ਕਰਕੇ ਚਰਚਾ 'ਚ ਆਈ ਸੀ। ਪਿਛਲੇ ਦਸ ਸਾਲਾਂ ਦੌਰਾਨ ਇੱਥੇ 9 ਦਲਿਤ ਵਿਦਿਆਰਥੀ ਆਤਮਹੱਤਿਆ ਕਰ ਚੁੱਕੇ ਹਨ। ਬੀਤੀ 18 ਜਨਵਰੀ 2016 ਨੂੰ ਇੱਕ ਹੋਰ ਪ੍ਰਤਿਭਾਸ਼ਾਲੀ ਦਲਿਤ ਪੀਐਚਡੀ ਵਿਦਿਆਰਥੀ ਰੋਹਿਤ ਵੇਮੁਲਾ ਦੀ ਖੁਦਕੁਸ਼ੀ ਕਾਰਨ ਇੱਕ ਵਾਰ ਫਿਰ ਇਹ 'ਵਰਸਿਟੀ ਚਰਚਾ 'ਚ ਆਈ ਸੀ। ਜਾਤੀ ਭੇਦਭਾਵ ਨੇ ਉਸ ਨੂੰ ਇਸ ਹੱਦ ਤੱਕ ਦੁਖੀ ਕੀਤਾ ਸੀ ਕਿ ਉਸ ਦੀ ਫ਼ੈਲੋਸ਼ਿਪ ਰੋਕ ਦਿੱਤੀ ਗਈ ਉਸ ਨੂੰ ਯੂਨੀਵਰਸਿਟੀ ਕੈਂਪਸ 'ਚੋਂ ਵੀ ਬਾਹਰ ਕੱਢ ਦਿੱਤਾ ਗਿਆ ਸੀ। ਉਸ ਦਾ ਕਸੂਰ ਸਿਰਫ ਇੰਨਾ ਸੀ ਕਿ ਉਸ ਨੇ ਕਥਿਤ ਵਧੀਕੀਆਂ ਕਰਨ ਵਾਲਿਆਂ ਖਿਲਾਫ਼ ਆਵਾਜ਼ ਬੁਲੰਦ ਕੀਤੀ ਸੀ। ਇਸ ਦੁਖਾਂਤ ਨੇ ਸਰਕਾਰ, ਯੂਨੀਵਰਸਿਟੀ ਪ੍ਰਸ਼ਾਸ਼ਨ ਦੇ ਨਾਲ ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਕਟਹਿਰੇ 'ਚ ਖੜਾ ਕਰਨ ਦੇ ਨਾਲ ਸਮਾਜ ਨੂੰ ਵੀ ਗੰਭੀਰ ਸਵਾਲਾਂ ਨਾਲ ਲੱਦ ਦਿੱਤਾ ਸੀ।

ਇਸੇ ਤਰ੍ਹਾਂ 14 ਜਨਵਰੀ 2020 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੂਨੀਵਰਸਿਟੀ ਬਿਜਨੈੱਸ ਸਕੂਲ (ਯੂ.ਬੀ.ਐਸ) ਵਿਭਾਗ ਦੇ ਮੁਖੀ ਨੇ ਜਾਤੀਵਾਦੀ ਸੌੜੀ ਸੋਚ ਦਾ ਮੁਜ਼ਾਹਰਾ ਕਰਦਿਆਂ ਐਮਬੀਏ ਕੋਰਸ ਦੇ ਦੂਜੇ ਸਮੈਸਟਰ ਦੇ ਰਾਖਵੀਂ ਸ੍ਰੇਣੀ ਦੇ ਸਾਰੇ ਵਿਦਿਆਰਥੀਆਂ ਨੂੰ ਇੱਕੋ ਸੈਕਸ਼ਨ 'ਚ ਕਰਨ ਦਾ ਹੁਕਮ ਸੁਣਾਇਆ ਸੀ ਜੋ ਵਿਤਕਰੇ ਦੀ ਮੂੰਹ ਬੋਲਦੀ ਤਸਵੀਰ ਹੈ। ਨਿਯਮਾਂ ਤਹਿਤ ਜਿਸਤ ਟਾਂਕ ਤਰੀਕੇ ਨਾਲ ਵਿਦਿਆਰਥੀਆਂ ਦੇ ਸੈਕਸ਼ਨ ਵੰਡੇ ਜਾਂਦੇ ਹਨ, ਫਿਰ ਵੀ ਉਕਤ ਮੁਖੀ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਅਤੇ ਮਨੁੱਖਤਾ ਨੂੰ ਛਿੱਕੇ ਟੰਗਣ ਵਿੱਚ ਕੋਈ ਕਸਰ ਨਹੀ ਛੱਡੀ ਜੋ ਬੇਹੱਦ ਸ਼ਰਮਨਾਕ ਹੈ।

ਦਲਿਤ ਸੰਦਰਭ 'ਚ ਮੀਡੀਆ ਦੀ ਭੂਮਿਕਾ ਬਾਰੇ ਬੁੱਧੀਜੀਵੀ ਵਰਗ ਚਿੰਤਤ ਹੈ ਕਿ ਉਸਨੇ ਦਲਿਤਾਂ ਦੇ ਮੁੱਦੇ 'ਤੇ ਕਦੇ ਵੀ ਸੰਜੀਦਗੀ ਨਹੀ ਦਿਖਾਈ। ਆਂਧਰਾ ਪ੍ਰਦੇਸ਼ ਦੇ ਪ੍ਰਮੁੱਖ ਅਖ਼ਬਾਰਾਂ ਨੇ ਵੀ ਇਸ ਮੁੱਦੇ ਨੂੰ ਜਿਆਦਾ ਤਵੱਜੋਂ ਨਹੀ ਦਿੱਤੀ ਸੀ। ਕਿੰਨੇ ਲੰਮੇ ਸਮੇ ਤੋਂ ਇਹ ਮਾਮਲਾ ਚੱਲ ਰਿਹਾ ਸੀ ਪਰ ਉੱਥੋਂ ਦੇ ਅਤੇ ਕੌਮੀ ਮੀਡੀਆ ਨੇ ਇਸ ਮਸਲੇ 'ਤੇ ਕੋਈ ਗੌਰ ਨਹੀ ਕੀਤੀ। ਜਦਕਿ ਸੋਸ਼ਲ ਮੀਡੀਆ ਨੇ ਇਸ ਮੁੱਦੇ ਨੂੰ ਉਠਾਇਆ ਸੀ। ਜਦੋ ਇੱਕ ਦਲਿਤ ਵਿਦਿਆਰਥੀ ਨੇ ਮਜਬੂਰ ਹੋਕੇ ਖੁਦਕੁਸ਼ੀ ਕਰ ਲਈ ਤਾਂ ਮੀਡੀਆ ਜਾਗਿਆ ਉਹ ਵੀ ਉੱਥੇ ਗਏ ਨੇਤਾਵਾਂ ਦੀ ਕਵਰੇਜ ਕਰਨ ਲਈ। ਦਲਿਤਾਂ ਦੇ ਮੁੱਦੇ ਅੱਖੋਂ ਪਰੋਖੇ ਕੀਤੇ ਜਾਦੇ ਹਨ ਜਿਸ ਦਾ ਕਾਰਨ ਮੀਡੀਆ 'ਚ ਦਲਿਤਾਂ ਦੀ ਭਾਗੀਦਾਰੀ ਨਾਂ ਦੇ ਬਰਾਬਰ ਹੋਣਾ ਮੰਨਿਆ ਜਾ ਸਕਦਾ ਹੈ। ਮੀਡੀਆ ਹਮੇਸ਼ਾਂ ਉਦੋਂ ਹੀ ਹਰਕਤ 'ਚ ਆਇਆ ਹੈ ਜਦ ਦਲਿਤ ਖੁਦਕੁਸ਼ੀਆਂ ਕਰਦੇ ਹਨ, ਉਨ੍ਹਾਂ ਦੇ ਘਰ ਜਲਾਏ ਜਾਂਦੇ ਹਨ ਜਾਂ ਦਲਿਤ ਔਰਤਾਂ ਦੁਰਾਚਾਰ ਦਾ ਸ਼ਿਕਾਰ ਹੁੰਦੀਆਂ ਹਨ। ਅਗਰ ਕਿਸੇ ਨੇ ਦਲਿਤਾਂ ਦੀ ਜ਼ਮੀਨੀ ਹਕੀਕਤ ਬਿਆਨਣ ਦੀ ਕੋਸ਼ਿਸ਼ ਕੀਤੀ ਤਾਂ ਮੀਡੀਆ ਨੇ ਉਸ ਨੂੰ ਕਬੂਲਿਆ ਹੀ ਨਹੀ ਸਗੋਂ ਭੜਕਾਊ ਕਹਿ ਕੇ ਮਨ੍ਹਾਂ ਕਰ ਦਿੱਤਾ।

ਸਿੱਖਿਆ ਦੇ ਖੇਤਰ ਖਾਸ ਕਰਕੇ ਉਚੇਰੀ ਸਿੱਖਿਆ 'ਚ ਦਲਿਤਾਂ ਦੀ ਪਹੁੰਚ ਬਹੁਤ ਘੱਟ ਹੈ। ਪਿਛਲੇ ਪੰਜਾਹ ਸਾਲਾਂ ਦੌਰਾਨ ਕਿੱਤਾਮੁਖੀ ਸਿੱਖਿਆ ਵਿੱਚ ਦਲਿਤਾਂ ਦੀ ਸ਼ਮੂਲੀਅਤ ਨਾਮਾਤਰ ਰਹੀ ਹੈ। ਦਲਿਤਾਂ ਦੇ ਉੱਥਾਨ ਲਈ ਸੰਵਿਧਾਨ 'ਚ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਜੋ ਇੱਕ ਸਾਰਥਿਕ ਕਦਮ ਸੀ ਪਰ ਅਜੇ ਵੀ ਇਸ ਦਾ ਫਾਇਦਾ ਇਸਦੇ ਸਹੀ ਹੱਕਦਾਰਾਂ ਤੱਕ ਨਹੀ ਅੱਪੜਿਆ ਰਾਖਵੇਂਕਰਨ ਕਾਰਨ ਲੋਕ ਇਨ੍ਹਾਂ ਨਾਲ ਈਰਖਾ ਕਰਦੇ ਹਨ ਤੇ ਉਨ੍ਹਾਂ ਨੂੰ ਨੀਚਾ ਦਿਖਾਉਣ ਲਈ ਹਰ ਹੀਲੇ ਵਰਤੇ ਜਾਂਦੇ ਹਨ। ਉਨ੍ਹਾਂ ਨੂੰ ਲੱਗਦਾ ਕਿ ਇਹ ਸਿਰਫ ਰਾਂਖਵੇਕਰਨ ਕਰਨ ਨਾਲ ਅੱਗੇ ਵੱਧਦੇ ਹਨ ਤੇ ਇਸ ਨੂੰ ਉਹ ਅਲਾਦੀਨ ਦਾ ਚਿਰਾਗ ਸਮਝਣ ਦਾ ਭਰਮ ਪਾਲੀ ਬੈਠੇ ਹਨ। ਇਸੇ ਕਰਕੇ ਹੁਣ ਅਖੌਤੀ ਉੱਚ ਜਾਤੀ ਦੇ ਲੋਕ ਵੀ ਆਪਣੇ ਲਈ ਰਾਖਵੇਂਕਰਨ ਦੀ ਮੰਗ ਕਰਨ ਲੱਗ ਪਏ ਹਨ ਜੋ ਬੇਬੁਨਿਆਦ ਹੈ ਤੇ ਦਲਿਤਾਂ ਨੂੰ ਇਸ ਕਰਕੇ ਤ੍ਰਿਸਕਾਰਿਆ ਵੀ ਜਾ ਰਿਹਾ ਹੈ। ਹਰਿਆਣੇ ਦਾ ਜਾਟ ਅੰਦੋਲਨ ਇਸ ਦੀ ਮੂੰਹ ਬੋਲਦੀ ਤਸਵੀਰ ਹੈ, ਜਦਕਿ ਉਹ ਆਰਥਿਕ ਤੌਰ 'ਤੇ ਮਜਬੂਤ ਹਨ ਅਤੇ ਹਰ ਖ਼ੇਤਰ ਵਿੱਚ ਆਮ ਲੋਕਾਂ ਨਾਲੋਂ ਅੱਗੇ ਹਨ। ਅੰਦੋਲਨ ਵਿੱਚ ਉਨ੍ਹਾਂ ਦਾ ਅਜੀਬ ਰੂਪ ਇਹ ਸੀ ਕਿ ਤਾਕਤ ਨਾਲ ਆਪਣੇ ਆਪ ਨੂੰ ਕਮਜ਼ੋਰ ਸਾਬਿਤ ਕਰਕੇ ਰਾਂਖਵੇਕਰਨ ਦਾ ਲਾਹਾ ਲੈਣ ਦੀ ਕੋਸ਼ਿਸ਼। ਉਸ ਤੋਂ ਜਿਆਦਾ ਮੂਰਥਲ਼ 'ਚ ਪ੍ਰਦਰਸ਼ਨਕਾਰੀਆਂ ਦੁਆਰਾ ਔਰਤਾਂ ਨਾਲ ਜ਼ਬਰਦਸਤੀ ਕੀਤੀ ਗਈ ਜਿਸ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਸੀ। ਕਾਨਵੈਂਟ ਸਕੂਲਾਂ ਕਾਲਜਾਂ 'ਚ ਪੜ੍ਹ ਕੇ ਮਹਿੰਗੀਆਂ ਕਾਰਾਂ 'ਤੇ ਚੜ ਕੇ ਇਹ ਬੇਸ਼ਰਮ ਲੋਕ ਆਪਣੇ ਲਈ ਰਾਖਵੇਂਕਰਨ ਦੀ ਮੰਗ ਕਰਦੇ ਹਨ, ਪਰ ਦਲਿਤਾਂ ਨੂੰ ਅੱਖੋ ਪਰੋਖੇ ਕਰਨਾ ਹਰਗਿਜ਼ ਜਾਇਜ਼ ਨਹੀ ਹੈ।

ਸਦੀਆਂ ਦੀ ਗ਼ੁਲਾਮੀ ਅਤੇ ਹੁਣ ਲੋਕਤੰਤਰ 'ਚ ਸਮਾਨਤਾ ਦੇ ਅਧਾਰ ਦੀ ਗੱਲ ਕਰਕੇ ਇਨ੍ਹਾਂ ਦੇ ਇਸ ਹੱਕ ਤੋਂ ਵਾਂਝੇ ਕਰਨਾ ਕਿੰਨਾ ਕੁ ਜਾਇਜ਼ ਹੈ।ਇੱਕ ਵਾਰ ਇਨ੍ਹਾਂ ਨੂੰ ਸਮਾਜ ਆਪਣੇ ਬਰਾਬਰ ਆਉਣ ਦਾ ਮੌਕਾ ਤਾਂ ਦੇਵੇ ਫਿਰ ਇਹ ਖੁਦ ਵੀ ਰਾਖਵੇਂਕਰਨ ਤੋਂ ਇਨਕਾਰ ਕਰ ਦੇਣਗੇ, ਪਰ ਹੁਣ 90 ਫ਼ੀਸਦੀ ਦਲਿਤਾਂ ਨੂੰ ਇਸਦੀ ਜ਼ਰੂਰਤ ਹੈ ਜਿਸ ਤੋਂ ਮੁਨਕਰ ਨਹੀ ਹੋਇਆ ਜਾ ਸਕਦਾ। ਪਿੰਡਾਂ 'ਚ ਰਹਿਣ ਵਾਲੇ ਦਲਿਤ ਮਜ਼ਦੂਰਾਂ ਲਈ ਤਾਂ ਅਜੇ ਹੋਰ ਵੀ ਬਹੁਤ ਕਰਨ ਦੀ ਲੋੜ ਹੈ। ਹੁਣ ਸੋਚਣ ਦੀ ਗੱਲ ਹੈ ਕਿ ਕਿਸ ਮੂੰਹ ਨਾਲ ਲੋਕ ਰਾਖਵਾਂਕਰਨ ਖਤਮ ਕਰਨ ਦੀ ਗੱਲ ਕਰ ਰਹੇ ਹਨ।

ਇਨ੍ਹਾਂ ਤੱਥਾਂ ਦੀ ਮੌਜੂਦਗੀ ਵਿੱਦਿਅਕ ਅਦਾਰਿਆਂ 'ਚ ਦਲਿਤ ਵਿਦਿਆਰਥੀਆਂ ਦੀ ਚਿੰਤਾਜਨਕ ਹਾਲਤ ਨੂੰ ਚੀਕ ਚੀਕ ਕੇ ਬਿਆਨ ਕਰਦੀ ਹੈ। ਕੋਈ ਵੀ ਇਨ੍ਹਾਂ ਦੀ ਬਾਂਹ ਫੜਨ ਵਾਲਾ ਨਜ਼ਰ ਨਹੀ ਆਉਂਦਾ। ਇਨ੍ਹਾਂ ਦੇ ਆਪਣੇ ਤਰੱਕੀ ਪ੍ਰਾਪਤ ਲੋਕ ਇਨ੍ਹਾਂ ਨੂੰ ਅਣਗੌਲ਼ਿਆ ਕਰ ਰਹੇ ਹਨ ਤੇ ਆਪਣੇ ਸੌੜੇ ਹਿਤਾਂ ਖਾਤਿਰ ਇਨ੍ਹਾਂ ਦੀਆਂ ਭਾਵਨਾਵਾਂ ਨਾਲ ਸ਼ਰੇਆਮ ਖਿਲਵਾੜ ਕਰ ਰਹੇ ਹਨ। ਰੋਹਿਤ ਵੇਮੁਲਾ ਮਾਮਲੇ ਦੀ ਅੰਦਰੂਨੀ ਸੱਚਾਈ ਇਹ ਵੀ ਹੈ ਕਿ ਜਦ ਪੰਜ ਵਿਦਿਆਰਥੀਆਂ ਨੂੰ ਸਜ਼ਾ ਦੇਣ ਦਾ ਮੌਕਾ ਸੀ ਤਾਂ ਦਲਿਤ ਅਫ਼ਸਰ ਨੂੰ ਅੱਗੇ ਕਰ ਦਿੱਤਾ ਗਿਆ ਸੀ। ਉਹ ਵੀ ਭ੍ਰਿਸ਼ਟ ਪ੍ਰਬੰਧ ਦਾ ਹਿੱਸਾ ਬਣ ਕੇ ਪੀੜਿਤ ਧਿਰ ਦੇ ਖਿਲਾਫ਼ ਭੁਗਤ ਗਿਆ ਸੀ। ਹੋਰਾਂ ਤੋਂ ਫਿਰ ਕੀ ਉਮੀਦ ਹੈ ਜਦ ਆਪਣੇ ਹੀ ਇਨ੍ਹਾਂ ਗੱਲਾਂ 'ਤੇ ਉਤਰ ਆਏ ਹਨ। ਡਾ. ਅੰਬੇਡਕਰ ਦੇ ਉਹ ਬੋਲ ਅੱਜ ਵੀ ਅਟੱਲ ਹਨ ਕਿ ਮੈਨੂੰ ਮੇਰੇ ਵਰਗ ਦੇ ਹੀ ਪੜ੍ਹੇ ਲਿਖੇ ਲੋਕਾਂ ਨੇ ਧੋਖਾ ਦਿੱਤਾ ਹੈ। ਇਹ ਬਿਲਕੁਲ ਸੱਚ ਹੈ ਕਿ ਦਲਿਤਾਂ ਦੇ ਆਪਣੇ ਲੋਕ ਹੀ ਇਨ੍ਹਾਂ ਨੂੰ ਪਿੱਠ ਦਿਖਾ ਰਹੇ ਹਨ। ਵਿੱਦਿਅਕ ਅਦਾਰਿਆਂ 'ਚ ਦਲਿਤ ਬੱਚਿਆਂ ਨਾਲ ਹੁੰਦੀਆਂ ਵਧੀਕੀਆਂ ਦੇ ਮਾਮਲੇ 'ਚ ਉਹ ਇਨ੍ਹਾਂ ਦੇ ਹੱਕ 'ਚ ਆਵਾਜ਼ ਬੁਲੰਦ ਨਹੀ ਕਰਦੇ। ਇਸ ਮੰਦਭਾਗੇ ਵਰਤਾਰੇ ਨੂੰ ਠੱਲਣ ਲਈ ਦਲਿਤ ਬੱਚੇ ਲਾਮਬੰਦ ਹੋਣ ਤੇ ਸਾਰੇ ਦਲਿਤਾਂ ਨੂੰ ਇੱਕ ਮੰਚ 'ਤੇ ਇਕੱਠਾ ਹੋਣ ਦੀ ਲੋੜ ਹੈ। ਸਭ ਤੋ ਵੱਡੀ ਗੱਲ ਇਹ ਲੋਕ ਪ੍ਰੈਸ਼ਰ ਗਰੁੱਪ ਬਣਾਉਣ, ਜੋ ਵਧੀਕੀਆਂ ਖਿਲਾਫ਼ ਸੰਜੀਦਗੀ ਨਾਲ ਆਵਾਜ਼ ਬੁਲੰਦ ਕਰ ਸਕੇ। ਸਰਕਾਰਾਂ ਦੇ ਨਾਲ ਸਮਾਜ ਵੀ ਦੋਗਲੀ ਨੀਤੀ ਛੱਡ ਕੇ ਇਨ੍ਹਾਂ ਵੱਲ ਮਦਦ ਵਾਲਾ ਹੱਥ ਵਧਾਵੇ। ਜਨਰਲ ਵਰਗ ਨੂੰ ਇਨ੍ਹਾਂ ਪ੍ਰਤੀ ਸਾਰਥਿਕ ਸੋਚ ਅਪਣਾਉਣੀ ਚਾਹੀਦੀ ਹੈ। ਜਾਤ ਧਰਮ ਤੋਂ ਉੱਪਰ ਉੱਠ ਕੇ ਮਾਨਵਤਾ ਧਰਮ ਹਿਤ ਦਲਿਤ ਵਿਦਿਆਰਥੀਆਂ ਨੂੰ ਉਨ੍ਹਾਂ ਦਾ ਬਣਦਾ ਸਥਾਨ ਦਿਵਾਉਣ ਅਤੇ ਹੁੰਦੇ ਵਿਤਕਰੇ ਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

## ਸ਼ੋਰ ਦਿਖਾਵੇ ਜ਼ੋਰ (ਸਫ਼ਾ 23 ਦੀ ਬਾਕੀ)

'ਚ ਸਿੱਧਮ-ਸਿੱਧਾ ਹੀ ਨਾਲ ਲੱਗਦੇ ਨਦੀ-ਨਾਲੀਆਂ-ਨਹਿਰਾਂ-ਡਰੇਨਾਂ ਆਦਿ 'ਚ ਵਹਾਅ ਦੇਣਾ। ਇਸ ਗੱਲ ਨਾਲ ਉਸਨੂੰ ਕੋਈ ਫਰਕ ਨਹੀਂ ਪੈਂਦਾ ਅਤੇ ਨਾ ਹੀ ਇਹ ਉਹਦਾ ਸਰੋਕਾਰ ਹੈ ਕਿ ਉਸ ਵੱਲੋਂ ਪਲੀਤ ਕੀਤੇ ਪਾਣੀ ਨੂੰ ਪੀਣ ਨਾਲ ਕਿੰਨੇ ਪਸ਼ੂ, ਬੰਦੇ ਅਤੇ ਹੋਰ ਪ੍ਰਭਾਵਤ ਹੋਣਗੇ। ਪਰ ਉਸ ਲਈ ਤਾਂ ਮੁਨਾਫਾ ਹੀ ਸਰਵੋਪਰੀ ਹੈ ਇਸ ਲਈ ਉਹ ਇਓਂ ਕਰੀ ਹੀ ਜਾਂਦਾ ਹੈ।

ਇਹਦੇ ਨਾਲ ਹੀ ਇਹ ਵੀ ਕੋਈ ਘੱਟ ਮਹੱਤਵਪੂਰਨ ਨਹੀਂ ਹੈ ਕਿ ਸਾਡੇ ਮੁਲਕ ਦੇ ਕਾਨੂੰਨ ਪਹਿਲਾਂ ਹੀ ਢਿੱਲਮ-ਢਿੱਲੇ ਹਨ ਅਤੇ ਉਹਨਾਂ ਨੂੰ ਵੀ ਪੂਰੀ ਤਨਦੇਹੀ ਨਾਲ ਲਾਗੂ ਨਹੀਂ ਕੀਤਾ ਜਾਂਦਾ ਅਤੇ ਉੱਤੋਂ ਸੰਸਾਰੀਕਰਣ ਦੀ ਆੜ ਹੇਠ ਸਨਅਤਕਾਰਾਂ ਨੂੰ ਛੋਟਾਂ ਦੇਣ ਦਾ ਹੋਰ ਵੀ ਤਕੜਾ ਬੰਦੋਬਸਤ ਸਰਕਾਰ ਨੇ ਕਰ ਲਿਆ ਹੈ। ਅਜੇ ਪਿੱਛੇ ਜਿਹੇ ਹੀ 2022 'ਚ ਕੋਇਲੇ ਦੀਆਂ ਖਾਣਾਂ ਦੇ ਮਾਮਲੇ 'ਚ ਵਾਤਾਵਰਣ ਕਾਨੂੰਨਾਂ ਦੀ ਫਰਮਾਬਰਦਾਰੀ (ਕੰਪਲਾਇੰਸ) 'ਚ ਕੁੱਝ ਢਿੱਲ ਵੀ ਦਿੱਤੀ ਗਈ ਹੈ, ਬਹਾਨਾ ਇਹ ਬਣਾਇਆ ਗਿਆ ਹੈ ਕਿ ਅੱਤ ਦੀ ਗਰਮੀ ਪੈਣ ਕਰਕੇ ਊਰਜਾ ਦੀ ਖਪਤ ਵੱਧਦੀ ਹੈ ਅਤੇ ਉਸ ਦੀ ਪੂਰਤੀ ਹਿੱਤ ਕੋਇਲੇ ਦੀ ਪੈਦਾਵਾਰ ਵਧਾਉਣੀ ਜ਼ਰੂਰੀ ਹੈ। ਸਿੱਟੇ ਵਜੋਂ ਨਵੰਬਰ 'ਚ ਜਾਕੇ ਸਟੀਮ ਕੋਇਲੇ ਅਤੇ ਥਰਮਲ ਪਲਾਂਟਾਂ ਲਈ ਕੋਇਲੇ ਦੀ ਦਰਾਮਦੀ ਮੰਗ ਪਿਛਲੇ ਦਸ ਮਹੀਨਿਆਂ ਦੇ ਹੇਠਲੇ ਪੱਧਰ 'ਤੇ ਆ ਗਈ ਅਤੇ ਨਾਲ ਹੀ ਕੋਇਲੇ ਦੇ ਉਤਪਾਦਨ 'ਚ ਵੀ 11.7ਫੀਸਦੀ ਦਾ ਵਾਧਾ ਹੋਇਆ ਹੈ ਅਤੇ ਇਹ ਵਧਕੇ 75.9 ਮਿਲੀਅਨ ਟਨ ਹੋ ਗਿਆ ਹੈ। ਇਸ ਨਾਲ ਲਾਜ਼ਮੀ ਹੈ ਕਿ ਪ੍ਰਦੂਸ਼ਣ ਵਧਿਆ ਹੀ ਹੈ ਜਿਸਦਾ ਜ਼ਿਕਰ ਸਵਿੱਟਜ਼ਰਲੈਂਡ ਦੀ ਫ਼ਰਮ ਆਈਕਿਊ ਏਅਰ (IQAir) ਨੇ 14 ਮਾਰਚ 2023 ਨੂੰ ਰਿਲੀਜ਼ ਕੀਤੀ ਰਿਪੋਰਟ 'ਚ ਕੀਤਾ ਹੈ। ਜੀਹਦੇ 'ਚ ਕਿਹਾ ਗਿਆ ਹੈ ਕਿ 2022 'ਚ ਕੇਂਦਰੀ ਤੇ ਦੱਖਣੀ ਏਸ਼ੀਆਈ ਖ਼ੱਤੇ ਦੇ ਸੱਭ ਤੋਂ ਵੱਧ ਪ੍ਰਦੂਸ਼ਤ 15 ਸ਼ਹਿਰਾਂ 'ਚੋਂ 12 ਸ਼ਹਿਰ ਭਾਰਤ ਦੇ ਹਨ ਅਤੇ ਰਾਜਸਥਾਨ ਦੇ ਅਲਵਰ ਜਿਲੇ ਦਾ ਰਾਜਸਥਾਨ-ਹਰਿਆਣਾ ਸਰਹੱਦ 'ਤੇ ਪੈਂਦਾ ਸਨਅਤੀ ਖ਼ੱਤਾ ਭਿਵਾਡੀ ਮੁਲਕ ਦਾ ਸੱਭ ਤੋਂ ਪ੍ਰਦੂਸ਼ਤ ਸ਼ਹਿਰ ਹੈ। ਇਓਂ ਸਰਕਾਰ ਦੇ ਇਹਨਾਂ ਲੋਕ ਵਿਰੋਧੀ ਨੀਤੀ ਫੈਸਲਿਆਂ ਦਾ ਖ਼ਮਿਆਜ਼ਾ ਲੋਕ ਆਪਣੇ ਹੱਡੀਂ ਹੰਢਾਉਂਦੇ ਰਹਿੰਦੇ ਹਨ। ਜ਼ੀਰਾ ਸ਼ਰਾਬ ਫ਼ੈਕਟਰੀ ਦਾ ਮਾਮਲਾ ਅਜੇ ਵੀ ਭਖਿਆ ਹੋਇਆ ਹੈ ਜਿਹੜਾ ਇਸ ਢੰਗ ਨਾਲ ਕੀਤੀ ਜਾ ਰਹੀ ਲੋਕਾਂ ਦੀ ਬਰਬਾਦੀ ਅਤੇ ਉਹਨਾਂ ਨੂੰ ਬਿਮਾਰੀਆਂ ਦੇ ਮੂੰਹ ਸੁੱਟਣ ਦੀ ਆਹਲਾ ਮਿਸਾਲ ਪੇਸ਼ ਕਰਦਾ ਹੈ।


### ਸ਼ੋਰ ਪ੍ਰਦੂਸ਼ਣ ਦਾ ਕੀ ਕਰੀਏ ?

ਅਜਿਹਾ ਹੀ ਮਾਮਲਾ ਸ਼ੋਰ ਪ੍ਰਦੂਸ਼ਣ ਨੂੰ ਲੈ ਕੇ ਵੀ ਹੈ। ਕੋਈ ਵੀ ਇਸ ਗੱਲ ਤੋਂ ਮੁਨਕਰ ਨਹੀਂ ਹੈ ਕਿ ਸਨਅਤਾਂ ਜਦੋਂ ਚੱਲਦੀਆਂ ਹਨ ਤਾਂ ਸ਼ੋਰ ਪੈਦਾ ਹੁੰਦਾ ਹੈ ਅਤੇ ਉਸ ਸ਼ੋਰ ਭਰੇ ਮਾਹੌਲ ਅੰਦਰ ਕੋਈ ਮਾਲਕ ਜਾਂ ਉੱਚ-ਅਹੁਦੇ ਵਾਲੇ ਮੈਨੇਜਰ ਆਦਿ ਤਾਂ ਲਗਾਤਾਰਤਾ ਨਾਲ ਰਹਿੰਦੇ ਨਹੀਂ। ਅਗਰ ਉਸ ਮਾਹੌਲ ਅੰਦਰ ਲਗਾਤਾਰ ਰਹਿੰਦੇ ਹਨ ਤਾਂ ਉਹ ਹਨ ਕਾਮੇ, ਜਿਹੜੇ ਕੋਈ ਥੋੜ੍ਹੇ ਚਿਰ ਲਈ ਨਹੀਂ, ਪੂਰੇ ਦੇ ਪੂਰੇ ਅੱਠ ਘੰਟੇ ਉਸ ਸ਼ੋਰ ਭਰੇ ਮਾਹੌਲ ਅੰਦਰ ਹਰ ਰੋਜ਼ ਬਿਨਾਂ ਨਾਗਾ ਕੰਮ ਕਰਦੇ ਰਹਿੰਦੇ ਹਨ। ਲਾਜ਼ਮੀ ਹੈ ਕਿ ਉਹ ਹੀ ਸੱਭ ਤੋਂ ਵੱਧ ਪ੍ਰਭਾਵਤ ਹੋਣਗੇ ਹੀ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਅਗਰ ਮਸ਼ੀਨਾਂ ਚੱਲਣਗੀਆਂ ਤਾਂ ਸ਼ੋਰ ਤਾਂ ਹੋਊ ਹੀ ਹੋਊ। ਪਰ ਗੱਲ ਐਨੀ ਸਿੱਧੀ ਨਹੀਂ। ਠੀਕ ਹੈ ਕਿ ਮਸ਼ੀਨਾਂ ਦੀ ਘਸਾਈ ਨਾਲ ਆਵਾਜ਼ਾਂ ਪੈਦਾ ਹੁੰਦੀਆਂ ਹਨ। ਪਰ ਇਹ ਵੀ ਸੱਚ ਹੈ ਕਿ ਜੇਕਰ ਇਹਨਾਂ ਦਾ ਠੀਕ ਢੰਗ ਨਾਲ ਰੱਖ-ਰਖਾਅ ਕੀਤਾ ਜਾਵੇ ਤਾਂ ਇਹਨਾਂ ਹੀ ਆਵਾਜ਼ਾਂ ਨੂੰ ਕੁੱਝ ਹੱਦ ਤੱਕ ਘੱਟ ਕੀਤਾ ਜਾ ਸਕਦਾ ਹੈ। ਅਗਲੀ ਸ਼ਰਤ ਇਹ ਕਿ ਇਹਨਾਂ 'ਚੋਂ ਮਿਆਦ ਪੁੱਗੀਆਂ ਅਤੇ ਨਾਕਾਰਾ ਹੋ ਚੁੱਕੀਆਂ ਨੂੰ ਤਬਦੀਲ ਕੀਤਾ ਜਾਵੇ ਅਤੇ ਇਹਨਾਂ ਦੀ ਥਾਵੇਂ ਨਵੀਆਂ ਵਧੇਰੇ ਉੱਨਤ ਕਿਸਮ ਦੀਆਂ ਆਧੁਨਿਕ ਮਸ਼ੀਨਾਂ ਲਿਆਂਦੀਆਂ ਜਾਣ। ਪਰ ਅਜਿਹਾ ਕਰਨਾ ਕਾਰਖ਼ਾਨੇਦਾਰ ਦੇ ਮੁਨਾਫ਼ਾ ਮੁਖੀ ਸਮਝ ਨੂੰ ਰਾਸ ਨਹੀਂ ਬਹਿੰਦਾ ਅਤੇ ਉਹ ਹਰ ਹੀਲੇ ਘੱਟ ਖ਼ਰਚੇ ਨਾਲ ਹੀ ਆਪਣਾ ਡੰਗ ਸਾਰਣਾ ਚਾਹੁੰਦਾ ਹੈ। ਇਸੇ 'ਚੋਂ ਹੀ ਅਜਿਹੀ ਸ਼ੋਰ ਵਾਲੀ ਹਾਲਤ 'ਚ ਕਾਮਿਆਂ ਨੂੰ ਕੰਮ ਕਰਨਾ ਪੈਂਦਾ ਹੈ।

ਸਰਮਾਏਦਾਰਾਨਾ ਪ੍ਰਬੰਧ ਹੀ ਹੈ ਜਿਹੜਾ ਕਿ ਸਰਮਾਏਦਾਰ ਨੂੰ ਸ਼ੋਰ ਘੱਟ ਕਰਨ ਲਈ ਆਪਣੇ ਕਾਰਖਾਨੇ ਦੁਆਲੇ ਲਾਈ ਜਾਣ ਵਾਲੀ ਹਰੀ ਪੱਟੀ 'ਚ ਪੈਸਾ

# The alarm bell in Punjab




Amritpal arrest drama Comparisons with the 1980s are misleading. But space for moderate politics is shrinking as politically separatist, socially divisive and electorally retrogressive tendencies compete for power in the state Diaspora History comes alive once again in Punjab with the emergence of a pro-Khalistan preacher Amritpal Singh and the unfolding of a cat and mouse game. These events have touched off different responses in the three Punjabs – Diaspora Punjab, Indian Punjab and Pakistan's Punjab.

In Diaspora Punjab, the political narrative echoes the Khalistan slogan, communally divisive and violative of national unity. In Indian Punjab, the support for Khalistan is only among the fringe elements and not divisive on religious lines, as communalism may have a long tongue but no teeth. The main political narrative has been peace and harmony at any cost. The Pakistan Punjab establishment has found a pretext in the current situation to revive its efforts to disturb the peace.

Fortunately, for a large section of Punjabi society, the memories of the 1980s are still vivid. There is, thus, a greater responsibility on the political leadership and the state machinery not to make any concessions for those who wish to violate peace and harmony.

Parallels drawn between the current moment and the times of Bhindranwale in the 1980s can be misleading. The current situation has its own specific features.

First, the Punjab farmers are grappling with a crisis in agriculture. They have just emerged from a long protest movement that engulfed almost every facet of life in the state. They have realised that the traditional ways of doing agriculture and politics are in question and their future is uncertain.

Secondly, moderate politics has been turned away from the protest sites — be it the Congress, the BJP, the Akalis, and even the AAP. The space vacated by the moderate political parties is being occupied by those like Waris Punjab De and other fringe elements encouraged and patronised by sections of the pro-Khalistan political outfits.

Thirdly, the dominant narrative has been to bring closure to the tragic events by reaching out to the Sikh minority. The BJP has made efforts to reach out to the Sikh community, the Akalis are in retreat to consolidate their support in the Jat Sikh peasantry, the Congress is in flux, and the ruling AAP is perplexed.

The current episode began when Amritpal arrived from Dubai on the political scene of Punjab and was installed as head of the organisation Waris Punjab De. He mimicked the demeanour, attire and oratory of Jarnail Singh Bhindranwale. He termed the farm laws, drug menace, migration of labour from Bihar and Uttar Pradesh, exodus of Sikh youth from Punjab, alleged neglect of Punjabi language and denial of justice to the Bandi Sikhs (incarcerated Sikh prisoners in cases for years) as a "silent genocide". He exhorted the youth to make sacrifices to reverse this trend and prescribed a code of conduct for his followers.

The state responded to these developments with ineptness and hyperbole. On the day Amritpal's followers stormed Ajnala police station, a charge sheet in a 2015 case against the then Chief Minister Parkash Singh Badal, his deputy Sukhbir Singh Badal and a number of policemen for opening fire on those protesting against incidents of sacrilege of the Sikh holy book, was filed. Two protesters were killed, and around 20 policemen were injured. The message to the police was to hold back.

Amritpal was only a trigger. In the post-terrorism phase, on several occasions, there have been other such triggers but they could not succeed in disturbing the peace as the horrific outcome of such a kind of politics is still fresh in people's memory. For instance, apart from the incidents of sacrilege, there was the holding of a congregation of the Sikhs labelled as "Sarbat Khalsa", and the announcement of hardliners as the custodians of Sikh religious institutions, namely Akal Takht and the SGPC. But the way in which events have unfolded recently indicates that these were planned, not spontaneous, politically motivated and ideologically driven. The underlying serious issue remains — political battles continue to be fought in the religious (panthic) domain rather than on development, agrarian or governance agendas.

These triggers, including Waris Punjab De, very carefully manipulated the absence of a vigorous and grounded counter-narrative. The consensus in the country to ensure justice for the Sikhs killed in Delhi 1984 was extended to the rehabilitation of the terrorists. This was interpreted as a licence by a section of the militants to pursue "revenge" for the "hurt Sikh psyche" and to stoke the perennial demand for a separate Sikh state. This was further reinforced by eventually conceding (in 2014) the twice denied appeal of the Dal Khalsa (a radical Sikh organisation) for the conferment of martyrdom on hardline leaders by the Akal Takht. These organisations, having acquired legitimacy, raised their claim to control the SGPC and the Akal Takht and to "liberate" these institutions from the moderates and the liberals.

# Why human relationships are important?



**Dr. Deepika Bhatia**

Relationships are an essential part of human life, and they play a vital role in shaping our overall well-being and happiness. Human beings are social creatures, and we thrive on social connections with others. Positive relationships provide us with emotional support, companionship, a sense of belonging, and a feeling of being understood and accepted. Moreover, they also give us an opportunity to share our experiences, thoughts, and feelings with others, which can enhance our personal growth and self-awareness. The benefits of having healthy relationships are not just limited to emotional and psychological well-being but also extend to physical health. Studies have shown that individuals with positive relationships tend to live longer, have better immune systems, and are less likely to suffer from chronic illnesses such as depression and heart disease. In addition to these individual benefits, relationships also contribute to the betterment of society as a whole. They help us to build strong communities, promote social cohesion and trust, and facilitate cooperation and collaboration between individuals and groups.

**Classification of human relationships -** Relationships can be classified based on various factors such as the nature of the relationship, the level of intimacy, the duration of the relationship, and the purpose of the relationship. One way to classify relationships is based on the nature of the relationship. There are different types of relationships such as romantic, familial, platonic, and professional relationships. Romantic relationships involve intimate and romantic feelings between two people, while familial relationships are those that exist between family members, such as parents, siblings, and grandparents. Platonic relationships are non-romantic and non-sexual relationships, and professional relationships are those that exist between individuals in a workplace or business setting. Another way to classify relationships is based on the level of intimacy. Intimate relationships involve close emotional connections, physical affection, and sexual intimacy, while non-intimate relationships do not involve these elements.

Relationships can also be classified based on their duration. Some relationships are short-term and last only for a brief period, while others are long-term and may last for several years or even a lifetime. Finally, relationships can also be classified based on their purpose. Some relationships are formed for a specific purpose, such as a business partnership or a mentor-mentee relationship, while others are formed for social or emotional support. Overall, there are various ways to classify relationships, and each classification has its own set of characteristics and dynamics. Understanding these different types of relationships can help individuals navigate their social interactions and build healthier and more fulfilling relationships in their lives.

**Importance of human relationships-** Human relationships are essential for personal and social development. Our interactions with others shape our personalities, attitudes, and behaviors. Whether it's with family, friends, or colleagues, relationships provide us with a sense of belonging, support, and comfort. A strong support network of family and friends can help us cope with stress and adversity, and even improve our physical health. Moreover, relationships play a crucial role in our mental health and emotional well-being. Meaningful relationships help us to feel loved, accepted, and valued. They provide us with a sense of purpose and meaning, which can enhance our happiness and life satisfaction. Good relationships also promote positive communication and conflict resolution skills, which can help us to navigate difficult situations and maintain healthy boundaries.

In addition, human relationships are essential for socialization and community building. They allow us to learn about different cultures, traditions, and perspectives. They also provide opportunities for collaboration and cooperation, which are essential for achieving common goals and promoting social change. Moreover, human relationships are vital for personal growth, emotional well-being, and social development. They provide us with love, support, and a sense of belonging that is essential for a fulfilling life. Therefore, we should nurture our relationships with care and respect, investing time and energy in building and maintaining healthy connections with others.

**How you can improve the quality of relationship? -** Improving human relationships can be a complex and ongoing process, but here are some general strategies that can help:

- Communication: Effective communication is the foundation of any healthy relationship. It's important to listen actively, express your thoughts and feelings clearly, and show empathy for others.

- Respect: Respecting other people's boundaries, opinions, and feelings is essential for building trust and fostering healthy relationships.

- Trust: Trust is a vital component of any relationship. Being honest, reliable, and consistent in your interactions with others can help to build and maintain trust over time.

- Empathy: Being able to understand and share the feelings of others is an important skill for building meaningful relationships. Showing empathy can help to strengthen your connections with others and create a sense of understanding and mutual respect.

- Compromise: Compromise is essential for resolving conflicts and finding common ground in any relationship. It involves finding a solution that meets everyone's needs, rather than just one person's.

- Forgiveness: Forgiveness is a powerful tool for repairing relationships that have been damaged. It involves letting go of anger and resentment and choosing to move forward with a positive attitude.

- Time and effort: Building strong relationships takes time and effort. It's important to prioritize your relationships, invest time in them, and show a genuine interest in the lives of others.

By incorporating these strategies into your interactions with others, you can help to improve your relationships and create a more positive and fulfilling social network.

In conclusion, relationships are a fundamental aspect of human life, and they bring immense value to our lives. They provide us with emotional support, personal growth, physical health benefits, and contribute to the overall betterment of society. Therefore, it is crucial to nurture and maintain healthy relationships in our lives.

Assistant Professor &
Researcher in Biotechnology.
Patiala.




# Ontario Health Coalition

## Bill 60-The Ford Government's Private Clinics Act

Urgent Notice: The Ford Government is speeding this legislation through.

There are, however, going to be public hearings. Everything you need is here:

NOTE: The deadline to make an oral presentation to the Ontario Legislature's Standing Committee on Social Policy is this Monday March 13 at noon.

The Standing Committee on Social Policy will meet to consider Bill 60, An Act to amend and enact various Acts with respect to the health system.

The Committee intends to hold public hearings in Toronto on Monday, March 20, 2023, Tuesday, March 21, 2023 and Monday, March 27, 2023.

Interested people who wish to be considered to make an oral presentation on Bill 60 are required to register by 12:00 p.m. (EDT) on Monday, March 13, 2023.

Those who do not wish to make an oral presentation but wish to comment on the bill may send a written submission by 7:00 p.m. (EDT) on Monday, March 27, 2023.

To register or send a written submission, please visit the following link: ola.org/en/apply-committees.

An electronic version of the Bill is available on the Legislative Assembly website at ola.org.

We have done an analysis of the legislation. To aid you in writing your submission we are pasting below the key facts and information and attaching files that will be helpful in your submission.

Most of your submission should focus on the arguments against privatizing our hospitals.

Please do not copy this verbatim. Make it your own with your own local examples.

There are three attachments to this email, one is the briefing note with evidence against privatization,the second is a fact sheet with evidence of patients paying for medically necessary services and the third is the analysis of Bill 60 excluding the overall argument against privatization.

Introduction to Bill 60 - Ford's Plan to Privatize our Local Public Hospital Services

The Ford government has announced it is moving forward with plans to "significantly" [their words] expand privatization of surgeries and diagnostics and private hospitals and clinics. They have brought in Bill 60 to facilitate this plan.

Our assessment is that this is very serious and extremely urgent. The premier told media that 50% of the surgeries currently done in hospitals are "easy" [and thus could be transferred out of public hospitals]. That would be devastating to all local public hospitals and would gut the services that remain in many of the medium and small hospitals.

The government has already called for bids for three new private day hospitals to do 14,000 cataract surgeries initially as well as diagnostics.

They are giving $18 million in new funding (on top of the earlier expansion to their funding) to expand existing private clinics to cover care for "thousands of patients". The announcement included more than 49,000 hours of MRI and CT scans, 4,800 cataract surgeries, 900 other ophthalmic surgeries, 1,000 gynecological surgeries and 2,845 plastic surgeries such as hand soft tissue repair.

They are expanding the number of private clinics and intend to further expand the volumes as well as to expand the types of surgeries they privatize. They plan to have private hip and knee surgeries up and running by 2024.

The premier's quote on January 16, 2023, "There are only two places that have the same health system that we have: Cuba and North Korea," is a line taken from Brian Day, the owner of notorious private clinics - the Cambie Surgical Centre and Specialist Referral Clinic- in British Columbia which were caught extra-billing patients for $500,000 in an audit covering just 30-days of their records. The auditors also found overlapping claims that pointed to $66,000 in double-billing. Day and the private clinics launched a court challenge against the laws that prohibit extra billing of patients. That quote by Doug Ford is Day's line opposing Canada's ban on extra-billing patients for medically needed hospital and physician services. Day has now appealed the private clinics' court challenge to the Supreme Court with the goal of bringing down the laws that protect single tier medicare in Canada.

While paying lip service to the idea that Ontarians will" pay with their OHIP card not their credit card", the Ford government has enabled private clinics to charge patients for $200 or more for medically-needed COVID testing in the midst of a pandemic, is allowing for-profit virtual walk in clinics to brazenly charge patients for access to doctors often $70 or more per visit– a violation of the core tenets of the Canada Health Act– and has done nothing about the existing private clinics that are charging patients $2,000 - $5,000 ore more for their medically needed surgeries like cataracts, and manipulating them into paying for an ever-growing array of medically unnecessary add-ons.

There is little question that the Premier is playing both sides, giving quotes that support the end of single-tier medicare even while claiming you will always "pay with your OHIP card" and expanding two-tier charges for patients as it privatizes a whole array of services while pretending they are protecting public medicare. If this government opens the floodgates to private for-profit clinics, we will lose our public hospital system and with it, single-tier public medicare.

**Attached are:**

- Fact sheet on the privatization of our hospital services, including the key facts, links to sources, key reasons why we oppose the government cutting and privatizing our public hospitals' surgeries and diagnostic tests to for-profit clinics and hospitals.

- Briefing note with facts vs. myths and examples of patient stories of extra-billing/upselling.

- Our analysis of Bill 60 focused only on the technical parts, not the overall privatization (which is covered in the two other attachements).

# Drug awareness program











Thank you for all media. Colleagues and other participation last night on our annual dinner and information session. It was very well attended event by Drug awareness committee of Toronto to thank all the media and all the volunteers for spreading their message. Their commitment to improve our lives in our society. Alcohol is also a drug and we shouldn't consume. Education n awareness is the key. Please help us to create the awareness. Thanks all the attendees. Special thanks to Dharampal Singh Sandhu and Amarjeet Singh for well presented event.



-ਅਮੋਲਕ ਸਿੰਘ
98778-68710

### 5 ਮਾਰਚ ਸ਼ਹੀਦ ਪਿਰਥੀਪਾਲ ਰੰਧਾਵਾ ਜਨਮ ਦਿਹਾੜਾ

# ਪੌਣਾਂ ਗਾਵਣ ਗੀਤ : ਘਰ ਘਰ ਪ੍ਰਿਥੀ ਜੰਮਣਗੇ

ਪੰਜਾਬ ਦੀ ਵਿਦਿਆਰਥੀ ਜੱਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਝਵਾਨ ਅਤੇ ਸਿਦਕਵਾਨ ਜਰਨੈਲ ਪਿਰਥੀਪਾਲ ਸਿੰਘ ਰੰਧਾਵਾ ਦਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਦਸੂਹਾ 'ਚ 5 ਮਾਰਚ 1952 ਨੂੰ ਜਨਮ ਹੋਇਆ। ਉਹ ਜਦੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਜਦੋਂ ਪੜ੍ਹ ਰਿਹਾ ਸੀ ਤਾਂ ਉਸ ਵੇਲੇ ਮੁਲਕ ਦੇ ਹੋਰਨਾਂ ਖਿੱਤਿਆਂ ਵਾਂਗ ਪੰਜਾਬ ਅੰਦਰ ਵੀ ਕਮਿਊਨਿਸਟ ਇਨਕਲਾਬੀਆਂ ਨੂੰ ਕੋਹ ਕੋਹ ਕੇ ਮਾਰਨ ਅਤੇ ਪੁਲਸ ਮੁਕਾਬਲੇ ਦਾ ਢਕਵੰਜ ਰਚਕੇ ਲੋਕਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਹਕੂਮਤ ਨੇ ਜਬਰ ਦੇ ਝੱਖੜ ਝੁਲਾ ਰੱਖੇ ਸਨ।


ਗ਼ਦਰ ਲਹਿਰ ਤੋਂ ਲੈ ਕੇ ਦੇਸ਼ ਭਗਤ ਯਾਦਗਾਰ ਹਾਲ ਅਤੇ ਕਮਿਊਨਿਸਟ ਇਨਕਲਾਬੀ ਲਹਿਰ ਵਿੱਚ ਸਰਗਰਮੀ ਨਾਲ? ਕੰਮ ਕਰਨ ਵਾਲੇ 82 ਵਰ੍ਹਿਆਂ ਦੇ ਬਾਬਾ ਬੂਝਾ ਸਿੰਘ ਨੂੰ ਵੀ ਝੂਠੇ ਪੁਲਸ ਮੁਕਾਬਲੇ ਦੀ ਮਨਘੜਤ ਕਹਾਣੀ ਘੜਕੇ ਸ਼ਹੀਦ ਕਰ ਦਿੱਤਾ ਗਿਆ। ਚੜ੍ਹਦੇ ਸੂਰਜ ਅਜੇਹੀਆਂ ਹਿਰਦੇ ਵੇਦਕ ਖ਼ਬਰਾਂ ਆਉਣ ਲੱਗੀਆਂ। ਸ਼ਹੀਦ ਭਗਤ ਸਿੰਘ ਦੁਆਰਾ ਫਾਂਸੀ ਦੀ ਕਾਲ਼ ਕੋਠੜੀ ਵਿੱਚ ਜ਼ਿੰਦਗੀ ਦੇ ਅੰਤਲੇ ਪਲ ਕਿਤਾਬ ਦੇ ਮੋੜੇ ਪੰਨੇ ਨੂੰ ਖੋਲ੍ਹਕੇ ਸਿੱਧਾ ਕਰਨ ਭਾਵ 'ਸਾਮਰਾਜਵਾਦ-ਮੁਰਦਾਬਾਦ' ਅਤੇ 'ਇਨਕਲਾਬ-ਜ਼ਿੰਦਾਬਾਦ' ਦੇ ਨਾਅਰੇ ਨੂੰ ਅਮਲੀ ਜਾਮਾ ਪਹਿਨਾਉਣ ਤੁਰੀ ਚੜ੍ਹਦੀ ਜੁਆਨੀ ਨੂੰ ਮਾਰ ਮੁਕਾਉਣ ਦਾ ਫਾਸ਼ੀ ਹੱਲਾ ਬੋਲਿਆ ਗਿਆ । ਖੂਬਸੂਰਤ ਜ਼ਿੰਦਗੀ ਲਈ ਜੂਝਦੇ ਕਾਫ਼ਲਿਆਂ ਦਾ ਮਾਰਗ ਡੱਕਣ ਲਈ ਕੋਝੇ ਹੱਥਕੰਡੇ ਅਪਣਾਏ।

ਹੱਕ ਸੱਚ ਇਨਸਾਫ਼ ਦੇ ਕਾਫ਼ਲਿਆਂ ਸਾਹਵੇਂ ਸਭ ਤੋਂ ਗੰਭੀਰ ਚੁਣੌਤੀ ਇਹ ਬਣੀ ਕਿ ਇੱਕ ਬੰਨੇ ਹਕੂਮਤ ਵੱਲੋਂ ਦਹਿਸ਼ਤ ਦੇ ਝੱਖੜ ਝੁਲਾਏ ਜਾ ਰਹੇ ਸੀ ਦੂਜੇ ਬੰਨੇ ਜਨਤਕ ਜੱਥੇਬੰਦੀਆਂ ਦਾ ਭੋਗ ਪਾਉਣ ਅਤੇ ਵਿਅਕਤੀਗਤ ਨਾਇਕਪੁਣੇ ਨੂੰ ਸੱਤਵੇਂ ਅਸਮਾਨ ਚਾੜ੍ਹਕੇ ਇਨਕਲਾਬੀ ਲਹਿਰ ਅਤੇ ਲੋਕਾਂ ਦਰਮਿਆਨ ਮੱਛੀ ਅਤੇ ਪਾਣੀ ਦੇ ਨਿਹਾਇਤ ਜ਼ਰੂਰੀ ਰਿਸ਼ਤੇ ਦੀਆਂ ਤੰਦਾਂ ਕੱਟੀਆਂ ਜਾ ਰਹੀਆਂ ਸਨ। ਵੰਨ ਸੁਵੰਨੀਆਂ ਹਕੂਮਤਾਂ ਵੱਲੋਂ ਇਨਕਲਾਬੀ ਜਮਹੂਰੀ ਲਹਿਰ ਮਲ਼ੀਆ ਮੇਟ ਕਰਨ ਲਈ ਗੋਲੀਆਂ ਦਾਗਣ, ਕੁਰਕੀਆਂ ਕਰਨ, ਫ਼ਸਲਾਂ ਤਬਾਹ ਕਰਨ, ਪਿੰਡਾਂ ਦੇ ਪਿੰਡ ਜਬਰ ਦਾ ਸ਼ਿਕਾਰ ਬਣਾਉਣ ਅਤੇ ਲੋਕ-ਮਨਾਂ 'ਤੇ ਦਹਿਲ ਬਿਠਾ ਕੇ ਮਲਕ ਭਾਗੋਆਂ ਦੇ ਰਾਜ ਭਾਗ ਨੂੰ ਸਲਾਮਤ ਰੱਖਣ ਲਈ ਹਰ ਹਰਬਾ ਵਰਤਿਆ ਗਿਆ।

ਜਦੋਂ ਚਾਰੇ ਪਾਸੇ ਕਹਿਰ ਦਾ ਛਨਾਟਾ ਸੀ। ਜਦੋਂ ਨੌਜਵਾਨਾਂ ਨੂੰ ਉਧਾਲ ਕੇ ਸੁੰਨੇ ਪੁਲਾਂ 'ਤੇ ਲਿਜਾਕੇ ਗੋਲੀਆਂ ਦਾਗੀਆਂ ਜਾ ਰਹੀਆਂ ਸਨ। ਜਦੋਂ ਲੋਕਾਂ ਨੂੰ ਵਕਤੀ ਤੌਰ ਤੇ ਗੁੰਮਰਾਹ ਜਾਂ ਦਹਿਸ਼ਤਜ਼ਦਾ ਕਰਨ ਵਿੱਚ ਸਥਾਪਤੀ ਦਾ ਹੱਥ ਉੱਪਰ ਸੀ। ਅਜੇਹੇ ਹੁੰਮਸ ਅਤੇ ਦਮ-ਘੁੱਟਵੇਂ ਵਾਤਾਵਰਣ ਵਿੱਚ ਪ੍ਰਿਥੀਪਾਲ ਸਿੰਘ ਰੰਧਾਵਾ ਅਤੇ ਉਹਦੇ ਸੰਗੀ ਸਾਥੀਆਂ ਨੂੰ ਇਹ ਵਿਗਿਆਨਕ ਇਨਕਲਾਬੀ ਸੂਝ-ਬੂਝ ਸੀ ਕਿ ਇਸ ਖ਼ਾਮੋਸ਼ੀ ਦੇ ਡੂੰਘੇ ਪਤਾਲ ਅੰਦਰ ਹਲਚਲ ਹੈ। ਨਾਬਰੀ ਦੀਆਂ ਤਰੰਗਾਂ ਨੇ। ਲੋਕਾਂ ਅੰਦਰ ਗੁੱਸੇ, ਰੋਹ ਭਰੀ ਆਵਾਜ਼ ਬੁਲੰਦ ਕਰਨ ਦੀਆਂ ਅੰਗੜਾਈਆਂ ਨੇ।

ਪ੍ਰਿਥੀ ਅਤੇ ਉਸਦੇ ਸਾਥੀਆਂ ਨੇ ਇਸ ਨੁਕਤੇ ਨੂੰ ਫੜਦੇ ਹੋਏ ਵਿਦਿਆਰਥੀਆਂ ਵਿੱਚ ਚੇਤਨਾ ਦੇ ਚਾਨਣ ਦਾ ਛੱਟਾ ਦਿੱਤਾ। ਵਿਦਿਆਰਥੀ ਜੱਥੇਬੰਦੀ ਨੇ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਆਪਣੇ ਕਲਾਵੇ ਵਿੱਚ ਲਿਆ। "ਲੋਕ ਇਤਿਹਾਸ ਦੇ ਸਿਰਜਣਹਾਰੇ ਹੁੰਦੇ ਨੇ" ਇਸ ਧਾਰਨਾ ਉਪਰ ਅਮਲ ਕਰਦਿਆਂ ਸ਼ਾਨਾਮੱਤੀ ਵਿਦਿਆਰਥੀ ਤਾਕਤ ਜੱਥੇਬੰਦ ਕੀਤੀ। ਲੋਕਾਂ ਨਾਲ? ਨਹੁੰ ਮਾਸ ਦਾ ਰਿਸ਼ਤਾ ਸਿਰਜਣ ਅਤੇ ਵਿਦਿਆਰਥੀ ਲਹਿਰ ਦਾ ਕਿਲ੍ਹਾ ਉਸਾਰਨ ਲਈ ਅਥਾਹ ਮਿਹਨਤ ਕੀਤੀ।

ਇਸ ਵਿਦਿਆਰਥੀ ਲਹਿਰ ਨੂੰ ਲਹੂ 'ਚ ਡਬੋਣ ਲਈ ਮੋਗਾ ਵਿਖੇ 1972 ਵਿੱਚ ਵਿਦਿਆਰਥੀਆਂ ਉਪਰ ਗੋਲੀਆਂ ਦੀ ਵਾਛੜ ਕੀਤੀ ਗਈ। ਪੰਜਾਬ ਅੰਦਰ ਲੋਕਾਂ, ਵਿਦਿਆਰਥੀਆਂ, ਨੌਜਵਾਨਾਂ ਦੇ ਤੂਫ਼ਾਨੀ ਵੇਗ ਸਾਹਮਣੇ ਆਏ। ਵਿਦਿਆਰਥੀਆਂ ਨੇ ਪਿੰਡਾਂ ਵੱਲ ਵਹੀਰਾਂ ਘੱਤੀਆਂ। ਪਿੰਡਾਂ ਅੰਦਰ ਨੌਜਵਾਨ ਭਾਰਤ ਸਭਾਵਾਂ ਬਣਨ ਲੱਗੀਆਂ। ਵਿਦਿਆਰਥੀਆਂ ਦੇ ਨਾਲ ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ, ਭਾਣਜੇ ਪ੍ਰੋ. ਜਗਮੋਹਨ ਸਿੰਘ ਅਤੇ ਰੰਗ ਮੰਚ ਦੇ ਸਿਰਮੌਰ ਨਾਟਕਕਾਰ ਗੁਰਸ਼ਰਨ ਭਾਅ ਜੀ ਜਦੋਂ ਪਿੰਡ ਪਿੰਡ ਰੰਗ ਮੰਚ ਲਿਜਾਣ ਅਤੇ



ਵਿਚਾਰ-ਚਰਚਾਵਾਂ ਕਰਨ ਲੱਗੇ ਤਾਂ ਪੰਜਾਬ ਅੰਦਰ ਨਵੇਂ ਪ੍ਰਭਾਵਸ਼ਾਲੀ ਵਰਤਾਰੇ ਨੇ ਕੱਦ ਕੱਢਿਆ। ਰਾਜ ਭਾਗ ਕਚੀਚੀਆਂ ਲੈਣ ਲੱਗਾ।

ਇਸ ਲਹਿਰ ਨੂੰ ਲੀਹੋਂ ਲਾਹੁਣ ਲਈ ਪ੍ਰਬੰਧ ਨੇ ਜਬਰ ਦੇ ਨਾਲ ਨਾਲ ਨਵੀਆਂ ਜੁਗਤਾਂ ਅਪਣਾਈਆਂ। ਪੰਜਾਬ ਅੰਦਰ ਗੁਰੂ ਗੋਬਿੰਦ ਸਿੰਘ ਮਾਰਗ ਬਣਾਉਣ ਇਸ ਮਾਰਗ ਉਪਰ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਾਸ਼ਤਰਾਂ ਅਤੇ 'ਨੀਲੇ ਘੋੜੇ' ਦੀਆਂ ਝਾਕੀਆਂ ਅਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤੱਕ ਲਿਜਾਣ ਦਾ ਪ੍ਰੋਗਰਾਮ ਢੋਲ-ਢਮੱਕੇ ਨਾਲ ਲਾਗੂ ਕੀਤਾ। ਪਿੰਡਾਂ ਦੇ ਪਿੰਡ ਜਿਹੜੇ ਮੋਗਾ ਗੋਲੀ ਕਾਂਡ ਕਾਰਨ ਭਰੇ ਪੀਤੇ ਸਨ ਉਹਨਾਂ ਦੇ ਮਨਾਂ ਉਪਰੋਂ ਵਿਸ਼ਾ ਬਦਲੀ ਕਰਨ ਅਤੇ ਧਾਰਮਕ ਜਜ਼ਬਾਤਾਂ ਨਾਲ਼ ਖੇਡਣ ਦਾ ਕੰਮ ਕੀਤਾ ਗਿਆ।

ਸ਼ਹੀਦ ਭਗਤ ਸਿੰਘ ਦੀ ਮਾਂ ਨੂੰ 'ਪੰਜਾਬ ਮਾਤਾ' ਦਾ ਰੁਤਬਾ ਦਿੱਤਾ ਤਾਂ ਜੋ ਕਾਲਖ਼ ਲੱਦੇ ਚਿਹਰੇ ਧੋਣ ਦਾ ਨਾਕਾਮ ਯਤਨ ਕੀਤਾ ਜਾ ਸਕੇ। ਸ਼ਹੀਦ ਊਧਮ ਸਿੰਘ ਦੀਆਂ ਲੰਡਨ ਤੋਂ ਅਸਥੀਆਂ ਲਿਆਉਣ ਦਾ ਸ਼ੋਰ ਪਾਇਆ ਗਿਆ ਤਾਂ ਜੋ ਪੰਜਾਬ ਦੀ ਮਚਲਦੀ ਜੁਆਨੀ ਨੂੰ ਸ਼ਾਂਤ ਕਰਨ ਦੇ ਉਪਾਅ ਕੀਤੇ ਜਾਣ। ਇਸਦੇ ਬਦਲ 'ਚ ਪਿਰਥੀਪਾਲ ਰੰਧਾਵਾ ਅਤੇ ਸੰਗੀ ਸਾਥੀ ਵਿਦਿਅਕ ਅਦਾਰਿਆਂ, ਪਿੰਡਾਂ ਦੇ ਅਖਾੜਿਆਂ ਵਿੱਚ "ਸ਼ਹੀਦੋਂ ਥੋਡਾ ਕਾਜ ਅਧੂਰਾ-ਲਾ ਕੇ ਜ਼ਿੰਦੜੀਆਂ ਕਰਾਂਗੇ ਪੂਰਾ" ਦਾ ਪੈਗ਼ਾਮ ਦੇ ਰਹੇ ਸਨ।

ਇਸ ਉੱਠਦੀ, ਜੁਆਨ ਅਤੇ ਤਾਕਤਵਾਰ ਹੋ ਰਹੀ ਵਿਦਿਆਰਥੀ, ਨੌਜਵਾਨ ਅਤੇ ਲੋਕ ਲਹਿਰ ਦੇ ਗਲ਼ ਗੂਠਾ ਦੇਣ ਲਈ 'ਸੰਪੂਰਣ ਕਰਾਂਤੀ' ਵਰਗੀਆਂ ਪਿਛਾਖੜੀ ਲਹਿਰਾਂ ਨੂੰ ਬੜਾਵਾ ਦਿੱਤਾ ਗਿਆ। ਗਲੇ-ਸੜੇ ਪ੍ਰਬੰਧ ਦੇ ਹਕੀਕੀ ਬਦਲ ਦੀ ਬਜਾਏ 'ਉੱਤਰ ਕਾਟੋ ਮੈਂ ਚੜ੍ਹਾਂ' ਦੇ ਗਧੀ-ਗੇੜ ਵਿੱਚ ਲੋਕਾਂ ਨੂੰ ਫਸਾਈ ਰੱਖਣ ਲਈ ਨਵੇਂ ਨਾਇਕ ਉਭਾਰੇ ਗਏ। ਕਾਂਗਰਸ ਵਿਰੋਧੀ ਸਭਨਾਂ ਤਾਕਤਾਂ ਨਾਲ ਫਰੰਟ ਬਣਾਉਣ ਦੇ ਫਾਰਮੂਲੇ ਸਾਹਮਣੇ ਆਏ। ਅਜੋਕੇ ਸਮਿਆਂ ਅੰਦਰ ਫਿਰਕੂ ਫਾਸ਼ੀ ਭਾਜਪਾ ਹਕੂਮਤ ਨੂੰ ਹਰਾਉਣ ਲਈ ਜਿਵੇਂ ਅਕਾਲੀ ਦਲ, ਕਾਂਗਰਸ ਆਦਿ ਨਾਲ ਹੱਥ ਮਿਲਾ ਕੇ ਚੱਲਣ ਦੀਆਂ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ।

ਅਜੇਹੀ ਬਹੁ ਰੰਗੀ ਹਨੇਰੀ ਵਿੱਚ ਪੈਰ ਟਿਕਾਕੇ ਖੜ੍ਹਨ, ਲੋਕ-ਤਾਕਤ, ਲੋਕ-ਸੰਘਰਸ਼ ਅਤੇ ਲੋਕ-ਮੁਕਤੀ ਦੇ ਮਾਰਗ ਉਪਰ ਡਟ ਕੇ ਅੱਗੇ ਵਧਣ ਲਈ 'ਮੋਗਾ ਸੰਗਰਾਮ ਰੈਲੀ' ਦਾ ਆਯੋਜਨ ਕੀਤਾ ਗਿਆ। ਲੋਕਾਂ ਦੇ ਕਲਿਆਣ ਦਾ ਮਾਰਗ ਪੇਸ਼ ਕਰਦੀ ਇਸ ਰੈਲੀ ਨੇ ਵਿਦਿਆਰਥੀ ਤਾਕਤ ਨੂੰ ਲੋਕ ਤਾਕਤ ਵੱਲ ਅਗੇਰੇ ਪੈਰ ਧਰਨ ਦਾ ਰਾਹ ਰੁਸ਼ਨਾਇਆ। ਲੋਕਾਂ ਵਿੱਚ ਹਕੀਕੀ ਇਨਕਲਾਬੀ ਬਦਲ ਅਤੇ ਨਵੇਂ ਸਮਾਜ ਦੀ ਸਿਰਜਣਾ ਦਾ ਮਾਰਗ ਰੌਸ਼ਨ ਕੀਤਾ।

ਨਵੇਂ ਪੰਧ ਤਹਿ ਕਰਦੀ ਨਵੀਆਂ ਪੁਲਾਂਘਾ ਪੁੱਟਦੀ ਇਸ ਲਹਿਰ ਦੀ ਪਹਿਲੀ ਕਤਾਰ ਦੇ ਸ਼ਰੋਮਣੀ ਆਗੂ ਦੀ ਭੂਮਿਕਾ ਅਦਾ ਕਰਨ ਵਾਲਾ ਪ੍ਰਿਥੀਪਾਲ ਸਿੰਘ ਰੰਧਾਵਾ ਇਸ ਕਾਣੇ ਪ੍ਰਬੰਧ ਦੀਆਂ ਅੱਖਾਂ 'ਚ ਰੋੜ ਬਣਕੇ ਰੜਕਣ ਲੱਗਾ। ਕਾਲਜਾਂ ਯੂਨੀਵਰਸਿਟੀਆਂ ਵਿੱਚ ਗੁੰਡਾਗਰਦੀ ਨੂੰ ਪਾਲਣ, ਛਤਰੀ ਦੇਣ ਅਤੇ ਵਿਦਿਆਰਥੀ ਜੱਥੇਬੰਦੀਆਂ ਦਾ ਗਲ਼ ਘੁੱਟਣ ਲਈ ਵਰਤਣ ਦਾ ਸਿਲਸਲਾ ਤੇਜ਼ ਹੋਇਆ। ਇਸ ਗੁੰਡਾ ਕਾਤਲੀ ਢਾਣੀ ਨੇ 18 ਜੁਲਾਈ 1979 ਵਾਲੇ ਦਿਨ ਲੁਧਿਆਣਾ ਵਿੱਚੋਂ ਪਿਰਥੀਪਾਲ ਰੰਧਾਵਾ ਨੂੰ ਅਗਵਾ ਕਰ ਲਿਆ। ਬੇਤਹਾਸ਼ਾ ਤਸ਼ੱਦਦ ਢਾਹਿਆ। ਵਹਿਸ਼ੀਆਨਾ ਕੁੱਟ ਮਾਰ ਉਪਰੰਤ ਕਤਲ ਕਰਕੇ ਪਿਰਥੀਪਾਲ ਦਾ ਮ੍ਰਿਤਕ ਸਰੀਰ ਲੁਧਿਆਣਾ ਲਾਗੇ ਪਿੰਡ ਝਾਂਡੇ ਵਿਖੇ ਸੁੰਨ-ਮ-ਸਾਨ ਥਾਂ 'ਤੇ ਸੁੱਟ ਦਿੱਤਾ। ਇਸ ਦਾ ਪਤਾ 20 ਜੁਲਾਈ ਸਵੇਰ ਵੇਲੇ ਲੱਗਾ।

ਵਿਦਿਆਰਥੀਆਂ ਦੇ ਸੀਨੇ ਬਲ਼ ਉੱਠੇ। ਕਾਲਜਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਹੋਣ ਦੇ ਬਾਵਜੂਦ ਹਜ਼ਾਰਾਂ ਵਿਦਿਆਰਥੀਆਂ ਅਤੇ ਲੋਕਾਂ ਦੇ ਕਾਫ਼ਲੇ ਨੇ ਆਪਣੇ ਮਹਿਬੂਬ ਸ਼ਹੀਦ ਨੂੰ ਸੇਜ਼ਲ ਅੱਖਾਂ ਨਾਲ ਰੋਹਲੀ ਵਿਦਾਇਗੀ ਦਿੱਤੀ। ਝੂਠੇ ਪੁਲਸ ਮੁਕਾਬਲਿਆਂ ਵਿੱਚ ਚੁੱਪ-ਚੁਪੀਤੇ ਕਮਿਊਨਿਸਟ ਇਨਕਲਾਬੀਆਂ ਨੂੰ ਮਾਰ ਮੁਕਾਉਣ ਦੇ ਵਰਤਾਰਿਆਂ ਮਗਰੋਂ ਮੋਗਾ ਗੋਲੀ ਕਾਂਡ ਅਤੇ ਪਿਰਥੀਪਾਲ ਰੰਧਾਵਾ ਦੀ ਸ਼ਹਾਦਤ ਮੌਕੇ ਹਾਕਮਾਂ ਨੂੰ ਤਿੱਖੇ ਜਨਤਕ ਰੋਹ ਦਾ ਸਾਹਮਣਾ ਕਰਨਾ ਪਿਆ।

ਪੰਜਾਬ ਦੇ ਇਨਕਲਾਬੀ ਸ਼ਾਇਰ ਅਵਤਾਰ ਪਾਸ਼ ਨੇ ਸ਼ਹੀਦ ਪ੍ਰਿਥੀਪਾਲ ਰੰਧਾਵਾ ਨੂੰ ਜਿਨ੍ਹਾਂ ਕਾਵਿਕ ਬੋਲਾਂ ਨਾਲ਼ ਉਸ ਵੇਲੇ ਸਿਜਦਾ ਕੀਤਾ ਉਹ ਬੋਲ ਅਜਾਈਂ ਨਹੀਂ ਗਏ। ਉਹ ਬੋਲ ਧਰਤੀ ਦੀ ਕੁੱਖ 'ਚ ਸਮੋਅ ਗਏ। ਧੁੱਪ, ਹਵਾ ਅਤੇ ਪਾਣੀ ਮਿਲਣ 'ਤੇ ਉਹ ਪੁੰਗਰੇ। ਉਹਨਾਂ ਅੱਖ ਉਘਾੜੀ। ਅੰਗੜਾਈ ਲਈ ਅਤੇ ਭਰ ਜੁਆਨੀ ਦੇ ਰੂਪ 'ਚ ਨਿਸਰਨ ਲੱਗੇ।

ਬਿਨਾਂ ਸ਼ੱਕ ਅਜੋਕੀ ਵਿਦਿਆਰਥੀ, ਨੌਜਵਾਨ, ਮਜ਼ਦੂਰ, ਕਿਸਾਨ, ਸਾਹਿਤਕ ਸਭਿਆਚਾਰਕ, ਰੰਗ ਮੰਚੀ, ਤਰਕਸ਼ੀਲ ਜਮਹੂਰੀ ਅਤੇ ਇਨਕਲਾਬੀ ਲਹਿਰ ਨੂੰ ਅਨੇਕਾਂ ਦੁਸ਼ਵਾਰੀਆਂ ਦਰਪੇਸ਼ ਹਨ ਪਰ ਇਹ ਸਮਿਆਂ ਦਾ ਸੱਚ ਹੈ ਕਿ ਲਹੂ ਸੰਗ ਲਿਖੀਆਂ ਅਤੇ ਪਾਲ਼ੀਆਂ ਤਵਾਰੀਖ਼ਾਂ ਅਜਾਈਂ ਨਹੀਂ ਜਾਂਦੀਆਂ। ਇਹਨਾਂ ਲਹਿਰਾਂ ਦੀ ਕੁੱਖ ਸਦਾ ਸੁਲੱਖਣੀ ਰਹਿੰਦੀ ਹੈ। 'ਲੋਕ ਘੋਲ ਨਾ ਥੰਮਣਗੇ : ਘਰ ਘਰ ਪਿਰਥੀ ਜੰਮਣਗੇ' ਦੇ ਬੋਲ ਧਰਤੀ ਅਤੇ ਹਵਾ 'ਚ ਸਮੋਅ ਗਏ। ਇਹ ਗੀਤ, ਇਹ ਸਮੇਂ ਦੇ ਹਾਣੀ ਅਤੇ ਆਉਣ ਵਾਲੇ ਕੱਲ੍ਹ ਦੇ ਗੀਤ ਅਮਰ ਰਹਿਣਗੇ।

5 ਮਾਰਚ 1952 ਨੂੰ ਜਨਮੇ ਪਿਰਥੀਪਾਲ ਸਿੰਘ ਰੰਧਾਵਾ ਦੇ 71ਵੇਂ ਜਨਮ ਦਿਹਾੜੇ ਮੌਕੇ ਇਨਕਲਾਬੀ ਕਵੀ ਪਾਸ਼ ਦੀ ਕਲਮ- ਜਾਏ ਇਨ੍ਹਾਂ ਬੋਲਾਂ ਨੂੰ ਉਚਿਆਉਣ ਦੀ ਲੋੜ ਹੈ :

"ਜਿੱਦਣ ਤੂੰ ਪ੍ਰਿਥੀ ਨੂੰ ਜੰਮਿਆਂ
ਕਿਹੜਾ ਦਿਨ ਸੀ ਮਾਂ
ਰੱਬ ਬਣ ਕੇ ਮੈਂ ਕੁੱਲ ਕਲੰਡਰ
ਓਹੀਓ ਦਿਨ ਕਰ-ਦਾਂ
ਜੇਸ ਰਾਤ ਤੇਰਾ ਲੈ ਗਏ ਪਿਰਥੀ
ਕੋਹਿਆ ਜਿਹੜੀ ਥਾਂ
ਉਦਣ ਧਰਤ ਸੁਹਾਗਣ ਹੋਈ
ਟਹਿਕੀ ਸੁੰਨ ਸਰਾਂ
ਪ੍ਰਿਥੀ ਕਰ ਗਿਆ ਧਰਤੀ ਅੰਬਰ
ਸਾਰੇ ਤੇਰੇ ਨਾਂ
ਲੱਭਦੇ ਫਿਰਨ 'ਬੇਅੰਤੇ' ਵਰਗੇ
ਪੈਰ ਧਰਨ ਨੂੰ ਥਾਂ
ਤੇਰਾ ਕੋਈ ਕੀ ਕਰ ਲਊ
ਤੂੰ ਸ਼ੇਰ ਪੁੱਤਾਂ ਦੀ ਮਾਂ।


# ਨਕਸਲਬਾੜੀ ਲਹਿਰ ਦੇ ਸ਼ਹੀਦ : ਕਾਮਰੇਡ ਚਰਨ ਸਿੰਘ ਮਾਣੂੰਕੇ ਅਮਰ ਰਹੇ

ਨਕਸਲਬਾੜੀ ਕਿਸਾਨ ਬਗ਼ਾਵਤ ਦੀ ਇਤਿਹਾਸਕ ਘਟਨਾ ਸੰਨ 1967 ਦੇ ਸਾਲ, ਭਾਰਤ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ। ਇਸ ਕ੍ਰਾਂਤੀਕਾਰੀ ਵਰਤਾਰੇ ਨੇ ਪੰਜਾਬ ਨੂੰ ਵੀ ਪ੍ਰਭਾਵਿਤ ਕੀਤਾ। ਗੁਰੂ ਸਾਹਿਬਾਨਾਂ ਤੋਂ ਪ੍ਰੇਰਿਤ ਵਿਰਸੇ 'ਚ ਮਿਲੀ ਜਬਰ ਜ਼ੁਲਮ ਵਿਰੁੱਧ ਲੜਨ ਦੀ ਪ੍ਰੇਰਨਾ ਤਹਿਤ, ਗਦਰੀ ਬਾਬਿਆ ਭਗਤ-ਸਰਾਭਿਆਂ ਵੱਲੋਂ ਮਨੁੱਖਤਾ ਦੀ ਅਜਾਦੀ ਤੇ ਖੁਸ਼ਹਾਲ ਲਈ ਸ਼ੁਰੂ ਕੀਤੇ ਸੰਘਰਸ਼ ਨੂੰ ਤਿੱਖਾ ਕਰਨ ਲਈ ਪੰਜਾਬ ਦੀ ਜਵਾਨੀ ਵੀ ਘਰਾਂ ਦੇ ਸੁੱਖ ਅਰਾਮ, ਨੌਕਰੀਆਂ ਰੁਜ਼ਗਾਰ, ਪੜ੍ਹਾਈਆਂ ਆਦਿ ਛੱਡ ਸੀਸ਼ ਤਲੀ ਤੇ ਰੱਖ ਕੇ ਨਕਸਲਬਾੜੀ ਲਹਿਰ ਵਿੱਚ ਕੁੱਦ ਪਈ। ਉਨ੍ਹਾਂ ਭਾਰਤੀ ਲੋਕਾਂ ਦੇ ਸੁਪਨੇ ਚਕਨਾਚੂਰ ਕਰਕੇ ਲੁੱਟ ਮਚਾਉਣ ਵਾਲੇ ਦੱਲੇ ਸਰਮਾਏਦਾਰਾਂ ਜਾਗੀਰਦਾਰਾਂ ਅਤੇ ਸਾਮਰਾਜ ਦੀ ਸਾਂਝੀ ਰਾਜਸੱਤਾ ਨੂੰ ਚੈਲਿੰਜ ਕਰਕੇ ਕਿਰਤੀ ਲੋਕਾਂ ਦੀ ਮੁਕਤੀ ਲਈ ਨਵ ਜਮਹੂਰੀ ਭਾਰਤ ਸਿਰਜਣ ਦਾ ਅਹਿਦ ਕੀਤਾ। ਇਨ੍ਹਾਂ ਨੌਜਵਾਨਾਂ ਵਿੱਚ ਸ਼ਾਮਲ ਸੀ ਸ਼ਹੀਦ ਚਰਨ ਸਿੰਘ ਮਾਣੂੰਕੇ।

- ਸ਼ਹੀਦ ਚਰਨ ਸਿੰਘ ਦਾ ਜਨਮ ਮਾਤਾ ਪ੍ਰੀਤਮ ਕੌਰ ਪਿਤਾ ਸੋਹਣ ਸਿੰਘ ਦੇ ਘਰ 1946 'ਚ ਚੱਕ ਨੰਬਰ 83 ਜ਼ਿਲਾ ਮੁਲਤਾਨ ਪਾਕਿਸਤਾਨ ਵਿਚ ਹੋਇਆ।

ਸੰਨ-47 ਦੀ ਅਖੌਤੀ ਅਜ਼ਾਦੀ ਤੇ ਭਾਰਤ-ਪਾਕਿ ਵੰਡ ਦੇ ਦੁਖਦਾਈ ਉਜਾੜੇ ਤੋਂ ਬਾਅਦ ਉਹ ਆਪਣੇ ਜੱਦੀ ਪਿੰਡ ਮਾਣੂੰਕੇ ਰਹਿਣ ਲੱਗੇ। ਛੋਟੀ ਕਿਸਾਨੀ ਨਾਲ ਸਬੰਧਿਤ ਅਤੇ ਆਰਥਿਕ ਥੁੜਾਂ ਦੇ ਕਾਰਨ ਉਹ ਅੱਠਵੀਂ ਜਮਾਤ ਤੱਕ ਹੀ ਪੜ੍ਹ ਸਕੇ। ਰੁਜ਼ਗਾਰ ਖ਼ਾਤਰ ਉਹ ਫੌਜ 'ਚ ਭਰਤੀ ਹੋ ਗਏ ਸਨ। ਭਾਰਤੀ ਫੌਜ ਵਿੱਚ ਭਰਤੀ ਹੋਣ ਤੋਂ ਬਾਅਦ ਚਰਨ ਸਿੰਘ ਮਾਣੂੰਕੇ ਨੇ ਅਹਿਸਾਸ ਕੀਤਾ ਕਿ ਦੇਸ਼ ਦੀ ਰੱਖਿਆ ਕਰਨ ਵਾਲਾ ਫੌਜੀ ਜਵਾਨ ਹਥਿਆਰਬੰਦ ਹੋਣ ਦੇ ਬਾਵਜੂਦ ਵੀ, ਉਚ ਫੌਜੀ ਅਫਸਰਾਂ ਤੋਂ ਆਪਣੇ ਮਾਨ ਸਨਮਾਨ ਦੀ ਰੱਖਿਆ ਨਹੀਂ ਕਰ ਸਕਦਾ, ਮਾਨ-ਸਨਮਾਨ ਦੀ ਰੱਖਿਆ ਸਿਰਫ ਤੇ ਸਿਰਫ, ਚੇਤਨ ਤੇ ਜਾਗਦੀ ਜਮੀਰ ਹੀ ਕਰ ਸਕਦੀ ਹੈ। ਫੌਜੀ-ਸਰਵਿਸ ਦੇ ਦੌਰਾਨ ਇੱਕ ਉਚ ਫੌਜੀ-ਅਫਸਰ ਨੇ ਚਰਨ ਸਿੰਘ ਨੂੰ ਬੂਟ ਪਾਲਿਸ ਤੇ ਸਾਫ ਕਰਨ ਦਾ ਹੁਕਮ ਸੁਣਾਇਆ, ਚਰਨ ਸਿੰਘ ਅਜਿਹੇ ਹੁਕਮਾਂ ਨੂੰ ਨਿਰਾਦਰ ਸੱਮਝਦਾ ਸੀ। ਉਨ੍ਹਾਂ ਇਸ ਤੋਂ ਇਨਕਾਰ ਕਰ ਦਿੱਤਾ। ਫੌਜੀ ਅਫਸਰ ਪੁੱਠਾ ਬੋਲਿਆ ਤਾਂ ਉਨ੍ਹਾਂ ਅਫਸਰ ਦੀ ਮੌਕੇ ਤੇ ਭੁਗਤ ਸੁਆਰੀ, ਮਾਨ-ਸਨਮਾਨ ਲਈ ਉਨ੍ਹਾਂ ਨੌਕਰੀ ਛੱਡ ਦਿੱਤੀ।

-ਆਪਣੇ ਪਿੰਡ ਮਾਣੂੰਕੇ ਆ ਕੇ ਉਨ੍ਹਾਂ ਸਾਂਝੇ ਕੰਮਾਂ 'ਚ ਵੱਧ ਚੜ੍ਹ ਕੇ ਯੋਗਦਾਨ ਪਾਇਆ। ਨਹਿਰੀ ਪਾਣੀ ਦੇ ਆਬਿਆਨੇ ਵਿਰੁੱਧ ਘੋਲ ਲੜਿਆ, ਨਹਿਰੀ ਪਾਣੀ ਦੀ




ਵੰਡ ਤਰਕਸੰਗਤ ਕਰਕੇ ਸਭ ਤੱਕ ਪਾਣੀ ਪੁੰਹਚਾਇਆ।

7 ਮਾਰਚ 1971 ਨੂੰ ਨਕਸਲੀ ਆਗੂ ਕਾਮਰੇਡ ਬੰਤ ਸਿੰਘ ਰਾਜੇਆਣਾ ਨੂੰ ਝੂਠੇ ਪੁਲਿਸ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ, ਪੁਲਿਸ ਨੇ ਦਹਿਸ਼ਤ ਪਾਉਣ ਲਈ ਪੰਜਾਬ ਵਿੱਚ ਜ਼ੁਲਮ ਦੇ ਝੱਖੜ ਝੁਲਾ ਦਿੱਤੇ। ਇਸ ਪੁਲਿਸ ਦਹਿਸ਼ਤ ਖਿਲਾਫ ਉਨਾਂ ਲੋਕਾਂ ਨੂੰ ਜਥੇਬੰਦ ਕੀਤਾ। ਲੋਕਾਂ ਦੇ ਆਮ ਲੜਾਈ ਝਗੜੇ ਉਹ ਪਿੰਡ ਹੀ ਨਿਬੇੜ ਦਿੰਦੇ, ਪੁਲਿਸ ਦੀ ਹਰ ਨਜਾਇਜ਼ ਦਖਲ-ਅੰਦਾਜੀ ਦਾ ਉਹ ਵਿਰੋਧ ਕਰਦੇ, ਐਮਰਜੈਂਸੀ ਵੇਲੇ ਧੱਕੇ ਨਾਲ ਕੀਤੀ ਜਾਂਦੀ ਨਸਬੰਦੀ ਦਾ ਉਨ੍ਹਾਂ ਡੱਟ ਕੇ ਵਿਰੋਧ ਕੀਤਾ।

ਇਕ ਦਿਨ ਥਾਣਾ ਬਾਘਾਪੁਰਾਣਾ ਦੀ ਪੁਲਿਸ ਨੇ ਕੜਿਆਂ ਵਾਲੇ ਬੁੱਚੜ ਥਾਣੇਦਾਰ ਦੀ ਅਗਵਾਈ ਹੇਠ ਦਲਿਤ ਗਰੀਬ ਬਸਤੀ ਤੇ ਹੱਲਾ ਬੋਲ ਕੇ ਧੱਕੇ ਨਾਲ ਕੁੱਟਮਾਰ ਕਰਦਿਆਂ ਗੰਦੀਆਂ ਗਾਲ੍ਹਾਂ ਕੱਢ ਕੇ ਨਸਬੰਦੀ ਅਪਰੇਸ਼ਨ ਕਰਨ ਲਈ ਲੋਕਾਂ ਨੂੰ ਅਗਵਾ ਕਰ ਕੇ ਟਰੱਕ ਵਿੱਚ ਤੂੜ ਲਿਆ। ਜਦੋਂ ਪੁਲਿਸ ਦੀ ਇਸ ਗੁੰਡਾਂਗਰਦੀ ਦਾ ਚਰਨ ਸਿੰਘ ਨੂੰ ਪਤਾ ਲੱਗਾ ਤਾਂ ਉਹ ਮੌਕੇ ਤੇ ਪਹੁੰਚ ਗਿਆ। ਕਾਮਰੇਡ ਚਰਨ ਸਿੰਘ ਨੇ ਪੁਲਿਸ ਦੀ ਗੁੰਡਾਂਗਰਦੀ ਦਾ ਵਿਰੋਧ ਕਰਦਿਆਂ, ਨਸਬੰਦੀ ਅਪਰੇਸ਼ਨ ਲਈ ਪੁਲਿਸ ਵੱਲੋ ਅਗਵਾ ਕੀਤੇ ਸਭ ਦਲਿਤ ਭਰਾਵਾਂ ਨੂੰ ਛੁੱਡਵਾ ਲਿਆ। ਬੁੱਚੜ ਥਾਣੇਦਾਰ ਦੰਦੀਆ ਪੀਹਦਾ ਰਹਿ ਗਿਆ। ਲੋਕਾਂ ਤੇ ਖਾਸ ਕਰਕੇ ਵਿਹੜੇ ਵਾਲੇ ਦਲਿਤ ਗਰੀਬਾਂ ਵਿਚ ਹੋਈ ਦੀ ਬੇਇੱਜ਼ਤੀ ਬੁੱਚੜ ਥਾਣੇਦਾਰ ਨੂੰ ਪਾਣੀ ਵਾਂਗ ਪੀਣੀ ਪਈ। ਜਥੇਬੰਦਕ ਚੇਤਨਾ ਵੰਡ ਕੇ ਦਲਿਤਾਂ, ਮਜ਼ਦੂਰ ਤੇ ਕਿਸਾਨਾਂ 'ਚੋਂ ਪੁਲਸ ਦਹਿਸ਼ਤ ਚੁੱਕਣ ਕਾਰਨ ਕਾਮਰੇਡ ਚਰਨ ਸਿੰਘ ਮਾਣੂੰਕੇ, ਥਾਣੇਦਾਰ ਨੂੰ ਕੰਡਿਆਂ ਵਾਂਗ ਰੜਕਣ ਲੱਗਾ। ਇਸੇ ਦੌਰਾਨ ਝੱਖੜ ਵਾਲੀਏ ਬਦਮਾਸ਼ ਦੇ ਕਤਲ ਹੋ ਗਿਆ ਇਸ ਬਹਾਨੇ ਕਾਮਰੇਡ ਚਰਨ ਸਿੰਘ ਨੂੰ 6 ਮਾਰਚ 1977 ਘਰੋਂ ਗ੍ਰਿਫਤਾਰ ਕਰਕੇ ਨਜਾਇਜ਼ ਪੁਲਿਸ ਹਿਰਾਸਤ ਵਿੱਚ ਰੱਖ ਕੇ ਅੰਨਾ ਤਸ਼ੱਦਦ ਕੀਤਾ ਗਿਆ, ਕੜਿਆਂ-ਵਾਲੇ ਬੁੱਚੜ ਥਾਣੇਦਾਰ ਨੇ ਉਸ ਸੂਰਮੇ ਸਾਥੀ ਚਰਨ ਸਿੰਘ ਤੇ ਦਾਬ ਪਾਉਣ ਲਈ ਗੰਦੀ ਜੀਭ ਨਾਲ ਗਾਲ੍ਹ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਸੂਰਮੇ ਦਾ ਘਸੁੰਨ ਜਾਬਾਂ ਤੇ ਖਾ ਕੇ ਬੁੱਚੜ ਥਾਣੇਦਾਰ ਲੜ-ਖੜਾਅ ਗਿਆ। ਆਖਰ ਪੁਲਿਸ ਵੱਲੋਂ ਕੀਤੇ ਅਕਿਹ ਤੇ ਅਸਿਹ ਅਤਿਆਚਾਰ ਦਾ ਅੱਖਾਂ ਵਿੱਚ ਅੱਖਾਂ ਪਾ ਕੇ ਸਾਹਮਣਾ ਕਰਨ ਵਾਲਾ ਨਕਸਲਬਾੜੀ ਲਹਿਰ ਦਾ ਨਾਇਕ ਸਾਥੀ ਚਰਨ ਸਿੰਘ ਮਾਣੂੰਕੇ 7 ਮਾਰਚ 1977 ਦੀ ਰਾਤ ਨੂੰ ਸ਼ਹਾਦਤ ਦਾ ਜਾਮ ਪੀ ਗਿਆ। ਡਰਪੋਕ ਪੁਲਿਸ ਨੇ ਕਤਲ ਖੁਰਦ-ਬੁਰਦ ਕਰਨ ਲਈ ਸ਼ਹੀਦ ਦੀ ਲਾਸ਼ ਨਹਿਰ ਵਿੱਚ ਸੁੱਟ ਦਿੱਤੀ। ਇਸ ਤੋਂ ਬਾਅਦ ਸ਼ਹੀਦ ਚਰਨ ਸਿੰਘ ਮਾਣੂੰਕੇ ਕਤਲ-ਕਾਂਡ ਵਿਰੁੱਧ ਉਠੀ ਲੋਕ ਲਹਿਰ ਨੇ ਪੁਲਿਸ ਦਹਿਸ਼ਤ ਨੂੰ ਵਾਹਣੀ ਪਾ ਦਿੱਤਾ। ਸ਼ਹੀਦ ਚਰਨ ਸਿੰਘ ਮਾਣੂੰਕੇ ਦੀ ਲਾਸ਼ ਹਾਸਿਲ ਕਰਨ ਅਤੇ ਦੋਸ਼ੀ ਪੁਲਿਸ ਅਫਸਰਾਂ ਵਿਰੁੱਧ ਕਾਰਵਾਈ ਲਈ ਕੀਤਾ ਪੁਲਿਸ ਥਾਣਾ ਬਾਘਾਪੁਰਾਣਾ ਦਾ ਘਿਰਾਓ ਸਾਇਦ ਇਹ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਭਾਰਤ ਦੇ ਇਤਿਹਾਸ ਵਿੱਚ ਪਹਿਲਾ ਹੀ ਥਾਣੇ ਦਾ ਘਿਰਾਓ ਸੀ ਜਿਸਨੇ ਪੁਲਿਸ ਜਬਰ ਦੇ ਖਿਲਾਫ ਥਾਣਿਆਂ ਅੱਗੇ ਧਰਨੇ ਦੇਣ ਦਾ ਮੁੱਢ-ਬੰਨ੍ਹਿਆ! ਲਾਲ ਸਲਾਮ! ਸਲਾਮ! ਸਲਾਮ!! ਸ਼ਹੀਦ ਚਰਨ ਸਿੰਘ ਮਾਣੂੰਕੇ ਅਮਰ ਰਹੇ।

ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਦੀ 92ਵੀਂ ਵਰ੍ਹੇਗੰਢ ਤੇ ਵਿਸ਼ੇਸ਼:

# ਸੋਸ਼ਣ ਦਮਨ ਤੋਂ ਮੁਕਤ ਹਿੰਦੋਸਤਾਨ ਬਣਾਉਣ ਲਈ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨਾ ਹੋਵੇਗਾ



ਪਾਸ਼ ਅੰਬਰ
6280797236




ਮਜ਼ਦੂਰ ਇੱਕ ਕਮੇਟੀ ਦਾ ਬਿਆਨ, 20 ਮਾਰਚ, 2023 23 ਮਾਰਚ, 1931 ਨੂੰ ਅੰਗਰੇਜ਼ ਹਕੂਮਤਾਂ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਤੇ ਚੜ੍ਹਾ ਦਿੱਤਾ ਸੀ। ਉਹਨਾਂ ਨੂੰ ਅੱਤਵਾਦੀ ਕਰਾਰ ਕਰ ਦਿੱਤਾ ਗਿਆ। ਉਹਨਾਂ ਅਤੇ ਹੋਰ ਅਣਗਿਣਤ ਕ੍ਰਾਂਤੀਕਾਰੀਆਂ ਨੇ ਅੰਗਰੇਜ਼ ਹਕੂਮਤ ਨੂੰ ਜੜ੍ਹੋਂ ਪੱਟਣ ਅਤੇ ਆਪਣੇ ਲੋਕਾਂ ਨੂੰ ਗੁਲਾਮੀ ਤੋਂ ਮੁਕਤ ਕਰਾਉਣ ਦੇ ਲਈ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਸੀ। ਅੰਗਰੇਜ਼ ਉਨ੍ਹਾਂ ਨੂੰ ਫਾਂਸੀ ਤੇ ਚੜ੍ਹਾਕੇ ਉਹਨਾਂ ਦੇ ਵਿਚਾਰਾਂ ਅਤੇ ਕਾਰਜਾਂ ਨੂੰ ਖਤਮ ਕਰਨਾ ਚਾਹੁੰਦੇ ਸਨ। ਪਰ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋਏ। ਅੱਜ ਵੀ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਵਿਚਾਰ ਅਤੇ ਮੌਤ ਨੂੰ ਚੁਣੌਤੀ ਦੇਣ ਵਾਲੀ ਦਲੇਰੀ ਨੌਜਵਾਨਾਂ ਨੂੰ ਪ੍ਰੇਰਦੀ ਹੈ।

ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਕ ਐਸਾ ਹਿੰਦੋਸਤਾਨ ਦੇ ਨਿਰਮਾਣ ਦਾ ਸੱਦਾ ਦਿੱਤਾ ਜਿਸਦੇ ਵਿੱਚ ਹਰ ਮਜ਼ਦੂਰ ਸ਼ੋਸ਼ਣ-ਦਮਨ ਤੋਂ ਮੁਕਤ ਹੋਵੇਗਾ।

ਜਿਥੇ ਹਰ ਇਨਸਾਨ ਸੋਸ਼ਣ ਦਮਨ ਤੌ ਮੁਕਤ ਹੋਵੇਗਾ ਤੇ ਹਰ ਇੱਕ ਨੂੰ ਉਸਦੀ ਕਿਰਤ ਕਮਾਈ ਦਾ ਵਾਜਿਵ ਫੱਲ ਮਿਲੇਗਾ। ਜਿੱਥੇ ਕਿਸਾਨ ਮਜ਼ਦੂਰ ਨੌਜਵਾਨ ਖ਼ੁਦਕੁਸ਼ਿਆਂ ਦੇ ਰਾਹ ਨਹੀਂ ਪੈਣਗੇ। ਜਿੱਥੇ ਨੌਜਵਾਨਾਂ ਨੂੰ ਗੂੜ੍ਹੇ ਹਨੇਰੇ 'ਚ ਨਹੀਂ ਧੱਕਿਆ ਜਾਵੇਗਾ। ਜਿੱਥੇ ਨਵੀਂ ਪੀੜ੍ਹੀ ਤੇ ਹਰ ਇਨਸਾਨ ਬੱਚੇ, ਔਰਤਾਂ ਬੇਖੌਫ ਚਲ ਫਿਰ ਸਕਣਗੇ। ਜਿੱਥੇ ਧਰਮ-ਜਾਤ ਦੇ ਨਾਂ ਤੇ ਮੁਲਕ ਵੰਡਿਆ ਨਹੀਂ ਜਾਵੇਗਾ ਜਿੱਥੇ ਮਿਹਨਤਕਸ਼ ਲੋਕ ਜੋ ਧਨ ਦੌਲਤ ਕਮਾਉਣਗੇ ਪੈਦਾ ਕਰਨਗੇ ਉਹ ਖ਼ੁਦ ਦੇਸ਼ ਦੇ ਮਾਲਕ ਹੋਣਗੇ। ਸਾਡੇ ਹੁਕਮਰਾਨ ਤੇ ਪੂੰਜੀਪਤੀ ਇਹ ਦਾਅਵਾ ਕਰਦੇ ਹਨ। ਕਿ 1947 ਨੂੰ ਹਿੰਦੋਸਤਾਨ ਨੇ ਅਜ਼ਾਦੀ ਹਾਸਿਲ ਕੀਤੀ ਪਰ ਹਕੀਕਤ ਇਹ ਹੈ ਕਿ 76 ਸਾਲਾਂ ਬਾਅਦ ਵੀ ਦੇਸ਼ ਦੇ ਮਜ਼ਦੂਰ, ਕਿਸਾਨ ਸੋਸ਼ਣ ਅਤੇ ਉਤਪੀੜਨ ਦੇ ਸ਼ਿਕਾਰ ਹਨ। ਅੱਜ ਜਿਹੜੇ ਨੌਜਵਾਨਾਂ ਦੇ ਕੋਲ ਨੌਕਰੀ ਹੈ। ਜੋ ਦਿਨ ਰਾਤ ਕੰਮ ਕਰ ਰਹੇ ਹਨ। ਉਹਨਾਂ ਨੂੰ ਪੂਰੀ ਮਿਹਨਤ ਕਰਨ ਦੇ ਬਾਵਜੂਦ ਵੀ ਪੂਰੀ ਮਿਹਨਤ ਦਾ ਮੁੱਲ ਨਹੀਂ ਮਿਲਦਾ। ਉਹ ਹਰ ਦਿਨ ਰਾਤ ਮਿਹਨਤ ਕਰਦੇ ਹਨ ਬਾਅਦ ਵੀ ਪੂਰਾ ਮੁੱਲ ਨਹੀਂ ਮਿਲਦਾ। ਇਸ ਗੱਲ ਦੀ ਵੀ ਕੋਈ ਗਰੰਟੀ ਨਹੀਂ ਕਿ ਕੱਲ ਨੂੰ ਉਹਨਾਂ ਕੋਲ ਕੰਮ ਹੋਵੇਗਾ ਜਾਂ ਨਹੀਂ। ਲੋਕ ਬੇਰੁਜ਼ਗਾਰੀ ਦੇ ਭੰਨੇ ਹੋਏ ਲਾਚਾਰ ਤੇ ਭੁੱਖਮਰੀ, ਕੁਪੋਸ਼ਣ, ਅਨਪੜ੍ਹਤਾ ਦੇ ਦੌਰ ਚੌ ਗੁਜ਼ਰ ਰਹੇ ਹਨ। ਅੱਜ ਵੀ ਹਾਲਤ ਤਰਸਯੋਗ ਬਣੀ ਹੋਈ ਹੈ। ਬੀਮਾਰੀਆਂ ਨਾਲ ਹਜ਼ਾਰਾਂ ਮੌਤਾਂ ਹੁੰਦੀਆਂ ਹੀ ਰਹਿੰਦੀਆਂ ਹਨ।

ਧਰਮ-ਜਾਤ ਦੇ ਨਾਮ ਤੇ ਪੀੜਤ ਤੇ ਔਰਤਾਂ ਨਾਲ ਹਰ ਪਲ ਵਧੀਕੀਆਂ ਹੁੰਦੀਆਂ ਹਨ। ਇਹ ਘਟਨਾਵਾਂ ਦਾ ਸਿਲਸਿਲਾ ਲ਼ਗਾਤਾਰ ਜਾਰੀ ਹੈ। ਰਾਜ ਵੱਲੋਂ ਆਯੋਜਿਤ ਸੰਪਰਦਾਇਕਤਾ ਤੇ ਹੋਰ ਸਰਕਾਰੀ ਢਾਂਚੇ ਤੇ ਰਾਜਸੀ ਅਤਿਵਾਦ ਤੋਂ ਹਿੰਦੋਸਤਾਨ ਆਜ਼ਾਦ ਨਹੀਂ ਹੈ।

ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਸਾਨੂੰ ਕੀ ਕਰਨਾ ਹੋਵੇਗਾ। ਇਹਨਾਂ ਸਾਰੇ ਸਵਾਲਾਂ ਦਾ ਜਵਾਬ ਹਾਸਿਲ ਕਰਨ ਲਈ ਸਾਨੂੰ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੇ ਇਤਿਹਾਸ ਨੂੰ ਸਮਝਨਾ ਹੋਵੇਗਾ।

ਅੰਗਰੇਜ਼ ਹਕੂਮਤ ਨੂੰ ਖਤਮ ਕਰਨ ਨਾਲ ਨਵਾਂ ਹਿੰਦੋਸਤਾਨ ਕਿਸ ਤਰਾਂ ਦਾ ਹੋਵੇਗਾ। ਇਸ ਤੇ ਦੋ ਨਜ਼ਰੀਏ ਆਪਸ ਵਿੱਚ ਟਕਰਾਅ ਰਹੇ ਸਨ। ਇੱਕ ਨਜ਼ਰੀਆ ਸੀ ਮਜ਼ਦੂਰਾਂ ਕਿਸਾਨਾਂ ਤੇ ਹੋਰ ਸਾਰੇ ਮਿਹਨਤਕਸ਼ ਤਬਕਿਆਂ ਦਾ ਤੇ ਦੌਜੇ ਪਾਸੇ ਪੂੰਜੀਪਤੀ ਤੇ ਵੱਡੇ ਘਰਾਣੇ ਜਗੀਰਦਾਰ ਸੂਦਖੋਰ।

ਸਾਡੇ ਦੇਸ਼ ਦੇ ਮਜ਼ਦੂਰ, ਕਿਸਾਨ ਅਤੇ ਕ੍ਰਾਂਤੀਕਾਰੀ 1857 ਦੇ ਮਹਾਨ ਗਦਰ ਦੀ ਸੂਰਵੀਰਤਕ ਏਲਾਨਾਂ ਤੌ ਪ੍ਰੇਰਿਤ ਸਨ। ਉਹ ਰੂਸ ਦੀ ਮਹਾਨ ਅਕਤੂਬਰ ਸਮਾਜਵਾਦੀ ਕ੍ਰਾਂਤੀ ਦੀ ਜਿੱਤ ਅਤੇ ਮਜ਼ਦੂਰਾਂ ਦੀ ਹਕੂਮਤ ਤੌ ਪ੍ਰੇਰਿਤ ਹੋਏ। ਉਹ ਮਜ਼ਦੂਰਾਂ, ਕਿਸਾਨਾਂ ਅਤੇ ਨੌਜਵਾਨਾਂ ਨੂੰ ਸਮਾਜ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਲਈ ਇੱਕਜੁਟ ਕਰ ਰਹੇ ਸਨ। ਉਹਨਾਂ ਦਾ ਮੰਨਣਾ ਸੀ ਕਿ ਜਦੌਂ ਤੱਕ ਦੇਸ਼ ਲੋਕਾਂ ਤੇ ਦਾਬਾ ਬਨਾਉਣ ਦੇ ਲਈ ਅੰਗਰੇਜਾਂ ਵੱਲੋਂ ਸਥਾਪਤ ਰਾਜ ਦੇ ਸਾਧਨ ਬਰਕਰਾਰ ਰਹਿਣਗੇ। ਉਸ ਸਮੇਂ ਤੱਕ ਅਸੀ ਅਸਲੀ ਅਜ਼ਾਦੀ ਹਾਸਿਲ ਨਹੀਂ ਕਰ ਸਕਾਂਗੇ। ਕ੍ਰਾਂਤੀਕਾਰੀਆਂ ਨੇ ਸਾਫ-ਸਾਫ ਘੋਸ਼ਿਤ ਕੀਤਾ ਕਿ 'ਸਾਡਾ ਸੰਘਰਸ਼ ਉਸ ਵਖਤ ਤੱਕ ਜਾਰੀ ਰਹੇਗਾ ਜਦੋਂ ਤੱਕ ਤਿੱਲ ਭਰ ਲੋਕ ਆਮ ਜਨਤਾ ਤੇ ਉਹਨਾਂ ਦੇ ਸਾਧਨਾਂ ਦਾ ਸੋਸ਼ਣ ਕਰਦੇ ਰਹਿਣਗੇ। ਸਾਨੂੰ ਇਸ ਰਾਹ ਤੇ ਚੱਲਣ ਤੌ ਕੋਈ ਨਹੀਂ ਰੋਕ ਸਕਦਾ।' ਉਹਨਾਂ ਨੇ ਅੰਗਰੇਜ਼ਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਾਨੂੰ ਅੱਜ ਕੀ ਕਰਨਾ ਹੋਵੇਗਾ? ਇਹਨਾਂ ਸਵਾਲਾਂ ਦਾ ਜਵਾਬ ਹਾਸਿਲ ਕਰਨ ਲਈ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਦੇ ਇਤਿਹਾਸ ਨੂੰ ਸਮਝਨਾ ਹੋਵੇਗਾ। ਅੰਗਰੇਜ਼ ਹਕੂਮਤ ਨੂੰ ਖਤਮ ਕਰਨ ਦੇ ਸੰਘਰਸ਼ ਵਿੱਚ ਨਵਾਂ ਹਿੰਦੋਸਤਾਨ ਕਿਸ ਤਰ੍ਹਾਂ ਦਾ ਹੋਵੇਗਾ। ਇਸ ਵਿੱਚ ਦੋ ਨਜ਼ਰੀਆ ਦੇ ਵਿੱਚ ਟੱਕਰ ਸੀ। ਇੱਕ ਨਜ਼ਰੀਆ ਸੀ ਮਜ਼ਦੂਰ ਵਰਗ ਮਿਹਨਤਕਸ਼ ਕਿਸਾਨਾਂ ਅਤੇ ਕ੍ਰਾਂਤੀਕਾਰੀਆਂ ਦਾ ਦੂਜਾ ਨਜ਼ਰੀਆ ਸੀ ਵੱਡੇ ਪੂੰਜੀਪਤੀਆਂ ਤੇ ਵੱਡੇ ਜਗੀਰਦਾਰਾਂ ਦਾ।

ਸਾਡੇ ਦੇਸ਼ ਦੇ ਮਜ਼ਦੂਰ ਕਿਸਾਨ ਅਤੇ ਕ੍ਰਾਂਤੀਕਾਰੀ 1857 ਦੇ ਮਹਾਨ ਗਦਰ ਤੋਂ ਹਿੰਦੋਸਤਾਨ ਗਦਰ ਪਾਰਟੀ ਦੇ ਵੀਰਤਾਪੂਰਨ ਐਲਾਨਾਂ ਅਤੇ ਕੰਮਾਂ ਤੋਂ ਪ੍ਰੇਰਿਤ ਸਨ। ਉਹ ਰੂਸ ਵਿੱਚ ਹੋਈ ਮਹਾਨ ਅਕਤੂਬਰ ਸਮਾਜਵਾਦੀ ਕ੍ਰਾਂਤੀ ਦੀ ਜਿੱਤ ਅਤੇ ਉਹਨਾਂ ਮਜ਼ਦੂਰਾਂ ਦੀ ਹਕੂਮਤ ਦੀ ਸਥਾਪਨਾਂ ਤੋਂ ਪ੍ਰਭਾਵਿਤ ਹੋਏ ਸਨ। ਉਹ ਮਜ਼ਦੂਰਾਂ ਕਿਸਾਨਾਂ ਔਰਤਾਂ ਅਤੇ ਨੌਜਵਾਨਾਂ ਨੂੰ ਸਮਾਜ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਲਈ ਇੱਕਜੁਟ ਕਰ ਰਹੇ ਸਨ। ਉਹਨਾਂ ਦਾ ਮੰਨਣਾ ਸੀ ਕਿ ਜਦੌਂ ਤੱਕ ਦੇਸ਼ ਦੇ ਲੋਕਾਂ ਨੂੰ ਦਬਾਉਣ ਲਈ ਅੰਗਰੇਜ਼ਾਂ ਵੱਲੋਂ ਸਥਾਪਤ ਰਾਜ ਦੀਆਂ ਸੰਸਥਾਵਾਂ ਬਰਕਰਾਰ ਰਹਿਣਗੀਆਂ ਉਸ ਸਮੇਂ ਤੱਕ ਅਸੀਂ ਅਸਲੀ ਅਜ਼ਾਦੀ ਹਾਸਲ ਨਹੀਂ ਕਰ ਸਕਾਂਗੇ। ਕ੍ਰਾਂਤੀਕਾਰੀਆਂ ਨੇ ਸਾਫ ਸਾਫ ਘੋਸ਼ਣਾ ਕੀਤੀ ਸੀ ਕਿ 'ਸਾਡਾ ਸੰਘਰਸ਼ ਉਸ ਸਮੇਂ ਤੱਕ ਜਾਰੀ ਰਹੇਗਾ ਜਦੌਂ ਤੱਕ ਮੁੱਠੀਭਰ ਲੋਕ, ਦੇਸੀ ਜਾਂ ਵਿਦੇਸ਼ੀ ਜਾਂ ਫੇਰ ਦੋਵੇਂ ਮਿਲਕੇ, ਸਾਡੇ ਲੋਕਾਂ ਦੀ ਮਿਹਨਤ ਅਤੇ ਸੰਸਥਾਂਵਾਂ ਦਾ ਸੋਸ਼ਣ ਕਰਦੇ ਰਹਿਣਗੇ ਉਸ ਸਮੌ ਤੱਕ ਸਾਨੂੰ ਇਸ ਰਾਹ ਤੌ ਕੋਈ ਨਹੀਂ ਰੋਕ ਸਕਦਾ।' ਓਹਨਾਂ ਨੇ ਅੰਗਰੇਜ਼ ਰਾਜ ਨੂੰ ਪੂਰਾ ਪੂਰਾ ਜੜੋਂ ਪੱਟਣ ਅਤੇ ਇੱਕ ਨਵੇਂ ਰਾਜ ਦਾ ਨਿਰਮਾਣ ਕਰਨ ਦੇ ਸੰਘਰਸ਼ ਦਾ ਸੱਦਾ ਦਿੱਤਾ ਸੀ। ਜਿਸ ਦੇ ਵਿੱਚ ਮਨੁੱਖ ਵੱਲੌ ਮਨੁੱਖ ਦਾ ਸੋਸ਼ਣ ਨਹੀਂ ਹੋਵੇਗਾ ਅਤੇ ਰਾਜ ਸੱਭ ਨੂੰ ਸੁਰੱਖਿਅਤ ਅਤੇ ਖ਼ੁਸ਼ਹਾਲੀ ਪ੍ਰਦਾਨ ਕਰੇਗਾ। ਅੰਗਰੇਜ਼ ਹਕੂਮਤਾਂ ਨੇ ਕ੍ਰਾਂਤੀਕਾਰੀਆਂ ਤੇ ਬਹੁਤ ਜ਼ੁਲਮ ਢਾਏ ਤੇ ਨਾਲਦੀ ਨਾਲ ਅੰਗਰੇਜ਼ਾਂ ਦੇ ਵਫਾਦਾਰਾਂ ਨੂੰ ਜਮੀਨ ਅਤੇ ਇਨਾਮ ਦਿੱਤੇ ਗਏ। ਪੂੰਜੀਪਤੀ ਵਰਗ ਆਤੇ ਜਗੀਰਦਾਰਾਂ ਦੇ ਵਿਕਾਸ ਨੂੰ ਹੁਲਾਰਾ ਦਿੱਤਾ ਗਿਆ। ਮਜ਼ਦੂਰਾਂ ਅਤੇ ਕਿਸਾਨਾਂ ਨੂੰ ਕ੍ਰਾਂਤੀ ਦਾ ਰਾਹ ਅਪਨਾਉਣ ਤੋਂ ਰੋਕਣ ਦੇ ਉਦੇਸ਼ ਨਾਲ ਅੰਗਰੇਜ਼ੀ ਹਕੂਮਤਾਂ ਨੇ ਹਿੰਦੋਸਤਾਨੀ ਪੂੰਜੀਪਤੀਆਂ ਅਤੇ ਜਗੀਰਦਾਰਾਂ ਦੇ ਸਭ ਤੌਂ ਅਮੀਰ ਅਤੇ ਪ੍ਰਭਾਵਸ਼ਾਲੀ ਵਰਗ ਦੇ ਪ੍ਰਤੀਨਿਧੀਆਂ ਬਤੌਰ, ਇੰਡੀਅਨ ਨੈਸ਼ਨਲ ਪਾਰਟੀ ਦਾ ਗਠਨ ਕੀਤਾ। ਪੂੰਜੀਵਾਦੀ ਕਾਰਪੋਰੇਟ ਘਰਾਣੇ ਆਤੇ ਵੱਡੇ ਜਗੀਰਦਾਰਾਂ ਨੂੰ ਅੰਗਰੇਜ਼ ਸਾਸ਼ਣ ਤੱਤਰ ਦੇ ਅੰਦਰ ਸ਼ਾਮਿਲ ਕੀਤਾ ਗਿਆ,ਜਦ ਕਿ ਬਹੁ ਸੰਖਿਅਕ ਮਿਹਨਤਕਸ਼ ਲੋਕਾਂ ਨੂੰ ਬਾਹਰ ਰੱਖਿਆ ਗਿਆ। ਅੰਗਰੇਜ਼ੀ ਹਕੂਮਤਾਂ ਦੇ ਇਹਨਾਂ ਵਫ਼ਾਦਾਰਾਂ ਨੇ ਕ੍ਰਾਂਤੀਕਾਰੀਆਂ ਤੇ ਹਮਲੇ ਕੀਤੇ ਅਤੇ ਉਹਨਾਂ ਨੂੰ ਫਾਂਸੀ ਤੇ ਚੜ੍ਹਾਉਣ ਲਈ ਅੰਗਰੇਜ਼ਾਂ ਦਾ ਪੂਰਾ ਸਾਥ ਦਿੱਤਾ। 1947 ਵਿੱਚ ਅੰਗਰੇਜ਼ੀ ਹਕੂਮਤਾਂ ਨੇ ਕਾਂਗਰਸ ਪਾਰਟੀ ਅਤੇ ਮੁਸਲਮ ਲੀਗ ਨਾਲ ਵੱਖ ਵੱਖ ਸਮਝੌਤੇ ਕਰਨ ਤੋਂ ਬਾਅਦ, ਸੰਪਰਦਾਇਕਤਾ ਦੇ ਅਧਾਰ ਤੇ ਦੇਸ਼ ਨੂੰ ਵੰਡਿਆ ਗਿਆ ਆਤੇ ਸੱਤਾ ਨੂੰ ਆਪਣੇ ਵਲੋਂ ਪਾਲੇ ਗਏ ਵਰਗ ਦੇ ਹੱਥਾਂ ਵਿੱਚ ਦੇ ਦਿੱਤਾ। ਇਹਨਾਂ ਨਵੇਂ ਹੋਂਦ ਵਿੱਚ ਆਏ ਵਰਗ ਵੱਲੋਂ ਲੋਕਾਂ ਦੀਆਂ ਬਸਤੀਵਾਦੀ ਹਕੂਮਤ ਦੇ ਸਾਰੇ ਸੰਸਥਾਂਵਾਂ ਵਲੌਂ ਪੀੜਤ ਅਤੇ ਲੁੱਟ ਦੀ ਪੂਰੀ ਵਿਵਸਥਾ ਬਰਕਰਾਰ ਰੱਖੀ ਗਈ।

ਇਹ ਸਾਡੇ ਦੇਸ਼ ਦੀ ਮਿਹਨਤਕਸ਼ ਜਨਤਾ ਨਾਲ ਬਹੁਤ ਵੱਡਾ ਧੋਖਾ ਸੀ। ਕ੍ਰਾਂਤੀਕਾਰੀ ਸੰਘਰਸ਼ ਦੇ ਜਰੀਏ ਅੰਗਰੇਜ਼ ਬਸਤੀਵਾਦੀ ਵਿਰਾਸਤ ਤੌ ਪੂਰਨ ਰੂਪ ਵਿੱਚ ਨਾਤਾ ਤੋੜਨ ਤੋਂ ਸਾਡੇ ਕ੍ਰਾਂਤੀਕਾਰੀ ਦੇਸ਼ ਭਗਤਾਂ ਦੇ ਉਦੇਸ਼ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਗਿਆ।

ਅੰਗਰੇਜ਼ ਹਕੂਮਤ ਦੇ ਇਹੀ ਵਫਾਦਾਰ ਦੇਸ਼ ਤੇ ਰਾਜ ਕਰ ਰਹੇ ਹਨ ਜਿਹਨਾਂ ਨੇ, ਹਜ਼ਾਰਾਂ ਕ੍ਰਾਂਤੀਕਾਰੀਆਂ ਨੂੰ ਸਜਾ ਕਰਾਉਣ ਵਿੱਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਇਹੀ ਵਫਾਦਾਰ ਅੰਗਰੇਜ਼ੀ ਹਕੂਮਤ ਦੇ ਸੰਸਥਾਵਾਂ ਨੂੰ ਬਰਕਰਾਰ ਰੱਖ ਰਹੇ ਹਨ ਤੇ ਉਹਨਾਂ ਨੂੰ ਹੋਰ ਹੱਲਾਸ਼ੇਰੀ ਦੇ ਰਹੇ ਹਨ।

ਇਹ ਸੱਚਾਈ ਮਜ਼ਦੂਰਾਂ, ਕਿਸਾਨਾਂ ਆਤੇ ਨੌਜਵਾਨਾਂ ਤੋਂ ਲਾਂਭੇ ਰੱਖੀ ਜਾਂਦੀ ਹੈ। ਸ਼ਹੀਦ ਭਗਤ ਸਿੰਘ ਅਤੇ ਅਣਗਿਣਤ ਕ੍ਰਾਂਤੀਕਾਰੀਆਂ ਦੇ ਸੰਘਰਸ਼ ਦੇ ਅਸਲੀ ਉਦੇਸ਼ ਨੂੰ ਭੁਲਾ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਅੰਗਰੇਜ਼ ਹਕੂਮਤ ਦੀ ਥਾਂ ਪੂੰਜੀਪਤੀ ਵਰਗ ਦੀ ਰਾਜ ਸੱਤਾ ਨੇ ਲੈ ਲਈ ਹੈ ਵੱਡੇ ਵੱਡੇ ਪੂੰਜੀਵਾਦੀ ਘਰਾਣੇ ਟਾਟਾ, ਬਿਰਲਾ, ਅੰਬਾਨੀ, ਅਡਾਨੀ ਤੇ ਹੋਰ ਜੋ ਵੀ ਪੂੰਜੀਪਤੀ ਵਰਗ ਦੀ ਅਗਵਾਇ ਕਰਦੇ ਹਨ ਤੇ ਇਹੀ ਦੇਸ਼ ਦਾ ਅਜੰਡਾ ਤੈਅ ਕਰਦੇ ਹਨ। ਜਿਸ ਜਾਲਮ ਰਵਈਏ ਨਾਲ ਉਹਨਾਂ ਨੂੰ ਚੁਣੌਤੀ ਦੇਣ ਵਾਲਿਆਂ ਨੂੰ ਮਿਟਾ ਦਿੰਦੀ ਸੀ। ਏਨੀ ਹੀ ਤੇ ਇਸ ਤੋਂ ਵੀ ਕਿਤੇ ਜ਼ਿਆਦਾ ਜਾਲਮ ਤਰੀਕੇ ਨਾਲ ਪੂੰਜੀਪਤੀਆਂ ਦੇ ਵਿਰੋਧ ਕਰਨ ਵਾਲਿਆਂ ਨੂੰ ਬੇ-ਰਹਿਮੀ ਨਾਲ ਖਤਮ ਕਰ ਦਿੱਤਾ ਜਾਂਦਾ ਹੈ। ਯੂਏਪੀ ਏ ਵਰਗੇ ਸਖਤ ਕਨੂੰਨਾਂ ਤਹਿਤ ਅਣਮਿੱਥੇ ਸਮੇਂ ਲਈ ਜੇਲ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। 76 ਸਾਲ ਬਾਅਦ ਅੱਜ ਵੀ ਦੇਸੀ ਅਤੇ ਵਿਦੇਸ਼ੀ ਪੂੰਜੀਪਤੀਆਂ ਵਲੌਂ ਸਾਡੇ ਲੋਕਾਂ ਦੀ ਮਿਹਨਤ ਅਤੇ ਸੰਸਥਾਂਵਾਂ ਦਾ ਸੋਸ਼ਣ ਅਤੇ ਲੁੱਟ ਬੇਰੋਕ ਜਾਰੀ ਹੈ। ਪੂੰਜੀਵਾਦੀ ਹਕੂਮਤਾਂ, ਆਪਣੇ ਸਾਮਰਾਜਵਾਦੀ ਮਨਸੂਬਿਆਂ ਨੂੰ ਹਾਸਲ ਕਰਨ ਦੇ ਇਰਾਦਿਆਂ ਨਾਲ ਦੇਸ਼ ਦੀਆਂ ਅਨਮੋਲ ਸੰਪਤੀਆਂ ਨੂੰ ਵੇਚ ਰਹੀਆਂ ਹਨ। ਉਹ ਅਮਰੀਕੀ ਸਾਮਰਾਜਵਾਦੀ ਤੇ ਦੂਜੇ ਹੋਰ ਸਾਮਰਾਜਵਾਦੀ ਤਾਕਤਾਂ ਦੇ ਨਾਲ ਨਵੀਆਂ ਰਣਨੀਤਕ ਗੱਠਜੋੜ ਮਜਬੂਤ ਕਰ ਰਹੇ ਹਨ ਅਤੇ ਦੇਸ਼ ਨੂੰ ਬਹੁਤ ਵੱਡੇ ਖਤਰੇ ਵਿੱਚ ਪਾ ਰਹੇ ਹਨ।

'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਕਹਾਉਣ ਵਾਲੇ ਇਸ ਮੁਲਕ ਵਿੱਚ ਸਮੇਂ ਸਮੇਂ ਤੇ ਵੋਟਾਂ ਕਰਵਾਈਆਂ ਜਾਂਦੀਆਂ ਹਨ। ਇਹ ਭਰਮ ਫੈਲਾਇਆ ਜਾਂਦਾ ਹੈ ਕਿ ਜਨਤਾ ਆਪਣੀ ਸਰਕਾਰ ਆਪ ਚੁਣਦੀ ਹੈ ਪਰ ਹਕੀਕਤ ਵਿੱਚ ਪੂੰਜੀਵਾਦੀ ਘਰਾਣੇ ਅਰਬਾਂ ਅਰਬਾਂ ਖਰਚ ਕਰਕੇ ਆਪਣੀ ਉਸ ਵਫਾਦਾਰ ਪਾਰਟੀ ਦੀ ਸਰਕਾਰ ਬਣਾਓਂਦੇ ਹਨ। ਜੋ ਉਹਨਾਂ ਦੇ ਅਜੰਡੇ ਨੂੰ ਵਧਿਆ ਤਰੀਕੇ ਨਾਲ ਲਾਗੂ ਕਰ ਸਕੇ। ਨਾਲ ਨਾਲ ਲੋਕਾਂ ਨੂੰ ਮੂਰਖ ਬਣਾਇਆ ਜਾਂਦਾ ਹੈ। ਮਿਹਨਤਕਸ਼ ਲੋਕਾਂ ਦੇ ਕੋਲ ਕੋਈ ਵੀ ਨੀਤੀਗਤ ਫੈਸਲਾ ਲੈਣ ਅਤੇ ਕਨੂੰਨ ਬਨਾਉਣ ਅਤੇ ਬਦਲਣ ਦੀ ਤਾਕਤ ਨਹੀ ਹੈ। ਅਸੀਂ ਆਪਣੇ ਚੁਣੇ ਗਏ ਨੁਮਾਇੰਦਿਆਂ ਨੂੰ ਨਾਂ ਤਾਂ ਜਵਾਬਦੇਹ ਠਹਿਰਾ ਸਕਦੇ ਹਾਂ ਅਤੇ ਨਾਂ ਹੀ ਉਹਨਾਂ ਨੂੰ ਗੱਦੀਓਂ ਲਾਹ ਸਕਦੇ ਹਾਂ।

ਸਾਥੀਓ ਅਤੇ ਦੋਸਤੋ, ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਸ਼ਹਾਦਤ ਨੂੰ ਯਾਦ ਕਰਨਾ ਉਦੋਂ ਹੀ ਸਾਰਥਕ ਹੋਵੇਗਾ ਜਦੋਂ ਅਸੀਂ ਉਹਨਾਂ ਦੇ ਦਖਾਏ ਹੋਏ ਰਾਹ ਤੇ ਚੱਲਾਂਗੇ ਤੇ ਉਸ ਹਿੰਦੋਸਤਾਨਧਾ ਨਿਰਮਾਣ ਕਰਨ ਵਿੱਚ ਕਾਮਯਾਬ ਹੋਵਾਂਗੇ ਜੋ ਉਹਨਾਂ ਦਾ ਸੁਪਨਾ ਸੀ।

ਹਿੰਦੋਸਤਾਨੀ ਸਮਾਜ ਸਮਾਜਿਕ ਪਰਿਵਰਤਨ ਲਈ ਤਰਸ ਰਿਹਾ ਹੈ। ਸੋਸ਼ਣ ਅਤੇ ਦਮਨ ਦੀ ਮੌਜੂਦਾ ਪੂੰਜੀਵਾਦੀ, ਆਰਥਿਕ ਵਿਵਸਥਾ ਦੀ ਜਗਾਹ ਤੇ ਸਾਨੂੰ ਇੱਕ ਇਸ ਤਰਾਂ ਦੀ ਵਿਵਸਥਾ ਤਿਆਰ ਕਰਨ ਦੀ ਜ਼ਰੂਰਤ ਹੈ ਜਿਸ ਵਿੱਚ ਮਜ਼ਦੂਰ ਵਰਗ ਤੇ ਸਾਰੇ ਪੀੜਤ ਵਰਗ ਦੇ ਨਾਲ ਗੱਠਜੋੜ ਕਰਕੇ ਰਾਜ ਕਰੇਗਾ ਅਤੇ ਦੇਸ਼ ਦਾ ਅਜੰਡਾ ਤੈਅ ਕਰੇਗਾ।

ਮਜ਼ਦੂਰ ਮਿਹਨਤਕਸ਼ ਸਮਾਜ ਦੇ ਸਾਰੇ ਅਹਿਮ ਫੈਸਲੇ ਲੈਣ ਲਈ ਜਥੇਬੰਦ ਹੋਣਗੇ। ਉਤਪਾਦਨ ਦੇ ਸਾਰੇ ਪ੍ਰਮੁੱਖ ਸਾਧਨਾਂ ਨੂੰ ਪੂੰਜੀਪਤੀ ਵਰਗ ਦੇ ਹੱਥਾਂ ਤੋਂ ਖੋਹ ਕੇ, ਸਮਾਜਿਕ ਦੇਖ ਰੇਖ ਵਿੱਚ ਰੱਖਿਆ ਜਾਵੇਗਾ। ਅਰਥਵਿਵਸਥਾ ਦਾ ਉਦੇਸ਼ ਹੋਵੇਗਾ ਕਿ ਸਾਰੇ ਮਿਹਨਤਕਸ਼ ਲੋਕਾਂ ਦੀਆਂ ਜਰੂਰਤਾਂ ਨੂੰ ਵੱਧ ਤੋਂ ਵੱਧ ਪੂਰਾ ਕਰਨਾ, ਨਾਂ ਕਿ ਪੂੰਜੀਪਤੀਆਂ ਦੇ ਲਾਲਚ ਨੂੰ ਪੂਰਾ ਕਰਨਾ।

ਇਸੇ ਉਦੇਸ਼ ਦੇ ਲਈ ਸ਼ਹੀਦ ਭਗਤ ਸਿੰਘ ਤੇ ਅਣਗਿਣਤ ਕ੍ਰਾਂਤੀਕਾਰੀਆਂ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ।

ਆਓ, ਸਾਡੇ ਸ਼ਹੀਦਾਂ ਦੇ ਉਸ ਸੁਪਨੇ ਨੂੰ ਸਾਕਾਰ ਕਰਨ ਲਈ ਇੱਕਜੁਟ ਹੋਈਏ। ਪੂੰਜੀਪਤੀਆਂ ਦੀ ਹਕੂਮਤ ਦੇ ਖਿਲਾਫ ਸੰਘਰਸ਼ ਤੇਜ਼ ਕਰੀਏ!

# ਨਕਸਲਬਾੜੀ ਲਹਿਰ ਦਾ ਮਹਾਨ ਸ਼ਹੀਦ ਬੰਤ ਸਿੰਘ ਰਾਜੇਆਣਾ

**ਓਸ ਦੇ ਮੁਹਾਂਦਰਾ ਦਾ ਪਿੰਡ ਦੀ ਜਵਾਨੀ ਉਤੇ,**
**ਚੜਿਆ ਜਾਂ ਨਹੀਂ ਕੋਈ ਪਾਹ।**
**ਮਾਰੇ ਗਏ ਮਿੱਤਰਾਂ ਦੀ ਪਿੰਡ ਦੀਏ ਵਾਏ,**
**ਖੈਰ ਸੁਖ ਦਾ ਸੁਨੇਹੜਾ ਲਿਆ...**

ਨਕਸਲਬਾੜੀ ਲਹਿਰ ਦਾ ਮਹਾਨ ਸ਼ਹੀਦ ਬੰਤ ਸਿੰਘ ਰਾਜੇਆਣਾ 'ਲਹੂ ਦੀ ਲੋਅ' ਨਾਵਲ ਦਾ ਨਾਇਕ ਪ੍ਰੀਤਮ ਸਿੰਘ ਉਰਫ ਪੀਤੂ ਲੱਗਦਾ ਹੈ, ਜੋ ਪੁਲਿਸ ਤਸੱਦਦ ਝੱਲ ਕੇ ਵੀ ਇੰਦਗੜ੍ਹ ਝਿੱੜੀ ਨੇੜੇ ਧਰਮਕੋਟ (ਜੁਲਾਣੇ ਦੇ ਟੱਕ) ਨਹਿਰ ਦੇ ਲਾਗੇ ਟਾਹਲੀ ਨਾਲ ਬੰਨ੍ਹਿਆ ਹੋਇਆ ਵੀ 'ਪੁਲਿਸ ਮੁਕਾਬਲੇ' ਤੋਂ ਪਹਿਲਾਂ ਗੋਲੀ ਮਾਰਨ ਵਾਲੇ ਪੁਲਸੀਏ ਦਿਲਬਾਗ ਨੂੰ ਇਉਂ ਵੰਗਾਰਦਾ ਹੈ ਕਿ...

'ਤਕੜਾਈ ਦੇਂਖਣੀ ਏਂ?...ਤਾਂ ਮੇਰੇ ਆਰ ਠਹਿਰ'.....'ਮੈਨੂੰ ਟਾਹਲੀ ਨਾਲੋਂ ਖੋਲ੍ਹ, 'ਫੇਰ ਤੂੰ ਛਾਤੀ ਡਾਹ ਕੇ ਗੋਲੀ ਖਾਂਦੇ ਨੂੰ ਵੇਖੀ'



ਸ਼ਹੀਦ ਦੇ ਇਨ੍ਹਾਂ ਰੜਕਵੇਂ ਬੋਲਾਂ ਨੇ ਕਾਤਲ ਪੁਲਿਸਏ ਦੇ ਥਿੜਕਦੇ ਪੈਰਾਂ ਦੀ ਮਿੱਟੀ ਕੱਢ ਸੁੱਟੀ।

ਬੰਤ ਸਿੰਘ ਰਾਜੇਆਣਾ ਕਬੱਡੀ ਤੇ ਵਾਲੀਬਾਲ ਦਾ ਸਿਰਕੱਢ ਖਿਡਾਰੀ ਅਤੇ ਰੋਡੇ ਕਾਲਜ ਦਾ ਵਿਦਿਆਰਥੀ ਸੀ ਜਿਸ ਨੇ ਖੇਡਾਂ ਦੇ ਦੌਰਾਨ ਅਨੇਕਾਂ ਮਾਨ-ਪੱਤਰ ਤੇ ਸਨਮਾਨ ਚਿੰਨ੍ਹ ਪ੍ਰਾਪਤ ਕੀਤੇ। ਪਰ ਉਹ ਮੁਲਖ ਦੀ ਅਜ਼ਾਦੀ ਤੋਂ ਬਾਅਦ ਵੀ ਲੋਕਾਂ ਦੀ ਬੁਰੇ ਹਲਾਤ ਅਤੇ ਟੋਢੀਆਂ ਦੀ ਸਰਦਾਰੀ ਸਹਿਣ ਨਾ ਕਰ ਸਕਿਆ।

ਲੋਕਾਂ ਦੀ ਮੁਕਤੀ ਲਈ ਕਾਮਰੇਡ ਬੰਤ ਸਿੰਘ ਰਾਜੇਆਣਾ ਨਕਸਲਬਾੜੀ ਲਹਿਰ ਵਿੱਚ ਸਾਮਿਲ ਹੋਇਆ ਅਤੇ ਸ਼ਹੀਦ ਭਗਤ ਸਿੰਘ ਖਿਲਾਫ ਗਵਾਹੀ ਦੇਣ ਵਾਲੇ ਅੰਗਰੇਜ਼-ਪੁਲਿਸ ਮੁਖਬਰ ਦਾ ਸਫਾਇਆ ਕੀਤਾ।

ਪੰਜਾਬ ਪੁਲਿਸ ਨੇ ਕਾਮਰੇਡ ਬੰਤ ਸਿੰਘ ਰਾਜੇਆਣਾ ਨੂੰ 25 ਫਰਵਰੀ 1971 ਨੂੰ ਗ੍ਰਿਫਤਾਰ ਕੀਤਾ ਅਤੇ ਘੋਰ-ਤਸ਼ੱਦਦ ਕਰਨ ਤੋਂ ਬਾਅਦ 7 ਮਾਰਚ 1971 ਨੂੰ ਧਰਮਕੋਟ ਲਾਗੇ ਨਹਿਰ ਦੇ ਪੁਲ ਤੇ ਝੂਠੇ ਪੁਲਿਸ ਮੁਕਾਬਲੇ ਤਹਿਤ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

## ਨਾਸਤਿਕ ਹੋਣ ਬਾਅਦ

ਨਾਸਤਿਕ ਹੋਣ ਬਾਅਦ
ਜੀਣ ਦਾ ਮਜ਼ਾ ਹੀ ਕੁਝ ਹੋਰ ਹੁੰਦਾ ਹੈ
ਚਾਲ ਤਾਂ ਭਾਵੇਂ ਪਹਿਲਾਂ ਵੀ ਮਾੜੀ ਨਾ ਹੋਵੇ
ਫੇਰ ਤਾਂ ਹੁਲਾਰਾ ਹੀ ਕੁਝ ਹੋਰ ਹੁੰਦਾ ਹੈ

ਨਾਸਤਿਕ ਹੋਣ ਬਾਅਦ
ਸਦੀਆਂ ਤੋਂ ਸਿਰ ਚੜ੍ਹਿਆ ਭਾਰ ਲਹਿ ਜਾਂਦਾ ਹੈ
ਹਲਕੇ ਸੁਰਖ਼ਰੂ ਹੋਣ ਦਾ
ਮਿੱਠਾ ਜਿਹਾ ਅਹਿਸਾਸ ਬਾਕੀ ਰਹਿ ਜਾਂਦਾ ਹੈ

ਨਾਸਤਿਕ ਹੋਣ ਬਾਅਦ
ਚੱਲੋ ਪਤਾ
ਡਰ ਡਰ ਕੇ ਜੀਣ ਵਿੱਚ
ਨਹੀਂ ਕੋਈ ਮਜ਼ਾ
ਇਹ ਜੀਵਨ
ਨਾ ਚੰਗੇ ਕਰਮਾਂ ਦਾ ਫਲ਼
ਨਾ ਮਾੜੇ ਕਰਮਾਂ ਦੀ ਸਜ਼ਾ
ਨਾ ਸਵਰਗਾਂ ਦੀ ਆਸ
ਨਾ ਨਰਕਾਂ ਦਾ ਡਰ
ਬਸ ਜੀਓ ਤੇ ਜੀਣ ਦਿਓ
ਨਾ ਕਿਸੇ ਤੋਂ ਡਰੋ ਨਾ ਡਰਾਓ

ਨਾਸਤਿਕ ਹੋਣ ਬਾਅਦ ਲੱਗਦਾ ਹੈ ਪਤਾ
ਇਹ ਸਿਰ ਸੋਚਣ ਲਈ
ਤੇ ਸੋਚ ਕਾਰਨ ਹੀ ਬਣਿਆ ਹੈ
ਇਹ ਨਹੀਂ ਬਣਿਆਂ ਕਿਸੇ ਅੱਗੇ ਝੁਕਾਉਣ ਲਈ
ਟੋਪੀਆਂ, ਪੱਗਾਂ ਅਤੇ ਕਲਗੀਆਂ ਸਜਾਉਣ ਲਈ

ਨਾਸਤਿਕ ਹੋਣ ਬਾਅਦ
ਆਉਂਦਾ ਹੈ ਆਨੰਦ ਖਾਣ ਤੇ ਹੰਢਾਉਣ ਦਾ
ਸਾਰੀਆਂ ਬੇਹੂਦੀਆਂ ਬੰਦਸ਼ਾਂ ਤੋਂ ਆਜ਼ਾਦ
ਕੀ ਖਾਣਾ ਤੇ ਕੀ ਨਹੀਂ
ਕਿਹੜੇ ਦਿਨ ਖਾਣਾ ਤੇ ਕਿਹੜੇ ਨਹੀਂ
ਪਿੰਡੇ 'ਤੇ ਕੀ ਪਾਉਣਾ ਹੈ ਕੀ ਨਹੀਂ
ਸਿਰ ਮੂੰਹ 'ਤੇ ਉੱਗੇ ਵਾਲ਼ਾਂ ਨੂੰ
ਰੱਖਣਾ ਕੱਟਣਾ ਜਾਂ
ਇਸ ਤਰ੍ਹਾਂ ਉਸ ਤਰ੍ਹਾਂ ਵਾਹੁਣਾ

ਨਾਸਤਿਕ ਹੋਣ ਬਾਅਦ ਪੈਂਦੀ ਹੈ ਸਮਝ
ਇਨਸਾਨ ਬਣ ਕੇ ਜੀਣ ਦੀ
ਤੇ ਦੂਜਿਆਂ ਨੂੰ ਇਨਸਾਨ ਦੇਖਣ ਦੀ
ਬੜਾ ਅਜੀਬ ਹੁੰਦਾ ਹੈ ਅਨੁਭਵ
ਕੋਈ ਹਿੰਦੂ, ਮੁਸਲਮਾਨ, ਸਿੱਖ, ਇਸਾਈ ਨਹੀਂ
ਕੋਈ ਵੱਡੀ ਤੇ ਛੋਟੀ ਜਾਤ ਨਹੀਂ
ਕੋਈ ਕਾਲਾ ਗੋਰਾ ਭੂਰਾ ਤੇ ਪੀਲ਼ਾ ਨਹੀਂ
ਸਿਰਫ ਤੇ ਸਿਰਫ ਇਨਸਾਨ

ਤੁਹਾਡੇ ਵਾਂਗ ਹੱਡ ਮਾਸ ਦੇ ਬਣੇ
ਤੁਹਾਡੇ ਵਾਲੀ ਹਵਾ 'ਚ ਸਾਹ ਲੈਂਦੇ
ਤੁਹਾਡੇ ਵਾਂਗ ਹੀ ਹੱਸਦੇ ਖੇਲਦੇ
ਇਹ ਕੋਈ ਛੋਟੀ ਜਿਹੀ ਨਹੀਂ ਗੱਲ
ਇਹ ਜੀਵਨ 'ਚ ਹੌਸਲੇ ਨਾਲ ਮਾਰੀ
ਬਹੁਤ ਵੱਡੀ ਛਾਲ ਹੁੰਦੀ ਹੈ
ਇਸ ਛਾਲ ਬਾਅਦ
ਧਰਤੀ 'ਤੇ ਮੁੜ ਲੱਗੇ ਪੈਰ
ਵੱਖਰੀ ਹੀ ਲੈਅ ਵਿੱਚ
ਵੱਖਰੀ ਹੀ ਖ਼ੁਸ਼ੀ ਵਿੱਚ ਨੱਚਦੇ ਹਨ

ਨਾਸਤਿਕ ਹੋਣ ਬਾਅਦ
ਮਨੁੱਖੀ ਇਤਿਹਾਸ ਤੋਂ ਹੈਰਾਨ ਰਹਿ ਜਾਂਦੇ ਹੋ
ਜਦ ਮਿਲਦੇ ਹੋ ਸਦੀਆਂ ਪਹਿਲਾਂ ਹੋਏ
ਚਾਰਵਾਕ, ਬੁੱਧ, ਐਪੀਕਿਊਰੀਅਸ
ਸਿਸਰੋ, ਸੈਨੇਕਾ ਜਿਹੇ ਨਾਸਤਿਕ
ਬਾਣੀ ਦੇ ਰਚੇਤਿਆਂ ਨੂੰ
ਜਿਨ੍ਹਾਂ ਨੇ ਸਿੰਜਿਆ ਹੈ ਇਸ
ਮਹਿਕਦੀ ਸੋਚ ਨੂੰ
ਤੇ ਕਈਆਂ ਇਸ ਵਿੱਚ ਡੋਲ੍ਹਿਆ ਹੈ
ਆਪਣਾ ਖ਼ੂਨ ਵੀ

ਨਾਸਤਿਕ ਹੋਣ ਬਾਅਦ
ਤੁਸੀਂ ਅੰਬਰਾਂ ਵੱਲ ਵੱਖਰੀ
ਨੀਝ ਨਾਲ ਦੇਖਦੇ ਹੋ
ਇਹ ਜਾਣ ਕੇ ਕਿ ਅਰਬਾਂ ਖਰਬਾਂ
ਤਾਰਿਆਂ ਸਿਤਾਰਿਆਂ ਮੁਕਾਬਲੇ
ਧਰਤੀ ਦੀ ਹੋਂਦ ਤਾਂ ਰੇਤ ਦੇ
ਕਿਣਕੇ ਜਿੰਨੀ ਵੀ ਨਹੀਂ
ਹੌਲੀ ਹੌਲੀ ਗੱਲ ਨੂੰ ਸਮਝ
ਅਸਲੋਂ ਹੀ ਨਵੇਂ ਅਹਿਸਾਸ
ਨਾਲ ਭਰ ਜਾਂਦੇ ਹੋ

ਨਾਸਤਿਕ ਹੋਣ ਬਾਅਦ
ਜਦੋਂ ਅਸਲੀਅਤ ਸਾਹਮਣੇ ਆਵੇ
ਧਰਤੀ ਉਤਲਾ ਸਮੁੱਚਾ ਜੀਵਨ
ਇਕ ਲੜੀ 'ਚ ਪਰੋਇਆ
ਪਸ਼ੂ ਪੰਛੀ ਰੁੱਖ ਵੇਲ ਬੂਟੇ
ਫੇਰ ਰਤਾ ਲੱਗਣ ਨਾ ਪਰਾਏ

ਨਾਸਤਿਕ ਹੋਣ ਬਾਅਦ ਬਦਲ ਜਾਂਦਾ ਹੈ
ਆਸਾ ਪਾਸਾ ਤੇ ਖ਼ੁਦ ਤੁਹਾਡਾ ਖਾਸਾ ਵੀ
ਵਾਹ ਵਾਹ ਕਰ ਉੱਠਦੇ ਹੋ ਤੁਸੀਂ
ਤੇ ਆਪ ਮੁਹਾਰੇ ਗਾਉਣ ਲਗਦੇ ਹੋ
ਇਸ ਨੂੰ ਕਹਿੰਦੇ ਹਨ ਜ਼ਿੰਦਗੀ, ਆਜ਼ਾਦੀ
ਹਰ ਕਿਸਮ ਦੇ ਵਹਿਮਾਂ ਭਰਮਾਂ ਤੋਂ ਮੁਕਤ

ਪਰ ਇਸ ਗੱਲ ਦੀ ਸਮਝ
ਸਿਰਫ ਸੁਣਿਆਂ ਨਹੀਂ ਪੈਂਦੀ
ਇਸ ਨੂੰ ਤਾਂ ਜਾਣਿਆਂ ਜਾ ਸਕਦਾ ਹੈ
ਖ਼ੁਦ ਹੰਢਾ ਕੇ ਹੀ
ਨਾਸਤਿਕ ਹੋਣ ਬਾਅਦ

\- ਸਾਧੂ ਬਿਨਿੰਗ

## ਮੋਟੇ ਮੋਟੇ ਚਸ਼ਮਿਆਂ 'ਚ ਸਫੇਦ ਕੋਟ

ਮੋਟੇ ਮੋਟੇ ਚਸ਼ਮਿਆਂ 'ਚ ਸਫੇਦ ਕੋਟ ਪਾਈ
ਅਪਣੀ ਮਿਹਨਤ ਤੇ ਗਰਵ ਕਰਦੀ,
ਮੰਦ ਮੰਦ ਮੁਸਕਰਾਉਂਦੀ ਸੁੱਕੜ
ਜਿਹੀ ਡਾਕਟਰ ਕੁੜੀਏ,
ਖ਼ੂਨੀ ਪੱਖੇ ਨਾਲ ਲਟਕਦੀ ਤੇਰੀ ਦੇਹ,
ਅਕਹਿ ਦਰਦ ਨਾਲ ਬਾਹਰ ਆਈਆਂ
ਸੁਆਲ ਕਰਦੀਆਂ ਬੇਜਾਨ ਅੱਖਾਂ ਦੇ ਸੁਆਲ
ਜਲਦ ਹੀ ਦਫਨ ਕਰ ਦਿੱਤੇ ਜਾਣਗੇ,
ਭਸਮ ਕਰ ਦਿੱਤੇ ਜਾਣ ਗੇ।
ਸਾਨੂੰ ਨਹੀਂ ਚਾਹੀਦੇ ਬੇਰਸ ਜਿਹੇ ਸੁਆਲ,
ਜਹੀਨ ਡਾਕਟਰ ਨੇ ਕਿਉਂ ਕਰ ਲਈ
ਹੈ ਖ਼ੁਦਕੁਸ਼ੀ?
ਸਾਨੂੰ ਤਾਂ ਚਾਹੀਦੇ ਹਨ
ਖ਼ੂਬਸੂਰਤ, ਨਾਜ਼ੁਕ ਬਦਨ ਅਦਾਕਾਰਾ
ਦੀਆਂ ਦਿਲਕਸ਼ ਰੁਮਾਂਸ ਨਾਲ ਲਬਰੇਜ
ਅਪਣੇ ਹਮ ਪਿਆਰ ਨਾਲ
ਖਰਮਸਤੀਆਂ ਕਰਦੀਆਂ ਤਸਵੀਰਾਂ।
ਉਸ ਦੀਆਂ ਤੋਤਲੀ ਜਿਹੀ ਅਦਾਕਾਰੀ
ਨਾਲ ਪੇਸ਼ ਕੀਤੀਆਂ
ਵੱਫਾ/ਬੇਵਫਾ ਹੋਣ ਦੀਆਂ ਕਹਾਣੀਆਂ।
ਸਾਨੂੰ ਤਾਂ ਚਾਹੀਦੇ ਹਨ
ਸਾਡੀ ਕੌਮ ਨੂੰ ਗੁਲਾਮੀ ਦਾ ਅਹਿਸਾਸ
ਕਰਵਾਉਂਦੇ ਵਿਰਤਾਂਤ,
ਬੋਲੇ ਏ ਸੋ ਨਿਹਾਲ, ਹਰ ਹਰ ਮਹਾਦੇਵ
ਦੇ ਉਦਘੋਸ਼ (ਨਾਹਰੇ)
ਲਹਿਰਾਉਂਦੀਆ ਤਲਵਾਰਾਂ, ਤਿਰਸ਼ੂਲ,
ਦਮਾਮਾ ਅਤੇ ਸੰਖਾਂ ਦੀਆਂ ਆਵਾਜ਼ਾਂ,
ਧਰਮ ਗੁਰੂਆਂ ਦੇ ਗ੍ਰੰਥਾਂ ਦੀ ਆੜ 'ਚ
ਅਪਣੀਆਂ ਬੁਜਦਿਲੀਆਂ ਲੁਕਾਉਣ ਦੀ
ਕਲਾ ਦੀਆਂ ਤਸਵੀਰਾਂ।
ਨੀਲੀ, ਖੱਕੀ ਭਗਵੀ ਵਰਦੀਆਂ ਪਾਏ
ਤਾਕਤ ਦਾ ਵਿਖਾਵਾ ਕਰਦੀਆਂ ਹਥਿਆਰ
ਨਾਲ ਸੁਸੱਜਿਤ ਧਾੜਾ ਦੀਆਂ
ਪਰੇਡ ਕਰਦੀਆਂ ਝਲਕੀਆਂ।
ਕੁੜੀਏ ਬਹੁਤ ਗਲਤ ਕੰਮ ਕੀਤਾ ਹੈ ਤੂੰ।

ਜੋਗਿੰਦਰ ਆਜਾਦ

## ਭਗਤ ਸਿੰਘ ਦੀ ਪੱਗ...

ਚੁੱਪ ਚੁਪੀਤੇ ਚੇਤਰ ਚੜ੍ਹਿਆ।
ਆਇਆ ਬਜਟ ਕਰਜ਼ਾ ਮੜ੍ਹਿਆ।

ਭਗਤ ਸਿੰਘ ਦੀ ਪੱਗ ਬੰਨੇਕੇ
ਗੋਰਿਆ ਅੱਗੇ ਠੂਠਾ ਫੜਿਆ।

ਸਾਡੇ ਰੀਝੇ ਗਿਰਝਾਂ ਟੋਹ ਲਏ,
ਅੰਬੀਆਂ ਉੱਤੋਂ ਬੂਰ ਜਿਉ ਝੜਿਆ।

ਜਲ ਜੰਗਲ ਜਮੀਨ ਵੇਚ ਕੇ,
ਚੌਕੀਦਾਰ ਕੀ ਲੱਛਣ ਫੜਿਆ।

ਗਧਿਆਂ ਵਾਂਗੂ ਹੱਕੀ ਫਿਰਦੇ,
ਗਊ ਮਾਤਾ ਦਾ ਪਾਠ ਕੀ ਪੜ੍ਹਿਆ।

ਧਰਮ ਦਾ ਠੇਕੇਦਾਰ ਬਣ ਗਿਆ,
ਸੁੱਖਾ ਘੋਟਦਾ ਜੋ -ਜੀ ਅੜ੍ਹਿਆ।

ਸਾਡੇ ਢਿਡ ਦੀ ਮਜਬੂਰੀ ਦਾ,
ਸੂਦਖੋਰ ਦਾ ਫੁਲਕਾ ਰੜ੍ਹਿਆ।

ਹੁਕਮ ਬਿਨਾ ਪੱਤਾ ਨਹੀਂ ਹਿਲਦਾ,
ਜੰਜ ਕੂੜ ਦੀ ਕਾਬਲੋ ਖੜ੍ਹਿਆ।

ਮਾਰਚ ਮਹੀਨਾ ਭਗਤ ਸਿੰਘ ਦਾ
ਸੋਚ ਦਾ ਰੰਗ ਜਵਾਨੀ ਚੜ੍ਹਿਆ।

ਜਗਸੀਰ ਜੀਦਾ

## ਇੱਟਾਂ

ਉਜੜੇ ਘਰਾਂ ਦੀ ਹੀਰ ਸੁਣਾਉਣ ਤੋਂ ਪਹਿਲਾਂ
ਬੋਲ ਪਈਆਂ ਪਿੱਲੀਆਂ ਇੱਟਾਂ ਦੀਆਂ ਕੰਧਾ
ਪਿਲ ਪਿਲ ਕਰਦੇ ਜਖ਼ਮਾਂ ਦੇ ਸੰਗ
ਇਸ਼ਕ ਦੀ ਬਾਜ਼ੀ ਪਾਉਂਦਿਆ
ਪਿੱਲੀਆ ਹੋ ਗਈਆਂ ਲਾਲ ਸੁਰਖ ਜਹੀਆ
ਘਰਾਂ ਦੀਆਂ ਰਾਣੀਆਂ।

ਖੱਬੇ ਖੂੰਜੇ ਦੀਆਂ ਇੱਟਾਂ ਬੋਲੀਆਂ
ਅਸੀਂ ਦੇਖਿਆ ਹੈ ਜਦ ਮੇਲੋ ਨੇ
ਚਿੰਘਿਆੜਾ ਮਾਰ ਮਾਰ ਗੀਤਾਂ ਵਰਗੇ ਕੀਰਨੇ ਪਾਏ ਸੀ
ਸਤੀਰ ਨਾਲ ਤੋਰੀ ਵਾਂਗ ਲਮਕਦੇ
ਕਰਜ਼ੇ ਦੇ ਭਾਰ ਹੇਠ ਬਾਪੂ ਦੀ ਲੋਥ ਨੂੰ ਦੇਖਕੇ
ਉਦੋਂ ਅਸੀਂ ਵੀ ਲਾਲ ਸੁਰਖ ਹੋ ਗਈਆਂ ਸੀ
ਤੇ ਜੀਅ ਕਰਦਾ ਸੀ ਕਿ
ਖੂੰਜੇ 'ਚੋਂ ਨਿਕਲਕੇ ਸਤੀਰ ਦਾ ਮੱਥਾ ਪਾੜ ਦੇਈਏ
ਪਰ, ਪਰ ਅਸੀਂ ਕੀ ਕਰ ਸਕਦੀਆਂ ਸੀ
ਅਸੀਂ ਤੇ ਆਪ ਜਕੜੀਆਂ ਪਈਆਂ ਹਾਂ
ਥੱਲੇ ਉਤੋਂ ਗਾਰੇ ਦੇ ਭਾਰ ਥੱਲੇ।

ਕੋਈ ਨੀ ਜਾਣਦਾ ਸਿਵਾਏ ਸਾਡੇ
ਟਿਕੀ ਰਾਤ ਚ ਟਿਕ ਕੇ
ਸੁਣੀਆਂ ਹੰਸੇ ਦੀਆਂ ਉਹ
ਹੰਸਾਂ ਵਰਗੀਆਂ ਡਿਗਰੀਆਂ ਦੇ
ਜਹਾਜ ਚ ਬਹਿ ਉਡ ਜਾਣ ਦੀਆਂ ਬਾਤਾਂ
ਪਰ, ਪਰ ਜਹਾਜ਼!
ਜਹਾਜ਼ ਤਾਂ ਹਾਈਜੈਕ ਕਰ ਲਿਆ ਹੈ
ਪੂੰਜੀਪਤੀਆਂ ਨੇ ਨੋਟਾ ਦੀ ਨੋਕ ਤੇ
ਤੇ ਹੰਸਾ ਜਾਂਦਾ ਹੈ
ਇੰਗਲਿਸ਼ ਮੀਡੀਅਮ ਚ
ਦਿਹਾੜੀ ਤੇ ।

ਮੈਲ਼ੇ ਕੁਚੈਲੇ ਤੇ ਪਾਟੇ ਜੇ ਲੀੜਿਆਂ ਵਾਲੀ ਤੇਜੋ
ਬੇਗਾਨੇ ਘਰਾਂ ਦੀ ਮਤਰਾਲ ਸਿਰਾਂ ਤੇ ਢੋਕੇ
ਘਰ ਆਪਣੇ ਦੀ ਗਰੀਬੀ ਦਾ ਇਲਾਜ ਕਰਦੀ ਕਰਦੀ
ਖੁਦ ਬਿਮਾਰ ਹੋ ਗਈ ਹੈ
ਸੁੱਕੇ ਨਿੰਬੂ ਵਰਗੀ ਦੁੱਧੀ ਦੇ ਕੈਂਸਰ ਦੀ
ਮਰਜਾਣੀ ਐ ਹੀ ਮਰ ਜਾਵੇਗੀ
ਅੰਦਰਲੀ ਕੰਧ ਨਾਲ ਢੂਹ ਲਾਕੇ
ਤੇ ਢੂਹ ਮਿਲਦੀ ਵੀ ਤਾਂ ਕੋਈ ਨਹੀ
ਸਿਵਾਏ ਕੰਧ ਦੇ ।

ਅਸੀਂ ਵੀ ਤਾਂ ਹੁਣ ਅਸੀਂ ਨਾ ਰਹੀਆਂ
ਛਾਤੀ ਸਾਡੀ ਤੇ ਹੈ ਹੁਣ ਮੋਹਰ ਲੱਗੀ
ਰਾਮ ਕਿਸ਼ਨ ਜਾਂ ਸ਼ੇਖ਼ੂ ਦੇ ਭੱਠੇ ਦੀ
ਤੇ ਭੱਠਾ ਬਹਿ ਜਾਂਦਾ ਹੈ ਇਨਸਾਨੀਅਤ ਦਾ
ਜਦ ਧਰਮ ਦੇ ਨਾਂ ਤੇ
ਇੱਟੋ ਇੱਟੀ ਹੋ ਜਾਂਦੇ ਨੇ ਤੇ ਸਿਰਾਂ ਨੂੰ ਫੇਹ ਦਿੰਦੇ ਨੇ
ਇਨਸਾਨਾ ਵਰਗੇ ਬਘਿਆੜ।

ਅਸੀਂ ਇੱਟਾਂ ਜੋ ਕੰਧਾ ਬਣਦੀਆਂ ਹਾਂ
ਜਿਸ ਵੀ ਦਿਨ ਕਿਰਤ ਦੇ ਕਿਰਤੀ ਦਾ
ਹਥਿਆਰ ਬਣ ਗਈਆਂ
ਸੱਚੀਮੁੱਚੀ ਢਾਹ ਸੁੱਟਾਗੀਆਂ
ਲੁੱਟ ਤੇ ਕਾਣੀ ਵੰਡ ਦੀਆਂ
ਕੰਧਾ।

ਲੈਕਚਰਾਰ ਨਿੱਕਾ ਸਿੰਘ

## ਕਿਤਾਬਾਂ ਪੜ੍ਹਕੇ

ਕਿਤਾਬਾਂ ਪੜ੍ਹਕੇ ਜੋ ਘੋਲਾਂ ਵਿੱਚ ਨਿੱਤਰੇ
ਕਦੇ ਚਿੱਟੇ ਦੀ ਨਾ ਜਾਂਦੇ ਉਹ ਮਕਾਣ ਜੀ।
ਆਓ ਪਿੰਡਾਂ ਵਿੱਚ ਲਾਇਬਰੇਰੀ ਖੋਲ੍ਹੀਏ
ਬੰਦ ਨਸ਼ਿਆਂ ਦੀ ਕਰੀਏ ਦੁਕਾਨ ਜੀ।

ਨਾ ਹੀ ਟੋਚਨਾਂ ਦੀ ਖੇਡ ਉਹ ਖੇਡਦੇ
ਨਾ ਬੋਲਟਾਂ ਦੇ ਪਾਉਂਦੇ ਉਹ ਪਟਾਕੇ ਜੀ।
ਨਾ ਮੋਟਰਾਂ 'ਤੇ ਬੈਠ ਦਾਰੂ ਪੀਂਦੇ ਉਹ
ਨਾ ਹੀ ਮੋੜਾਂ ਉੱਤੇ ਲਾਉਂਦੇ ਖੜ੍ਹ ਨਾਕੇ ਜੀ।
ਪਾਸ ਪਾਤਰ ਉਦਾਸੀ ਜਿਹੜੇ ਪੜ੍ਹਦੇ
ਸੋਚ ਹੋ ਜਾਂਦੀ ਉਹਨਾਂ ਦੀ ਮਹਾਨ ਜੀ।

ਨਾ ਅਸਲੇ ਨਸੇ ਦੇ ਗਾਣੇ ਸੁਣਦੇ
ਨ ਲੰਡੂ ਸਿੰਗਰਾਂ ਨੂੰ ਕਹਿੰਦੇ ਉਸਤਾਦ ਜੀ।
ਨਾ ਗੱਡੀ ਉੱਤੇ ਗੋਤ ਉਹ ਲਿਖਾਉਂਦੇ ਐ
ਨਾ ਹੀ ਕਰਦੇ ਪਸੰਦ ਜੱਟਵਾਦ ਜੀ।
ਸਾਦੀ ਜ਼ਿੰਦਗੀ ਵਿਚਾਰ ਉੱਚੇ ਰੱਖਦੇ
ਉੱਚਾ ਰੱਖਦੇ ਨੇ ਆਪਣਾ ਇਮਾਨ ਜੀ।

ਵਿਰੋਧੀਆਂ ਨੂੰ ਪਿਆਰ ਨਾਲ ਸੁਣਦੇ
ਕਦੇ ਘੁੰਮਦੇ ਨਾ ਲੈਕੇ ਹਥਿਆਰ ਜੀ।
ਪੱਖ ਤਰਕ ਦਲੀਲਾਂ ਨਾਲ ਰੱਖਦੇ
ਜੰਗ ਜਿੱਤ ਲੈਂਦੀ ਸੋਚਾਂ ਦੀ ਕਟਾਰ ਜੀ।
ਸਹੀ ਸਮੇਂ ਉੱਤੇ ਸਹੀ ਗੱਲ ਕਰਕੇ
ਉਹ ਲੋਕਾਂ ਦਾ ਖਿੱਚਦੇ ਧਿਆਨ ਜੀ।

\-ਕੁਲਦੀਪ

## ਅਹਿਦ

ਰਾਵੀ ਦੇ ਕੰਢੇ 'ਤੇ ਖੜੋਅ
ਨਿਰਮਲ ਪਾਣੀ ਦੀਆਂ ਲਹਿਰਾਂ ਵੱਲ ਤੱਕਦਿਆਂ
ਪਾਣੀ 'ਚ ਡਲ੍ਹਕਦੇ ਤਾਰਿਆਂ ਨੂੰ ਨਿਹਾਰਦਿਆਂ
ਤੂੰ ਚੁੱਪ-ਚਾਪ ਅਹਿਦ ਸੀ ਲਿਆ
ਤਾਰਿਆਂ ਦੀ ਲੋਏ ਬਿਖੜੇ ਮਾਰਗ ਗਾਹੁਣ ਦਾ
ਟਿੱਮਟਿਮਾਉਂਦੇ ਤਾਰਿਆਂ ਦਾ ਹਮਸਫ਼ਰ ਬਣਨ ਦਾ
ਗੁਲਾਮੀ ਦਾ ਖ਼ੂਨੀ ਪੰਜਾ ਤੋੜਨ ਦਾ
ਧਰਤ ਮਾਂ ਦੀ ਬੰਦ-ਖ਼ਲਾਸੀ ਦਾ
ਲੋਕ-ਮੁਕਤੀ ਦਾ ਖ਼ੁਸ਼ਹਾਲੀ ਦਾ

ਤੂੰ ਸਿਰ ਨਾਲ ਅਹਿਦ ਪੁਗਾਇਆ
ਅੰਬਰ ਦੇ ਤਾਰਿਆਂ ਸੰਗ ਜਾ ਮਿਲਿਆ
ਇੱਕ ਅਮਰ-ਕਥਾ ਪੌਣਾਂ ਨੂੰ ਸੌਂਪ ਗਿਆ
ਇੱਕ ਗਰਜ ਫਿਜ਼ਾ 'ਚ ਛੱਡ ਗਿਆ
ਮੌਤ-ਦੂਤਾਂ ਨੂੰ ਕੰਬਣੀ ਛੇੜਦੀ
ਅੱਖ ਉਘਾੜ ਰਹੀ ਖ਼ਲਕਤ ਨੂੰ ਹਲੂਣਦੀ
ਜਾਗੋ! ਉੱਠੋ! ਜੰਗ ਜਾਰੀ ਹੈਦੀਆਂ ਤਿਰੰਗਾਂ ਬਿਖੇਰਦੀ

ਜੰਗ ਤਾਂ ਜਾਰੀ ਹੈ
ਯੁੱਧ-ਨਾਦ ਉੱਚਾ ਹੋ ਰਿਹਾ ਹੈ
ਖ਼ੂਨ ਦਾ ਦਰਿਆ ਹੋਰ ਗਹਿਰਾਅ ਗਿਆ ਹੈ
ਤੇਰੇ ਸਿਰਲੱਥ ਵਾਰਸਾਂ ਦੇ ਕਾਫ਼ਲੇ
ਦਰਿਆ 'ਚ ਬੇਖੌਫ ਕੁੱਦ ਰਹੇ ਨੇ
ਜੂਝ ਮਰਨ ਦੀਆਂ ਪਿਰਤਾਂ ਨੂੰ ਕਰ ਰਹੇ ਨੇ ਬੁਲੰਦ
ਸ਼ਹਾਦਤਾਂ ਦੀ ਤਵਾਰੀਖ 'ਚ ਜੋੜ ਰਹੇ ਨੇ ਨਵੇਂ ਪੱਤਰੇ

ਐਧਰ ਵੇਸਧਾਰੀ ਵਾਰਸਾਂ ਦੀ ਹੇੜ ਫਿਰਦੀ
ਜਿਹੜੀ ਤੈਨੂੰ ਜਿਉਣਾ ਵਿਸਰ ਗਈ
ਜਿਹਨੂੰ ਤੇਰੇ ਨਾਲ ਨਿਭਾਉਣਾ ਗਵਾਰਾ ਨਹੀ
ਤੇਰੀ ਯਾਦ 'ਚ ਵੱਡੇ ਵੱਡੇ ਮਜ ?ਮੇ ਲਾਉਣਾ
ਬਸੰਤੀ ਪੱਗਾਂ ਤੇ ਚੁੰਨੀਆਂ ਦੀ ਨੁਮਾਇਸ਼ ਸਜਾਉਣਾ
ਤੇਰੇ ਨਾਂ 'ਤੇ ਅਹਿਦ ਦਾ 'ਮੰਤਰ' ਦੁਹਰਾਉਣਾ
ਬੇਹੀ ਲਫਾਜ਼ੀ ਦੀ ਫੰਡਰ ਢੱਡ ਖੜਕਾਉਣਾ
ਬਣ ਗਿਆ ਹੈ ਇੱਕ ਫ਼ੈਸ਼ਨ ਜਿਹਾ
ਤੇਰੀ ਪੱਗ ਤਾਂ ਉਦੋਂ ਹੀ ਲਾਲ ਹੋ ਗਈ ਸੀ
ਜਦੋਂ ਤੂੰ ਕਿਤਾਬ ਦਾ ਵਰਕਾ ਮੋੜ
ਸੀਸ ਭੇਟਾ ਦੇਣ ਕੁਰਬਾਨੀ ਦੀ ਦਰਗਾਹ 'ਚ ਪਹੁੰਚ ਗਿਆ ਸੀ

ਤੇਰੇ ਦੱਗਦੇ ਵਿਚਾਰ ਹੁਣ ਮਹਿਜ਼ ਲਫ਼ਜ਼ ਨਹੀਂ ਰਹੇ
ਉਹ ਤਾਂ ਸੀਸ ਤਲੀ 'ਤੇ ਰੱਖ ਲੜ ਰਹੇ ਨੇ
ਵੇਸਧਾਰੀਆਂ ਨੂੰ ਸੁਣਵਾਈ ਕਰ ਰਹੇ ਨੇ
ਕਦੋਂ ਤੀਕ ਉਹਨੂੰ ਬੁੱਤ ਬਣਾਕੇ ਰੱਖਣਾ ਲੋਚਦੇ ਰਹੋਗੇ
ਬਸੰਤੀ ਪੱਗਾਂ ਤੇ ਚੁੰਨੀਆਂ ਤੀਕ ਸੁੰਗੇੜਦੇ ਰਹੋਗੇ
ਕਦੋਂ ਤੀਕ ਗੱਲਾਂ ਦਾ ਕੜਾਹ ਬਣਾ ਛਕਾਉਂਦੇ ਰਹੋਗੇ
ਕਦੋਂ ਤੀਕ ਉਮੀਦਾਂ ਦੀ ਡੰਗੋਰੀ 'ਤੇ ਲੜਖੜਾਉਂਦੀ ਖ਼ਲਕਤ ਨੂੰ
ਸੁਫਨ-ਭਵਿੱਖ ਦੇ ਦਿਲਾਸਿਆਂ ਨਾਲ ਪਰਚਾਉਂਦੇ ਰਹੋਗੇ



ਯਾਦ ਰੱਖੋ—ਹਰ ਗੁਲਾਮ ਅੰਦਰ ਬਗ਼ਾਵਤ ਦਾ ਹੈ ਅੰਗਿਆਰ ਦੱਗਦਾ
ਇਨ੍ਹਾਂ ਅੰਗਿਆਰਾਂ 'ਤੇ ਠੰਡਾ ਨਾ ਛਿੜਕੋ
ਇਨ੍ਹਾਂ ਨੇ ਹੀ ਹੈ ਹੇਠਲੀ ਉੱਤੇ ਕਰਨ ਵਾਲਾ ਤੂਫ਼ਾਨ ਬਣਨਾ
ਤੂਫ਼ਾਨ ਤੋਂ ਪਹਿਲੇ ਵਰੋਲ?ਆਂ ਨੂੰ ਹਿੰਸਕ ਨਾ ਆਖੋ
ਇਨ੍ਹਾਂ ਨੇ ਹੀ ਹੈ ਜ਼ੁਲਮ ਦੇ ਵਗਦੇ
ਖ਼ੂੰਖਾਰ ਝੱਖੜ ਸੰਗ ਟਕਰਾਉਣਾ
ਇਹੀ ਟੱਕਰ ਹੈ ਜ਼ਿੰਦਗੀ ਦੇ ਦੁਸ਼ਮਣਾਂ ਲਈ ਮੌਤ ਦਾ ਖੌਅ
ਜ਼ਿੰਦਗੀ ਦੇ ਜਾਇਆਂ ਲਈ ਜੀਣ ਦਾ ਭਰਜੋਬਨ ਜਲੌਅ

ਇਸੇ ਘਮਸਾਣ 'ਚੋਂ ਹੈ ਜ਼ਿੰਦਗੀ ਦੇ ਗੀਤ ਦੀ ਧੁਨ ਛਿੜਨੀ
ਦੁਬਕੀਆਂ ਸੱਧਰਾਂ ਨੇ ਜੋਬਨ-ਅੰਗੜਾਈ ਲੈਣੀ
ਮੁਰੰਡੇ ਸੁਹਜ ਦੀਆਂ ਕੂਲੀਆਂ ਕਰੂੰਬਲਾਂ ਨੇ ਫੁੱਟਣਾ ਭਗਤ ਸਿੰਘ
ਦੇ ਸੁਫਨਿਆਂ ਦੇ ਸਮਾਜ ਦੀ
ਸੂਹੀ ਭਾਅ ਮਾਰਦੀ ਪ੍ਰਭਾਤ ਨੇ ਉਦੇ ਹੋਣਾ
ਇਸ ਘਮਸਾਣ ਦੀ ਜੈ ਜੈਕਾਰ ਕਰੋ
ਉਸਦੀ ਲੱਟ ਲੱਟ ਬਲਦੀ ਸੋਚ ਨੂੰ ਸਿਜਦਾ ਕਰੋ।

— ਗੁਰਤੇਜ ਸਿੰਘ ਖੋਖਰ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ਅਤੇ 23 ਮਾਰਚ ਦੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜ਼ਲੀ



ਸਰੀ, (ਪਰਮਿੰਦਰ ਸਵੈਚ) : 25 ਮਾਰਚ ਨੂੰ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ਤੇ 23 ਮਾਰਚ ਦੇ ਸ਼ਹੀਦਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਯਾਦ ਕੀਤਾ ਗਿਆ। ਇਨਕਲਾਬੀ ਕਵੀ ਪਾਸ਼ ਜੋ 23 ਮਾਰਚ ਨੂੰ ਹੀ ਫਿਰਕੂ ਤਾਕਤਾਂ ਦੀ ਭੇਂਟ ਚੜ੍ਹ ਗਿਆ ਸੀ, ਉਸਨੂੰ ਵੀ ਯਾਦ ਕੀਤਾ ਗਿਆ। ਯਾਦ ਰਹੇ ਇਹ ਜਥੇਬੰਦੀ ਕੈਨੇਡਾ ਵਿੱਚ ਜਦੋਂ 50 ਸਾਲ ਪਹਿਲਾਂ ਨਸਲਵਾਦ ਸਿਖ਼ਰ ਤੇ ਸੀ, ਉਦੋਂ ਹੋਂਦ ਵਿੱਚ ਆਈ ਸੀ, ਉਦੋਂ ਤੋਂ ਹੀ ਲਗਾਤਾਰ ਨਸਲਵਾਦ ਦੇ ਖਿਲਾਫ਼ ਲੜਾਈ ਲੜ ਰਹੀ ਹੈ। ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਜਥੇਬੰਦੀ ਦੇ ਮੁਢਲੇ ਮੈਂਬਰ ਕ੍ਰਿਪਾਲ ਬੈਂਸ ਨੇ ਡੀਫੈਂਸ ਕਮੇਟੀ, ਬੱਬਰ ਲਹਿਰ ਤੇ 23 ਮਾਰਚ ਦੇ ਸ਼ਹੀਦਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਤੇ ਸਾਰੇ ਦਰਸ਼ਕਾਂ ਨੂੰ ਜੀ ਆਇਆਂ ਕਿਹਾ। ਉਸਤੋਂ ਬਾਅਦ ਕਮਿਊਨਿਟੀ ਕਾਰਕੁੰਨ, ਪ੍ਰੋਗਰੈਸਿਵ ਲੇਖਿਕਾ ਤੇ ਤਰਕਸ਼ੀਲ ਸੁਸਾਇਟੀ ਬ੍ਰਿਟਿਸ਼ ਕਲੰਬੀਆ ਦੀ ਪ੍ਰਧਾਨ ਪਰਮਿੰਦਰ ਸਵੈਚ ਨੇ ਬੱਬਰ ਲਹਿਰ ਦੇ ਇਤਿਹਾਸਕ ਪੱਖ ਤੋਂ ਵਿਚਾਰ ਸਾਂਝੇ ਕੀਤੇ ਤੇ ਕਿਹਾ ਕਿ ਸਾਨੂੰ ਆਪਣੇ ਅਮੀਰ ਇਤਿਹਾਸ ਤੋਂ ਸੇਧ ਲੈ ਕੇ ਅੱਜ ਦੇ ਜੋ ਫਾਸ਼ੀਵਾਦੀ ਹਾਲਾਤ ਬਣ ਰਹੇ ਹਨ, ਉਨ੍ਹਾਂ ਮੁਤਾਬਕ ਇੱਕਮੁੱਠ ਹੋ ਕੇ ਲੋਕ ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਬੱਬਰ ਲਹਿਰ ਦੇ ਪ੍ਰਧਾਨ ਕਿਸ਼ਨ ਸਿੰਘ ਗੜਗੱਜ ਦੀ ਆਖਰੀ ਇੱਛਾ ਕਿ 'ਸਾਡਾ ਇਤਿਹਾਸ ਲਿਖਿਆ ਜਾਵੇ' ਬਾਰੇ ਹੋਰ ਤਰੱਦਦ ਕਰਨੇ ਚਾਹੀਦੇ ਹਨ। ਉਸਤੋਂ ਬਾਅਦ ਡਾ. ਰਘਬੀਰ ਸਿੰਘ ਸਿਰਜਣਾ ਹੋਰਾਂ ਨੇ ਬਹੁਤ ਹੀ ਵਿਸਥਾਰ ਨਾਲ ਬੱਬਰ ਲਹਿਰ ਬਾਰੇ, ਲਹਿਰ ਦੇ ਵਿਧੀ ਵਿਧਾਨ, ਕੰਮਕਾਰ, ਸਾਕਿਆਂ ਤੇ ਸ਼ਹੀਦੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਵਿੱਨੀਪੈੱਗ ਤੋਂ ਇਸ ਪ੍ਰੋਗਰਾਮ ਵਿੱਚ ਉਚੇਚੇ ਤੌਰ ਤੇ ਸ਼ਮੂਲੀਅਤ ਕਰਨ ਆਈ ਜਸਵੀਰ ਮੰਗੂਵਾਲ ਨੇ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਹਨਾਂ ਦੇ ਰਾਹਾਂ ਤੇ ਚਲਦੇ ਹੋਏ ਸ਼ਹੀਦ ਭਗਤ ਸਿੰਘ ਦੇ ਕਹਿਣ ਮੁਤਾਬਕ ਸਾਨੂੰ ਕਿਤਾਬਾਂ ਨੂੰ ਪੜ੍ਹਨਾ ਚਾਹੀਦਾ ਹੈ। ਕਿਤਾਬਾਂ ਹੀ ਮਨੁੱਖ ਨੂੰ ਅਸਲੀ ਰਾਹ ਦਿਖਾਉਂਦੀਆਂ ਹਨ ਤੇ ਉਹਨਾਂ ਵਿੱਚੋਂ ਸਾਨੂੰ ਅੱਗੇ ਵਧਣ ਦੀ ਪ੍ਰੇਰਨਾ ਮਿਲਦੀ ਹੈ। ਨੌਜਵਾਨ ਕਿਸਾਨ ਆਗੂ ਜੋ ਹਾਲ ਹੀ ਵਿੱਚ ਇੰਡੀਆ ਤੋਂ ਇੱਥੇ ਪਹੁੰਚਿਆ ਹੈ ਤੇ ਜੋ ਜਲੰਧਰ ਜਿਲ੍ਹੇ ਦਾ ਪ੍ਰਧਾਨ ਹੈ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੱਤੀ ਅਤੇ ਜਥੇਬੰਦੀ ਵਲੋਂ ਕਿਸਾਨੀ ਘੋਲ ਵਿੱਚ ਪਾਏ ਯੋਗਦਾਨ ਲਈ ਧੰਨਵਾਦ ਵੀ ਕੀਤਾ। ਜਥੇਬੰਦੀ ਦੇ ਮੈਂਬਰ ਲਖਵੀਰ ਖੁਣਖੁਣ ਨੇ ਬੱਬਰ ਲਹਿਰ ਦੇ ਸ਼ਹੀਦਾਂ ਨੂੰ ਅੱਜ ਦੇ ਸੰਦਰਭ ਵਿੱਚ ਯਾਦ ਕਰਦਿਆਂ, ਕੈਨੇਡਾ ਵਿੱਚ ਆ ਰਹੀਆਂ ਮੁਸ਼ਕਲਾਂ ਲਈ ਲੜਦੀਆਂ ਜਥੇਬੰਦੀਆਂ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਤੇ ਕਿਹਾ ਕਿ ਜੋ ਲੋਕਾਂ ਸਾਹਮਣੇ ਆ ਰਹੇ ਮਸਲੇ ਮਿਸਾਈਲ ਹਨ, ਉਨ੍ਹਾਂ ਤੇ ਕੰਮ ਕਰਨ ਦੀ ਲੋੜ ਹੈ।


ਓਮਨੀ ਟੀ ਵੀ ਦੇ ਨਿਊਜ਼ ਡਾਇਰੈਕਟਰ ਪ੍ਰਿਥੀਪਾਲ ਸੋਹੀ ਨੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦਿਆਂ ਆਪਣੇ ਵਿਚਾਰ ਦਿੱਤੇ ਕਿ ਬੱਬਰ ਲਹਿਰ ਇੱਕ ਹਥਿਆਰਬੰਦ ਟੀਚੇ ਤੇ ਉਸਰੀ ਲਹਿਰ ਸੀ ਪਰ ਅੱਜ ਵਿਗਿਆਨਕ ਯੁੱਗ ਵਿੱਚ ਉਸ ਤਰਜ਼ ਤੇ ਸੰਘਰਸ਼ ਸੰਭਵ ਨਹੀਂ ਹੋ ਸਕਦਾ ਕਿਉਂਕਿ ਸਾਮਰਾਜੀ ਤਾਕਤਾਂ ਸਭ ਕੁੱਝ ਜਾਣਦੀਆਂ ਹਨ ਕਿ ਕੀ, ਕਿੱਥੇ ਹੋ ਰਿਹਾ ਹੈ। ਉਨ੍ਹਾਂ ਨੇ ਕਿਸਾਨੀ ਸ਼ੰਘਰਸ਼ ਵਾਂਗ ਸ਼ਾਂਤਮਈ ਸੰਘਰਸ਼ ਕਰਨ ਤੇ ਹੀ ਜ਼ੋਰ ਦਿੱਤਾ ਕਿ ਉਹੀ ਸਫਲ ਹੋ ਸਕਦਾ ਹੈ। ਇਸ ਗੱਲ ਦਾ ਜਵਾਬ ਦਿੰਦੇ ਹੋਏ ਕ੍ਰਿਪਾਲ ਬੈਂਸ ਨੇ ਆਪਣੀ ਤੇ ਜਥੇਬੰਦੀ ਦੀ ਸੂਝ ਮੁਤਾਬਕ ਕਿਹਾ ਕਿ ਇਹ ਸਰਕਾਰਾਂ ਹੀ ਤਹਿ ਕਰਦੀਆਂ ਹਨ ਨਾ ਕਿ ਲੋਕ। ਉਹ ਲੋਕਾਂ ਨੂੰ ਉਕਸਾ ਕੇ ਉਨ੍ਹਾਂ ਨੂੰ ਹਥਿਆਰ ਚੱਕਣ ਲਈ ਮਜਬੂਰ ਵੀ ਕਰ ਸਕਦੀਆਂ ਹਨ ਤੇ ਆਪਣੇ ਹਿਤਾਂ ਲਈ ਸ਼ਾਂਤਮਈ ਅੰਦੋਲਨ ਕਰਦੇ ਲੋਕਾਂ ਨੂੰ ਸ਼ਾਂਤ ਵੀ ਰੱਖ ਸਕਦੀਆਂ ਹਨ। ਇਸ ਗੱਲ ਤੇ ਮੁੱਖ ਸਪੀਕਰ ਵਿਦਵਾਨ ਡਾ. ਸਾਧੂ ਸਿੰਘ ਨੇ ਕਿਹਾ ਕਿ ਇਹ ਹੁਣ ਗੁੰਝਲਦਾਰ ਮਸਲਾ ਬਣ ਗਿਆ ਹੈ। ਇਹ ਸੰਘਰਸ਼ 60ਵਿਆਂ ਤੋਂ ਪਹਿਲਾਂ ਸਫਲ ਹੋ ਸਕਦਾ ਸੀ। ਪਰ ਹੁਣ ਕਾਮਰੇਡਾਂ ਅਰਥਾਤ ਅਗਾਂਹਵਧੂ ਜਥੇਬੰਦੀਆਂ ਦੀਆਂ ਆਪਸੀ ਵੰਡੀਆਂ ਕਰਕੇ ਲੋਕਾਂ ਨੂੰ ਇਕੱਠਾ ਹੋਣਾ ਮੁਸ਼ਕਲ ਹੋ ਰਿਹਾ ਹੈ। ਪਰ ਫਿਰ ਵੀ ਆਸ ਹੈ ਕਿ ਆਪਣੇ ਹੱਕਾਂ ਲਈ ਲੋਕਾਂ ਨੂੰ ਇੱਕ ਦਿਨ ਸਾਂਝੇ ਪਲੈਟਫੋਰਮ ਤੇ ਇਕੱਠੇ ਜ਼ਰੂਰ ਹੋਣਾ ਪਵੇਗਾ। ਇਸ ਸਾਰੇ ਪ੍ਰੋਗਰਾਮ ਨੂੰ ਕ੍ਰਿਪਾਲ ਬੈਂਸ ਨੇ ਤਰਤੀਬ ਨਾਲ ਚਲਾਇਆ। ਉਸਨੇ ਡੀਫੈਂਸ ਕਮੇਟੀ ਦੇ ਜਨਰਲ ਸਕੱਤਰ ਹਰਭਜਨ ਚੀਮਾ ਦੇ ਇੰਡੀਆ ਹੋਣ ਕਰਕੇ ਉਹਨਾਂ ਦਾ ਸੁਨੇਹਾ ਪੜ੍ਹ ਕੇ ਸੁਣਾਇਆ। ਉਸਤੋਂ ਇਲਾਵਾ ਬੱਬਰ ਲਹਿਰ ਦੇ ਸਿਰਕੱਢ ਸ਼ਹੀਦ ਧੰਨਾ ਸਿੰਘ ਬਿਹਵਲਪੁਰ ਦੇ ਬੇਟੇ ਬਖ਼ਸ਼ੀਸ਼ ਸਿੰਘ ਨਾਗਰਾ, ਜਿਨ੍ਹਾਂ ਦੀ ਉਮਰ 102 ਸਾਲ ਹੋ ਚੁੱਕੀ ਹੈ, ਵਿਕਟੋਰੀਆ ਰਹਿੰਦੇ ਹਨ, ਨਹੀਂ ਆ ਸਕੇ ਸਨ, ਉਨ੍ਹਾਂ ਦਾ ਸੁਨੇਹਾ ਵੀ ਪੜ੍ਹ ਕੇ ਸੁਣਾਇਆ। ਖੋਜਕਾਰ ਪ੍ਰੋਫੈਸਰ ਚਮਨ ਲਾਲ ਜਿਨ੍ਹਾਂ ਨੇ ਸ਼ਹੀਦ ਭਗਤ ਸਿੰਘ ਬਾਰੇ ਖੋਜ ਕਰਕੇ ਬਹੁਤ ਕੁੱਝ ਲਿਖਿਆ ਹੈ ਜੋ ਤਰਕਸ਼ੀਲ ਸੁਸਾਇਟੀ ਵੈਨਕੂਵਰ ਦੇ ਸੱਦੇ ਤੇ 2 ਅਪਰੈਲ ਨੂੰ 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਆ ਰਹੇ ਹਨ, ਉਨ੍ਹਾਂ ਦਾ ਸੁਨੇਹਾ ਵੀ ਪੜ੍ਹ ਕੇ ਸੁਣਾਇਆ।

ਡੀਫੈਂਸ ਕਮੇਟੀ ਨੇ ਬੱਬਰ ਲਹਿਰ ਨੂੰ ਸ਼ਰਧਾਂਜ਼ਲੀ ਦੇਣ ਲਈ ਇੱਕ ਕਿਤਾਬ 'ਬੱਬਰ ਅਕਾਲੀਆਂ ਦੀ ਅਮਰ ਗਾਥਾ' ਵੀ ਸੰਪਾਦਿਤ ਕੀਤੀ ਗਈ ਹੈ ਜਿਸਦੇ ਦੋ ਹਿੱਸੇ ਇੱਕ ਅੰਗਰੇਜ਼ੀ ਤੇ ਦੂਸਰਾ ਪੰਜਾਬੀ ਹੈ, ਜਿਸ ਵਿੱਚ ਨਾਮਵਰ ਲੇਖਕਾਂ ਦੇ ਲੇਖ ਹਨ, ਨੂੰ ਲੋਕ ਅਰਪਣ ਕੀਤਾ ਗਿਆ। ਇਸ ਸਮੇਂ ਮੱਖਣ ਦੁਸਾਂਝ ਵਲੋਂ ਕਿਤਾਬਾਂ ਦਾ ਸਟਾਲ ਲਾਇਆ ਗਿਆ। ਅੰਤ ਵਿੱਚ ਜਥੇਬੰਦੀ ਦੇ ਪ੍ਰਧਾਨ ਇਕਬਾਲ ਪੁਰੇਵਾਲ ਨੇ ਸਭ ਆਇਆਂ ਦਾ ਧੰਨਵਾਦ ਕੀਤਾ। ਖੁਸ਼ੀ ਦੀ ਗੱਲ ਸੀ ਕਿ ਹਾਲ ਭਰਨ ਤੇ ਕੁੱਝ ਲੋਕਾਂ ਨੇ ਖੜ੍ਹ ਕੇ ਪ੍ਰੋਗਰਾਮ ਦੇਖਿਆ ਤੇ ਅਨੰਦ ਮਾਣਿਆ ਤੇ ਸ਼ਹੀਦਾਂ ਬਾਰੇ ਜਾਣਕਾਰੀ ਹਾਸਲ ਕੀਤੀ।

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com


Gill
Truck & Trailer Repair & Mobile Service Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com

Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6 905.459.0555

# ਸਰੀ ਵਿੱਚ 25 ਤੇ 26 ਮਾਰਚ ਨੂੰ ਰੰਗਮੰਚ ਦਿਹਾੜਾ ਮਨਾਇਆ

ਸਰੀ, (ਪਰਮਿੰਦਰ ਸਵੈਚ) : ਥੇਪੇਸਿਸ ਆਰਟ ਕਲੱਬ ਵਲੋਂ 25 ਤੇ 26 ਮਾਰਚ ਨੂੰ ਰੰਗਮੰਚ ਦਿਹਾੜਾ ਮਨਾਇਆ ਗਿਆ। ਲੋਕਾਂ ਨੇ ਦੋਨੋਂ ਦਿਨ ਭਰਵੀਂ ਸ਼ਮੂਲੀਅਤ ਕਰਕੇ, ਟਿਕਟ ਖ੍ਰੀਦ ਕੇ ਡੇਢ ਘੰਟੇ ਦੇ ਨਾਟਕ ਦਾ ਪੂਰਾ ਅਨੰਦ ਮਾਣਿਆ। ਇਸ ਵਾਰ ਟੀਮ ਵਲੋਂ ਪਾਲੀ ਭੁਪਿੰਦਰ ਦਾ ਲਿਖਿਆ ਨਾਟਕ 'ਗੱਲਾਂ ਤੇਰੀਆਂ' ਕੀਤਾ ਗਿਆ ਜਿਸਦੀ ਨਿਰਦੇਸ਼ਨਾ ਡਾ. ਜਸਕਰਨ ਹੋਰਾਂ ਨੇ ਕੀਤੀ ਸੀ। ਇਹ ਨਾਟਕ ਕੈਨੇਡਾ ਦੇ ਮਸਲਿਆਂ ਡਰੱਗ, ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਮੁਸ਼ਕਲਾਂ, ਕੰਮਾਂਕਾਰਾਂ ਵਿੱਚ ਉਲਝੇ ਪੰਜਾਬੀਆਂ ਤੇ ਨਵੀਂ ਪੀੜ੍ਹੀ ਦੀਆਂ ਮਾਨਸਿਕ ਤਣਾਓ ਦੀਆਂ ਹਾਲਤਾਂ ਨਾਲ ਸਬੰਧਤ ਸੀ। ਇਸ ਨਾਟਕ ਦੀ ਵਿਸ਼ੇਸ਼ਤਾ ਇਹ ਸੀ ਕਿ ਇਸਦੇ 15 ਕਲਾਕਾਰ ਸਨ ਜਿਨ੍ਹਾਂ ਨੇ ਬਹੁਤ ਹੀ ਮਿਹਨਤ ਨਾਲ ਇਹ ਨਾਟਕ ਤਿਆਰ ਕੀਤਾ ਤੇ ਹਰ ਇੱਕ ਨੇ ਆਪਣੇ ਰੋਲ ਨੂੰ ਸ਼ਿੱਦਤ ਨਾਲ ਨਿਭਾਇਆ। ਇਸ ਵਿੱਚ ਕੰਮ ਕਰਨ ਵਾਲੇ ਕਲਾਕਾਰ ਨਰਿੰਦਰ ਮੰਗੂਵਾਲ, ਕਮਲ ਸਿੱਧੂ, ਸੁਖਜੀਤ ਗਰਚਾ, ਪ੍ਰਿੰਸ ਗੋਸਵਾਮੀ, ਸੇਪਲ ਬਰਾੜ, ਰਣਜੀਤ ਕੌਰ, ਕੇ ਪੀ ਸਿੰਘ, ਸਿਮਰਨ, ਗੁਣਤਾਜ, ਅਭੀਸ਼ੇਕ, ਜਸਪ੍ਰੀਤ ਕੌਰ, ਸੁੱਖ ਸਿਧੂ, ਨੀਰਜ ਸ਼ਰਮਾ ਸਨ। ਇਹਨਾਂ ਵਿੱਚੋਂ ਕਈ ਕਲਾਕਾਰ ਪਹਿਲੀ ਵਾਰ ਸਟੇਜ ਤੇ ਗਏ ਸਨ ਪਰ ਲੱਗਦਾ ਇਉਂ ਸੀ ਕਿ ਉਹ ਹੰਢੇ ਵਰਤੇ ਹਨ। ਅੰਤ ਵਿੱਚ ਲੋਕਾਂ ਨੇ ਇਸ ਨਾਟਕ ਦਾ ਤਾੜੀਆਂ ਮਾਰ ਕੇ ਭਰਭੂਰ ਸਵਾਗਤ ਕੀਤਾ ਅਤੇ ਇਸ ਬਾਰੇ ਆਪਣੇ ਵਿਚਾਰ ਦਿੱਤੇ। ਡਾ. ਜਸਕਰਨ ਹੋਰਾਂ ਨੇ ਸਭਦਾ ਧੰਨਵਾਦ ਕੀਤਾ ਤੇ ਸਭ ਨੂੰ ਰੰਗ ਮੰਚ ਦਿਹਾੜੇ ਦੀਆਂ ਮੁਬਾਰਕਾਂ ਵੀ ਦਿੱਤੀਆਂ।



# ਜੀ-20 ਸੰਮੇਲਨ ਖ਼ਿਲਾਫ ਬੀਕੇਯੂ (ਏਕਤਾ-ਉਗਰਾਹਾਂ) ਦੇ ਰੋਸ ਪ੍ਰਦਰਸ਼ਨ 'ਚ ਅੰਮ੍ਰਿਤਸਰ ਪੁੱਜੇ ਹਜ਼ਾਰਾਂ ਲੋਕ

## –ਪੰਜਾਬ ਦੀ ਸਨਅਤ ਤੇ ਖੇਤੀ ਨੂੰ ਸਾਮਰਾਜੀ ਸੰਸਥਾਵਾਂ ਦੇ ਪ੍ਰਛਾਵੇਂ ਤੋਂ ਦੂਰ ਰੱਖਣ ਦੀ ਕੀਤੀ ਮੰਗ

ਅੰਮ੍ਰਿਤਸਰ, (ਬਲਜਿੰਦਰ ਸਿੰਘ) ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਸੱਦੇ 'ਤੇ ਇੱਥੇ ਇਕੱਠੇ ਹੋਏ ਹਜ਼ਾਰਾਂ ਕਿਸਾਨਾਂ ਖੇਤ ਮਜ਼ਦੂਰਾਂ, ਸੈਂਕੜੇ ਔਰਤਾਂ, ਨੌਜਵਾਨਾਂ ਤੇ ਵਿਦਿਆਰਥੀਆਂ ਵੱਲੋਂ ਅੱਜ ਅੰਮ੍ਰਿਤਸਰ 'ਚ ਹੋ ਰਹੇ ਜੀ-20 ਸੰਮੇਲਨ ਵਿਰੁੱਧ ਰੋਸ ਪ੍ਰਦਰਸ਼ਨ ਕਰਦਿਆਂ ਦੇਸ਼ ਤੇ ਪੰਜਾਬ ਦੀ ਖੇਤੀ, ਸਨਅਤ, ਸਿੱਖਿਆ, ਸਿਹਤ ਬਿਜਲੀ ਤੇ ਪਾਣੀ ਆਦਿ ਖੇਤਰਾਂ ਨੂੰ ਸਾਮਰਾਜੀਆਂ ਦੇ ਲੁਟੇਰੇ ਮੰਤਵਾਂ ਤੋਂ ਦੂਰ ਰੱਖਣ ਤੇ ਸੰਸਾਰ ਵਪਾਰ ਸੰਸਥਾ ਵਰਗੇ ਸਾਮਰਾਜੀ ਅਦਾਰਿਆਂ ਨਾਲ ਕੀਤੀਆਂ ਲੋਕ-ਧ੍ਰੋਹੀ ਸੰਧੀਆਂ ਰੱਦ ਕੀਤੇ ਜਾਣ ਦੀ ਮੰਗ ਕੀਤੀ ਗਈ। ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਰਨਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਅੰਮ੍ਰਿਤਸਰ ਵਿਖੇ ਜਲ੍ਹਿਆਂਵਾਲਾ ਬਾਗ ਵਰਗੇ ਕਾਂਡ ਰਚਾਉਣ ਵਾਲੇ ਬਰਤਾਨਵੀ ਸਾਮਰਾਜ ਸਮੇਤ ਅਨੇਕਾਂ ਲੁਟੇਰੇ ਸਾਮਰਾਜੀ ਮੁਲਕਾਂ ਨੂੰ ਨਿਉਂਦਾ ਦੇ ਕੇ ਭਗਵੰਤ ਮਾਨ ਸਰਕਾਰ ਕੌਮੀ ਮੁਕਤੀ ਲਹਿਰ ਦੇ ਸ਼ਹੀਦਾਂ ਨਾਲ ਧ੍ਰੋਹ ਕਮਾ ਰਹੀ ਹੈ। ਉਹਨਾਂ ਕਿਹਾ ਕਿ ਜੀ-20 ਮੁਲਕਾਂ ਦੇ ਇਸ ਮੰਚ ਨੂੰ ਸਾਮਰਾਜੀਆਂ ਕੋਲ ਦੇਸ਼ ਨੂੰ ਗਹਿਣੇ ਰੱਖਣ ਵਾਲਾ ਪਲੇਟਫਾਰਮ ਕਰਾਰ ਦਿੰਦਿਆਂ ਕਿਹਾ ਕਿ ਇਹ ਸੰਮੇਲਨ ਪੰਜਾਬ ਨੂੰ ਲੁੱਟਣ ਦੀਆਂ ਵਿਉਤਾਂ ਘੜਨ ਲਈ ਹੋ ਰਿਹਾ ਹੈ। ਉਹਨਾਂ ਕਿਹਾ ਕਿ ਇਸ ਮੀਟਿੰਗ ਦੌਰਾਨ ਸਾਮਰਾਜੀ ਮੁਲਕਾਂ ਦੀ ਅੰਨ੍ਹੀ ਲੁੱਟ ਨੂੰ ਹੋਰ ਤੇਜ਼ ਕਰਨ ਲਈ ਸਿੱਖਿਆ ਖੇਤਰ ਪੂਰੀ ਤਰ੍ਹਾਂ ਸਾਮਰਾਜੀਆਂ ਲਈ ਖੋਲ੍ਹਣ ਅਤੇ ਕਿਰਤੀਆਂ ਦੀ ਹੋਰ ਰੱਤ ਨਿਚੋੜਨ ਲਈ ਲੇਬਰ ਕਾਨੂੰਨਾਂ ਨੂੰ ਸੋਧਣ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਤਬਾਹ ਹੋ ਰਹੀ ਸਨਅਤ ਤੇ ਸੰਕਟਾਂ 'ਚ ਘਿਰੀ ਖੇਤੀ ਅਜਿਹੇ ਮੰਚਾਂ ਰਾਹੀਂ ਹੋਈਆਂ ਸੰਧੀਆਂ ਤਹਿਤ ਲਾਗੂ ਕੀਤੀਆਂ ਗਈਆਂ ਨਵੀਆਂ ਆਰਥਿਕ ਤੇ ਸਨਅਤੀ ਨੀਤੀਆਂ ਦਾ ਹੀ ਕਹਿਰ ਹੰਢਾ ਰਹੀ ਹੈ। ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਕਾਲੇ ਖੇਤੀ ਕਾਨੂੰਨ ਵੀ ਸੰਸਾਰ ਵਪਾਰ ਸੰਸਥਾ ਵਰਗੇ ਸਾਮਰਾਜੀ ਅਦਾਰਿਆਂ ਦੀਆਂ ਹਦਾਇਤਾਂ 'ਤੇ ਅਜਿਹੇ ਮੰਚਾਂ ਰਾਹੀਂ ਹੀ ਆਏ ਸਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਵੱਲੋਂ ਇੱਕ ਪਾਸੇ ਖੇਤੀ ਨੂੰ ਸੰਕਟ 'ਚੋਂ ਕੱਢਣ ਦੀ ਨੀਤੀ ਲਿਆਉਣ ਦੇ ਐਲਾਨ ਕੀਤੇ ਜਾ ਰਹੇ ਹਨ ਤੇ ਦੂਜੇ ਪਾਸੇ ਖੇਤੀ ਨੂੰ ਸੰਕਟ 'ਚ ਧੱਕਣ ਵਾਲੇ ਸਾਮਰਾਜੀ ਮੁਲਕਾਂ ਦੇ ਫੁਰਮਾਨਾਂ ਨੂੰ ਲਾਗੂ ਕਰਵਾਉਣ ਲਈ ਸੂਬੇ 'ਚ ਇਹਨਾਂ ਲੁਟੇਰਿਆਂ ਦਾ ਸ਼ਾਹੀ ਸਵਾਗਤ ਕੀਤਾ ਜਾ ਰਿਹਾ ਹੈ। ਇਸ ਤੋਂ ਉਲਟ ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਜਥੇਬੰਦੀ ਵੱਲੋਂ ਸੌਂਪੇ ਗਏ ਖਰੜੇ ਮੁਤਾਬਕ ਨਵੀਂ ਖੇਤੀ ਨੀਤੀ ਬਣਾਈ ਜਾਵੇ।



ਔਰਤ ਆਗੂ ਹਰਿੰਦਰ ਕੌਰ ਬਿੰਦੂ ਨੇ ਦੇਸ਼ ਉਤੇ ਬਰਤਾਨਵੀ ਸਾਮਰਾਜ ਦੇ ਕਬਜ਼ੇ ਵਿਰੁੱਧ ਘੋਲਾਂ ਵਿੱਚ ਬੀਬੀ ਗੁਲਾਬ ਕੌਰ ਅਤੇ ਝਾਂਸੀ ਦੀ ਰਾਣੀ ਵਰਗੀਆਂ ਅਨੇਕਾਂ ਵੀਰਾਂਗਣਾ ਦੀ ਸਾਮਰਾਜ ਵਿਰੋਧੀ ਜੁਝਾਰੂ ਭਾਵਨਾ ਤੇ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਪੰਜਾਬ ਦੇ ਕਿਸਾਨ ਮਜ਼ਦੂਰ ਘੋਲਾਂ ਵਿੱਚ ਔਰਤਾਂ ਵੱਲੋਂ ਨਿਭਾਈ ਜਾ ਰਹੀ ਜੁਝਾਰੂ ਭੂਮਿਕਾ ਦੀ ਜੈ ਜੈਕਾਰ ਕੀਤੀ।

ਇਸ ਇਕੱਠ ਨੂੰ ਹਮਾਇਤ ਦੇਣ ਆਏ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਪੀ ਐਸ ਯੂ ਸ਼ਹੀਦ ਰੰਧਾਵਾ ਦੇ ਆਗੂ ਹੁਸ਼ਿਆਰ ਸਿੰਘ ਸਲੇਮਗੜ੍ਹ ਤੇ ਨੌਜਵਾਨ ਭਾਰਤ ਸਭਾ ਦੇ ਆਗੂ ਅਸ਼ਵਨੀ ਘੁੱਦਾ ਨੇ ਵੀ ਸੰਬੋਧਨ ਕੀਤਾ। ਉਹਨਾਂ ਸੰਸਾਰ ਵਪਾਰ ਸੰਸਥਾ ਸਮੇਤ ਸਾਮਰਾਜੀ ਪੁੱਗਤ ਵਾਲੀਆਂ ਸੰਸਥਾਵਾਂ 'ਚੋਂ ਭਾਰਤ ਵੱਲੋਂ ਬਾਹਰ ਆਉਣ, ਸਾਮਰਾਜੀਆਂ ਨਾਲ ਕੀਤੀਆਂ ਸੰਧੀਆਂ ਰੱਦ ਕਰਨ, ਸਾਮਰਾਜੀ ਕੰਪਨੀਆਂ ਤੇ ਦੇਸੀ ਕਾਰਪੋਰੇਟਾਂ ਨੂੰ ਸਿੱਖਿਆ, ਸਿਹਤ,ਖੇਤੀ ਖੇਤਰ ਤੇ ਸਨਅਤ 'ਚੋਂ ਬਾਹਰ ਰੱਖਣ ਦੀ ਮੰਗ ਕੀਤੀ। ਇਸ ਮੌਕੇ ਜਥੇਬੰਦੀ ਦੇ ਸੂਬਾ ਆਗੂ ਹਰਦੀਪ ਸਿੰਘ ਟੱਲੇਵਾਲ ਰੂਪ ਸਿੰਘ ਛੰਨਾਂ ਅਤੇ ਜਗਤਾਰ ਸਿੰਘ ਕਾਲਾਝਾੜ ਸਮੇਤ 19 ਜ਼ਿਲ੍ਹਿਆਂ ਦੇ ਆਗੂ ਵੀ ਹਾਜ਼ਰ ਸਨ।











# ਕਾਰਲ ਮਾਰਕਸ ਦੀ ਮੌਤ ਵਰ੍ਹੇਗੰਢ 'ਤੇ ਵਿਸ਼ੇਸ਼

**ਸਰਬਜੀਤ ਸੋਹੀ, ਆਸਟਰੇਲੀਆ**

ਸਾਲ 1999 ਵਿੱਚ ਬੀਬੀਸੀ ਦੁਆਰਾ 'ਹਜ਼ਾਰ ਸਾਲ ਦਾ ਚਿੰਤਕ' ਲੱਭਣ ਲਈ ਇੱਕ ਆਨਲਾਈਨ ਸਰਵੇ ਕਰਵਾਇਆ ਗਿਆ ਸੀ। ਇਸ ਵਿੱਚ ਦੱਸ ਸਦੀਆਂ ਭਾਵ 1000 ਈਸਵੀ ਤੋਂ 2000 ਈਸਵੀ ਤੱਕ ਦੇ ਵਿਦਵਾਨ ਸ਼ਾਮਿਲ ਸਨ। ਇਸ ਸਰਵੇ ਅਨੁਸਾਰ ਇਨਕਲਾਬੀ ਲੇਖਕ ਕਾਰਲ ਮਾਰਕਸ ਨੂੰ ਹਜ਼ਾਰ ਸਾਲ ਦਾ ਮਹਾਨ ਚਿੰਤਕ ਐਲਾਨਿਆ ਗਿਆ। ਕਾਰਲ ਮਾਰਕਸ ਨੇ ਉਨ੍ਹੀਵੀਂ ਸਦੀ ਦੇ ਲੇਖਕ ਵਜੋਂ ਇਹ ਵੋਟ ਮੁਕਾਬਲਾ ਸਪੱਸ਼ਟ ਰੂਪ ਵਿਚ ਜਿੱਤਿਆ। ਮਹਾਨ ਵਿਗਿਆਨੀ ਐਲਬਰਟ ਆਈਨਸਟਾਈਨ, ਜਿਸਨੇ ਜ਼ਿਆਦਾਤਰ ਇਸ ਮੁਕਾਬਲੇ ਦੀ ਅਗਵਾਈ ਕੀਤੀ ਸੀ, ਮਾਰਕਸ ਨੇ ਉਸ ਨੂੰ ਦੂਸਰੇ ਸਥਾਨ ਤੇ ਪਹੁੰਚਾ ਦਿੱਤਾ। ਚੋਟੀ ਦੇ 10 ਚਿੰਤਕਾਂ ਵਿੱਚ Karl Marx, Albert Einstein, Sir Isaac Newton, Charles Darwin, Thomas Aquinas, Stephen Hawking, Immanuel Kant, Rene Descartes, James Clerk Maxwell, Friedrich Nietzche ਦੇ ਨਾਮ ਸ਼ਾਮਲ ਸਨ।

ਕਾਰਲ ਮਾਰਕਸ ਉਨੀਵੀਂ ਸਦੀ ਵਿੱਚ ਉੱਭਰਨ ਵਾਲਾ ਸਭ ਤੋਂ ਪ੍ਰਭਾਵਸ਼ਾਲੀ ਸਮਾਜਵਾਦੀ ਚਿੰਤਕ ਅਤੇ ਕਮਿਊਨਿਜ਼ਮ ਦਾ ਬਾਨੀ ਸੀ। ਹਾਲਾਂਕਿ ਵੀਹਵੀਂ ਸਦੀ ਦੌਰਾਨ ਕਈ ਦੇਸ਼ਾਂ ਵਿਚ ਤਾਨਾਸ਼ਾਹੀ ਸ਼ਾਸਨ ਨੇ ਉਸ ਦੇ ਅਸਲ ਵਿਚਾਰਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ, ਪਰ ਇੱਕ ਦਾਰਸ਼ਨਿਕ, ਸਮਾਜ ਵਿਗਿਆਨੀ, ਇਤਿਹਾਸਕਾਰ ਅਤੇ ਇੱਕ ਇਨਕਲਾਬੀ ਵਜੋਂ ਉਸ ਦੇ ਕੰਮ ਦਾ ਅਕਾਦਮਿਕਾਂ ਦੁਆਰਾ ਸਤਿਕਾਰ ਕੀਤਾ ਜਾਂਦਾ ਹੈ। ਕਾਰਲ ਹੇਨਰਿਕ ਮਾਰਕਸ (1818-1883) ਦਾ ਜਨਮ ਜਰਮਨੀ ਵਿਚ ਇਕ ਮੱਧ-ਸ਼੍ਰੇਣੀ ਪਰਿਵਾਰ ਵਿਚ ਹੋਇਆ ਸੀ, ਪਰ ਉਹ ਪੈਰਿਸ, ਬਰੱਸਲਜ਼ ਅਤੇ ਲੰਡਨ ਵਿਚ ਕ੍ਰਾਂਤੀਕਾਰੀ ਬਣ ਗਿਆ। ਉਹ ਫਰਾਂਸ ਵਿਚ ਸਮਾਨ ਸੋਚ ਵਾਲੇ ਫਰੀਡਰਿਕ ਏਂਗਲਜ਼ (1820-1895) ਨੂੰ ਮਿਲਿਆ। ਉਹਨਾਂ ਇਕੱਠੇ ਮਿਲ ਕੇ ਉਨ੍ਹਾਂ ਨੇ ਕਮਿਊਨਿਸਟ ਮੈਨੀਫੈਸਟੋ ਲਿਖਿਆ, ਜਿਸ ਵਿਚ ਜਮਾਤੀ ਸੰਘਰਸ਼ ਦੇ ਸਿਧਾਂਤ ਦੀ ਰੂਪ ਰੇਖਾ ਕੀਤੀ ਗਈ ਸੀ। ਮਾਰਕਸ ਨੂੰ ਆਪਣੀਆਂ ਇਨਕਲਾਬੀ ਗਤੀਵਿਧੀਆਂ ਕਰਕੇ ਪੈਰਿਸ ਅਤੇ ਬਰੱਸਲਜ਼ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਅਤੇ ਉਹ ਲੰਦਨ ਵਿੱਚ ਸੈਟਲ ਹੋ ਗਿਆ, ਜਿਥੇ ਉਹ ਆਪਣੀ ਮੌਤ ਤੱਕ ਰਿਹਾ।

ਮਾਰਕਸ ਦੀਆਂ ਹੋਰ ਪ੍ਰਭਾਵਸ਼ਾਲੀ ਰਚਨਾਵਾਂ ਵਿਚੋਂ ਇਕ ਆਰਥਿਕ ਅਤੇ ਦਾਰਸ਼ਨਿਕ ਹੱਥ-ਲਿਖਤਾਂ ਹਨ, ਜੋ 1930 ਦੇ ਦਹਾਕੇ ਤਕ ਅਣਪ੍ਰਕਾਸ਼ਿਤ ਰਹੀਆਂ। ਉਸਦਾ ਯਾਦਗਾਰੀ ਕੰਮ ਦਾਸ ਕੈਪੀਟਲ ਬਹੁਤ ਉੱਚ ਪਾਏ ਦੀ ਕਿਤਾਬ ਹੈ। ਕਾਰਲ ਮਾਰਕਸ ਨੇ ਹਜ਼ਾਰਾਂ ਮੁਕਤੀ ਸੰਘਰਸ਼ਾਂ ਨੂੰ ਪ੍ਰੇਰਿਤ ਕੀਤਾ ਹੈ। ਉਹ ਆਧੁਨਿਕ ਰਾਜਨੀਤਿਕ ਸੋਚ ਦਾ ਪਿਤਾ ਸੀ। ਮਾਰਕਸ ਨੇ ਸਰਮਾਏਦਾਰੀ ਦੇ ਕੰਮਕਾਜ ਦਾ ਸਭ ਤੋਂ ਬਿਹਤਰ ਵਿਸ਼ਲੇਸ਼ਣ ਕੀਤਾ। ਇਹ ਉਹ ਵਿਗਿਆਨਕ ਵਿਧੀ ਹੈ ਜੋ ਵੀਹਵੀਂ ਸਦੀ ਦੇ ਅੰਤ ਵਿੱਚ ਵੀ ਵਿਸ਼ਵ ਭਰ ਵਿੱਚ ਵਿਸ਼ੇਸ਼ਤਾ ਰੱਖਦੀ ਹੈ, ਉਸਦਾ ਕਾਰਜ ਉਸ ਸੰਸਾਰ ਨੂੰ ਸਮਝਣ ਲਈ ਅੱਜ ਵੀ ਓਨਾ ਸਾਰਥਿਕ ਹੈ, ਜਿੰਨਾ ਕਿ ਉਦੋਂ ਸੀ। ਕਾਰਲ ਮਾਰਕਸ 200 ਸਾਲਾਂ ਬਾਅਦ ਅਜੇ ਵੀ ਨਾਟ ਆਊਟ ਹੈ। ਪੂੰਜੀਵਾਦ ਕੋਲ ਉਸ ਦਾ ਨਾ ਕੋਈ ਬਦਲ ਸੀ ਤੇ ਨਾ ਹੀ ਹੋਵੇਗਾ। ਉਹ ਇਸ ਗ੍ਰਹਿ ਦੇ ਮਨੁੱਖੀ ਇਤਿਹਾਸ ਦੇ 1000 ਸਾਲਾਂ ਦਾ ਮਹਾਨ ਚਿੰਤਕ ਹੈ। ਅੱਜ ਜਦੋਂ ਕਰੋਨਾ ਸੰਕਟ ਵਿਚ ਕਹਿੰਦੇ ਕਹਾਉਂਦੇ ਪੂੰਜੀਵਾਦੀ ਢਾਂਚੇ




ਲੜਖੜਾ ਗਏ ਹਨ, ਇਸ ਵੇਲੇ ਦੁਨੀਆਂ ਭਰ ਦੇ ਅਰਥ ਸ਼ਾਸਤਰੀ ਮਾਰਕਸਵਾਦ ਦਾ ਪੁਨਰ ਅਧਿਐਨ ਕਰ ਰਹੇ ਹਨ। ਉਸ ਮਹਾਨ ਸਮਾਜਵਾਦੀ ਵਿਦਵਾਨ ਨੂੰ ਅਸੀਂ 14 ਮਾਰਚ ਨੂੰ ਉਸ ਦੇ ਸਰੀਰਕ ਤੌਰ 'ਤੇ ਰੁਖ਼ਸਤ ਹੋਣ ਦੇ ਦਿਨ ਤੇ ਯਾਦ ਕਰਦਿਆਂ ਲਾਲ ਸਲਾਮ ਕਰਦੇ ਹਾਂ।















# ਨਕਸਲਬਾੜੀ ਲਹਿਰ ਦੇ ਸ਼ਹੀਦ ਬਖਸ਼ੀਸ਼ ਮੋਰਕਰੀਮਾਂ ਦੀ ਯਾਦ 'ਚ ਬਰਸੀ ਸਮਾਗਮ




ਮਹਾਨ ਨਕਸਲਬਾੜੀ ਲਹਿਰ ਦੇ ਯੋਧੇ ਸ਼ਹੀਦ ਬਖਸ਼ੀਸ਼ ਮੋਰਕਰੀਮਾਂ ਦੀ 52ਵੀਂ ਬਰਸੀ ਪਿੰਡ ਮੋਰਕਰੀਮਾਂ ਵਿਖੇ ਉਨਾਂ ਦੀ ਸ਼ਹੀਦੀ ਯਾਦਗਾਰ ਤੇ ਮਨਾਈ ਗਈ। ਇਨਕਲਾਬੀ ਕੇਂਦਰ ਪੰਜਾਬ ਦੇ ਸੱਦੇ ਤੇ ਵੱਖ ਵੱਖ ਜਥੇਬੰਦੀਆਂ ਦੇ ਵਰਕਰ ਅਤੇ ਆਗੂ ਇਸ ਯਾਦਗਾਰੀ ਸਮਾਗਮ ਚ ਸ਼ਾਮਲ ਹੋਏ। ਮਾਸਟਰ ਕੁਲਵਿੰਦਰ ਸਿੰਘ ਦੀ ਮੰਚ ਸੰਚਾਲਨਾ ਹੇਠ ਸਕੂਲੀ ਬੱਚਿਆਂ ਨੇ ਝੂਠੀ ਆਜਾਦੀ ਸਬੰਧੀ ਅਤੇ ਬਾਈ ਅਮਰਜੀਤ ਸਿੰਘ ਨੇ ਨਵੇਂ ਬੇਗਮਪੁਰਾ ਦਾ ਗੀਤ, ਕਸਤੂਰੀ ਲਾਲ ਨੇ 'ਅੰਮੀਏ ਅਮਰ ਕਰ ਗਿਆ ਪੁੱਤ ਪਾ ਕੇ ਸ਼ਹੀਦੀ ਤੇਰਾ' ਗੀਤ ਰਾਹੀਂ ਹਾਜ਼ਰੀ ਲਵਾਈ। ਲਖਵੀਰ ਸਿੱਧੂ ਅਤੇ ਸਤਪਾਲ ਦੇ ਜਥੇ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਦੋ ਮਿੰਟ ਦਾ ਮੋਨ ਧਾਰ ਕੇ 'ਚੜਣ ਵਾਲਿਓ ਹੱਕਾਂ ਦੀ ਭੇਟ ਉਤੇ, ਥੋਨੂੰ ਸ਼ਰਧਾ ਦੇ ਫੁੱਲ ਚੜਾਉਣ ਲੱਗਿਆਂ' ਗੀਤ ਦੇ ਚਲਦਿਆਂ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਸਮੇਂ ਸ਼ਰਧਾਂਜਲੀ ਦਿੰਦਿਆਂ ਬੁਲਾਰਿਆਂ 'ਚ ਸ਼ਾਮਲ ਕੰਵਲਜੀਤ ਖੰਨਾ, ਜਸਵੰਤ ਜੀਰਖ, ਰਜਿੰਦਰ ਸਿੰਘ, ਜਸਦੇਵ ਲਲਤੋਂ, ਗੁਰਮੇਲ ਸਿੰਘ ਭਰੋਵਾਲ, ਹਰਦੇਵ ਮੁਲਾਂਪੁਰ ਨੇ ਕਿਹਾ ਕਿ ਮਜਦੂਰ ਪ੍ਰਾਪਤ ਚ ਜਨਮਿਆ ਸ਼ਹੀਦ ਬਖਸ਼ੀਸ਼ ਵੀ ਸ਼ਹੀਦ ਭਗਤ ਸਿੰਘ ਵਾਂਗ ਕਾਲਜ ਦੀ ਪੜਾਈ ਵਿਚਾਲਿਓਂ ਛੱਡ ਲੋਕ ਮੁਕਤੀ ਲਈ ਇਨਕਲਾਬ ਦੇ ਰਾਹ ਤੁਰਿਆ ਸੀ। 1967-68 'ਚ ਬੰਗਾਲ ਦੇ ਪਿੰਡ ਨਕਸਲਬਾੜੀ ਤੋਂ ਜਮੀਨ ਹਲਵਾਹਕ ਦੇ ਨਾਰੇ ਤਹਿਤ ਤੁਰੀ ਇਸ ਬੇਜ਼ਮੀਨੇ ਕਿਸਾਨਾਂ ਦੀ ਲਹਿਰ ਨੇ ਦੇਸ਼ ਦੇ ਹਾਕਮਾਂ ਨੂੰ ਜਮੀਨ ਦੀ ਬਰਾਬਰ ਵੰਡ ਕਰਨ ਲਈ ਕੰਬਣੀਆਂ ਛੇੜ ਦਿੱਤੀਆਂ ਸਨ। ਪੰਜਾਬ 'ਚ ਅਨੇਕਾਂ ਝੂਠੇ ਪੁਲਸ ਮੁਕਾਬਲਿਆਂ ਰਾਹੀਂ ਨਕਸਲੀ ਯੋਧਿਆਂ ਨੂੰ ਪੰਜਾਬ ਪੁਲਸ ਨੇ ਸ਼ਹੀਦ ਕੀਤਾ ਸੀ। ਨਵਾਂਸ਼ਹਿਰ ਰੇਲਵੇ ਸਟੇਸ਼ਨ ਤੇ ਇਕੋ ਇਕ ਸੱਚੇ ਪੁਲਸ ਮੁਕਾਬਲੇ 'ਚ ਸ਼ਹੀਦ ਹੋਣ ਵਾਲੇ ਬਖਸ਼ੀਸ਼ ਦਾ ਸੁਪਨਾ ਹੀ ਭਗਤ ਸਿੰਘ ਵਾਂਗ ਇਕ ਲੁੱਟ ਰਹਿਤ ਸਮਾਜ ਬਨਾਉਣਾ ਸੀ। ਪਰ ਉਹ ਅਜੇ ਅਧੂਰਾ ਹੈ। ਅਜ ਫਿਰ ਦੇਸ਼ ਤੇ ਕਬਜਾ ਕਰਨ ਲਈ ਸੰਸਾਰ ਵਪਾਰ ਸੰਸਥਾਂ ਦਾ ਦੂਜਾ ਰੂਪ ਜੀ-20 ਦੀਆਂ ਕਾਰਪੋਰੇਟ ਗਿਰਝਾਂ ਸਾਡੇ ਮਾਲ ਖਜਾਨੇ ਚੂੰਡਣ ਲਈ ਭਾਰਤ ਦੇ ਵਖ ਵਖ ਸ਼ਹਿਰਾਂ ਚ ਬੈਠ ਕੇ ਵਿਉਂਤਾਂ ਘੜ ਰਹੀਆਂ ਹਨ ਜਿਸ ਖਿਲਾਫ ਪੰਜਾਬ ਭਰ 'ਚ ਅਰਥੀ ਫੂਕ ਪ੍ਰਦਰਸ਼ਨ ਕੀਤੇ ਗਏ ਤੇ ਹੁਣ ਵੀਹ ਮਾਰਚ ਨੂੰ ਲੱਖਾਂ ਕਿਸਾਨ ਦਿੱਲੀ ਨੂੰ ਕੂਚ ਕਰ ਰਹੇ ਹਨ। ਇਸ ਸਮੇਂ ਸ਼ਹੀਦੀ ਯਾਦਗਾਰ ਤੇ ਲਾਲ ਪਰਚਮ ਲਹਿਰਾਉਣ ਦੀ ਰਸਮ ਰੋਹਲੇ ਨਾਹਰਿਆਂ ਦੀ ਗੂੰਜ 'ਚ ਸ਼ਹੀਦ ਦੇ ਵੱਡੇ ਭਰਾ ਮਾਸਟਰ ਸੁਰਜੀਤ ਸਿੰਘ ਨੇ ਨਿਭਾਈ। ਕਿਸਾਨ ਆਗੂ ਮਨਜਿੰਦਰ ਸਿੰਘ ਮੋਰਕਰੀਮਾਂ ਨੇ ਹਾਜਰੀਨ ਦਾ ਧੰਨਵਾਦ ਕੀਤਾ। ਇਸ ਸਮੇਂ ਇੰਦਰਜੀਤ ਸਿੰਘ ਧਾਲੀਵਾਲ, ਗੁਰਦਿਆਲ ਸਿੰਘ ਤਲਵੰਡੀ, ਕਾਮਰੇਡ ਸੁਰਿੰਦਰ, ਹਰਜਿੰਦਰ ਕੌਰ ਲੁਧਿਆਣਾ, ਬੇਅੰਤ ਸਿੰਘ ਬਾਣੀਏ ਵਾਲ, ਮਨਮੋਹਨ ਸਿੰਘ ਪੰਡੋਰੀ, ਬਲਜੀਤ ਸਿੰਘ ਸਵੱਦੀ, ਅਵਤਾਰ ਸਿੰਘ ਬਿੱਲੂ ਜਥੇਦਾਰ ਗੁਰਮੀਤ ਸਿੰਘ ਨੂਰਪੁਰਾ, ਮਦਨ ਸਿੰਘ, ਪਾਲ ਸਿੰਘ ਗਹੌਰ, ਕੁੰਡਾ ਸਿੰਘ ਕਾਉਂਕੇ, ਹਰਮਨ ਲੀਹਾਂ ਆਦਿ ਹਾਜ਼ਰ ਸਨ।





# ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਬਕਾ ਵਿਦਿ. ਆਗੂ ਇੰਦਰਜੀਤ ਸਿੰਘ ਬਿੱਟੂ ਨਹੀਂ ਰਹੇ




1967 ਤੋਂ 1970 ਤੱਕ ਪੀ.ਐਸ.ਯੂ. ਦੇ ਮੋਹਰੀ ਆਗੂਆਂ 'ਚ ਸ਼ਾਮਲ ਰਹੇ ਇੰਦਰਜੀਤ ਸਿੰਘ ਬਿੱਟੂ 25 ਫਰਵਰੀ 2023 ਦੀ ਸਵੇਰ ਨੂੰ ਚੁੱਪ ਚੁਪੀਤੇ ਸਾਡੇ ਕੋਲੋਂ ਸਦਾ ਲਈ ਵਿੱਛੜ ਗਏ। ਉਨ੍ਹਾਂ ਦਾ ਜਨਮ 11 ਮਈ 1945 ਨੂੰ ਹੋਇਆ ਸੀ। ਉਨ੍ਹਾਂ 1964-66 'ਚ ਸਰਕਾਰੀ ਕਾਲਜ ਲੁਧਿਆਣਾ ਤੋਂ ਗਣਿਤ ਦੇ ਵਿਸ਼ੇ 'ਚ ਐਮ.ਏ.ਕੀਤੀ। ਇਸ ਸਮੇਂ ਉਹ ਦੁਰਾਨ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਦਰਸ਼ਨ ਸਿੰਘ ਬਾਗੀ ਦੇ ਸੰਪਰਕ 'ਚ ਆਏ ਅਤੇ ਪੰਜਾਬ ਸਟੂਡੈਂਟਸ ਯੂਨੀਅਨ 'ਚ ਸਰਗਰਮ ਹੋ ਗਏ। ਸਤੰਬਰ-ਨਵੰਬਰ 1968 'ਚ ਸਰਕਾਰੀ ਕਾਲਜ ਲੁਧਿਆਣਾ ਦੇ ਪ੍ਰਿੰਸੀਪਲ ਖਿਲਾਫ ਚੱਲੇ ਸੰਘਰਸ਼ ਦੁਰਾਨ ਉਹਨਾਂ ਨੇ ਸ਼ਮਸ਼ੇਰ ਸਿੰਘ ਸ਼ੇਰੀ ਨਾਲ ਆਗੂ ਭੂਮਿਕਾ ਨਿਭਾਈ ਸੀ ਅਤੇ ਇਸ ਸੰਘਰਸ਼ ਨੂੰ ਜਿੱਤ ਤੱਕ ਪਹੁੰਚਾਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਸੀ।1967-69 'ਚ ਉਨ੍ਹਾਂ ਪੰਜਾਬੀ ਯੂਨੀਵਰਸਿਟੀ ਤੋਂ ਐਮ.ਏ. (ਸਟੈਟਿਸਟਿਕਸ) ਕੀਤੀ। 3 ਜੁਲਾਈ 1969 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਪੀ.ਐਸ.ਯੂ.ਦੀ ਸੂਬਾ ਪੱਧਰੀ ਮੀਟਿੰਗ 'ਚ ਉਨ੍ਹਾਂ ਨੂੰ ਯੂਨੀਅਨ ਦਾ ਸੂਬਾ ਖਜਾਨਚੀ ਚੁਣਿਆ ਗਿਆ ਸੀ। 2 ਸਤੰਬਰ 1969 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇੱਕ ਸਮਾਗਮ ਦੁਰਾਨ ਭਾਰਤ ਦੇ ਗ੍ਰਿਹ ਮੰਤਰੀ ਵਾਈ.ਬੀ.ਚਵਾਨ ਅਤੇ ਪੰਜਾਬ ਦੇ ਮੁੱਖ ਮੰਤਰੀ ਗੁਰਨਾਮ ਸਿੰਘ ਦੀ ਹਾਜ਼ਰੀ 'ਚ ਪੀ.ਐਸ.ਯੂ. ਦੇ ਜਨਰਲ ਸਕੱਤਰ ਦਰਸ਼ਨ ਬਾਗੀ ਦੀ ਰਿਹਾਈ ਲਈ ਜਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ ਜਿਸ ਦੀ ਅਗਵਾਈ ਯੋਜਨਾਬੱਧ ਤਰੀਕੇ ਨਾਲ ਬਰਜਿੰਦਰ ਸਿੰਘ ਮਹਿਮਾ ਸਰਕਾਰੀ ਅਤੇ ਦਰਸ਼ਨ ਜੈਕ ਤੋਂ ਇਲਾਵਾ ਇੰਦਰਜੀਤ ਬਿੱਟੂ ਨੇ ਕੀਤੀ ਸੀ ਜੋ ਉਸ ਸਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੀ.ਐਸ.ਯੂ. ਦਾ ਸਕੱਤਰ ਸੀ।ਪੰਜਾਬ ਸਟੂਡੈਂਟਸ ਯੂਨੀਅਨ ਦੇ ਟੁੱਟਣ ਖਿੰਡਣ ਦੇ ਦੌਰ ਦੁਰਾਨ ਜਨਵਰੀ 1970 'ਚ ਪੰਜਾਬ ਸਟੂਡੈਂਟਸ ਯੂਨੀਅਨ ਦੀ ਸੂਬਾ ਪੱਧਰੀ ਕਨਵੈਨਸ਼ਨ ਨਾਭਾ ਵਿਖੇ ਹੋਈ ਸੀ ਜਿਸ 'ਚ ਇੰਦਰਜੀਤ ਬਿੱਟੂ ਨੇ ਵੀ ਭਾਗ ਲਿਆ ਸੀ। ਇਸ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ 10 ਦਿਨ ਗੈਰ ਕਾਨੂਨੀ ਹਿਰਾਸਤ 'ਚ ਰੱਖਕੇ ਉਨ੍ਹਾਂ ਤੇ ਤਸ਼ੱਦਦ ਕੀਤਾ ਗਿਆ ਸੀ। ਮੈਂ 'ਪੰਜਾਬ ਸਟੂਡੈਂਟਸ ਯੂਨੀਅਨ: ਇਤਿਹਾਸ ਦੀਆਂ ਝਲਕਾਂ' ਪੁਸਤਕ ਲਿਖਣ ਦੇ ਸਮੇਂ ਦੁਰਾਨ 9 ਦਸੰਬਰ 2020 ਨੂੰ ਲੁਧਿਆਣਾ ਵਿਖੇ ਮੇਰੇ ਪੁਰਾਣੇ ਸਾਥੀ ਐਡਵੋਕੇਟ ਨਰਿੰਦਰ ਨਿੰਦੀ ਰਾਹੀਂ ਸੰਪਰਕ ਕਰਕੇ ਉਨ੍ਹਾਂ ਨਾਲ ਉਚੇਚੇ ਤੌਰ 'ਤੇ ਮੁਲਾਕਾਤ ਕੀਤੀ ਸੀ। ਉਨ੍ਹਾਂ ਖਿੜੇ ਮੱਥੇ ਪੀ.ਐਸ.ਯੂ. ਦੇ ਇਤਿਹਾਸ ਸੰਬੰਧੀ ਆਪਣੇ ਸਮੇਂ ਦੀ ਮਹੱਤਵਪੂਰਨ ਜਾਣਕਾਰੀ ਮੇਰੇ ਨਾਲ ਸਾਂਝੀ ਕੀਤੀ ਸੀ। ਇਸ ਪੁਸਤਕ ਨੂੰ ਲੋਕ ਅਰਪਣ ਕਰਨ ਸਮੇਂ 12 ਦਸੰਬਰ 2022 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕੀਤੇ ਗਏ ਸਮਾਗਮ 'ਚ ਉਨ੍ਹਾਂ ਖੁਸ਼ੀ ਖੁਸ਼ੀ ਹਾਜ਼ਰੀ ਲਵਾਈ ਸੀ। ਇੰਦਰਜੀਤ ਬਿੱਟੂ ਦੇ ਇਸਤਰਾਂ ਅਚਾਨਕ ਤੁਰ ਜਾਣ ਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂਸੀ। ਉਸ ਦੇ ਪਰਿਵਾਰਕ ਮੈਂਬਰਾਂ ਸਮੇਤ ਸਾਨੂੰ ਸਭ ਨੂੰ ਉਸ ਦੇ ਸਦੀਵੀ ਵਿਛੋੜੇ ਦਾ ਗਹਿਰਾ ਸਦਮਾਂ ਪਹੁੰਚਿਆ ਹੈ।

ਸਲਾਮ ਬਿੱਟੂ ਜੀ!












# ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਵੱਲੋਂ ਅਨੀਤਾ ਸ਼ਬਦੀਸ਼ ਦਾ ਨਾਟਕ 'ਗੁੰਮਸ਼ੁਦਾ ਔਰਤ' ਦਾ ਮੰਚਨ ਕਰਵਾਇਆ













ਵਿੰਨੀਪੈਗ, (ਜਸਵੀਰ ਮੰਗੂਵਾਲ) : ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਵੱਲੋਂ 18 ਮਾਰਚ 2023 ਨੂੰ ਮੈਪਲ ਕਾਲਜੀਏਟ ਵਿੱਚ ਪੰਜਾਬੀ ਥੀਏਟਰ ਦੀ ਮਸਹੂਰ ਤੇ ਨਾਮਵਰ ਅਦਾਕਾਰਾ ਅਨੀਤਾ ਸ਼ਬਦੀਸ ਦਾ ਨਾਟਕ 'ਗੁੰਮਸ਼ੁਦਾ ਔਰਤ' ਦਾ ਮੰਚਨ ਕਰਵਾਇਆ ਗਿਆ। ਨਾਟਕ ਜਿਥੇ ਸਮਾਜ ਦੇ ਵੱਖ ਵੱਖ ਵਰਗਾਂ ਦੀਆਂ ਔਰਤਾਂ ਦੀਆਂ ਸਮੱਸਿਆਵਾਂ ਦਾ ਬਾਖੂਬ ਚਿਤਵਣ ਪੇਸ਼ ਕਰਦਾ ਹੈ। ਉੱਥੇ ਇਹਨਾਂ ਸਮੱਸਿਆਵਾਂ ਨੂੰ ਬਣਾਈ ਰੱਖਣ ਵਿੱਚ ਜਾਤਾਂ, ਧਰਮਾਂ ਦੇ ਰੋਲ ਤੇ ਵੀ ਸਵਾਲ ਖੜ੍ਹੇ ਕਰਦਾ ਹੈ। ਨਾਟਕ ਨੇ ਮੌਜੂਦਾ ਭਾਰਤ ਦੀ ਭਾਜਪਾ ਸਰਕਾਰ ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਨਾਟਕ ਸਮਾਜ ਵਿੱਚ ਔਰਤ ਮਰਦ ਵਿੱਚ ਨਾਬਰਾਬਰੀ ਨੂੰ ਬਹੁਤ ਹੀ ਖ਼ੂਬ ਸੂਰਤ ਢੰਗ ਨਾਲ ਬਿਆਨ ਕਰਦਾ ਹੈ ਕਿ 'ਮਰਦ ਔਰਤ ਨੂੰ ਬਹੁਤ ਪਿਆਰ ਦੇ ਸਕਦਾ ਹੈ, ਪੈਸਾ ਦੇ ਸਕਦਾ ਹੈ ਅਤੇ ਮਾਨ ਸਨਮਾਨ ਦੇ ਸਕਦਾ ਹੈ। ਪਰ ਬਰਾਬਰੀ ਦਾ ਹੱਕ ਕਦੇ ਨਹੀਂ ਦੇ ਸਕਦਾ।' ਨਾਟਕ ਅਖੀਰ 'ਚ ਔਰਤਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਪੜ੍ਹਨ ਲਿਖਣ ਤੇ ਸੰਘਰਸ਼ ਕਰਨ ਦਾ ਸੱਦਾ ਗੀਤ ਦੀਆਂ ਇਹਨਾਂ ਸਤਰਾਂ ਨਾਲ ਦਿੰਦਾ ਹੈ:-

**ਉੱਠ ਨੀ ਕੁੜੀਏ, ਉੱਠ ਨੀ ਚਿੜ੍ਹੀਏ, ਚੀਕ ਦਿਹਾੜਾ ਪਾ, ਜਿਹੜੀ ਤੇਰੇ ਰਾਹ ਨੂੰ ਰੋਕੇ, ਉਸੇ ਕੰਧ ਨੂੰ ਢਾਹ।'**

ਕੁੱਲ ਮਿਲਾਕੇ ਨਾਟਕ ਦੀ ਪੇਸ਼ਕਾਰੀ ਸਫਲ ਰਹੀ।


ਨਾਟਕ ਤੋਂ ਪਹਿਲਾਂ ਜਸਵੀਰ ਮੰਗੂਵਾਲ ਵੱਲੋਂ ਇੱਕ ਕਵਿਤਾ ਪੜ੍ਹੀ ਗਈ। ਉਸ ਤੋਂ ਬਾਅਦ ਡਾ. ਬੱਬਨੀਤ ਨੇ ਵਿੰਨੀਪੈਗ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਸਕੂਲਾਂ 'ਚ ਲਾਗੂ ਲਈ ਲੋਕਾਂ ਨੂੰ ਜਾਗਰੂਕ ਹੋਣ ਤੇ ਲਹਿਰ ਬਣਾਉਣ ਲਈ ਇੱਕੱਠੇ ਹੋ ਕੇ ਉਪਰਾਲਾ ਕਰਨ ਦਾ ਸੱਦਾ ਦਿੱਤਾ।

ਇਹ ਪ੍ਰੋਗਰਾਮ ਕੌਮਾਂਤਰੀ ਔਰਤ ਦਿਵਸ ਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਸ਼ਹੀਦੀ ਨੂੰ ਸਮਰਪਿਤ ਕੀਤਾ ਗਿਆ ਤੇ ਜਸਵੀਰ ਮੰਗੂਵਾਲ ਨੇ ਆਪਣੇ ਵਿਚਾਰ ਪੇਸ਼ ਕੀਤੇ। ਵਿਦਿਆਰਥਣ ਸੋਫ਼ੀਆ ਨੇ ਕਵਿਤਾ 'ਮੰਗਤੀ' ਬਹੁਤ ਹੀ ਖੂਬਸੂਰਤ ਅੰਦਾਜ਼ 'ਚ ਪੇਸ਼ ਕੀਤੀ। ਜਿਸ ਨੂੰ ਹਾਜ਼ਰ ਲੋਕਾਂ ਨੇ ਸਾਹ ਰੋਕ ਕੇ ਸੁਣਿਆ ਤੇ ਤਾੜੀਆਂ ਦੀ ਗੂੰਜ ਨਾਲ ਦਾਦ ਦਿੱਤੀ।

ਵਰਨਣਯੋਗ ਗੱਲ ਇਹ ਰਹੀ ਕਿ ਮੌਸਮ ਠੰਡਾ ਹੋਣ ਦੇ ਬਾਵਜੂਦ ਜਗਦੀਪ ਤੂਰ ਦੇ ਨਾਲ ਉਸ ਦੇ ਬੇਟੇ ਪਰਾਗਦੀਪ ਅਤੇ ਬੇਟੀ ਪ੍ਰਭਲੀਨ ਨੇ ਲਗਭਗ ਤਿੰਨ ਘੰਟੇ ਸਟੇਜ ਤੇ ਪੰਡਾਲ ਦੀ ਤਿਆਰੀ 'ਚ ਸਾਥ ਦਿੱਤਾ। ਸਭਾ ਵੱਲੋਂ ਜਿੱਥੇ ਰੇਡੀਓ, ਟੀ ਵੀ, ਅਖਬਾਰਾਂ, ਫੇਸਬੁੱਕ ਪੇਜ, ਗੁਰਦੁਆਰਾ ਸਾਹਿਬਾਨ, ਸਟੋਰ ਮਾਲਕਾਂ ਤੇ ਲੋਕਾਂ ਦਾ ਪ੍ਰੋਗਰਾਮ ਦੀ ਸਫਲਤਾ ਲਈ ਯੋਗਦਾਨ ਪਾਉਣ ਤੇ ਧੰਨਵਾਦ ਕੀਤਾ। ਉੱਥੇ ਸੈਵਨ ਓਕਸ ਸਕੂਲ ਡਵੀਜ਼ਨ, ਜਗਦੀਪ ਤੂਰ ਤੇ ਦੋਵੇਂ ਨੰਨੇ ਸਹਿਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਟੇਜ ਸੰਚਾਲਨ ਮੰਗਤ ਨੇ ਕੀਤਾ।

# ਖ਼ੁਦਕੁਸ਼ੀ ਨਹੀਂ, ਮਨੂਵਾਦੀਆਂ ਵੱਲੋਂ ਕਤਲ ਹੋਈ ਡਾ ਪੰਪੋਸ਼

**ਸਰਬਜੀਤ ਸੋਹੀ, ਆਸਟਰੇਲੀਆ**



ਵਿਸ਼ਵ ਭਰ ਵਿੱਚ ਜਿਥੇ ਜਾਤੀ ਵਖਰੇਵੇਂ ਟੁੱਟ ਰਹੇ ਹਨ, ਪੈਦਾਇਸ਼ੀ ਪਹਿਚਾਣ ਅਤੇ ਨਸਲੀ ਪਿਛੋਕੜ ਤੋਂ ਉਪਰ ਉੱਠ ਕੇ ਹੁਨਰ ਦੀ ਮਾਨਤਾ ਅਤੇ ਕਲਾ ਦੇ ਸਤਿਕਾਰ ਨੂੰ ਪ੍ਰਵਾਨਗੀ ਮਿਲ ਰਹੀ ਹੈ। ਉਥੇ ਸਾਡਾ ਭਾਰਤੀ ਸਮਾਜ ਸਦੀਆਂ ਪੁਰਾਣੀਆਂ ਦਕਿਆਨੂਸੀ ਧਾਰਨਾਵਾਂ ਚੋਂ ਅਜੇ ਤੀਕਰ ਵੀ ਬਾਹਰ ਨਹੀਂ ਨਿਕਲ ਸਕਿਆ। ਇਸ ਰਹਿੰਦ ਖੂੰਹਦ ਨੂੰ ਅਖੌਤੀ ਸਵਰਨਾਂ ਅਤੇ ਸੰਘੀ ਦਬੰਗਾਂ ਵੱਲੋਂ ਇਕਵੀਂ ਸਦੀ ਵਿਚ ਮੁੜ ਤੋਂ ਪੁਨਰ ਸਥਾਪਿਤ ਕੀਤਾ ਜਾ ਰਿਹਾ ਹੈ। ਜਾਤੀਵਾਦਕ ਨਜ਼ਰੀਆ ਭਾਈਚਾਰਿਕ ਸਾਂਝ ਲਈ ਹੀ ਘਾਤਕ ਨਹੀਂ ਹੁੰਦਾ, ਬਲਕਿ ਸਮਾਜਿਕ ਮੁੱਲਾਂ ਅਤੇ ਮਾਨਵੀ ਸਰੋਕਾਰਾਂ ਦਾ ਵੀ ਬੁਰੀ ਤਰ੍ਹਾਂ ਘਾਣ ਕਰਦਾ ਹੈ।

ਮੈਡੀਕਲ ਵਿੱਦਿਆ ਵਿਚ 95% ਤੇ MBBS ਵਿਚ 90% ਨੰਬਰ ਲੈਕੇ ਡਾਕਟਰ ਬਣੀ ਅਨੁਸੂਚਿਤ ਜਾਤੀ ਨਾਲ ਸੰਬੰਧਿਤ 25 ਸਾਲਾ ਡਾਕਟਰ ਪੰਪੋਸ਼ ਨੂੰ ਸਾਥੀ ਅਖੌਤੀ ਉੱਚ ਜਾਤੀ ਡਾਕਟਰਾਂ ਨੇ ਜਾਤੀ ਸੂਚਕ ਸ਼ਬਦਾਂ ਨਾਲ? ਚਿੜਾ ਚਿੜਾ ਕੇ ਖੁਦਕਸ਼ੀ ਕਰਨ ਲਈ ਮਜ਼ਬੂਰ ਕਰ ਦਿੱਤਾ। ਉਸਦੀ ਲਾਸ਼ ਹੋਸਟਲ ਦੇ ਕਮਰੇ 'ਚ ਪੱਖੇ ਨਾਲ? ਲਮਕਦੀ ਹੋਈ ਮਿਲੀ ਹੈ। ਇਹ ਘਟਨਾ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮ ਦਾਸ ਹਸਪਤਾਲ ਅਤੇ ਕਾਲਜ ਵਿਖੇ ਵਾਪਰੀ ਹੈ। ਦਲਿਤ ਵਰਗ ਵਿੱਚੋਂ ਪਹਿਲੀ ਗੱਲ ਤਾਂ ਕੋਈ ਵਿਦਿਆਰਥੀ ਬਹੁਤ ਮੁਸ਼ਕਿਲ ਨਾਲ ਕਿਸੇ ਚੰਗੀ ਪੁਜੀਸ਼ਨ ਤੇ ਪਹੁੰਚ ਪਾਉਂਦਾ ਹੈ, ਕਿਉਂਕਿ ਸਾਧਨਾਂ ਅਤੇ ਰਹਿਨੁਮਾਈ ਦੀ ਬਹੁਤ ਕਮੀ ਹੈ। ਭਾਂਵੇ ਲੱਖ ਕਿਸੇ ਵਿੱਚ ਯੋਗਤਾ ਹੋਵੇ ਫਿਰ ਵੀ ਬਹੁਤੇ ਦਲਿਤ ਗਰੀਬ ਵਿਦਿਆਰਥੀ ਹਾਸ਼ੀਏ 'ਤੇ ਹੀ ਜਿਊਂਦੇ ਨੇ। ਉਹਨਾਂ ਵਿੱਚੋਂ ਜੇ ਕੋਈ ਹਿੰਮਤੀ ਵਿਦਿਆਰਥੀ ਇਸ ਜਾਤੀ ਅਤੇ ਜਮਾਤੀ ਵਿਵਸਥਾ ਨੂੰ ਚੀਰਦਾ ਕਿਸੇ ਚੰਗੇ ਮੁਕਾਮ ਤੇ ਪਹੁੰਚ ਵੀ ਜਾਂਦਾ ਹੈ ਤਾਂ ਮਨੂੰਵਾਦੀ ਕੂੜਾ ਕਚਰਾ ਉਸ ਨੂੰ ਦੱਬਣ ਦੀ ਕੋਸ਼ਿਸ ਵਿਚ ਲੱਗਾ ਰਹਿੰਦਾ ਹੈ। ਸਿੱਖਿਆ ਸੰਸਥਾਵਾਂ ਅਤੇ ਕੰਮ-ਕਾਜੀ ਅਦਾਰਿਆਂ ਵਿੱਚ ਇਸ ਮਾਨਸਿਕ ਤਸ਼ੱਦਦ ਦੇ ਖਿਲਾਫ਼ ਸਮੂਹਿਕ ਲਾਮਬੰਦੀ ਬਹੁਤ ਜ਼ਰੂਰੀ ਹੈ।

ਅਜਿਹੀਆਂ ਖੁਦਕੁਸ਼ੀਆਂ ਲਈ ਮਜਬੂਰ ਕਰਨ ਵਾਲੇ ਲੋਕਾਂ ਖਿਲਾਫ਼ ਕਤਲ ਦਾ ਕੇਸ ਦਰਜ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਉਤਪੀੜਣ ਵਿੱਚ ਘੱਟੋ ਘੱਟ ਉਮਰ ਕੈਦ ਲਾਜ਼ਮੀ ਹੋਵੇ। ਇਕ ਬੇਨਤੀ ਇਹ ਵੀ ਹੈ ਕਿ ਆਪਣੇ ਬੱਚਿਆਂ ਨੂੰ ਅਕਾਦਮਿਕ ਵਿਦਿਆ ਦੇ ਨਾਲ-ਨਾਲ ਮਾਨਸਿਕ ਤੌਰ ਤੇ ਵੀ ਸਿੱਖਿਅਤ ਕਰੋ। ਕਿਤਾਬੀ ਬੌਧਿਕਤਾ ਦੀ ਬਜਾਏ ਵਿਵਹਾਰਿਕ ਤੌਰ ਤੇ ਵੀ ਐਨੇ ਦਮਦਾਰ ਬਣਾਓ, ਤਾਂ ਕਿ ਉਹ ਅਜਿਹੀਆਂ ਮਾਨਸਿਕ ਹਾਲਤਾਂ ਵਿੱਚ ਵੀ ਲੜ ਸਕਣ। ਆਪਣੇ ਬੱਚਿਆਂ ਨੂੰ ਚੰਗੇ ਸਾਹਿਤ ਨਾਲ ਜੋੜੇ ਤਾਂ ਕਿ ਉਨ੍ਹਾਂ ਦਾ ਮਨੋਬਲ ਸਦਾ ਉੱਚਾ ਰਹੇ ਤੇ ਉਹ ਮੰਨੂਵਾਦੀ ਮਾਹੌਲ ਵਿਚ ਜਾਤ ਅਭਿਮਾਨੀਆਂ ਦੇ ਮੂਹਰੇ ਸ਼ਾਨ ਨਾਲ ਵਿੱਦਿਅਕ ਅਦਾਰਿਆਂ ਅਤੇ ਕੰਮ-ਕਾਜੀ ਸੰਸਥਾਵਾਂ ਵਿਚਰ ਸਕਣ। ਇਹ ਦਰਦਨਾਕ ਘਟਨਾ ਪੰਜਾਬ ਦੀ ਧਰਤੀ ਤੇ ਵਾਪਰੀ ਹੈ, ਇਸ ਲਈ ਇਹ ਸਾਡੇ ਲਈ ਨਮੋਸ਼ੀ ਦੀ ਗੱਲ ਹੀ ਨਹੀਂ, ਬਲਕਿ ਇਕ ਚੁਣੌਤੀ ਵੀ ਹੈ, ਇਕ ਸਵਾਲ ਵੀ ਹੈ!













# ਕੀ ਹਾਥਰਸ ਦੇ ਬਲਾਤਕਾਰ-ਕਤਲ ਕਾਂਡ ਨੇ ਬੇਪੜਦ ਕੀਤਾ ਭਾਰਤੀ ਰਾਜ ਤੇ ਸਮਾਜ ਦਾ ਅਸਲੀ ਚਿਹਰਾ?



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301



ਇਹ ਘਟਨਾ ਭਾਵੇਂ ਕਈ ਮਹੀਨੇ ਪੁਰਾਣੀ ਹੈ ਪਰ ਇਸ ਦੀ ਅਹਿਮੀਅਤ ਅੱਜ ਵੀ ਹੈ। ਹਾਥਰਸ ਦੀ ਦਲਿਤ ਲੜਕੀ ਨਾਲ ਬਲਾਤਕਾਰ ਤੇ ਉਸ ਦੀ ਦਰਦਨਾਕ ਮੌਤ ਦੀ ਘਟਨਾ ਨੇ ਆਮ ਨਾਗਰਿਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪੁਲੀਸ ਵੱਲੋਂ ਰਾਤ ਦੇ ਹਨੇਰੇ ਵਿਚ ਲਾਸ਼ ਦੀ ਗਰਿਮਾ ਨੂੰ ਮਧੋਲਿਆ,ਉਸ ਦੇ ਅੰਤਮ ਸਸਕਾਰ ਤੇ ਹੱਕ ਨੂੰ ਖੋਹਿਆ, ਬਲਾਤਕਾਰ ਨੂੰ ਲੈ ਕੇ ਕੀਤੀਆਂ ਗਈਆਂ ਕਈ ਤਰ੍ਹਾਂ ਦੀਆਂ ਬਿਆਨਬਾਜ਼ੀਆਂ, ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਪਰਿਵਾਰ ਨੂੰ ਖ਼ਾਮੋਸ਼ ਕਰਨ ਦੇ ਲਈ ਕੀਤੀਆਂ ਜਾ ਰਹੀਆਂ ਨਸੀਹਤਾ ਨੂੰ ਪੂਰੇ ਦੇਸ਼ ਨੇ ਦੇਖਿਆ। ਅਪਰਾਧੀ ਭਾਵੇਂ ਉਚੀ ਆਰਥਿਕ ਹੈਸੀਅਤ ਵਾਲੇ ਨਹੀਂ ਸਨ। ਆਮ ਕਿਸਾਨ ਪਰਿਵਾਰਾਂ ਨਾਲ ਉਨ੍ਹਾਂ ਦਾ ਤੁਅੱਲਕ ਸੀ ਅਤੇ ਦਿਹਾੜੀ ਮਜ਼ਦੂਰੀ ਵੀ ਕਰਦੇ ਹਨ। ਉਸ ਨੂੰ ਅਪਰਾਧੀਆਂ ਦੇ ਬਚਾਅ ਵਿਚ ਦਲੀਲ ਵਜੋਂ ਪੇਸ਼ ਕੀਤਾ ਗਿਆ। ਠਾਕਰਾਂ ਦੀਆਂ ਪੰਚਾਇਤਾਂ ਬੈਠੀਆਂ ਅਤੇ ਉਨ੍ਹਾਂ ਨੇ ਇਸ ਪੂਰੇ ਮਾਮਲੇ ਨੂੰ ਪ੍ਰੇਮ ਪ੍ਰਸੰਗ ਤੇ ਗ਼ਰੀਬ ਦਲਿਤ ਪਰਿਵਾਰ ਵੱਲੋਂ ਲੜਕੀ ਦੀ 'ਆਨਰ ਕਿਲਿੰਗ' ਦਾ ਮਾਮਲਾ ਦੱਸਿਆ। ਜਿਸ ਤੇ ਯਕੀਨ ਕਰਕੇ ਰਾਜ ਦੇ ਜਾਂਚ-ਕਰਤਾ ਪੀੜਤ ਪਰਿਵਾਰ ਦੇ ਲੋਕਾਂ ਦੇ ਨਾਰਕੋ ਟੈਸਟ ਲਈ ਤਿਆਰ ਹੋ ਗਏ। ਪੂਰੇ ਘਟਨਾਕ੍ਰਮ ਵਿਚ ਪੁਲਸ ਪ੍ਰਸ਼ਾਸਨ ਦੀ ਭੂਮਿਕਾ ਦੇਖ ਕੇ ਇਹ ਸਾਫ਼ ਹੋ ਜਾਂਦਾ ਇਹ ਹੈ ਕਿ ਇਹ ਸਿਰਫ ਦਬੇ ਛੁਪੇ ਕਾਤਲਾਂ ਦੀ ਹਮਾਇਤ ਹੀ ਨਹੀਂ ਕਰ ਰਿਹਾ ਬਲਕਿ ਉਸ ਦੀ ਕੋਸ਼ਿਸ਼ ਹੈ ਕਿ ਇਹ ਦਬੰਗ ਠਾਕਰਾਂ ਤੇ ਠਾਕਰ ਮੁੱਖ ਮੰਤਰੀ ਦੇ ਨਾਲ ਖੜ੍ਹਾ ਦਿਖਾਈ ਵੀ ਦੇਵੇ। ਕੁੱਝ ਅਰਥਾਂ ਵਿੱਚ ਇਹ ਘਟਨਾ ਭਾਰਤੀ ਜਾਤੀਪਾਤੀ ਵਿਵਸਥਾ ਦੀ ਭਿਆਨਕਤਾ ਨੂੰ ਵੀ ਰੇਖਾਂਕਿਤ ਕਰ ਰਹੀ ਹੈ, ਜੋ ਆਰਥਿਕ ਅਤੇ ਭੂਗੋਲਿਕ ਸਥਿਤੀ ਵਿਚੋਂ ਲੰਘ ਕੇ ਵੀ ਜਾਤੀਪਾਤੀ ਹਿੱਤਾਂ ਦੀ ਰੱਖਿਆ ਕਰਦੀ ਹੈ। ਕਠੂਆ ਮਾਮਲੇ ਤੇ ਕੁਲਦੀਪ ਸਿੰਘ ਸੇਂਗਰ ਦੇ ਮਾਮਲੇ ਦੀ ਇਹ ਘਟਨਾ ਵੀ ਅੱਜ ਦੇ ਭਾਰਤੀ ਸਮਾਜ ਅਤੇ ਰਾਜ ਦੇ ਕਿਰਦਾਰ ਨੂੰ ਸਮਝਣ ਦਾ ਇੱਕ ਸ਼ੀਸ਼ਾ ਹੈ। ਇਹ ਉਹ ਭਾਰਤ ਨਹੀਂ ਹੈ ਜਿਸ ਦੀ ਨੀਂਹ ਲੰਮੇ ਸੰਘਰਸ਼ਾਂ ਤੇ ਵੰਡ ਦੀ ਤ੍ਰਾਸਦੀ ਦਰਮਿਆਨ ਅਸੀਂ ਰੱਖੀ ਸੀ। ਅਸੀਂ ਇਕ ਅਜਿਹੇ ਆਜ਼ਾਦ ਭਾਰਤ ਦਾ ਸੁਪਨਾ ਦੇਖਿਆ ਸੀ ਜਿਸ ਵਿੱਚ ਸਭ ਬਰਾਬਰ ਹੋਣਗੇ। ਗ਼ੁਲਾਮ ਅਤੇ ਮਾਲਕ ਨਹੀਂ ਹੋਣਗੇ। ਜਾਤੀ-ਧਰਮ ਦੇ ਆਧਾਰ ਤੇ ਕੋਈ ਭੇਦਭਾਵ ਨਹੀਂ ਹੋਵੇਗਾ। ਔਰਤ ਤੇ ਮਰਦ ਨੂੰ ਸਮਾਜ ਵਿੱਚ ਬਰਾਬਰ ਦਾ ਦਰਜਾ ਮਿਲੇਗਾ,ਪਰ ਪਿਛਲੇ ਕੁਝ ਸਾਲਾਂ ਦੀਆਂ ਘਟਨਾਵਾਂ ਸਾਨੂੰ ਸ਼ਿੱਦਤ ਨਾਲ ਇਹ ਗੱਲ ਦਾ ਅਹਿਸਾਸ ਕਰਵਾ ਰਹੀਆਂ ਹਨ ਕਿ ਅਸੀਂ ਗ਼ਲਤ ਸਟੇਸ਼ਨ ਤੇ ਪੁੱਜ ਗਏ ਹਾਂ। ਇਹ ਘਟਨਾਵਾਂ ਸਾਨੂੰ ਇਹ ਸੋਚਣ ਲਈ ਮਜਬੂਰ ਕਰ ਰਹੀਆਂ ਹਨ ਕਿ ਭਾਰਤੀ ਰਾਜ ਅਤੇ ਸਮਾਜ ਦੇ ਕਿਰਦਾਰ ਵਿੱਚ ਬੁਨਿਆਦੀ ਤੌਰ 'ਤੇ ਕੁਝ ਬਦਲ ਰਿਹਾ ਹੈ ਕਿਉਂਕਿ ਅਜੇ ਹਾਲ ਵਿੱਚ ਜਨਤਕ ਤੌਰ ਤੇ ਰਾਜ ਅਤੇ ਉਸ ਦੀਆਂ ਨੁਮਾਇੰਦਾ ਸੰਸਥਾਵਾਂ ਜਾਤੀਪਾਤੀ ਵਿਵਸਥਾ ਨੂੰ ਇੱਕ ਸਮੱਸਿਆ ਵਜੋਂ ਵੇਖਦੇ ਰਹੇ ਹਨ। ਭਾਰਤੀ ਸਮਾਜ ਵਿੱਚ ਵਰਣ ਵਿਵਸਥਾ ਤੇ ਜਾਤੀਪਾਤੀ ਵਿਵਸਥਾ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਅਸੀਂ ਸਭ ਇਸ ਵਿਵਸਥਾ ਦੇ ਅੰਦਰ ਪਲੇ ਪੜ੍ਹੇ ਅਤੇ ਸੰਸਕ੍ਰਿਤਕ ਹੋਏ ਹਾਂ। ਹਜ਼ਾਰਾਂ ਸਾਲਾਂ ਦੇ ਕੁਝ ਉਤਰਾਅ ਚੜ੍ਹਾਅ ਦੇ ਨਾਲ ਉਸ ਦੀ ਸਮਾਜਿਕ ਲਗਾਤਾਰਤਾ ਬਣੀ ਰਹੀ ਹੈ। ਸ਼ੁਰੂਆਤੀ ਦੌਰ ਵਿੱਚ ਜਦ ਇਹ ਜਨਮ ਆਧਾਰਿਤ ਨਹੀਂ ਸੀ, ਹੋ ਸਕਦਾ ਹੈ ਕਿ ਕੁਝ ਸਮੇਂ ਲਈ ਉਸ ਦੀ ਕੋਈ ਪ੍ਰਗਤੀਸ਼ੀਲ ਭੂਮਿਕਾ ਰਹੀ ਹੋਵੇ, ਪਰ ਜਨਮ ਦੇ ਅਧਾਰ ਤੇ ਜਾਤੀ ਵਰਣ ਦੇ ਨਿਰਧਾਰਣ ਦੇ ਵਿਚਾਰ ਦੇ ਹਾਵੀ ਹੁੰਦੀਆਂ ਹੀ ਉਸ ਦਾ ਪਿਛਾਖੜੀ ਚਰਿੱਤਰ ਹਾਵੀ ਹੋ ਗਿਆ। ਇੱਕ ਵਿਕਸਿਤ ਹੁੰਦੇ ਹੋਏ ਊਰਜਾ ਨਾਲ ਭਰੇ ਸਮਾਜ ਨੂੰ, ਜਿਸ ਚ ਵੱਖ ਵੱਖ ਦਰਸ਼ਨ ਆਪਸ ਵਿੱਚ ਟਕਰਾ ਰਹੇ ਸਨ, ਜਾਤੀ ਤੇ ਵਰਣ ਵਿਵਸਥਾ ਨੇ ਸ਼ੈਸ਼ਵਕਾਲ ਵਿੱਚ ਹੀ ਬੰਧਨਾਂ ਵਿਚ ਜਕੜ ਲਿਆ। ਸ਼ਾਦੀ ਵਿਆਹ, ਖਾਣ-ਪੀਣ, ਛੂਆ-ਛੂਤ ਮੰਦਰਾਂ ਵਿੱਚ ਪ੍ਰਵੇਸ਼ ਕਰਨ ਤੋਂ ਲੈ ਕੇ ਭਾਸ਼ਾ ਤੇ ਸਿੱਖਿਆ ਤਕ ਆਪਾ ਵਿਰੋਧਾਂ ਨਾਲ ਭਰਿਆ ਤੇ ਬੰਧਨਾਂ ਵਿੱਚ ਜਕੜਿਆ ਸਮਾਜ ਬਣਾਇਆ ਗਿਆ। ਵਿਅਕਤੀਗਤ ਗੁਲਾਮੀ ਦੀ ਥਾਂ ਸੰਸਥਾਗਤ ਗੁਲਾਮੀ ਨੇ ਲਈ। ਜਿਸ ਨੂੰ ਸਮਾਜਿਕ ਬਾਈਕਾਟ, ਬੇਕਿਰਕ ਦਮਨ, ਬਲਾਤਕਾਰ, ਹਿੰਸਾ ਤੇ ਭੇਦਭਾਵਪੂਰਨ ਨਿਆਂ ਪ੍ਰਣਾਲੀ ਦੇ ਦਮ ਤੇ ਕਾਇਮ ਰੱਖਿਆ ਜਾਂਦਾ ਸੀ। ਇਹ ਦਬਾਅ ਇੰਨਾ ਜ਼ਿਆਦਾ ਤੇ ਇੰਨਾ ਲਗਾਤਾਰ ਹੁੰਦਾ ਸੀ ਕਿ ਇਹ ਹੇਠਲੀਆਂ ਜਾਤਾਂ ਨੂੰ ਗੁਲਾਮੀ ਦੇ ਸੰਸਕਾਰ ਤੇ ਵਿਤਕਰੇ ਪੂਰਨ ਵਿਹਾਰ ਸਹਿਣ ਲਈ ਤਿਆਰ ਕਰਦਾ ਤਾਂ ਉਪਰਲੀਆਂ ਜਾਤਾਂ ਨੂੰ ਹੰਕਾਰੀ, ਗੈਰਮਨੁੱਖੀ ਤੇ ਜਾਬਰ ਬਣਾਉਂਦਾ ਸੀ। ਸਮਾਜਿਕ ਨਿਯਮਾਂ ਤੋਂ ਥੋੜ੍ਹਾ ਮੋਟਾ ਪਾਸਾ ਵੱਟਣਾ ਵੀ ਵਿਨਾਸ਼ਕਾਰੀ ਹੁੰਦਾ ਸੀ ਅਤੇ ਉਸ ਦੇ ਲਈ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਵਰਣ ਅਤੇ ਜਾਤਪਾਤ ਦੀ ਇਹ ਸੰਸਥਾ ਹੀ ਭਾਰਤੀ ਜਾਗੀਰਦਾਰੀ ਦਾ ਸਮਾਜਿਕ ਅਧਾਰ ਸੀ। 1947 ਦੀ ਸੱਤਾ ਬਦਲੀ ਸਮੇਂ ਭਾਰਤ ਦੇ ਸਾਹਮਣੇ ਦੋ ਵੱਡੀਆਂ ਚੁਣੌਤੀਆਂ ਸਨ। ਅੰਗਰੇਜ਼ਾਂ ਨੂੰ ਗੁਲਾਮੀ ਅਤੇ ਭਾਰਤੀ ਜਗੀਰਦਾਰੀ ਦੇ ਵੱਖ ਵੱਖ ਰੂਪਾਂ ਤੋਂ ਸਮਾਜ ਨੂੰ ਮੁਕਤ ਕਰਾਉਣਾ। 'ਆਜ਼ਾਦੀ' ਨੇ ਸਾਨੂੰ ਅੰਗਰੇਜ਼ਾਂ ਦੀ ਰਾਜਨੀਤਕ ਸੱਤਾ ਤੋਂ 'ਮੁਕਤੀ' ਦਵਾਈ ਸੀ ਪਰ ਉਨ੍ਹਾਂ ਦਾ ਪ੍ਰਭਾਵ ਫਿਰ ਵੀ ਬਣਿਆ ਹੋਇਆ ਸੀ- ਵਿਦੇਸ਼ੀ ਪੂੰਜੀ, ਬਸਤੀਵਾਦੀ ਸਭਿਆਚਾਰ, ਅੰਗਰੇਜ਼ੀ ਭਾਸ਼ਾ, ਪੁਲਸ ਪ੍ਰਸ਼ਾਸਨ ਤੇ ਫੌਜ ਦੇ ਬਸਤੀਵਾਦੀ ਸੰਗਠਨ ਵਜੋਂ ਜਿਨ੍ਹਾਂ ਚ 1857 ਦੇ ਗ਼ਦਰ ਅਤੇ ਭਾਰਤੀ ਰਾਜ ਦੇ ਵਫਾਦਾਰ ਭਰੇ ਪਏ ਸਨ। ਭਾਰਤੀ ਜਗੀਰਦਾਰੀ ਨੂੰ ਜਿਸ ਦੇ ਪ੍ਰਤੀਨਿਧ ਰਾਜੇ-ਰਜਵਾੜੇ, ਨਵਾਬ, ਜ਼ਿਮੀਂਦਾਰਾਂ ਆਦਿ ਸਨ ਅਤੇ ਜਿਨ੍ਹਾਂ ਨੂੰ ਜਾਤੀ-ਪਾਤੀ ਵਿਵਸਥਾ ਅਤੇ 'ਦੈਵੀ ਆਦੇਸ਼' ਦੇ ਜ਼ਰੀਏ ਆਮ ਜਨਤਾ ਤੇ ਠੋਸਿਆ ਗਿਆ ਸੀ। ਰਾਜਸੀ ਤੇ ਫੌਜੀ ਤਾਕਤ ਨੂੰ ਤਾਂ ਅੰਗਰੇਜ਼ 1857 ਵਿੱਚ ਹੀ ਬੁਰੀ ਤਰ੍ਹਾਂ ਕੁਚਲ ਚੁੱਕੇ ਸਨ, ਪਰ ਲੋਕਾਂ ਦੇ ਦਰਮਿਆਨ ਆਪਣੀ ਕਬੂਲੀਅਤ ਅਤੇ ਆਰਥਕ ਲੁੱਟ-ਖਸੁੱਟ ਨੂੰ ਕਾਇਮ ਰੱਖਣ ਲਈ ਉਹਨਾਂ ਨੂੰ ਵਿਚੋਲਿਆਂ ਦੇ ਤੌਰ ਤੇ ਬਣੇ ਰਹਿਣ ਦਿੱਤਾ ਸੀ। 1947 ਮੌਕੇ ਰਜਵਾੜਿਆਂ ਵਿੱਚ ਇੰਨੀ ਤਾਕਤ ਨਹੀਂ ਸੀ ਕਿ ਉਹ ਭਾਰਤੀ ਫੌਜ ਨਾਲ ਕੋਈ ਮੁਕਾਬਲਾ ਕਰ ਸਕਦੇ, ਇਸ ਲਈ ਬੜੀ ਜਲਦੀ ਹੀ ਉਹ ਭਾਰਤ ਚ ਸ਼ਾਮਲ ਹੋ ਗਏ ਜਾਂ ਇਸ ਲਈ ਉਨ੍ਹਾਂ ਨੂੰ ਮਜਬੂਰ ਕਰ ਦਿੱਤਾ ਗਿਆ। ਜ਼ਿਮੀਂਦਾਰ ਤੇ ਸੂਦਖੋਰਾਂ ਨੂੰ ਵੀ ਕਾਨੂੰਨ ਬਣਾ ਕੇ ਹਟਾਇਆ ਗਿਆ ਪਰ ਉਨ੍ਹਾਂ ਤੇ ਸਖ਼ਤੀ ਨਹੀਂ ਕੀਤੀ ਗਈ ਅਤੇ ਉਨ੍ਹਾਂ ਨੂੰ ਆਜ਼ਾਦ ਭਾਰਤ ਦੀ ਨਵੀਂ ਲੋਕਰਾਜੀ ਵਿਵਸਥਾ ਵਿੱਚ ਢਲਣ ਦਾ ਮੌਕਾ ਦਿੱਤਾ ਗਿਆ। ਇਕ ਵੱਖਰੀ ਜਮਾਤ ਵਜੋਂ ਉਨ੍ਹਾਂ ਦਾ ਖ਼ਾਤਮ ਤਾਂ ਹੋ ਗਿਆ ਪਰ ਆਪਣੀ ਜਗੀਰੂ ਤੇ ਜਮਾਂਦਰੂ ਜਮਾਤੀ ਸੋਚ ਤੇ ਮੁੱਲਾਂ ਕਾਰਨ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਵੱਡੇ ਪ੍ਰਸ਼ਾਸਨਿਕ ਅਹੁਦਿਆਂ ਤੇ ਪਹੁੰਚੇ' ਐਮਐਲਏ, ਐਮਪੀ, ਜੱਜ ਬਣੇ ਜਾਂ ਫ਼ੌਜ ਦੇ ਅਫ਼ਸਰ ਬਣ ਗਏ ਅਤੇ ਆਪਣੀ ਜਾਇਦਾਦ ਜ਼ਮੀਨ ਤੇ ਅਸਰ ਰਸੂਖ ਨੂੰ ਕਾਇਮ ਰੱਖਣ ਵਿੱਚ ਕਾਫ਼ੀ ਹੱਦ ਤਕ ਸਫ਼ਲ ਰਹੇ, ਪਰ ਹੇਠਲੇ ਪੱਧਰ/ਧਰਾਤਲ ਤੇ ਜਗੀਰਦਾਰੀ ਦੇ ਸਮਾਜਿਕ ਰੂਪ-ਜਾਤਪਾਤੀ ਵਿਵਸਥਾ ਤੇ ਪਰਿਵਾਰ ਦੀ ਨਿਰੰਕੁਸ਼ਤਾ ਸੰਸਥਾਗਤ ਰੂਪ ਵਿੱਚ ਵੈਸੇ ਹੀ ਬਣੇ ਰਹੇ। ਪਿੰਡ ਪੱਧਰ ਤੇ ਜ਼ਮੀਨ ਦੀ ਕਾਣੀ ਵੰਡ ਬਣੀ ਰਹੀ ਜੋ ਕਿ ਜ਼ਮੀਨ ਦੀਆਂ ਮਾਲਕ ਤੇ ਸੇਵਾ ਕਰਨ ਵਾਲੀਆਂ ਜਾਤੀਆਂ ਵਿੱਚ ਨਾਬਰਾਬਰੀ ਦਾ ਸਭ ਤੋਂ ਪ੍ਰਮੁੱਖ ਕਾਰਨ ਸੀ। ਜਾਤ ਨੂੰ ਕਾਇਮ ਰੱਖਣ ਵਾਲੀ ਵਿਆਹ ਸੰਸਥਾ ਦਾ ਸਰੂਪ ਤੇ ਜਾਗੀਰੂ ਆਨਰ/ਮਾਣਤਾਣ ਧਰਨਾ ਜਿਉਂ ਦੇ ਤਿਉਂ ਬਣੇ ਰਹੇ। ਪੁਲਿਸ ਪ੍ਰਸ਼ਾਸਨ ਤੇ ਹਥਿਆਰਬੰਦ ਦਸਤਿਆਂ ਵਿੱਚ ਹੇਠਲੇ ਪੱਧਰਾਂ ਤੇ ਜਗੀਰੂ ਸੋਚ ਵਾਲੇ ਉਪਰਲੀਆਂ ਜਾਤਾਂ ਦੇ ਲੋਕਾਂ ਦਾ ਦਬਦਬਾਅ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਵੀ ਬਣਿਆ ਹੋਇਆ ਸੀ ਆਜ਼ਾਦੀ ਪਿੱਛੋਂ ਵੀ ਇਸ ਵਿੱਚ ਕੋਈ ਖ਼ਾਸ ਸੁਧਾਰ ਨਹੀਂ ਹੋਇਆ। ਆਮ ਲੋਕਾਂ ਦੇ ਰੋਜ਼ਮਰ੍ਹਾ ਦੇ ਕੰਮਾਂ ਨਾਲ ਸਬੰਧਤ ਦਫਤਰਾਂ ਵਿਚ ਜਗੀਰੂ ਅਤੇ ਬਸਤੀਵਾਦੀ ਵਿਚਾਰ ਹਾਵੀ ਰਹੇ। ਥਾਣੇਦਾਰ, ਤਹਿਸੀਲਦਾਰ, ਬੀਡੀਓ, ਸਿੱਖਿਆ ਅਧਿਕਾਰੀ ਹੇਠਲੀਆਂ ਅਦਾਲਤਾਂ ਦੇ ਜੱਜ ਸਾਰੇ ਹੀ ਮੁੱਖ ਤੌਰ ਤੇ ਉਪਰਲੀਆਂ ਜਾਂ ਮੱਧ ਜਾਤੀਆਂ ਨਾਲ ਸਬੰਧਤ ਲੋਕ ਸਨ। ਆਜ਼ਾਦੀ ਪਿੱਛੋਂ ਇਹ ਸੰਸਥਾਵਾਂ ਆਮ ਜਨਤਾ ਨਾਲੋਂ ਪੂਰੀ ਤਰ੍ਹਾਂ ਅਲੱਗ ਥਲੱਗ ਰਹੀਆਂ ਅਤੇ ਜਾਗੀਰੂ ਤੇ ਬਸਤੀਵਾਦੀ ਦਬਦਬਾਅ ਦਾ ਸੰਦ ਬਣੀਆ। ਹੇਠਲੀ ਪੱਧਰ ਤੇ ਜਾਗੀਰੂ ਬਸਤੀਵਾਦੀ ਵਿਵਸਥਾ ਤੇ ਕਾਇਮ ਰਹਿਣ ਦੀ ਇਕ ਬਹੁਤ ਵੱਡੀ ਵਜ ?ਹਾ ਭਾਰਤ ਵਿੱਚ ਭੂਮੀ ਸੁਧਾਰਾਂ ਦਾ ਨਾ ਹੋਣਾ ਬਣੀ। ਸਾਮਰਾਜੀ ਤਾਕਤਾਂ ਵੱਲੋਂ ਭਾਵੇਂ ਇਸ ਚ ਕੋਈ ਅੜਿੱਕਾ ਨਹੀਂ ਸੀ ਪਰ ਭੂਮੀ ਸੁਧਾਰ ਢੰਗ ਨਾਲ ਨਾ ਹੋਣ ਦੀ ਇੱਕ ਵਜ੍ਹਾ ਸੀ- ਅੰਦਰੂਨੀ ਪ੍ਰਤੀਰੋਧ। ਆਜ਼ਾਦੀ ਦੀ ਲੜਾਈ ਦੀ ਅਗਵਾਈ ਕਰਨ ਵਾਲੇ ਬਹੁਤੇ ਲੋਕ ਅੰਗਰੇਜ਼ੀ ਪੜ੍ਹਾਈ ਅਤੇ ਬਸਤੀਵਾਦੀ ਮਾਨਸਿਕਤਾ ਵਾਲੇ ਉੱਪਰਲੀ ਜਾਤਾਂ ਦੇ ਲੋਕ ਸਨ ਜੋ ਉਸ ਵਕਤ ਪੜ੍ਹਾਈ ਕਰਨ ਦੀ ਹੈਸੀਅਤ ਰਖਦੇ ਸਨ। ਨੌਕਰਸ਼ਾਹੀ ਤਾਣੇ ਬਾਣੇ ਵਿੱਚ ਵੀ ਉੱਪਰਲੀਆਂ ਜਾਤਾਂ ਦੇ ਲੋਕ ਸਨ। 1857 ਦੀ ਲੜਾਈ ਵਿੱਚ ਅੰਗਰੇਜ਼ਾਂ ਦਾ ਸਾਥ ਦੇਣ ਵਾਲੇ ਲੋਕ ਭਰੇ ਪਏ ਸਨ।ਆਜ਼ਾਦੀ ਦੀ ਲੜਾਈ ਪਿੱਛੋਂ ਸੱਤਾ ਵਪਾਰੀਆਂ/ਸਰਮਾਏਦਾਰੀ ਜਮਾਤ ਦੇ ਹੱਥ ਵਿੱਚ ਆ ਗਈ ਸੀ ਜੋ ਭੂਮੀ ਸੁਧਾਰ ਨਹੀਂ ਚਾਹੁੰਦੇ ਸਨ। ਬਾਣੀਏ ਤੇ ਵਪਾਰੀ ਜ਼ਬਰ ਜ਼ੁਲਮ ਦਾ ਸ਼ਿਕਾਰ ਸਨ। ਮੁੱਠੀ ਭਰ ਉੱਪਰਲੀਆਂ ਜ਼ਮੀਨ ਦੀਆਂ ਮਾਲਕ ਜਾਤੀਆਂ ਨੂੰ ਛੱਡ ਕੇ ਜਾਤਪਾਤੀ ਵਿਵਸਥਾ ਦਾ ਜਬਰ ਸਭ ਨੂੰ ਸਹਿਣਾ ਪੈਂਦਾ ਸੀ। ਪਰ ਭਾਰਤੀ ਸਰਮਾਏਦਾਰੀ ਜਮਾਤ ਵਿੱਚ ਇੰਨੀ ਹਿੰਮਤ ਨਹੀਂ ਸੀ ਕਿ ਉਹ ਉਪਰਲੀਆਂ ਜਾਤਾਂ ਦੇ ਵਿਰੋਧ ਨੂੰ ਕੁਚਲ ਕੇ ਭੂਮੀ ਸੁਧਾਰ ਕਰ ਸਕਦੀ। ਇਸੇ ਲਈ ਉਸ ਨੂੰ ਲੋਕਾਂ ਨੂੰ ਨਾਲ ਲੈਣਾ ਪੈਂਦਾ ਸੀ ਪਰ ਉਹ ਇਨਕਲਾਬਾਂ ਤੋਂ ਵੀ ਭੈਭੀਤ ਸਨ, ਜੋ ਰੂਸ ਤੇ ਚੀਨ ਵਿਚ ਹੋ ਰਹੇ ਸਨ।ਇਸ ਲਈ ਉਸਨੇ ਕੋਈ ਫ਼ੈਸਲਾਕੁਨ ਕਦਮ ਨਹੀਂ ਚੁੱਕਿਆ। ਪੂਰੇ ਦੇਸ਼ ਵਿੱਚ ਸਿਰਫ਼ 58 ਲੱਖ ਪੀ ?ਵਾਰਾਂ ਨੂੰ ਭੂਮੀ ਸੁਧਾਰਾਂ ਦੇ ਜ਼ਰੀਏ ਕੁੱਲ 50 ਲੱਖ ਏਕੜ ਜ਼ਮੀਨ ਦਿੱਤੀ ਗਈ (ਉਤਰ ਪ੍ਰਦੇਸ਼ ਸਿਰਫ 3 ਲੱਖ 10 ਹਜ਼ਾਰ ਪਰਿਵਾਰਾਂ ਵਿਚ ਜ਼ਮੀਨ ਦੀ ਵੰਡ ਹੋਈ)। ਕੁੱਲ ਟਿੱਕੀ ਗਈ ਜ਼ਮੀਨ (ਜਿਸ ਦਾ ਖੇਤਰਫਲ ਲਗਪਗ ਗੁਜਰਾਤ ਦੇ ਬਰਾਬਰ ਸੀ) ਦੇ ਸਿਰਫ 12.9 ਫੀਸਦੀ ਦਾ (ਅੱਧੇ ਹਰਿਆਣੇ ਦੇ ਬਰਾਬਰ) ਹੀ 2015 ਤੱਕ ਵੰਡਿਆ ਜਾ ਸਕਿਆ। ਇਸ ਤਰ੍ਹਾਂ ਸਾਡੇ ਦੇਸ਼ ਵਿੱਚ ਜਾਗੀਰੂ ਪਰਜੀਵੀਆਂ ਅਤੇ ਜ਼ਮੀਨ ਦੇ ਗੁੱਝੇ ਮਾਲਕਾਂ ਦੀ ਅੱਛੀ ਖਾਸੀ ਤਦਾਦ ਹੈ। ਉਹ ਖੁਦ ਖੇਤੀ ਨਹੀਂ ਕਰ ਸਕਦੇ ਬਟਾਈਦਾਰਾਂ ਤੋਂ ਖੇਤੀ ਕਰਵਾਉਂਦੇ ਹਨ ਅਤੇ ਲਗਾਨ ਵਸੂਲਦੇ ਹਨ। ਓਪਰਲੀਆਂ ਜਾਤੀਆਂ ਦੇ ਇਹ ਲੋਕ ਸ਼ਹਿਰ ਵਿੱਚ ਵਸ ਗਏ ਹਨ। ਬਿਜਨੈੱਸ ਵਪਾਰੀ ਵਾਰ ਕਰਦੇ ਹਨਜਾਂ ਨੌਕਰੀਪੇਸ਼ਾ ਹਨ। ਇੱਕ ਅਨੁਮਾਨ ਦੇ ਮੁਤਾਬਕ ਦੇਸ਼ ਵਿੱਚ ਅਜਿਹੀਆਂ ਜੋਤਾਂ ਦੀ ਗਿਣਤੀ ਪੱਚੀ-ਤੀਹ ਫੀਸਦੀ ਹੋ ਸਕਦੀ ਹੈ। ਇਹ ਲੋਕ ਬਟਾਈਦਾਰ ਦੀ ਲੁੱਟਖਸੁੱਟ ਇੱਕੋ ਜਗੀਰੂ ਪਰਜੀਵੀ ਦੀ ਤਰ੍ਹਾਂ ਹੀ ਕਰਦੇ ਹਨ, ਜਿਸ ਵਿੱਚ ਜਾਤੀਪਾਤੀ ਵਿਵਸਥਾ ਇਨ੍ਹਾਂ ਦੀ ਮਦਦ ਕਰਦੀ ਹੈ। ਇਸ ਤਰ੍ਹਾਂ ਉਨੀ ਸੌ ਸਨਤਾਲੀ ਦੀ ਸੱਤਾ ਤਬਦੀਲੀ ਤੋਂ ਬਾਅਦ ਵੀ ਪਿੰਡਾਂ ਅਤੇ ਕਸਬਿਆਂ ਵਿਚ ਅਤੇ ਉਨ੍ਹਾਂ ਦੇ ਨਾਲ ਸਬੰਧਤ ਰਾਜਾਂ ਦੀਆਂ ਸੰਸਥਾਵਾਂ ਵਿਚ ਜਗੀਰੂ ਅਤੇ ਬਸਤੀਵਾਦੀ ਆਧਾਰ ਮਜ਼ਬੂਤੀ ਨਾਲ ਕਾਇਮ ਰਹਿਣ ਦਿੱਤਾ ਗਿਆ। ਪਿੰਡ ਆਪਣੀ ਸਾਰੀਆਂ ਪਿਛਾਂਖੜੀ ਧਾਰਨਸਵਾਂ ਤੇ ਅੰਧਵਿਸਵਾਸ਼ਾਂ ਦੇ ਨਾਲ ਜਾਤੀ ਵਿਵਸਥਾ ਦੀ ਦਲਦਲ ਵਿੱਚ ਧਸੇ ਰਹੇ। 'ਆਜ਼ਾਦੀ' ਤੋਂ ਪਿੱਛੋਂ ਸ਼ਹਿਰਾਂ ਵਿਚ ਉਦਯੋਗ ਧੰਦਿਆਂ ਦੇ ਵਿਕਾਸ, ਨੌਕਰੀਆਂ ਅਤੇ ਰੁਜ਼ਗਾਰ ਦੇ ਮੌਕੇ ਮੁਹੱਈਆ ਹੋਣਾ ਤੇ ਸਿੱਖਿਆ, ਇਲਾਜ ਆਦਿ ਦੀਆਂ ਬੇਹਤਰ ਸਹੂਲਤਾਂ ਕਰਕੇ ਲੋਕ ਪਿੰਡਾਂ ਤੋਂ ਸ਼ਹਿਰਾਂ ਚ ਆਉਣ ਲੱਗੇ। ਇਸ ਤਰ੍ਹਾਂ ਜਾਤੀ ਨਾਲ ਜੁੜ ?ਆਂ ਜੜ੍ਹ ਧਾਰਨਾਵਾਂ ਤੇ ਵਿਸਵਾਸ਼ ਕੁੱਝ ਹੱਦ ਤੱਕ ਟੁੱਟਦੇ ਪ੍ਰਤੀਤ ਹੋਣ ਲੱਗੇ। ਅਜਿਹਾ ਲੱਗਿਆ ਜਿਵੇਂ ਹੌਲੀ ਹੌਲੀ ਇਸ ਤਰ੍ਹਾਂ ਹੀ ਪਿੰਡ ਦੇ ਸਮਾਜਾਂ ਦੀ ਜੜਤਾ ਟੁੱਟੇਗੀ। ਲੋਕਤੰਤਰ ਦੀ ਉੱਪਰਲੀਆਂ ਸੰਸਥਾਵਾਂ ਵਿਚ ਸੰਵਿਧਾਨ ਤੇ ਕਾਨੂੰਨ ਦੇ ਰਾਜ ਤੇ ਜ਼ੋਰ ਦਿੱਤੇ ਜਾਣ ਨਾਲ ਅਜਿਹੀ ਉਮੀਦ ਜਾਗੀ ਸੀ। ਪਰ ਜਲਦ ਹੀ ਵਿਕਾਸ ਦਾ ਇਹ ਮਾਡਲ ਠਹਿਰਾਅ ਦਾ ਸ਼ਿਕਾਰ ਹੋ ਗਿਆ। ਪਿੰਡ ਚ ਹੋਏ ਭੂੰਮੀ ਸੁਧਾਰਾਂ ਨਾਲ ਲਾਭ ਲੈ ਚੁੱਕੇ ਪਰਿਵਾਰਾਂ, ਸਰਕਾਰੀ ਅਤੇ ਪ੍ਰਾਈਵੇਟ ਨੌਕਰੀਆਂ, ਉਦਯੋਗ ਧੰਦਿਆਂ ਨਾਲ ਜੁੜੇ ਹੋਏ ਛੋਟ ਮੋਟੇ ਕੰਮਾਂ, ਵਪਾਰ ਦੁਕਾਨਦਾਰੀ ਆਦਿ ਸਭ ਮਿਲ ਕੇ ਦੇਸ਼ ਦੇ ਅੰਦਰ ਦਸ- ਪੰਦਰਾਂ ਫੀਸਦੀ ਲੋਕਾਂ ਤੱਕ ਕਿ ਵਿਕਾਸ ਦੇ ਫਾਇਦੇ ਪਹੁੰਚ ਸਕੇ। ਬਾਕੀ ਲੋਕ ਉਸ ਤੋਂ ਬਾਹਰ ਰਹਿ ਗਏ। ਇਹ ਵਿਕਾਸ ਜਾਤੀ ਦੇ ਚੌਖਟੇ ਨੂੰ ਤੋੜਨ ਦੀ ਬਜਾਏ ਉਸੇ ਵਿੱਚ ਹੀ ਜਾ ਕੇ ਵਸ ਗਿਆ। ਦੇਸ਼ ਦੀ ਬਹੁਗਿਣਤੀ ਆਬਾਦੀ ਭੂਮੀਹੀਣ ਖੇਤ-ਮਜ਼ਦੂਰ, ਦਿਹਾੜੀਦਾਰ, ਛੋਟੇ ਮੋਟੇ ਰੁਜ਼ਗਾਰ ਕਰਕੇ ਆਪਣੀ ਰੋਟੀ ਰੋਜ਼ੀ ਚਲਾਉਣ ਵਾਲੇ (ਜੋ ਆਪਣੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਕਰਨ ਦੀ ਹਾਲਤ ਵਿਚ ਵੀ ਨਹੀਂ ਆ ਸਕੇ ਸਨ) ਉਹ ਖਪਤਕਾਰੀ ਵਸਤਾਂ ਦੇ ਖਰੀਦਦਾਰ ਕਿਥੋਂ ਬਣਦੇ ?1990 ਪਿੱਛੋਂ ਨਿਜੀਕਰਨ, ਉਦਾਰੀਕਰਨ ਤੇ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਦੌਰ ਵਿਚ ਇਸ ਦੱਸ-ਪੰਦਰਾਂ ਫ਼ੀਸਦੀ ਆਬਾਦੀ ਦੇ ਲਈ ਹੀ ਪਹਿਲਕਦਮੀ ਦੇ ਦਰਵਾਜ਼ੇ ਖੁੱਲ੍ਹੇ, ਉਨ੍ਹਾਂ ਲਈ ਸੰਭਾਵਨਾਵਾਂ ਵਧੀਆਂ, ਮੌਕੇ ਵਧੇ। ਬਾਕੀਆਂ ਲਈ ਨਹੀਂ।ਬਲਕਿ ਉਨ੍ਹਾਂ ਦੇ ਮੌਕੇ ਖੋਹੇ ਗਏ। ਪੂੰਜੀਵਾਦੀ ਵਿਕਾਸ ਨੇ ਜ਼ਮੀਨ ਦੀ ਅਹਿਮੀਅਤ ਘੱਟ ਕਰ ਦਿੱਤੀ। ਖੇਤੀ ਦੀ ਦੇਸ਼ ਦੀ ਕੁੱਲ ਆਮਦਨ ਵਿਚ ਹਿੱਸੇਦਾਰੀ ਸੋਲ ?ਾਂ ਫ਼ੀਸਦੀ ਹੀ ਰਹਿ ਗਈ ਛੋਟੀਆਂ ਅਤੇ ਦਰਮਿਆਨੀਆਂ ਜੋਤਾ ਫ਼ਾਇਦੇਮੰਦ ਨਹੀਂ ਰਹੀਆਂ। ਲੋਕ ਜ਼ਮੀਨ ਅਤੇ ਖੇਤੀ ਕਿਸਾਨੀ ਨੂੰ ਬਾਰੇ ਸੁਰੱਖਿਅਤ ਅਤੇ ਸ਼ੱਕੀ ਹਨ। ਪੱਚੀ ਲੱਖ ਦੀ ਜ਼ਮੀਨ ਦਾ ਮਾਲਕ ਪੰਜ ਦਸ ਹਜ਼ਾਰ ਦੀ ਚੌਕੀਦਾਰ ਦੀ ਨੌਕਰੀ ਲੱਭਦਾ ਫਿਰ ਰਿਹਾਹੈ। ਸੋਚਦਾ ਹੈ ਕਿ ਜੇ ਜ਼ਮੀਨ ਨਹੀਂ ਰਹੇਗੀ ਤਾਂ ਕੀ ਕਰੇਗਾ? ਲੋਕ ਤ੍ਰਿਸ਼ੰਕੂ ਦੀ ਤਰ੍ਹਾਂ ਲਟ ਰਹੇ ਹਨ। 'ਭੁੱਖੇ ਮਰਾਂਗੇ ਨਹੀਂ ਤਰੱਕੀ ਕਰਾਂਗੇ ਨਹੀਂ।' ਜਿਸ ਜ਼ਮੀਨ ਤੇ ਉਹ ਖੇਤੀ ਕਰਨਾ ਨਹੀਂ ਚਾਹੁੰਦੇ ਉਹ ਕਿਸੇ ਬੇਜ਼ਮੀਨੇ-ਬੇਰੁਜ਼ਗਾਰ ਲਈ ਰੋਟੀ ਰੋਜ਼ੀ ਦਾ ਜ਼ਰੀਆ ਹੋ ਸਕਦੀ ਹੈ। 1990 ਪਿੱਛੋਂ ਬਣੀ ਵਿਵਸਥਾ ਵਿਚ ਦੇਸ਼ ਦੇ ਸਾਰੇ ਸੱਤਾ ਅਦਾਰਿਆਂ, ਮੀਡੀਆ, ਕੋਰਟ ਆਦਿ ਤੇ ਓਪਰਲੀ 10-15 ਫੀਸਦੀ ਜਮਾਤ ਦਾ ਕਬਜ਼ਾ ਹੋ ਗਿਆ ਅਤੇ ਉਨ੍ਹਾਂ ਦਾ ਦਬਦਬਾ ਹੋਰ ਮਜ਼ਬੂਤ ਹੋਇਆ। ਇਸ ਦੀਆਂ ਜ਼ਰੂਰਤਾਂ ਉਹ ਨਹੀਂ ਜੋ ਬਾਜ਼ਾਰ ਤੋਂ ਬਾਹਰ ਹਾਸ਼ੀਏ ਤੇ ਪਏ ਰਹਿ ਗਏ ਊਣੇ ਤੇ ਵਹੂਣੇ ਲੋਕਾਂ ਤੇ ਜਾਤੀਆਂ ਦੀਆਂ ਹਨ। ਊਣੇ ਤੇ ਵਹੂਣੇ ਲੋਕਾਂ ਨੂੰ ਪੜ੍ਹਨ-ਲਿਖਣ, ਰੁਜ਼ਗਾਰ, ਇਲਾਜ, ਘਰ ਵਰਗੀਆਂ ਬੇਹੱਦ ਬੁਨਿਆਦੀ ਅਤੇ ਸਾਧਾਰਨ ਸਹੂਲਤਾਂ ਦੀ ਜ਼ਰੂਰਤ ਹੈ। ਜਦ ਕਿ ਦੇਸ਼ ਦੇ ਓਪਰਲੇ ਧਨਾਢ ਵਰਗ ਨੂੰ ਆਪਣੇ ਲਈ ਤਮਾਮ ਤਰ੍ਹਾਂ ਦੀਆਂ ਐਸ਼ੋਆਰਾਮ ਦੀਆਂ ਵਸਤਾਂ ਤੇ ਹੋਰ ਅਜ਼ਾਦੀਆਂ ਚਾਹੀਦੀਆਂ ਹਨ। ਉਹਨਾਂ ਨੂੰ ਦੇਸੀ-ਵਿਦੇਸ਼ੀ ਕੰਪਨੀਆਂ ਦੇ ਮਹਿੰਗੇ ਮਹਿੰਗੇ ਖਪਤਕਾਰੀ ਸਾਮਾਨ ਦੁਨੀਆ ਭਰ ਵਿਚ ਸੈਰ ਸਪਾਟੇ ਅਤੇ ਪੂੰਜੀ ਨਿਵੇਸ਼ ਦੀ ਬਿਨਾਂ ਕਿਸੇ ਰੋਕ ਟੋਕ ਦੇ ਵਪਾਰ ਦੀ ਆਜ਼ਾਦੀ ਚਾਹੀਦੀ ਹੈ। ਉਹ ਜਮਾਤ ਖ਼ੁਦ ਨੂੰ ਇੱਕ ਵਿਸ਼ੇਸ਼ ਅਧਿਕਾਰ ਹਾਸਲ ਜਮਾਤ ਸਮਝਦੀ ਹੈ ਅਤੇ ਗ਼ਰੀਬ ਲੋਕ ਵੀ ਉਸ ਵਰਗਾ ਵਿਹਾਰ ਕਰਨ,ਉਸ ਨੂੰ ਇਹ ਪਸੰਦ ਨਹੀਂ ਕਰਦੀ। ਗ਼ਰੀਬਾਂ ਦੇ ਸ਼ਰਾਬ ਪੀਣ ਜਾਂ ਟੀ ਵੀ ਦੇਖਣ ਨੂੰ ਉਹ ਮਾੜੀ ਆਦਤ ਦਾ ਸਬੂਤ ਮੰਨਦਾ ਹੈ ਜਦੋਂ ਉਹ ਖ਼ੁਦ ਵੀ ਉਹੀ ਕੰਮ ਕਰਦਾ ਹੈ। ਇਕ 'ਟੈਕਸਦਾਤਾ' ਵਜੋਂ ਉਹ ਦੇਸ਼ ਦੀ ਹਰ ਚੀਜ਼ ਤੇ ਆਪਣਾ ਹੱਕ ਸਮਝਦਾ ਹੈ, ਜਿਸ ਤੇ ਗ਼ਰੀਬ ਲੋਕਾਂ ਦਾ ਕੋਈ ਅਧਿਕਾਰ ਨਹੀਂ। 1990 ਪਿੱਛੋਂ ਦੀ ਵਿਵਸਥਾ ਵਿੱਚ ਓਪਰਲੀਆਂ ਜਾਤਾਂ ਦੇ ਜਾਗੀਰੂ ਤੇ ਖੇਤੀ ਤੇ ਨਿਰਭਰ ਹਿੱਸਿਆਂ ਨੂੰ ਕੁਝ ਖਾਸ ਨਹੀਂ ਮਿਲ ਸਕਿਆ ਹੈ। ਪੂੰਜੀ ਦੀ ਮੁੜ ਵੰਡ ਦੇ ਇਸ ਦੌਰ ਵਿਚ ਜਿਥੇ ਬਹੁਤ ਸਾਰੇ ਲੋਕਾਂ

ਨੇ ਨਵੀਂ ਵਿਵਸਥਾ ਵਿੱਚ ਪੂੰਜੀ ਨਿਵੇਸ਼ ਤੇ ਟੈਕਸਾਂ ਚ ਮਿਲੀਆਂ ਛੋਟਾਂ ਦਾ ਫਾਇਦਾ ਉਠਾ ਕੇ ਸਕੂਲ-ਕਾਲਜ ਖੋਲ੍ਹੇ, ਠੇਕੇਦਾਰਾਂ ਦੀਆਂ ਵੱਡੀਆਂ ਕੰਪਨੀਆਂ ਦੇ ਡੀਲਰ ਅਤੇ ਏਜੰਟ ਬਣੇ ਤੇ ਅੱਛਾ ਪੈਸਾ ਕਮਾਇਆ, ਉੱਥੇ ਦੂਜੇ ਪਾਸੇ ਪਿੰਡਾਂ, ਕਸਬਿਆਂ ਵਿੱਚ ਰਹਿਣ ਵਾਲੇ ਜ਼ਿਆਦਾਤਰ ਲੋਕਾਂ ਦੀ ਜ਼ਿੰਦਗੀ ਵਿੱਚ ਕੋਈ ਖਾਸ ਨਹੀਂ ਬਦਲਿਆ। ਖੇਤੀ ਦਾ ਕੁੱਲ ਅਰਥਚਾਰੇ 'ਚ ਯੋਗਦਾਨ ਘਟਦਾ ਚਲਿਆ ਗਿਆ' ਜੋ ਮੁੱਖ ਤੌਰ 'ਤੇ ਪਿੰਡਾਂ ਅਤੇ ਕਸਬਿਆਂ ਦੇ ਬਾਜ਼ਾਰ ਵਿੱਚ ਖੁਸ਼ਹਾਲੀ ਦਾ ਆਧਾਰ ਹੈ। ਦੇਸ਼ ਦੀ ਇਹ 60 ਫੀਸਦੀ ਆਬਾਦੀ ਪ੍ਰਤੀ ਟੀਵੀ ਦੇ ਮਾਧਿਅਮ ਰਾਹੀਂ ਮਹਾਂਨਗਰਾਂ ਦੀ ਚਮਕ ਦਮਕ ਤੇ ਚਕਾਚੌਂਧ ਭਰੀ ਜ਼ਿੰਦਗੀ ਨੂੰ ਹਸਰਤ ਨਾਲ ਵੇਖ ਰਹੀ ਹੈ। ਸ਼ਹਿਰਾਂ ਵਿਚ ਤੇਜ਼ੀ ਨਾਲ ਫੈਲਦਾ ਸ਼ਾਪਿੰਗ ਮਾਲਾਂ, ਪੱਬਾਂ ਤੇ ਬਾਰਾਂ ਦਾ ਸੱਭਿਆਚਾਰ ਉਹਨਾਂ ਨੂੰ ਦਹਿਸ਼ਤਜ਼ਦਾ ਕਰ ਰਿਹਾ ਹੈ। ਨਵੇਂ ਮਹਾਂਨਗਰੀ ਸਭਿਆਚਾਰ ਵਿੱਚ ਖਾਸ ਕਰਕੇ ਲੜਕੀਆਂ ਅਤੇ ਔਰਤਾਂ ਦੇ ਕੰਮ ਕਰਨ, ਰਾਤ-ਬਰਾਤੇ ਘਰਾ ਤੋਂ ਬਾਹਰ ਰਹਿਣ ਤੇ ਹਰ ਜਗ੍ਹਾ ਬਰਾਬਰੀ ਦੀਆਂ ਕੋਸ਼ਿਸ਼ਾਂ ਕਰਨ ਨਾਲ ਵੀ ਉਨ੍ਹਾਂ ਦਾ ਅਹਿਮ ਬੇਹੱਦ ਜ਼ਖ਼ਮੀ ਹੈ। ਦੇਸ਼ ਤੇ ਜਗੀਰੂ ਤੇ ਪਿੱਤਰਸੱਤਾਤਮਕ ਸੋਚ ਵਾਲੇ ਉਪਰਲੀਆਂ ਜਾਤਾਂ ਦੀ ਇਨ੍ਹਾਂ ਲੋਕਾਂ ਨੂੰ ਇਸ ਗੱਲ ਤੋਂ ਪਹਿਲਾਂ ਹੀ ਬੇਹੱਦ ਨਰਾਜ਼ਗੀ ਸੀ ਕਿ ਪਿੰਡ ਦੀ ਹੇਠਲੀਆਂ ਜਾਤਾਂ ਦੇ ਲੋਕ ਸ਼ਹਿਰਾਂ ਤੇਂਚ ਕਸਬਿਆਂ ਚ ਜਾ ਕੇ ਰੁਜ਼ਗਾਰ ਕਰ ਰਹੇ ਹਨ। ਖੇਤਾਂ ਵਿੱਚ ਕੰਮ ਕਰਨ ਦੇ ਲਈ ਸਸਤੀ ਲੇਬਰ ਨਹੀਂ ਮਿਲ ਰਹੀ ਹੈ। ਇਸ ਤੋਂ ਵੀ ਅੱਗੇ ਕਿ ਇਨ੍ਹਾਂ ਜਾਤਾਂ ਦੇ ਪੜ੍ਹੇ ਲਿਖੇ ਲੜਕੇ-ਲੜਕੀਆਂ ਅੱਛੇ ਕੱਪੜੇ ਪਹਿਨਣ ਲੱਗੇ ਹਨ ਅਤੇ ਖੁਦ ਨੂੰ ਇਨਸਾਨ ਸਮਝਣ ਲੱਗੇ ਹਨ। ਸ਼ਾਦੀ ਵਿਚ ਘੋੜੀ ਚੜ੍ਹਨਾ ਚਾਹੁੰਦੇ ਹਨ। ਇਸ ਸਭ ਕਾਸੇ ਲਈ ਉਹ ਪੁਰਾਣੀ ਵਰਣ- ਆਸ਼ਰਮ ਵਿਵਸਥਾ ਦੇ ਟੁੱਟਣ ਨੂੰ ਜ਼ਿੰਮੇਵਾਰ ਠਹਿਰਾਉਂਦੇ ਰਹੇ ਹਨ। ਇਸ ਤਰ੍ਹਾਂ ਦੇਸ਼ ਵਿੱਚ ਦੋ ਤਰ੍ਹਾਂ ਦੀਆਂ ਸੁਰੱਖਿਆਵਾਂ ਇੱਕੋ ਵੇਲੇ ਪੈਦਾ ਹੋ ਰਹੀਆਂ ਸਨ ਤੇ ਵਿਕਸਤ ਹੋਈਆ ਹਨ। ਇਕ ਪਾਸੇ ਨਵ-ਧਨਾਢ ਵਰਗ ਹੈ ਜਿਸ ਦੀ ਸੰਪਤੀ, ਸ਼ਾਨੋ ਸ਼ੌਕਤ ਤੇ ਦਿਖਾਵੇ ਵਿੱਚ 1990 ਪਿੱਛੋਂ ਤੇਜ਼ੀ ਨਾਲ ਇਜ਼ਾਫ਼ਾ ਹੋਇਆ ਹੈ' ਜੋ ਇਸ ਗੱਲ ਕਰਕੇ ਡਰਿਆ ਹੋਇਆ ਹੈ ਕਿ ਕਿਤੇ ਉਸ ਨੂੰ ਲੁੱਟ ਨਾ ਲਿਆ ਜਾਵੇ, ਉਸ ਦੇ ਬੱਚਿਆਂ ਨੂੰ ਕੋਈ ਨੁਕਸਾਨ ਨਾ ਪਹੁੰਚਾ ਦੇਵੇ। ਇਨ੍ਹਾਂ ਲੋਕਾਂ ਨੇ ਆਪਣੇ ਦਬਦਬਾ ਦੀਆਂ ਥਾਵਾਂ, ਆਪਣੀਆਂ ਨਵੀਆਂ ਥਾਂਵਾਂ, ਆਪਣੀਆਂ ਨਵੀਆਂ ਰਿਹਾਇਸ਼ਾਂ ਬਸਤੀਆਂ ਚ ਵੱਡੇ-ਵੱਡੇ ਗੇਟ ਲਾ ਕੇ ਚੌਕੀਦਾਰ ਰੱਖਣੇ ਸ਼ੁਰੂ ਕਰ ਦਿੱਤੇ ਹਨ। ਪਰ ਇਸ ਦੇ ਬਾਵਜੂਦ ਵੀ ਇਹ ਦਹਿਸ਼ਤਜ਼ਦਾ ਰਹਿੰਦੇ ਹਨ, ਜਿਵੇਂ ਕੋਰੋਨਾ ਕਾਲ ਵਿੱਚ ਵੇਖਿਆ ਗਿਆ। ਉਨ੍ਹਾਂ ਨੂੰ ਹਰ ਗਰੀਬ ਆਦਮੀ ਤੇ ਸ਼ੱਕ ਹੈ। ਇਹ ਸਬਜ਼ੀ ਵੇਚਣ ਵਾਲਿਆਂ, ਘਰਾਂ ਚ ਕੰਮ ਕਰਨ ਵਾਲਿਆਂ ਤੱਕ ਤੋਂ ਡਰਦੇ ਹਨ, ਜਿਨ੍ਹਾਂ ਬਿਨਾਂ ਉਨ੍ਹਾਂ ਦਾ ਗੁਜ਼ਾਰਾ ਨਹੀਂ। ਉਹ ਖ਼ੁਦ ਨੂੰ ਦੇਸ਼ ਅਤੇ ਉਨ੍ਹਾਂ ਨੂੰ 'ਘੁਸਪੈਠੀਆ', 'ਬੰਗਲਾਦੇਸ਼ੀ', ਜਾਂ 'ਅੱਤਵਾਦੀ' ਸਮਝਦੇ ਹਨ। ਦੂਜੇ ਪਾਸੇ ਜਾਗੀਰੂ ਤੇ ਪਿੱਤਰ-ਸੱਤਾਤਮਕ ਪਿਛੋਕੜ ਅਤੇ ਸੋਚ ਵਾਲੇ ਲੋਕ ਹਨ ਜੋ ਬਾਹਰੀ ਇਲਾਕਿਆਂ ਵਿੱਚ ਰਹਿੰਦੇ ਹਨ। ਜਿਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦਾ ਸਨਾਤਨ ਸਭਿਆਚਾਰਕ, ਜਾਤੀ ਵਿਵਸਥਾ, ਵਰਣਆਸ਼ਰਮਾਂ ਦਾ ਸੱਭਿਆਚਾਰ, ਪਰਿਵਾਰ ਅਤੇ ਖਾਨਦਾਨ ਦੇ ਸੰਸਕਾਰ, ਪਰਦਾ ਸਭ ਕੁਝ ਨਸ਼ਟ ਹੋ ਰਿਹਾ ਹੈ ਅਤੇ ਇਸ ਦੇ ਲਈ ਉਹ ਦੂਜੇ ਧਰਮਾਂ ਦੇ ਲੋਕ ਜਾਂ ਉਨ੍ਹਾਂ ਦੀ ਹਮਾਇਤ ਕਰਨ ਵਾਲੇ ਧਰਮ ਨਿਰਪੱਖ ਜਾਂਚ ਜਾਂ ਸੈਕੁਲਰ ਲੋਕਾਂ, ਨਿਚਲੀਆਂ ਜਾਤਾਂ ਦੇ ਲੋਕਾਂ ਜਾਂ ਉਹਨਾਂ ਦੀ ਹਮਾਇਤ ਕਰਨ ਵਾਲੇ 'ਅਰਬਨ ਨਕਸਲੀਆਂ' ਅਤੇ ਪੜ੍ਹੀਆਂ ਲਿਖੀਆਂ ਔਰਤਾਂ ਜਾਂ ਉਨ੍ਹਾਂ ਦੀ ਹਮਾਇਤ ਕਰਨ ਵਾਲੇ 'ਬੌਧਿਕ ਅੱਤਵਾਦੀਆਂ' ਜਾਂ ਐਨਜੀਓ ਨੂੰ ਜ਼ਿੰਮੇਵਾਰ ਮੰਨਦੇ ਹਨ ਅਤੇ ਇਨ੍ਹਾਂ ਸਾਰਿਆਂ ਨੂੰ ਬਰਾਬਰੀ ਦਾ ਦਰਜਾ ਦੇਣ ਵਾਲੀ ਲੋਕਰਾਜੀ ਵਿਵਸਥਾ ਨਾਲ ਉਹ ਨਫ਼ਰਤ ਕਰਦੇ ਹਨ। ਦੇਸ਼ ਦੇ ਨਵ-ਧਨਾਢ ਵਰਗ ਤੇ ਜਗੀਰੂ ਤੱਤਾਂ ਅੰਦਰ ਗ਼ਰੀਬਾਂ ਹੇਠਲੀਆਂ ਜਾਤਾਂ, ਖੁੱਲ੍ਹੇ ਵਿਚਾਰਾਂ ਵਾਲੇ ਲੋਕਾਂ, ਔਰਤਾਂ ਅਤੇ ਬੁੱਧੀਜੀਵੀਆਂ ਪ੍ਰਤੀ ਮੌਜੂਦ ਇਹ ਨਫ਼ਰਤ ਤੇ ਰਾਜ ਦੀਆਂ ਸੰਸਥਾਵਾਂ ਵਿੱਚ ਉਪਰਲੀਆਂ ਜਾਤਾਂ ਤੇ ਧਨਾਢਾਂ ਤੇ ਖ਼ੁਸ਼ਹਾਲ ਲੋਕਾਂ ਦੇ ਦਬਦਬੇ ਦੇ ਆਧਾਰ ਤੇ ਹੀ ਅੱਜ ਦੇ ਰਾਜ ਦੇ ਚਰਿੱਤਰ ਨੂੰ ਸਮਝਿਆ ਜਾ ਸਕਦਾ ਹੈ। ਮੋਦੀ-ਯੋਗੀ ਦੀ ਅਗਵਾਈ ਵਿੱਚ ਕਇਮ ਸਰਕਾਰ ਨੂੰ ਉਹ ਆਖਰੀ ਮੌਕੇ ਵਜੋਂ ਦੇਖ ਰਹੇ ਹਨ, ਜਿਸ ਤੇ ਜਾਣ ਦਾ ਮਤਲਬ ਹੈ ਹਿੰਦੂ ਸਵਰਨਾ ਅਤੇ ਨਵ ਧਨਾਢ ਵਰਗ ਦੀ (ਜੋ ਕਾਫੀ ਹੱਦ ਤੱਕ ਇੱਕ ਦੂਜੇ ਨਾਲ ਘੁਲੇ ਮਿਲੇ ਹਨ) ਸਨਾਤਨੀ ਵਰਣਾਸ਼ਰਮ ਵਿਵਸਥਾ ਤੇ ਆਪਣਾ ਦਬਦਬਾ ਨੂੰ ਕਾਇਮ ਰੱਖਣ ਦੀ, ਆਖਰੀ ਉਮੀਦ ਦਾ ਖੁਸ ਜਾਣਾ।

1990 ਵਿੱਚ ਵਿਸ਼ਵੀਕਰਨ ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਦੇ ਐਲਾਨ ਸਮੇਂ ਸਰਮਾਏਦਾਰੀ ਜਮਾਤ ਵਿੱਚ ਵੀ ਜੋ ਉਤਸ਼ਾਹ ਸੀ ਉਹ ਅੱਜ ਖੁਸ ਚੁੱਕਿਆ ਹੈ। ਅਰਥਚਾਰਾ ਮੰਦੀ ਦਾ ਸ਼ਿਕਾਰ ਹੈ ਜੋ ਖ਼ਤਮ ਹੋਣ ਦਾ ਨਾਮ ਨਹੀਂ ਲੈ ਰਹੀ। ਦੇਸ਼ ਦੇ 80 ਤੋਂ 100 ਕਰੋੜ ਲੋਕ ਕਿਸ ਤਰ੍ਹਾਂ ਗੁਜ਼ਾਰਾ ਕਰ ਰਹੇ ਹਨ ਅਤੇ ਬਾਜ਼ਾਰ ਵਿਵਸਥਾ ਤੇ ਬੋਝ ਹੈ। ਬਾਜ਼ਾਰ ਮੂਧੇ ਮੂੰਹ ਪਏ ਹਨ। ਪੂੰਜੀ ਨਿਵੇਸ਼ ਲਈ ਕੋਈ ਮੁਫ਼ਤ ਕਰਜ਼ਾ ਲੈਣ ਵੀ ਤਿਆਰ ਨਹੀਂ। ਸਰਮਾਏਦਾਰੀ ਜਮਾਤ ਆਪਣੇ ਲਈ ਹਰ ਤਰ੍ਹਾਂ ਦੀਆਂ ਛੋਟਾਂ, 'ਈਜ਼ ਆਫ ਡੂਇੰਗ ਬਿਜ਼ਨਸ' ਚਾਹੁੰਦੀ ਹੈ' ਪਰ ਭੁੱਖੇ ਮਰਦੇ ਲੋਕਾਂ ਦੀ ਲਈ ਸਰਕਾਰੀ ਸਹਾਇਤਾ ਤੇ ਹਾਏ ਤੌਬਾ ਮੱਚਣ ਲੱਗਦੀ ਹੈ। ਲੋਕਾਂ ਦੇ ਲਈ ਰੁਜ਼ਗਾਰ ਅਤੇ ਦੂਸਰੀਆਂ ਜ਼ਰੂਰੀ ਚੀਜ਼ਾਂ ਦਾ ਇੰਤਜ਼ਾਮ ਕਰਨ ਦੀ ਬਜਾਏ ਉਨ੍ਹਾਂ ਦੀ ਬੈਂਕਾਂ ਵਿਚ ਰੱਖੀ ਗਾੜ੍ਹੀ ਕਮਾਈ ਤੇ ਡਾਕੇ ਮਾਰੇ ਜਾ ਰਹੇ ਹਨ; ਬੁਰੇ ਵਕਤ ਲਈ ਜਮ੍ਹਾਂ ਬੀਮਾ ਨਿਧੀ, ਪੈਨਸ਼ਨ, ਪੀਐਫ ਆਦਿ ਫੰਡਾਂ ਤੇ ਗਿਰਝ ਨਜ਼ਰ ਪਾਈ ਜਾ ਰਹੀ ਹੈ। ਨਵੇਂ ਖੇਤੀ ਕਾਨੂੰਨਾਂ ਤੇ ਕਿਰਤ ਕਾਨੂੰਨਾਂ ਦੇ ਜਰੀਏ ਕਿਸਾਨਾਂ ਮਜ਼ਦੂਰਾਂ ਨੂੰ ਵੱਡੇ ਨਿਗਮਾਂ ਦੇ ਰਹਿਮੋ ਕਰਮ ਤੇ ਛੱਡਣ ਦੀ ਤਿਆਰੀ ਮੁਕੰਮਲ ਕਰ ਲਈ ਗਈ ਹੈ। ਦੇਸ਼ ਨੂੰ ਸੰਕਟ ਤੋਂ ਕੱਢ ਸਕਣ ਵਿੱਚ ਅਸਮਰੱਥ ਅੱਜ ਦੀ ਸਰਮਾਏਦਾਰ ਜਮਾਤ ਅਤੇ ਦੇਸ਼ ਦੀਆਂ ਸਾਰੀਆਂ ਸੰਸਦੀ ਪਾਰਟੀਆਂ,ਦੇਸ਼ ਦੇ ਨਵ ਧਨਾਢ ਵਰਗ ਅਤੇ ਜਗੀਰੂ ਤੱਤਾਂ ਅੰਦਰ ਅਸੁਰੱਖਿਆ ਭਾਵਨਾ ਦੀ ਵਰਤੋਂ ਕਰ ਰਹੀਆਂ ਹਨ ਅਤੇ ਉਨ੍ਹਾਂ ਦੀ ਮੱਦਦ ਨਾਲ ਗ਼ਰੀਬਾਂ' ਦਲਿਤਾਂ, ਔਰਤਾਂ ਤੇ ਘੱਟਗਿਣਤੀਆਂ ਨੂੰ ਡਰਾਉਣ-ਧਮਕਾਉਣ ਅਤੇ ਉਨ੍ਹਾਂ ਦੀ ਲੁੱਟ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਹਿੰਸਾਤਮਕ ਭਾਸ਼ਾ, ਹਿੰਸਕ ਨਾਹਰਿਆਂ, ਪ੍ਰਤੀਕਾਂ, ਭਗਵਾਂਕਰਨ, 'ਮਾਬ ਲਿੰਚਿੰਗ', ਦੰਗੇ ਤਿਗੜਮਬਾਜ਼ੀਆਂ ਕਰਨਾ, ਨਫਰਤ ਭੜਕਾਉਣਾ, ਯੌਨ ਹਿੰਸਾ ਅਤੇ ਬਲਾਤਕਾਰ ਦੇ ਦਮ ਤੇ ਇਹ ਗੱਠਜੋੜ ਆਪਣੇ ਦਬਦਬਾ ਅਤੇ ਲੁੱਟ ਨੂੰ ਕਾਇਮ ਰੱਖਣਾ ਚਾਹੁੰਦਾ ਹੈ। ਜਗੀਰਦਾਰੀ ਦਾ ਮੌਜੂਦਾ ਭਾਰਤੀ ਸਰਮਾਏਦਾਰੀ ਜਮਾਤ ਅਤੇ ਨਵ ਧਨਾਢ ਵਰਗ ਦੇ ਹਿੱਤ ਵਿੱਚ ਹੈ। ਉਸ ਦੇ ਖ਼ਿਲਾਫ਼ ਨਹੀਂ, ਉਸ ਵਲੋਂ ਹੀ ਪ੍ਰਤੀਬਿੰਬਤ ਹੈ ਅਤੇ ਉਕਸਾਇਆ ਜਾਂਦਾ ਹੈ। ਇਹ ਉਸ ਨੂੰ ਫਾਸ਼ੀਵਾਦੀ ਤਰੀਕੇ ਅਪਣਾਏ ਬਿਨਾਂ ਵੀ, ਐਮਰਜੈਂਸੀ ਐਲਾਨਣ ਬਿਨਾਂ ਵੀ ਲੋਕਰਾਜ ਦੀ ਹੱਤਿਆ ਕਰਨ ਦੀ ਸਹੂਲਤ ਦਿੰਦਾ ਹੈ ਅਤੇ ਵਕਤ ਪੈਣ ਤੇ ਖੁਦ ਨੂੰ ਅਲੱਗ ਕਰਨ ਦਾ ਰਾਹ ਵੀ। ਸਭ ਤੋਂ ਵੱਡੀ ਗੱਲ ਬੁੱਧੀਜੀਵੀਆਂ ਵਿੱਚ ਮੌਜੂਦਾ ਲੋਕਰਾਜੀ ਵਿਵਸਥਾ ਨੂੰ ਲੈ ਕੇ ਉਮੀਦ ਨੂੰ ਮਰਨ ਨਹੀਂ ਦਿੰਦਾ। ਹਾਥਰਸ ਦੀ ਘਟਨਾ ਇੱਕ ਸ਼ੀਸ਼ਾ ਹੈ ਜਿਸ ਵਿੱਚ ਅਸੀਂ ਭਾਰਤੀ ਰਾਜ ਤੇ ਸਮਾਜ ਵਿੱਚ ਜਗੀਰਦਾਰੀ ਦੇ ਮੌਜੂਦ ਉਭਾਰ ਨੂੰ ਦੇਖ ਸਕਦੇ ਹਾਂ, ਜੋ ਜ਼ਮੀਨੀ ਪੱਧਰ ਤੇ ਤਾਂ ਪਹਿਲਾਂ ਹੀ ਮੌਜੂਦ ਸੀ ਅਤੇ ਹੁਣ ਰਾਜ ਦੀਆਂ ਉਪਰਲੀਆਂ ਸੰਸਥਾਵਾਂ ਨੂੰ ਵੀ ਆਪਣੇ ਕਲਾਵੇ ਵਿਚ ਲੈਂਦਾ ਨਜ਼ਰ ਆ ਰਿਹਾ ਹੈ।

**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ**

# 'ਜ਼ਮੀਨ ਵੇਚ ਦੇਗੇ, ਅਸਮਾਨ ਵੇਚ ਦੇਗੇ, ਜੇ ਕਲਮ ਦੇ ਸਿਪਾਹੀ ਸੌਂ ਗਏ ਤਾਂ ਦੇਸ਼ ਦੇ ਗੱਦਾਰ ਕ਼ਫ਼ਨ ਵੀ ਵੇਚ ਦੇਣਗੇ'



ਸਰਬਜੀਤ ਲੁਧਿਆਣਵੀ
98144-12483

ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਹੈ। ਜਿਸ ਦਾ ਚੌਥਾ ਪਿਲਰ ਮੀਡੀਆ ਨੂੰ ਮੰਨਿਆ ਗਿਆ ਹੈ। ਪਰ ਸਮੇਂ ਦੀਆਂ ਸਰਕਾਰਾਂ ਦੀ ਤਾਨਾਸ਼ਾਹੀ ਨੀਤੀਆਂ ਦੇ ਕਾਰਨ ਅੱਜ ਇਹ ਚੌਥਾ ਪਿੱਲਰ ਜੋ ਆਮ ਲੋਕਾਂ ਲਈ ਆਸ ਦੀ ਕਿਰਨ ਹੈ ਤੇ ਆਪਣੇ ਆਪ ਨੂੰ ਇਨਸਾਫ਼ ਦਿਵਾਉਣ ਲਈ ਇਹ ਕਲਮ ਦੇ ਸਿਪਾਹੀ ਖੁਦ ਬੇਆਸ ਨਜ਼ਰ ਆ ਰਹੇ ਹਨ।

ਪੰਜਾਬ ਵਿੱਚ ਰਾਜਨੀਤਿਕ ਬਦਲਾਅ ਲਿਆਉਣ ਦੀਆਂ ਗੱਲਾਂ ਕਰ ਸ਼ੋਸ਼ਲ ਮੀਡੀਆ ਨਾਲ ਹੋਂਦ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਭ ਤੋਂ ਵੱਧ ਤਾਨਾਸਾਹੀ ਰਵੱਈਆ ਰੱਖਦੇ ਹੋਏ ਪੱਤਰਕਾਰਾਂ 'ਤੇ ਇੱਕ ਤੋਂ ਬਾਅਦ ਇੱਕ ਹਮਲਾ ਕਰਕੇ ਪੱਤਰਕਾਰਾਂ ਦਾ ਮੁੱਢਲਾ ਅਧਿਕਾਰ 'ਯੈਲੋ ਕਾਰਡ' ਵੀ ਖੋਹ ਲਿਆ। ਜਿਸ ਨੂੰ ਲੈਕੇ ਲੁਧਿਆਣਾ ਤੋਂ ਅਰਜਨ ਪੱਤ੍ਰਕਾ ਦੇ ਸੰਪਾਦਕ ਜਸਵੀਰ ਸਿੰਘ ਪੱਤਰਕਾਰਾਂ ਦੇ ਅਧਿਕਾਰਾਂ ਦੀ ਰੱਖਿਆ ਕਰਦੇ ਹੋਏ ਇਸ ਦੀ ਸ਼ਿਕਾਇਤ ਪ੍ਰੈੱਸ ਕੌਂਸ਼ਲ ਆਫ਼ ਇੰਡੀਆ ਨੂੰ ਕੀਤੀ। ਜਿਸ 'ਤੇ ਤਰੁੰਤ ਐਕਸ਼ਨ ਲੈਂਦਿਆ ਪ੍ਰੈਸ ਕੌਂਸਲ ਆਫ਼ ਇੰਡੀਆ ਵੱਲੋਂ ਪੰਜਾਬ ਸਰਕਾਰ ਇਸ ਸਬੰਧ ਵਿੱਚ ਆਪਣਾ ਜਵਾਬ ਦੇਣ ਨੋਟਿਸ ਜਾਰੀ ਕਰਕੇ ਇਸ ਦਾ ਜਵਾਬ 15 ਦਿਨਾਂ ਦੇ ਅੰਦਰ ਅੰਦਰ ਦੇਣ ਦੀ ਗੱਲ ਕਹੀਂ। ਜਿਸ ਨੂੰ ਲੈਕੇ ਪੰਜਾਬ ਸਰਕਾਰ ਵਿਵਾਦਾਂ ਵਿੱਚ ਘਿਰਦੀ ਨਜਰ ਆ ਰਹੀ ਹੈ। ਇਥੇ ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਵੀ ਪਹਿਲਾਂ ਪੱਤਰਕਾਰਾਂ ਦੇ 'ਯੈਲੋ ਕਾਰਡ' ਲਈ ਨਵੇਂ ਨਿਯਮਾਂ ਦੇ ਤਹਿਤ ਰੋਕ ਲਗਾਈ ਸੀ, ਪਰ ਉਸ ਸਮੇਂ ਵੀ ਅਰਜਨ ਪੱਤ੍ਰਕਾ ਦੇ ਸੰਪਾਦਕ ਜਸਵੀਰ ਸਿੰਘ ਵਲੋਂ ਹਾਈਕਰੋਟ ਦਾ ਰੁਖ ਕੀਤਾ ਤੇ ਹਾਈਕੋਰਟ ਦੇ ਦਖ਼ਲ ਤੋਂ ਬਾਅਦ ਫਿਰ ਤੋਂ ਪੱਤਰਕਾਰਾਂ ਦੇ 'ਯੈਲੋ ਕਾਰਡ' ਬਣਾਏ ਗਏ।

ਸਮੇਂ ਦੀਆਂ ਸਰਕਾਰਾਂ ਵੱਲੋਂ ਚੋਣਾਂ ਤੋਂ ਪਹਿਲਾਂ ਪੱਤਰਕਾਰਾਂ ਨੂੰ ਵੱਧ ਵੱਧ ਸਹੂਲਤਾਂ ਦੇਣ ਦਾ ਵਾਅਦਾ ਕਰਦੀਆਂ ਹਨ ਤੇ ਸਰਕਾਰ ਬਣਦੇ ਹੀ ਪੱਤਰਕਾਰਾਂ ਵੱਲੋਂ ਕੀਤੇ ਵਾਅਦਿਆਂ ਨੂੰ ਜਦੋਂ ਯਾਦ ਕਰਵਾਇਆ ਜਾਂਦਾ ਹੈ ਤਾਂ ਉਹਨਾਂ 'ਤੇ ਕਿਸੇ ਨਾ ਕਿਸੇ ਬਹਾਨੇ ਮਾਮਲਾ ਦਰਜ ਕਰਕੇ ਸ਼ਾਂਤ ਕਰਨ ਦੀ ਕੋਸ਼ਿਸ ਕੀਤੀ ਜਾਂਦੀ ਹੈ।

ਕਹਿੰਦੇ ਨੇ ਹਰ ਸਮਾਜ ਵਿੱਚ ਦੋ ਤਰ੍ਹਾਂ ਦੇ ਲੋਕ ਹੁੰਦੇ ਹਨ। ਇੱਕ ਜੋ ਪੱਤਰਕਾਰਤਾ ਦੇ ਸਿਧਾਂਤਾਂ 'ਤੇ ਪਹਿਰਾ ਦਿੰਦੇ ਹਨ ਤੇ ਦੂਜੇ ਜੋ ਪੱਤਰਕਾਰਤਾ ਨੂੰ ਤਾਕ 'ਤੇ ਰੱਖ ਕੇ ਸਿਰਫ਼ ਆਪਣੇ ਨਿੱਜੀ ਲਾਭ ਨੂੰ ਪਹਿਲ ਦਿੰਦੇ ਹਨ। ਜਿਹਨਾਂ ਦੇ ਕਾਰਨ ਸਮਾਜ ਵਿੱਚ ਪੱਤਰਕਾਰ ਦੀ ਛਬੀ 'ਤੇ ਪ੍ਰਸ਼ਨ ਚਿੰਨ੍ਹ ਲੱਗ ਰਿਹਾ ਹੈ। ਪੱਤਰਕਾਰਾਂ 'ਤੇ ਲੱਗੇ ਇਸੇ ਪ੍ਰਸ਼ਨ ਚਿੰਨ੍ਹ ਦਾ ਫਾਇਦਾ ਪੁਲਿਸ ਪ੍ਰਸ਼ਾਸਨ ਲੈਂਦਾ ਹੈ ਤੇ ਕਿਸੇ ਵੱਲੋਂ ਕੀਤੀ ਕੋਈ ਵੀ ਸ਼ਿਕਾਇਤ ਨੂੰ ਲੋਕ ਸੰਪਰਕ ਅਧਿਕਾਰੀ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕੀਤੇ ਬਿਨਾ ਹੀ ਮਾਮਲਾ ਦਰਜ ਕਰਕੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਕੀਤਾ ਜਾਂਦਾ ਹੇ, ਜਦੋਂ ਇਸ ਦੇ ਵਿਰੁੱਧ ਪੱਤਰਕਾਰ ਭਾਈਚਾਰਾ ਇੱਕਠਾ ਹੁੰਦਾ ਹੈ ਤਾਂ ਪੁਲਿਸ ਪ੍ਰਸਾਸਨ ਫਿਰ ਉਸੇ ਨੂੰ ਹਰੀ ਝੰਡੀ ਦੇ ਦਿੰਦਾ ਹੈ।

ਸਮੇਂ-ਸਮੇਂ 'ਤੇ ਸੱਤਾ 'ਚ ਰਹੀਆਂ ਵੱਖ-ਵੱਖ ਪਾਰਟੀਆਂ ਦੁਆਰਾ ਪੱਤਰਕਾਰਾਂ ਦੇ ਕਤਲ ਅਤੇ ਉਹਨਾਂ 'ਤੇ ਹਮਲਿਆਂ ਦਾ ਇੱਕ ਲੰਬਾ ਇਤਿਹਾਸ ਹੈ। ਕਮੇਟੀ ਟੂ ਪ੍ਰੋਟੈਕਟ ਜਰਨਲਿਸਟ ਦੇ ਅਧਿਐਨ ਮੁਤਾਬਿਕ ਭਾਰਤ ਵਿੱਚ 1992 ਤੋਂ 2016 ਤੱਕ 67 ਪੱਤਰਕਾਰਾਂ ਨੂੰ ਕਤਲ ਕੀਤਾ ਗਿਆ ਜਿਹਨਾ ਵਿੱਚੋਂ 27 ਅਜਿਹੇ ਹਨ ਜਿਹਨਾਂ ਦੇ ਕਤਲ ਪਿੱਛੇ ਸਿੱਧਾ ਕਾਰਨ ਉਹਨਾਂ ਦੁਆਰਾ ਕੀਤਾ ਜਾ ਰਿਹਾ ਕੰਮ ਸੀ। ਇਸ ਤੋਂ ਇਲਾਵਾ 40 ਅਜਿਹੇ ਪੱਤਰਕਾਰ ਹਨ ਜਿਹਨਾਂ ਦੀ ਮੌਤ ਨੂੰ ਸਿੱਧੇ ਰੂਪ 'ਚ ਉਹਨਾ ਦੇ ਕੰਮ ਨਾਲ਼ ਨਹੀਂ ਜੋੜਿਆ ਜਾ ਸਕਦਾ। ਪਰ ਇਹ ਸਾਰੇ ਹੀ ਪੱਤਰਕਾਰ ਕਿਸੇ ਨਾ ਕਿਸੇ ਰੂਪ 'ਚ ਮੌਤ ਤੋਂ ਪਹਿਲਾਂ ਮਾਫੀਆ, ਕਾਰਪੋਰਟ ਦੀ ਲੁੱਟ, ਸਰਕਾਰੀ ਨੀਤੀਆਂ ਆਦਿ 'ਤੇ ਰਿਪੋਰਟਿੰਗ ਕਰਦੇ ਸਨ ਜਿਹਨਾਂ ਵਿੱਚ 56 ਫੀਸਦੀ ਪੱਤਰਕਾਰ ਘਪਲੇਬਾਜ਼ੀ ਨਾਲ਼ ਸਬੰਧਤ ਕੰਮ ਕਰ ਰਹੇ ਸਨ। ਜਿੱਥੋਂ ਤੱਕ ਇਹਨਾ ਦੇ ਕਾਤਲਾਂ ਦਾ ਸਵਾਲ ਹੈ ਉਹ ਹਾਲੇ ਤੱਕ ਵੀ ਅਜ਼ਾਦ ਘੁੰਮ ਰਹੇ ਹਨ।

ਧਿਆਨ ਦੇਣਯੋਗ ਹੈ ਕਿ ਕਤਲ ਕੀਤੇ ਗਏ ਪੱਤਰਕਾਰਾਂ ਵਿੱਚ ਬਹੁਗਿਣਤੀ ਪੱਤਰਕਾਰ ਪੇਂਡੂ ਅਤੇ ਛੋਟੇ ਸ਼ਹਿਰਾਂ ਨਾਲ਼ ਸਬੰਧਤ ਹਨ। ਵੱਡੇ ਸ਼ਹਿਰਾਂ ਵਿੱਚ ਕੰਮ ਕਰਨ ਵਾਲ਼ੇ ਪੱਤਰਕਾਰ ਜ਼ਿਆਦਾ ਸੁਰੱਖਿਅਤ ਹਨ। ਇਸ ਤੋਂ ਇਲਾਵਾ ਪੱਤਰਕਾਰ ਦੀ ਸਮਾਜਿਕ ਹੈਸੀਅਤ, ਸਿਆਸੀ ਸਬੰਧ, ਉਹ ਕਿਸ ਭਾਸ਼ਾ ਵਿੱਚ ਕੰਮ ਕਰ ਰਿਹਾ ਹੈ, ਕਾਰਪੋਰੇਟ ਮੀਡੀਆ ਖਾਸ ਤੌਰ 'ਤੇ ਅੰਗਰੇਜ਼ੀ ਮੀਡੀਆ ਲਈ ਕੰਮ ਕਰਨ ਵਾਲ਼ੇ ਪੱਤਰਕਾਰਾਂ ਦੇ ਮੁਕਾਬਲੇ ਸਥਾਨਕ ਪ੍ਰਿੰਟ ਮੀਡੀਆ ਅਤੇ ਸਥਾਨਕ ਭਾਸ਼ਾ ਵਿੱਚ ਕੰਮ ਕਰਨ ਵਾਲ਼ੇ ਪੱਤਰਕਾਰ ਘੱਟ ਸੁਰੱਖਿਅਤ ਹਨ।

# 22 ਸਾਲਾਂ ਤੋਂ ਲਾਪਤਾ ਮੰਦਬੁੱਧੀ ਪਰਮਿਲਾ ਦਾ ਪਰਿਵਾਰ ਨੂੰ ਮਿਲਕੇ ਰੋ-ਰੋ ਹੋਇਆ ਬੁਰਾ ਹਾਲ



ਆਸ਼ਰਮ 'ਚੋਂ ਜਾਣ ਸਮੇਂ ਖੱਬਿਓਂ ਸੱਜੇ ਚੌਥੇ ਨੰਬਰ ਤੇ ਆਪਣੀਆਂ ਦੋ ਬੇਟੀਆਂ ਵਿਚਕਾਰ ਖੜ੍ਹੀ ਪਰਮਿਲਾ

ਇਹ ਪਰਮਿਲਾ ਨਾਂ ਦੀ ਮੰਦ-ਬੁੱਧੀ ਔਰਤ ਅੱਜ ਤੋਂ 22 ਸਾਲ ਪਹਿਲਾਂ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਫਰੂਖਾਬਾਦ 'ਚ ਪੈਂਦੇ ਆਪਣੇ ਸਹੁਰਾ ਪਿੰਡ ਬਿਲਹਾ ਤੋਂ ਗੁੰਮ ਹੋ ਗਈ ਸੀ। ਉਸ ਤੋਂ ਕਈ ਸਾਲ ਬਾਅਦ ਪਤਾ ਨੀ ਕਿੱਥੇ ਭਟਕਦੀ ਰਹੀ। ਫਿਰ 12 ਦਸੰਬਰ 2017 ਨੂੰ ਕੁੱਝ ਵਿਆਕਤੀਆਂ ਨੇ ਇਸ ਨੂੰ ਕੜੱਕਦੀ ਦੀ ਸਰਦੀ 'ਚ ਲੁਧਿਆਣਾ ਸ਼ਹਿਰ ਵਿੱਚ ਸੜਕ ਕਿਨਾਰੇ ਅਰਧ-ਨਗਨ ਹਾਲਤ ਵਿੱਚ ਦੇਖਿਆ । ਉਹਨਾਂ ਦਇਆਵਾਨ ਵਿਆਕਤੀਆਂ ਨੇ ਤਰਸ ਖਾ ਕੇ ਇਸਨੂੰ ਪਿੰਡ ਸਰਾਭਾ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਪਹੁੰਚਾ ਦਿੱਤਾ। ਆਸ਼ਰਮ ਵਿੱਚ ਲੁਧਿਆਣਾ ਦੇ ਮਸ਼ਹੂਰ ਸਾਇਕੈਟਰਿਸਟ ਡਾ. ਆਰ. ਐਲ. ਨਾਰੰਗ ਵਲੋਂ ਲਗਾਤਾਰ ਪੰਜ ਸਾਲ ਇਸਦਾ ਇਲਾਜ ਕੀਤਾ ਗਿਆ ਜਿਸ ਨਾਲ ਇਸ ਦੀ ਯਾਦਾਸ਼ਤ ਵਾਪਿਸ ਆ ਗਈ। ਇਸਨੇ ਆਪਣੇ ਪਤੀ ਦਾ ਨਾਮ ਮਹਾਂਵੀਰ, ਪਿੰਡ ਬਿਲਹਾ ਅਤੇ ਨਜ਼ਦੀਕ ਪੈਂਦੇ ਕਸਬੇ ਕੰਪਲ ਬਾਰੇ ਦੱਸਿਆ। ਜਿਸ ਉਪਰੰਤ ਆਸ਼ਰਮ ਦੇ ਸਟਾਫ ਨੇ ਕੰਪਲ (ਯੂ. ਪੀ.) ਦੇ ਪੁਲਿਸ ਸਟੇਸ਼ਨ ਨਾਲ ਸੰਪਰਕ ਕਰਕੇ ਇਸਦੇ ਪਰਿਵਾਰ ਨੂੰ ਪਰਮਿਲਾ ਦੇ ਸਰਾਭਾ ਆਸ਼ਰਮ ਵਿੱਚ ਹੋਣ ਬਾਰੇ ਜਾਣਕਾਰੀ ਦਿੱਤੀ ਗਈ। ਇਸਦੀਆਂ ਚਾਰ ਬੇਟੀਆਂ ਹਨ । ਜਦੋਂ 22 ਸਾਲ ਪਹਿਲਾਂ ਇਹ ਘਰ ਤੋਂ ਨਿਕਲੀ ਸੀ ਤਾਂ ਇਸਦੀ ਛੋਟੀ ਬੇਟੀ ਸਿਰਫ਼ ਇੱਕ ਮਹੀਨੇ ਦੀ ਸੀ ਜੋ ਕਿ ਅੱਜ ਵਿਆਹੀ ਹੋਈ ਹੈ। ਪਰਮਿਲਾ ਦੀ ਗੈਰਹਾਜਰੀ ਵਿੱਚ ਹੀ ਚਾਰੇ ਬੇਟੀਆਂ ਦੇ ਵਿਆਹ ਹੋਏ। ਪਰਮਿਲਾ ਦੇ ਪਰਿਵਾਰ ਨੂੰ ਇਸ ਦੇ ਜ਼ਿੰਦਾ ਹੋਣ ਦੀ ਕੋਈ ਉਮੀਦ ਨਹੀਂ ਸੀ। ਜਦੋਂ 19 ਮਾਰਚ 2023 ਨੂੰ ਇਸਦੇ ਪਤੀ ਮਹਾਂਵੀਰ, ਦੋ ਬੇਟੀਆਂ (ਮਮਤਾ ਤੇ ਪੂਜਾ), ਤਿੰਨ ਦਮਾਦ (ਪੰਕਜ, ਮਨੋਜ ਅਤੇ ਟੀਟੂ) ਜਦੋਂ ਆਸ਼ਰਮ ਵਿੱਚ ਇਸ ਨੂੰ ਲੈਣ ਆਏ ਤਾਂ ਪਰਮਿਲਾ ਅਤੇ ਪਰਿਵਾਰ ਦਾ ਆਪਸ 'ਚ ਮਿਲਕੇ ਰੋ-ਰੋ ਕੇ ਇਤਨਾਂ ਬੁਰਾ ਹਾਲ ਹੋ ਗਿਆ ਕਿ ਦੇਖਿਆ ਨਹੀਂ ਸੀ ਜਾਂਦਾ। ਦੇਖਣ ਵਾਲੇ ਖ਼ੁਦ ਵੀ ਭਾਵੁਕ ਹੋ ਗਏ। ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਸਿਰਫ਼ ਪਰਮਿਲਾ ਹੀ ਨਹੀਂ ਸਗੋਂ ਘਰਾਂ ਤੋਂ ਲਾਪਤਾ ਹੋਏ ਬਹੁਤ ਸਾਰੇ ਹੋਰ ਮੰਦਬੁੱਧੀ ਮਰੀਜ਼ਾਂ ਨੂੰ ਆਸ਼ਰਮ ਵੱਲੋਂ ਉਹਨਾਂ ਦੇ ਪਰਿਵਾਰਾਂ ਨਾਲ ਮਿਲਾਇਆ ਗਿਆ ਹੈ। ਆਸ਼ਰਮ ਵਿੱਚ ਰਹਿ ਰਹੇ 200 (ਦੋ ਸੌ) ਦੇ ਕਰੀਬ ਲਵਾਰਸ, ਬੇਘਰ, ਮੰਦਬੁੱਧੀ, ਅਪਾਹਜ, ਨੇਤਰਹੀਣਾਂ ਦੀ ਇਹ ਅਨੋਖੀ ਹੀ ਦੁਨੀਆਂ ਹੈ ਜਿਸਦਾ ਗਮਗੀਨ ਮਾਹੌਲ ਆਮ ਦੁਨੀਆਂ ਨਾਲੋਂ ਬਿਲਕੁੱਲ ਵੱਖਰਾ ਹੀ ਹੈ। ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ: 95018-42505; ਡਾ. ਨੌਰੰਗ ਸਿੰਘ ਮਾਂਗਟ: 95018-42506.


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# HOMELIFE SILVERCITY

REALTY INC.,BROKERAGE

(Independently Owned and Operated)

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**

**905-913-8500**

50 COTTRELLE BLVD., UNIT 29, BRAMPTON

**TEAM OF OVER 450 REALTORS**

# HOMELIFE SILVERCITY

REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton





# ਕੈਲਗਰੀ ਵਿੱਚ 'ਦਿੱਲੀ ਰੋਡ ਤੇ ਇੱਕ ਹਾਦਸਾ' ਦਾ ਸਫਲ ਪ੍ਰਦਰਸ਼ਨ !


















ਕੈਲਗਰੀ: ਉਘੀ ਥੀਏਟਰ ਕਲਾਕਾਰ ਤੇ ਪੰਜਾਬੀ ਫਿਲਮ ਐਕਟਰ ਅਨੀਤਾ ਸਬਦੀਸ਼ ਵਲੋਂ ਪਾਲੀ ਭੁਪਿੰਦਰ ਸਿੰਘ ਦੇ ਲਿਖੇ ਨਾਟਕ 'ਦਿੱਲੀ ਰੋਡ ਤੇ ਇੱਕ ਹਾਦਸਾ' ਨਾਟਕ ਦਾ ਸਫਲ ਪ੍ਰਦਰਸ਼ਨ ਕੀਤਾ। ਸੈਂਟਰਲ ਲਾਇਬ੍ਰੇਰੀ ਕੈਲਗਰੀ ਡਾਊਨਟਾਊਨ ਦੇ ਦਰਸ਼ਕਾਂ ਨਾਲ਼ ਖਚਾ-ਖਚ ਭਰੇ ਥੀਏਟਰ ਵਿੱਚ ਦਰਸ਼ਕਾਂ ਨੇ ਸਾਹ ਰੋਕ ਇੱਕ ਘੰਟਾ ਅਨੀਤਾ ਦੀ ਕਮਾਲ ਦੀ ਕਲਾਕਾਰੀ ਦਾ ਅਨੰਦ ਮਾਣਿਆ। ਇਹ ਇੱਕ ਸੋਲੋ ਨਾਟਕ ਸੀ, ਜਿਸ ਵਿੱਚ ਅਨੀਤਾ ਨੇ ਵੱਖ-ਵੱਖ ਔਰਤਾਂ ਦੇ ਕਿਰਦਾਰ ਨਿਭਾਏ ਅਤੇ ਸਮਾਜ ਵਿੱਚ ਔਰਤਾਂ ਦੇ ਹਾਲਾਤਾਂ ਦੀ ਵੇਦਨਾ ਨੂੰ ਪ੍ਰਗਟ ਕੀਤਾ ਗਿਆ। ਬੇਸ਼ੱਕ ਨਾਟਕ ਦਾ ਵਿਸ਼ਾ ਕਾਫੀ ਗੰਭੀਰ ਸੀ, ਪਰ ਦਰਸ਼ਕਾਂ ਨੇ ਸਾਰਾ ਨਾਟਕ ਬੜੀ ਨੀਝ ਨਾਲ਼ ਦੇਖਿਆ।

'ਪ੍ਰੌਗਰੈਸਿਵ ਕਲਚਰਲ਼ ਐਸੋਸੀਏਸ਼ਨ ਕੈਲਗਰੀ' ਅਤੇ 'ਸਿੱਖ ਵਿਰਸਾ ਇੰਟਰਨੈਸ਼ਨਲ' ਵਲੋਂ ਇਹ ਸਮਾਗਮ 8 ਮਾਰਚ ਦੇ 'ਕੌਮਾਂਤਰੀ ਨਾਰੀ ਦਿਵਸ' ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ 23 ਮਾਰਚ ਦੀਆਂ ਸ਼ਹੀਦੀਆਂ ਨੂੰ ਸਮਰਪਿਤ ਕੀਤਾ ਗਿਆ ਸੀ। ਇਸ ਮੌਕੇ ਤੇ ਕੈਮਲੂਪਸ ਤੋਂ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਲੇਖਕ, ਨਾਟਕ ਨਿਰਦੇਸ਼ਕ ਤੇ ਆਲੋਚਕ ਡਾ. ਸੁਰਿੰਦਰ ਧੰਜਲ ਨੇ 'ਕੌਮਾਂਤਰੀ ਨਾਰੀ ਦਿਵਸ ਦੀ ਸਭਿਆਚਾਰਕ ਮਹੱਤਤਾ' ਵਿਸ਼ੇ ਤੇ ਵਿਸ਼ੇਸ਼ ਲੈਕਚਰ ਪੇਸ਼ ਕੀਤਾ। ਉਨ੍ਹਾਂ ਆਪਣੇ ਲੈਕਚਰ ਵਿੱਚ ਦਰਸ਼ਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਨਾਰੀ ਵਿਰੋਧੀ ਸਭਿਆਚਾਰ ਦੇ ਬਦਲ ਵਜੋਂ ਆਪਣੀਆਂ ਪੰਜਾਬੀ ਬੋਲੀਆਂ ਨੂੰ ਬੰਦ ਕਰਕੇ ਨਵੀਆਂ ਬੋਲੀਆਂ ਪ੍ਰਚਲਤ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਪੰਜਾਬੀ ਬੋਲੀ, 'ਨੀ ਮੈਂ ਸੱਸ ਕੁੱਟਣੀ, ਕੁੱਟਣੀ ਸਦੂਕਾਂ ਓਹਲੇ' ਦੀ ਥਾਂ ਇਹ ਬੋਲੀ ਪ੍ਰਚਰਲਤ ਕਰਨੀ ਚਾਹੀਦੀ ਹੈ, 'ਨੀ ਮੈਂ ਸੱਸ ਰੱਖਣੀ, ਰੱਖਣੀ ਮਾਂ ਬਣਾ ਕੇ'। ਵਿਅੰਗਮਈ ਲਹਿਜੇ ਵਿੱਚ ਗੱਲ ਨੂੰ ਅੱਗੇ ਤੋਰਦਿਆਂ, ਧੰਜਲ ਸਾਹਿਬ ਕਹਿੰਦੇ ਹਨ ਕਿ ਜੇ ਸੱਸ ਖਰਾਬੀ ਕਰਦੀ ਹੋਵੇ ਤਾਂ ਸਦੂਕਾਂ ਓਹਲੇ ਕਿਉਂ, ਸ਼ਰੇਆਮ ਸਭ ਦੇ ਸਾਹਮਣੇ ਕੁੱਟਣੀ ਚਾਹੀਦੀ ਹੈ? ਇਸ ਮੌਕੇ ਡਾ. ਧੰਜਲ ਦੀ ਕਿਤਾਬ 'ਦੀਵੇ ਜਗਦੇ ਰਹਿਣ' ਨੂੰ ਡਾ. ਧੰਜਲ, ਮਾਸਟਰ ਭਜਨ ਸਿੰਘ, ਪ੍ਰੋ ਗੋਪਾਲ ਜੱਸਲ, ਸੁਖਵੀਰ ਗਰੇਵਾਲ਼, ਗੁਰਦੀਪ ਕੌਰ ਪਰਹਾਰ, ਕੁਸੁਮ ਸ਼ਰਮਾ, ਰਿਸ਼ੀ ਨਾਗਰ, ਮਿਸਿਜ਼ ਮਾਨ ਵਲੋਂ ਰਿਲੀਜ਼ ਕੀਤਾ ਗਿਆ। ਡਾ. ਧੰਜਲ ਨੂੰ ਸਮਾਗਮ ਦੀਆਂ ਅਯੋਜਿਤ ਸੰਸਥਾਵਾਂ ਵਲੋਂ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ।



ਕੈਲਗਰੀ ਵਿੱਚ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਤੇ ਖੇਡਾਂ ਨਾਲ਼ ਜੋੜਨ ਲਈ ਪਿਛਲੇ ਕਈ ਸਾਲਾਂ ਤੋਂ ਸੁਖਵੀਰ ਗਰੇਵਾਲ਼ ਦੀ ਅਗਵਾਈ ਵਿੱਚ ਚੱਲ ਰਹੇ 'ਯੰਗਸਤਾਨ ਕੈਲਗਰੀ' ਦੇ ਬੱਚਿਆਂ ਸਲੋਨੀ ਗੌਤਮ, ਕੀਰਤ ਕੌਰ ਧਾਰਨੀ ਅਤੇ ਪ੍ਰਭਰੂਪ ਸਿੰਘ ਮਾਂਗਟ ਵਲੋਂ ਨਾਰੀ ਦਿਵਸ ਨੂੰ ਸਮਰਪਿਤ ਗੀਤ ਤੇ ਕਵਿਤਾਵਾਂ ਪੜ੍ਹੀਆਂ। ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੀ ਮੁੱਖ ਕਲਾਕਾਰ ਕਮਲਪ੍ਰੀਤ ਪੰਧੇਰ ਨੇ ਸਟੇਜ ਸਕੱਤਰ ਦੀਆਂ ਸੇਵਾਵਾਂ ਬਾਖ਼ੂਬੀ ਨਿਭਾਈਆਂ ਅਤੇ ਨਾਰੀ ਦਿਵਸ ਸਬੰਧੀ ਬੋਲਦੇ ਹੋਏ ਕਿਹਾ ਸਾਨੂੰ ਔਰਤਾਂ ਦੇ ਹੱਕਾਂ ਬਾਰੇ ਵੱਡੇ-ਵੱਡੇ ਲੈਕਚਰ ਦੀ ਥਾਂ ਘਰਾਂ ਵਿੱਚ ਆਪਣੀਆਂ ਮਾਵਾਂ, ਭੈਣਾਂ, ਧੀਆਂ, ਪਤਨੀਆਂ ਨੂੰ ਆਦਰ ਸਤਿਕਾਰ ਦੇਣ ਦੇ ਨਾਲ਼-ਨਾਲ਼ ਘਰੇਲੂ ਕੰਮਾਂ ਵਿੱਚ ਉਨ੍ਹਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ। ਗਾਇਕ ਹਰਜੀਤ ਗਿੱਲ ਵਲੋਂ ਡਾ. ਸੁਰਿੰਦਰ ਧੰਜਲ ਦਾ ਗੀਤ 'ਜੇ ਤੇਰਾ ਦਿਲ ਪੱਥਰ ਦਾ ਹੈ, ਅੱਖ ਦਾ ਭਰਨਾ ਡੁੱਲਣਾ ਕੀ' ਸੁਰੀਲੀ ਆਵਾਜ਼ ਵਿੱਚ ਪੇਸ਼ ਕੀਤਾ।

ਮਾਸਟਰ ਭਜਨ ਸਿੰਘ ਨੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ ਦਰਸ਼ਕਾਂ ਨੂੰ ਇੱਕ ਵਾਰ ਫਿਰ ਭਾਰੀ ਹੁੰਗਾਰਾ ਦੇਣ ਦੇ ਨਾਲ਼-ਨਾਲ਼ ਮੀਡੀਆ ਅਦਾਰਿਆਂ ਦਾ ਧੰਨਵਾਦ ਕੀਤਾ। ਜੋ ਹਰੇਕ ਪ੍ਰੋਗਰਾਮ ਨੂੰ ਕਵਰ ਕਰਨ ਲਈ ਪੂਰਨ ਸਹਿਯੋਗ ਦਿੰਦੇ ਹਨ। ਅਨੀਤਾ ਸਬਦੀਸ਼ ਦਾ ਡਾ. ਧੰਜਲ, ਹਰਚਰਨ ਸਿੰਘ ਪਰਹਾਰ ਅਤੇ ਮਾਸਟਰ ਭਜਨ ਸਿੰਘ ਵਲੋਂ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਪ੍ਰਬੰਧਕਾਂ ਦੀ ਅਪੀਲ ਤੇ ਦਰਸ਼ਕਾਂ ਨੇ ਅਨੀਤਾ ਸਬਦੀਸ਼ ਦੀ ਦਿਲ ਖੋਲ ਕੇ ਆਰਥਿਕ ਮਦਦ ਕੀਤੀ। ਇਸ ਮੌਕੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਵਲੰਟੀਅਰਜ਼ ਵਲੋਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ।



Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500
